Ad Space Available
Please Call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Ad Space Available
Please Call
Ph: 847-359-0746



Twentieth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 7, February 16, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਭਾਰਤੀ ਨਿਆਂ ਪ੍ਰਣਾਲੀ ਫਿਰ ਸਵਾਲਾਂ ਦੇ ਘੇਰੇ ਵਿਚ

### ਤਿੰਨ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਤਿੰਨ ਸਿੱਖ ਨੌਜਵਾਨਾਂ ਨੂੰ ਭਾਰਤ ਸਰਕਾਰ ਵਿਰੁਧ ਜੰਗ ਛੇੜਨ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਦੇ ਫੈਸਲੇ ਉਤੇ ਸਵਾਲ ਉਠਣ ਲੱਗੇ ਹਨ। ਭਾਰਤੀ ਨਿਆਂ ਪ੍ਰਣਾਲੀ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਜਦੋਂ ਕਿਸੇ ਨੂੰ ਸਿਰਫ ਧਾਰਮਿਕ ਸਾਹਿਤ ਬਰਾਮਦ ਹੋਣ ਉਤੇ ਦੇਸ਼ ਵਿਰੁਧ ਜੰਗ ਛੇੜਨ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ ਹੋਈ। ਮਨੁੱਖੀ ਹੱਕਾਂ ਦੇ ਹੱਕ ਵਿਚ ਖੜ੍ਹਨ ਵਾਲੀ ਵੱਖ-ਵੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖ ਜਥੇਬੰਦੀਆਂ ਵੀ ਸ਼ਾਮਿਲ ਹਨ, ਅਦਾਲਤ ਦੇ ਇਸ ਫੈਸਲੇ ਖਿਲਾਫ ਨਿੱਤਰ ਆਈਆਂ ਹਨ।

ਇਨ੍ਹਾਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਜਿਹੜੀ ਧਾਰਾ ਇਨ੍ਹਾਂ ਨੌਜਵਾਨਾਂ ਉਤੇ ਲਗਾਈ ਗਈ ਹੈ, ਉਹ ਤਾਂ ਇੰਦਰਾ ਗਾਂਧੀ ਨੂੰ ਮਾਰਨ ਵਾਲਿਆਂ 'ਤੇ ਵੀ ਨਹੀਂ ਲਗਾਈ ਗਈ ਸੀ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਵੀ ਵਿਚ ਦੋਸ਼ੀਆਂ ਨੂੰ 121 ਆਈ.ਪੀ.ਸੀ. ਦੇ ਆਧਾਰ 'ਤੇ ਸਜ਼ਾ ਨਹੀਂ ਸੁਣਾਈ ਗਈ ਸੀ; ਹਾਲਾਂਕਿ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ (ਬਾਦਲ) ਦੀ ਚੁੱਪ ਉਤੇ ਵੀ ਸਵਾਲ ਉਠ ਰਹੇ ਹਨ। ਪੁਲਿਸ ਵਲੋਂ ਅਦਾਲਤ ਨੂੰ ਸੌਂਪੀ ਜਾਂਚ ਰਿਪੋਰਟ ਵਿਚ ਵੀ ਇਹੀ ਲਿਖਿਆ ਕਿ ਇਨ੍ਹਾਂ ਨੌਜਵਾਨਾਂ ਕੋਲੋਂ ਕੋਈ ਹਥਿਆਰ ਨਹੀਂ ਸਗੋਂ ਕੁਝ ਕਿਤਾਬਾਂ ਤੇ ਸਾਹਿਤ ਬਰਾਮਦ ਕੀਤਾ ਗਿਆ ਸੀ। ਯਾਦ ਰਹੇ ਕਿ ਅਰਵਿੰਦਰ ਸਿੰਘ (29) ਵਾਸੀ ਪਿੰਡ ਪੱਲੀਆਂ ਖੁਰਦ (ਨਵਾਂ ਸ਼ਹਿਰ), ਸੁਰਿੰਦਰਜੀਤ ਸਿੰਘ (27) ਗੁਰਦਾਸਪੁਰ ਅਤੇ ਰਣਜੀਤ ਸਿੰਘ (29) ਕੈਥਲ ਕੋਲੋਂ ਸਿਰਫ ਧਾਰਮਿਕ ਸਾਹਿਤ ਦੀਆਂ ਕਿਤਾਬਾਂ ਅਤੇ ਕੁਝ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਬਰਾਮਦ ਕੀਤੀਆਂ

(ਬਾਕੀ ਸਫਾ 6 ਉਤੇ)



### ਫੈਸਲੇ ਖਿਲਾਫ ਕਾਨੂੰਨੀ ਚਾਰਾਜੋਈ ਲਈ ਲਾਮਬੰਦੀ

ਅਦਾਲਤ ਦੇ ਇਸ ਫੈਸਲੇ ਖਿਲਾਫ ਕਾਨੂੰਨੀ ਚਾਰਾਜੋਈ ਲਈ ਵੱਡੇ ਪੱਧਰ ਉਤੇ ਲਾਮਬੰਦੀ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਰਖਾਸਤ ਕੀਤੇ ਪੰਜ ਪਿਆਰਿਆਂ ਅਤੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਵਲੋਂ ਗਠਿਤ ਕੀਤੀ ਪੰਜ ਮੈਂਬਰੀ ਕਮੇਟੀ ਨੇ ਨੌਜਵਾਨਾਂ ਲਈ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਸਿੱਖ ਰਿਲੀਫ ਫੰਡ ਯੂ.ਕੇ. ਵਲੋਂ ਵਕੀਲਾਂ ਦੀ ਕਮੇਟੀ ਬਣਾਈ ਗਈ ਹੈ ਜੋ ਕਿ ਹਾਈਕੋਰਟ ਵਿਚ ਤਿੰਨਾਂ ਨੌਜਵਾਨਾਂ ਦੀ ਸਜ਼ਾ ਖਿਲਾਫ ਅਪੀਲ ਕਰੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਕੀਲਾਂ ਦਾ ਪੈਨਲ ਤਿਆਰ ਕਰ ਕੇ ਇਸ ਮੁਕੱਦਮੇ ਦੀ ਪੈਰਵਾਈ ਕੀਤੀ ਜਾਵੇ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਪੱਤਰ ਭੇਜ ਕੇ ਦਖਲ ਦੇਣ ਦੀ ਅਪੀਲ ਕੀਤੀ ਹੈ।

## ਕਿਸਾਨ ਖੁਦਕੁਸ਼ੀਆਂ ਰੋਕਣ ਬਾਰੇ ਨਿਕਲੀ ਸਰਕਾਰੀ ਦਾਅਵਿਆਂ ਦੀ ਫੂਕ


**ਚੰਡੀਗੜ੍ਹ:** ਕੈਪਟਨ ਸਰਕਾਰ ਵਲੋਂ ਕਰਜ਼ ਮੁਆਫੀ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਦਾਅਵੇ ਦੀ ਫੂਕ ਨਿਕਲ ਗਈ ਹੈ। ਕਿਸਾਨ ਖ਼ੁਦਕੁਸ਼ੀਆਂ ਬਾਰੇ ਸਾਹਮਣੇ ਆਏ ਨਵੇਂ ਅੰਕੜੇ ਇਹੀ ਸੰਕੇਤ ਦਿੰਦੇ ਹਨ ਕਿ ਇਹ ਸਮੱਸਿਆ ਘਟਣ ਦੀ ਥਾਂ ਹੋਰ ਵਧੀ ਹੈ। ਵੇਰਵਿਆਂ ਮੁਤਾਬਕ ਸੂਬੇ ਵਿਚ 2017 'ਚ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ 900 ਤੋਂ ਵੱਧ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਨ੍ਹਾਂ ਵਿਚੋਂ 359 ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਕਾਂਗਰਸ ਸਰਕਾਰ ਕਾਇਮ ਹੋਣ ਦੇ ਨੌਂ ਮਹੀਨਿਆਂ ਦੇ ਅੰਦਰ ਵਾਪਰੀਆਂ, ਜਦਕਿ ਲੰਘੇ ਵਰ੍ਹੇ ਇਹ ਗਿਣਤੀ 528 ਨੂੰ ਅੱਪੜ ਗਈ।




ਇਸ ਵਰ੍ਹੇ ਇਕੱਲੇ ਜਨਵਰੀ ਵਿਚ ਹੀ 32 ਅਜਿਹੇ ਮਾਮਲੇ ਸਾਹਮਣੇ ਆਏ ਹਨ। ਖੁਦਕੁਸ਼ੀਆਂ ਬਾਰੇ ਰਿਕਾਰਡ ਇਕੱਤਰ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਮੁਤਾਬਕ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ। ਇਨ੍ਹਾਂ ਅੰਕੜਿਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਨੀਅਤ ਉਤੇ ਵੀ ਸਵਾਲ ਖੜ੍ਹੇ ਕੀਤੇ ਹਨ। ਕਿਸਾਨੀ ਕਰਜ਼ੇ ਸਬੰਧੀ ਹੋਏ ਸਰਵੇਖਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੇ ਕਿਸਾਨਾਂ ਸਿਰ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਮੁੱਚਾ ਕਰਜ਼ਾ (ਬੈਂਕਾਂ ਤੇ ਆੜ੍ਹਤੀਆਂ ਦਾ) ਮੁਆਫ ਕਰਨ ਦਾ ਐਲਾਨ ਕੀਤਾ ਸੀ ਅਤੇ ਹੁਣ ਤੱਕ 4,516 ਕਰੋੜ ਰੁਪਏ ਹੀ ਮੁਆਫ ਕੀਤੇ ਗਏ ਹਨ। ਕੌਮੀ ਅੰਨ ਸੁਰੱਖਿਆ ਮਿਸ਼ਨ ਅਤੇ ਹੋਰਨਾਂ ਕੇਂਦਰੀ ਸਕੀਮਾਂ ਲਈ ਸਰਕਾਰ ਨੇ ਪੈਸਾ ਜਾਰੀ ਹੀ ਨਹੀਂ ਕੀਤਾ। ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਰੀਆਂ ਸਕੀਮਾਂ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਪੈਸੇ ਵਿਚੋਂ ਦਸੰਬਰ 2018 ਤੱਕ 89 ਕਰੋੜ ਰੁਪਏ ਜਾਰੀ ਨਹੀਂ ਕੀਤੇ ਗਏ। ਇਸੇ ਤਰ੍ਹਾਂ ਰਾਜ ਸਰਕਾਰ ਵਲੋਂ ਪਾਏ ਜਾਣ ਵਾਲੇ ਹਿੱਸੇ ਵਿਚੋਂ ਵੀ 167 ਕਰੋੜ ਰੁਪਏ ਜਾਰੀ ਕੀਤੇ ਜਾਣ ਬਾਰੇ ਸਵਾਲੀਆ ਨਿਸ਼ਾਨ ਲੱਗਾ ਹੋਇਆ ਹੈ। ਵਿਭਾਗੀ ਅਧਿਕਾਰੀਆਂ ਦਾ ਦੱਸਣਾ ਹੈ ਕਿ 2017-2018 ਦੌਰਾਨ ਕੈਪਟਨ ਸਰਕਾਰ ਵਲੋਂ ਮੰਦਹਾਲੀ ਦੇ ਦੌਰ ਕਾਰਨ ਖੇਤੀ ਖੇਤਰ ਲਈ ਹੱਥ ਘੁੱਟ ਲਿਆ ਗਿਆ ਹੈ ਤੇ ਸੂਬੇ ਦੇ ਹਿੱਸੇ ਦੇ 87.61 ਕਰੋੜ ਰੁਪਏ ਜਾਰੀ ਕਰਨ ਦੀ ਥਾਂ 6.7 ਕਰੋੜ ਰੁਪਏ ਹੀ ਜਾਰੀ ਕੀਤੇ ਗਏ ਹਨ।

ਰਾਜ ਸਰਕਾਰ ਵਲੋਂ ਆਪਣੇ ਹਿੱਸੇ ਦੀ ਰਾਸ਼ੀ ਸਮੇਂ ਸਿਰ ਜਾਰੀ ਨਾ ਕਰਨ ਕਰ ਕੇ ਕੇਂਦਰ ਅਗਲੇ ਵਿੱਤੀ ਵਰ੍ਹੇ ਦੀਆਂ ਗਰਾਂਟਾਂ ਵੀ ਸਮੇਂ ਸਿਰ ਨਹੀਂ ਦਿੰਦਾ। ਕੇਂਦਰ ਸਰਕਾਰ ਦੀਆਂ ਖੇਤੀ ਖੇਤਰ ਲਈ ਦੋ ਵੱਡੀਆਂ ਯੋਜਨਾਵਾਂ ਕੌਮੀ ਖੇਤੀ ਵਿਕਾਸ ਯੋਜਨਾ ਅਤੇ ਕੌਮੀ ਅੰਨ ਸੁਰੱਖਿਆ ਮਿਸ਼ਨ ਤਹਿਤ ਕੇਂਦਰ ਸਰਕਾਰ ਵੱਲੋਂ ਮੈਚਿੰਗ ਗਰਾਂਟ ਦੇ ਆਧਾਰ 'ਤੇ ਪੈਸਾ ਜਾਰੀ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਵੱਲੋਂ

(ਬਾਕੀ ਸਫਾ 6 ਉਤੇ)


Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832


BEST FARE GUARANTEE
WorldWide Travel
866 66 INDIA
734 838 9998


24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant

Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਅੱਠ ਸਿੱਖ ਸ਼ਖਸੀਅਤਾਂ ਨੂੰ ਸਿੱਖ ਅਚੀਵਰਜ਼ ਐਵਾਰਡ

**ਮੁੰਬਈ:** ਸਤਿ ਸ੍ਰੀ ਅਕਾਲ ਚੈਰਿਟੇਬਲ ਟਰਸਟ ਨੇ ਮੁੰਬਈ ਵਿਚ ਕਰਵਾਏ 'ਸਿੱਖ ਅਚੀਵਰਜ਼ ਐਵਾਰਡ ਸਮਾਗਮ ਵਿਚ ਅੱਠ ਅਹਿਮ ਸਿੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ। ਇਹ ਸੰਸਥਾ ਇਹ ਸਮਾਗਮ ਹਰ ਸਾਲ ਕਰਵਾਉਂਦੀ







ਹੈ, ਜਿਸ ਵਿਚ ਦੁਨੀਆਂ ਭਰ ਵਿਚ ਵੱਖ ਵੱਖ ਖੇਤਰਾਂ ਵਿਚ ਆਪੋ-ਆਪਣਾ ਯੋਗਦਾਨ ਪਾ ਰਹੇ ਸਾਬਤ ਸੂਰਤ ਸਿੱਖਾਂ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਸਾਲ ਸਨਮਾਨਿਤ ਸ਼ਖਸੀਅਤਾਂ ਵਿਚ ਐਡਵੋਕੇਟ ਐਚ. ਐਸ. ਫੂਲਕਾ, ਡਾ. ਹਰਮਿੰਦਰ ਸਿੰਘ, ਡਾ. ਰਜਵੰਤ ਸਿੰਘ, ਜਸਕਰਨ ਸਿੰਘ, ਤਰਵਿੰਦਰ





ਸਿੰਘ ਸੱਭਰਵਾਲ, ਮਨਜੀਤ ਕੌਰ, ਚਰਨਦੀਪ ਸਿੰਘ ਅਤੇ ਸਰਬਜੀਤ ਸਿੰਘ ਸ਼ਾਮਿਲ ਸਨ।

**ਐਡਵੋਕੇਟ ਹਰਵਿੰਦਰ ਸਿੰਘ ਫੂਲਕਾ:** ਉਨ੍ਹਾਂ ਨੂੰ ਐਚ. ਐਸ. ਫੂਲਕਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਉਹ ਦਿੱਲੀ ਹਾਈਕੋਰਟ ਵਿਚ ਸੀਨੀਅਰ ਵਕੀਲ ਹਨ। ਉਹ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਭਦੌੜ ਤੋਂ ਹਨ। 1984 ਵਿਚ ਉਹ ਸਿੱਖਾਂ ਦੇ ਕਤਲੇਆਮ ਦੌਰਾਨ ਘਿਰ ਗਏ ਸਨ। ਉਨ੍ਹਾਂ ਦੇ ਮਕਾਨ ਮਾਲਕ ਨੇ ਹਮਲਾਵਰਾਂ ਨੂੰ ਝੂਠ ਬੋਲਿਆ ਕਿ ਫੂਲਕਾ ਪਰਿਵਾਰ ਘਰ ਛੱਡ ਗਿਆ ਹੈ ਪਰ ਉਸ ਨੇ ਇਨ੍ਹਾਂ ਨੂੰ ਆਪਣੇ ਸਟੋਰ ਵਿਚ ਲੁਕਾ ਲਿਆ। ਸਟੋਰ ਵਿਚ ਉਨ੍ਹਾਂ ਦੋ ਦਿਨ ਬਿਤਾਏ। ਫਿਰ ਉਥੋਂ ਚੰਡੀਗੜ੍ਹ ਪੁੱਜ ਗਏ ਅਤੇ ਚੰਡੀਗੜ੍ਹ ਰਹਿਣ ਦਾ ਫੈਸਲਾ ਕੀਤਾ ਪਰ ਜਦ ਕਤਲੇਆਮ ਤੋਂ ਪੀੜਤ ਪਰਿਵਾਰਾਂ ਨੂੰ ਕਾਨੂੰਨੀ ਮਦਦ ਅਤੇ ਹਲਫਨਾਮੇ ਬਣਾਉਣ ਦੀ ਲੋੜ ਪਈ ਤਾਂ ਉਹ ਰਾਹਤ ਕੈਂਪ ਵਿਚ ਮਦਦ ਲਈ ਪਹੁੰਚੇ। ਉਦੋਂ ਤੋਂ ਲੈ ਕੇ ਅਜ ਤੱਕ ਸ. ਫੂਲਕਾ ਇਹ ਕੇਸ ਲੜ ਰਹੇ ਹਨ।

**ਸਰਬਜੀਤ ਸਿੰਘ (ਬੌਬੀ):** ਸ਼ਿਮਲਾ ਦੇ ਰਹਿਣ ਵਾਲੇ ਸ. ਬੌਬੀ ਨੇ 13 ਸਾਲ ਦੀ ਉਮਰ ਵਿਚ ਸਮਾਜ ਸੇਵਾ ਸ਼ੁਰੂ ਕਰ ਦਿੱਤੀ ਸੀ। ਉਹ ਪਿਛਲੇ 10 ਸਾਲ ਤੋਂ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਹੁਣ ਤੱਕ ਕਈ ਥਾਂਈਂ ਖੂਨਦਾਨ ਕੈਂਪ ਲਾ ਕੇ ਕਰੀਬ 20,000 ਯੂਨਿਟ ਖੂਨ ਇਕੱਠਾ ਕਰ ਕੇ ਲੋੜਵੰਦਾਂ ਨੂੰ ਜੀਵਨ ਦਾਨ ਦਿੱਤਾ। ਉਹ ਮ੍ਰਿਤਕ ਸਰੀਰਾਂ ਦੇ ਅੰਤਿਮ ਸਸਕਾਰ ਲਈ ਫ੍ਰੀ ਵੈਨ ਸੇਵਾ ਕਰ ਰਹੇ ਹਨ। 2014 ਵਿਚ ਉਨ੍ਹਾਂ ਸਮਾਜ ਸੇਵਾ ਸੰਸਥਾ 'ਆਲਮਾਇਟੀ ਬਲੈਸਿੰਗਸ' ਸ਼ੁਰੂ ਕੀਤੀ। ਇਹ ਸੰਸਥਾ ਹਸਪਤਾਲਾਂ ਵਿਚ ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਲੰਗਰ ਚਲਾਉਂਦੀ ਹੈ। ਉਨ੍ਹਾਂ 'ਰੋਟੀ ਬੈਂਕ' ਮੁਹਿੰਮ ਵੀ ਸ਼ੁਰੂ ਕੀਤੀ ਹੈ, ਜਿਸ ਵਿਚ ਸਕੂਲ ਦੇ ਬੱਚਿਆਂ ਨੂੰ ਘਰੋਂ ਆਪਣੇ ਟਿਫਿਨ 'ਚ ਇਕ ਰੋਟੀ ਵੱਧ ਲਿਆਉਣ ਲਈ ਕਿਹਾ ਜਾਂਦਾ ਹੈ ਤੇ ਉਹ ਰੋਟੀ ਵਾਲੰਟੀਅਰਾਂ ਰਾਹੀਂ ਇੱਕਠੀ ਕਰ ਕੇ ਲੋੜਵੰਦਾਂ ਤੱਕ ਪਹੁੰਚਾਈ ਜਾਂਦੀ ਹੈ।

**ਡਾ. ਰਾਜਵੰਤ ਸਿੰਘ:** ਉਨ੍ਹਾਂ ਦਾ ਜਨਮ ਕਲਕੱਤਾ ਵਿਚ 1961 ਵਿਚ ਹੋਇਆ। ਉਹ 1979 ਵਿਚ ਅਮਰੀਕਾ ਦੇ ਵਾਸ਼ਿੰਗਟਨ ਦੇ ਡੀ. ਸੀ. ਮੈਟਰੋਪੋਲੀਟਨ ਖੇਤਰ ਵਿਚ ਪੁੱਜ ਗਏ। ਉਨ੍ਹਾਂ 1989 ਵਿਚ ਡੈਂਟਲ ਸਰਜਰੀ ਦੀ ਡਾਕਟਰੇਟ ਦੀ ਡਿਗਰੀ ਸਕੂਲ ਆਫ ਡੈਂਟਿਸਟਰੀ ਜਾਰਜ ਟਾਊਨ ਯੂਨੀਵਰਸਿਟੀ, ਵਾਸ਼ਿੰਗਟਨ ਤੋਂ ਕੀਤੀ। 1980 ਵਿਚ ਉਨ੍ਹਾਂ ਵਾਸ਼ਿੰਗਟਨ ਵਿਚ ਪਹਿਲੀ ਸਿੱਖ ਨੌਜਵਾਨ ਸਭਾ ਬਣਾਈ। ਉਹ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਜੋ ਸਿੱਖ ਸੰਗਤ ਰਾਕਵਿਲ, ਮੈਰੀਲੈਂਡ ਵਿਚ ਹੈ, ਦੇ ਉਘੇ ਮੈਂਬਰ ਹਨ। ਇਸ ਫਾਊਂਡੇਸ਼ਨ ਦੇ ਮੈਂਬਰ ਹੋਣ ਨਾਤੇ ਉਹ ਹਰ ਸਾਲ ਸਮਰ ਕੈਂਪ ਲਾ ਕੇ ਸਿੱਖ ਬੱਚਿਆਂ ਨੂੰ ਪੰਜਾਬੀ ਸਿੱਖ ਇਤਿਹਾਸ ਤੇ ਫਲਸਫੇ ਤੋਂ ਜਾਣੂ ਕਰਵਾਉਂਦੇ ਹਨ। ਉਨ੍ਹਾਂ ਅਮਰੀਕਾ ਵਿਚ ਈਕੋ ਸਿੱਖ ਗਰੁਪ ਬਣਾਇਆ, ਜਿਸ ਦੇ ਉਹ ਪ੍ਰਧਾਨ ਹਨ। ਇਸ ਗਰੁਪ ਦਾ ਮੁੱਖ ਦਾਇਰਾ ਵਾਤਾਵਰਣ ਅਤੇ ਮੌਸਮੀ ਬਦਲਾਓ ਬਾਰੇ ਹੈ। ਇਸੇ ਦੌਰਾਨ ਉਨ੍ਹਾਂ ਸਿੱਖ ਵਾਤਾਵਰਣ ਦਿਵਸ ਮਨਾਉਣਾ ਸ਼ੁਰੂ ਕੀਤਾ। ਉਹ ਸਿੱਖ ਕੌਂਸਲ ਆਨ ਰਿਲੀਜਨ ਐਂਡ ਅਜੂਕੇਸ਼ਨ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਦੀ ਬਦੌਲਤ ਅਮਰੀਕਾ ਦੇ ਵ੍ਹਾਈਟ ਹਾਊਸ ਵਿਚ ਪਹਿਲੀ ਵਾਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਜਨਮ ਦਿਨ ਮਨਾਇਆ ਗਿਆ।

**ਜਸਕਰਨ ਸਿੰਘ:** ਉਨ੍ਹਾਂ ਭੁੱਖੇ, ਪਿਆਸੇ ਅਤੇ ਨਿਆਸਰਿਆਂ ਲਈ ਆਸ ਦੀ ਕਿਰਨ ਪੈਦਾ ਕੀਤੀ ਹੈ। ਉਨ੍ਹਾਂ ਦੇ ਯਤਨਾਂ ਸਦਕਾ 'ਸੇਵਾ ਸੈਲਫਲੈਸ ਸਰਵਿਸ' ਨਾਂ ਦੀ ਸੰਸਥਾ ਹੋਂਦ ਵਿਚ ਆਈ, ਜੋ ਬਿਨਾ ਕਿਸੇ ਜਾਤੀ ਜਾਂ ਹੋਰ ਵਿਤਕਰੇ ਦੇ ਲੋਕਾਂ ਦੀ ਭਲਾਈ ਲਈ ਤਤਪਰ ਰਹਿੰਦੀ ਹੈ। ਇਹ ਸੰਸਥਾ 100 ਫੀਸਦੀ ਦਾਨ ਪਾਤਰਤਾ 'ਤੇ ਚਲਦੀ ਹੈ। ਹਰ ਵੀਰਵਾਰ ਇਸ ਸੇਵਕ ਸੰਘ ਦੇ ਮੈਂਬਰ ਸੈਕਰਾਮੈਂਟੋ ਵਿਖੇ 300 ਲੋਕਾਂ ਲਈ ਲੰਗਰ ਦੀ ਸੇਵਾ ਕਰਦੇ ਹਨ। ਸੈਨ ਫਰਾਂਸਿਸਕੋ ਵਿਚ ਇਹ ਸੰਸਥਾ ਹਰ ਮਹੀਨੇ 500 ਲੋਕਾਂ ਨੂੰ ਮੁਫਤ ਕੱਪੜੇ, ਜ਼ੁਰਾਬਾਂ, ਕੰਬਲ ਅਤੇ ਲੋੜੀਂਦੀ ਸਿਹਤ ਤੇ ਸਫਾਈ ਸਬੰਧੀ ਸਾਮਾਨ ਵੰਡਦੀ ਹੈ। ਹਰ ਦੋ ਹਫਤੇ ਬਾਅਦ ਸੱਰੀ ਵਿਖੇ ਲੰਗਰ ਲਾਇਆ ਜਾਂਦਾ ਹੈ। ਪਿਛਲੇ ਦੋ ਸਾਲਾਂ ਤੋਂ ਇਸ ਸੰਸਥਾ ਨੇ ਕੁਦਰਤੀ ਆਫਤਾਂ ਸਮੇਂ ਰਾਹਤ ਕਾਰਜਾਂ ਦਾ ਬੀੜਾ ਵੀ ਚੁਕਿਆ ਹੈ। 2015 ਵਿਚ ਨੇਪਾਲ ਵਿਚ ਭੂਚਾਲ ਤੋਂ ਬਾਅਦ ਲੋਕਾਂ ਨੂੰ ਮੁੜ ਘਰ ਬਣਾ ਕੇ ਦਿੱਤੇ। ਸੰਸਥਾ ਦੇ ਵਾਲੰਟੀਅਰਾਂ ਨੇ 2017-18 ਵਿਚ ਪੈਰਾਡਾਈਜ਼, ਕਲੀਅਰ ਲੇਕ, ਸੈਂਟਾ ਰੋਜ਼, ਰੈਡਿੰਗ ਵਿਚ ਸੇਵਾ ਨਿਭਾਈ। ਪਿਛਲੇ ਸਾਲ ਟੈਕਸਸ ਵਿਚ ਹੜ੍ਹ ਪੀੜਤਾਂ ਦੀ ਮਦਦ ਕੀਤੀ।

**ਚੰਨਦੀਪ ਸਿੰਘ:** ਜੰਮੂ ਕਸ਼ਮੀਰ ਦੇ ਰਹਿਣ ਵਾਲੇ ਚੰਨਦੀਪ ਸਿੰਘ, ਜੋ ਬਿਜਲੀ ਦੇ ਕਰੰਟ ਕਾਰਨ ਆਪਣੀਆਂ ਦੋਵੇਂ ਬਾਹਾਂ ਗੁਆ ਬੈਠੇ, ਪਰ ਉਨ੍ਹਾਂ ਆਪਣੀ ਅਯੋਗਤਾ ਨੂੰ ਯੋਗਤਾ ਵਿਚ




ਬਦਲ ਦਿੱਤਾ, ਨੇ ਰੋਲਿੰਗ-ਸਕੇਟਿੰਗ ਨੂੰ ਆਪਣਾ ਜੀਵਨ ਮਕਸਦ ਬਣਾ ਲਿਆ ਅਤੇ ਨਿਪੁੰਨਤਾ ਹਾਸਲ ਕੀਤੀ। 2012 ਵਿਚ ਉਨ੍ਹਾਂ ਨੈਸ਼ਨਲ ਰੋਲਿੰਗ-ਸਕੇਟਿੰਗ ਮੁਕਾਬਲੇ ਵਿਚ ਤਮਗਾ ਹਾਸਲ ਕੀਤਾ। ਉਨ੍ਹਾਂ ਯੂ. ਐਸ. ਦੀ ਗੋਲਡਨ



ਬੁੱਕ ਵਰਲਡ ਰਿਕਾਰਡ ਵਿਚ ਆਪਣਾ ਨਾਮ ਦਰਜ ਕਰਵਾਇਆ ਅਤੇ ਦੁਨੀਆਂ ਵਿਚ ਸਭ ਤੋਂ ਤੇਜ਼ ਸਕੇਟਰ ਹੋਣ ਦਾ ਮੁਕਾਮ ਹਾਸਲ ਕੀਤਾ। ਇਸ ਪਿਛੋਂ ਉਨ੍ਹਾਂ ਤਾਇਕਵਾਂਡੋ ਵਲ ਆਪਣੇ ਕਦਮ ਵਧਾਏ ਅਤੇ ਕਿਮਯੂਨਾਂਗ ਕੱਪ ਤਾਇਕਵਾਂਡੋ ਚੈਂਪੀਅਨਸ਼ਿਪ ਵਿਚ ਭਾਰਤ ਦੀ ਝੋਲੀ ਦੋ ਗੋਲਡ ਮੈਡਲ ਪਾਏ। ਉਨ੍ਹਾਂ ਏਸ਼ੀਅਨ ਤਾਇਕਵਾਂਡੋ ਚੈਂਪੀਅਨਸ਼ਿਪ ਵੀਅਤਨਾਮ ਅਤੇ ਪੋਮਸਾਏ ਇੰਟਰਨੈਸ਼ਨਲ ਤਾਇਕਵਾਂਡੋ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਹਾਸਲ ਕੀਤਾ।

**ਮਨਜੀਤ ਕੌਰ:** ਉਹ ਸਮਾਜ ਸੇਵਿਕਾ ਹਨ, ਜੋ ਭਾਰਤੀ ਸਟੇਟ ਬੈਂਕ ਵਿਚ ਕਲਰਕ ਦੇ ਅਹੁਦੇ 'ਤੇ ਕੰਮ ਕਰਦੇ ਹਨ। ਆਪਣੇ ਰੁਝੇਵਿਆਂ ਅਤੇ ਕੰਮ-ਕਾਰਾਂ ਨੂੰ ਪਾਸੇ ਰੱਖਦਿਆਂ ਉਹ ਰਾਤ ਨੂੰ ਆਪਣੀ ਦੂਜੀ ਸ਼ਿਫਟ ਲਈ ਸੇਵਾ ਕਰਨ ਲਈ ਤਿਆਰ ਰਹਿੰਦੇ ਹਨ। ਰਾਤ ਸਮੇਂ ਉਹ ਆਪਣੀ ਮਾਰੂਤੀ ਵੈਨ ਦੀ ਵਰਤੋਂ ਬਿਮਾਰ ਮਰੀਜ਼ਾਂ ਨੂੰ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸ ਵਜੋਂ ਕਰਦੇ ਹਨ। ਮਨਜੀਤ ਕੌਰ ਨੇ ਆਪਣੇ ਪਤੀ ਕਮਲਜੀਤ ਸਿੰਘ ਨਾਲ ਇਸ ਸੇਵਾ ਵਿਚ ਉਦੋਂ ਹੱਥ ਵਟਾਉਣਾ ਸ਼ੁਰੂ ਕੀਤਾ ਸੀ, ਜਦੋਂ ਇਕ ਹਾਈਵੇ ਉਪਰ ਉਨ੍ਹਾਂ ਦੇ ਪੁੱਤਰ ਦਾ ਐਕਸੀਡੈਂਟ ਹੋ ਗਿਆ ਸੀ ਅਤੇ ਕੋਈ ਵੀ ਉਸ ਨੂੰ ਹਸਪਤਾਲ ਨਹੀਂ ਪਹੁੰਚਾ ਰਿਹਾ ਸੀ। ਆਪਣੇ ਘਰ ਜੈਪੁਰ ਵਾਪਸ ਪੁੱਜ ਕੇ ਉਨ੍ਹਾਂ ਆਪਣੀ ਵੈਨ ਨੂੰ ਐਂਬੂਲੈਂਸ ਵਿਚ ਤਬਦੀਲ ਕਰ ਦਿੱਤਾ। ਮਨਜੀਤ ਕੌਰ ਅਤੇ ਉਸ ਦੇ ਪਤੀ ਆਪਣੇ ਪਿਤਾ ਕਰਤਾਰ ਸਿੰਘ ਤੋਂ ਪ੍ਰੇਰਿਤ ਹੋਏ, ਜਿਨ੍ਹਾਂ ਤੋਂ ਬਾਅਦ ਇਸ ਸੇਵਾ ਨੂੰ ਕਰਤਾਰ ਸੇਵਾ ਕੇਂਦਰ ਵਿਚ ਬਦਲ ਦਿੱਤਾ ਗਿਆ। ਇਸ ਤੋਂ ਇਲਾਵਾ ਸ੍ਰੀਮਤੀ ਮਨਜੀਤ ਕੌਰ ਛੁੱਟੀਆਂ ਦੌਰਾਨ ਗੁਰਦੁਆਰੇ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦੇ ਹਨ। ਇਸ ਜੋੜੇ ਨੇ ਬੇਸਹਾਰਾ ਬਜੁਰਗਾਂ ਲਈ ਬਿਰਧ ਆਸ਼ਰਮ ਵੀ ਖੋਲ੍ਹਿਆ ਹੈ।

**ਹਰਮਿੰਦਰ ਸਿੰਘ:** ਪੇਸ਼ੇ ਵਲੋਂ ਡਾਕਟਰ ਹਰਮਿੰਦਰ ਸਿੰਘ ਮੁਹਾਲੀ ਵਿਖੇ ਕੰਮ ਕਰਦੇ ਹਨ। ਸੰਨ 1998 ਉਨ੍ਹਾਂ ਨੇ ਇਕ ਅਨਾਥ ਆਸ਼ਰਮ ਦਾ ਦੌਰਾ ਕੀਤਾ। ਉਥੇ ਅਜਿਹੀ ਘਟਨਾ ਵਾਪਰੀ ਕਿ ਅਨਾਥ ਆਸ਼ਰਮ ਨੇ ਲੜਕੀਆਂ, ਜੋ ਬੇਸਹਾਰਾ ਅਤੇ ਗਰੀਬ ਸਨ, ਨੂੰ ਰੱਖਣ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਮੁਹਾਲੀ ਨਜ਼ਦੀਕ ਖਰੜ ਵਿਚ 'ਜਯੋਤੀ ਸਰੂਪ ਕੰਨਿਆ ਆਸਰਾ' ਨਾਂ ਦੀ ਸੰਸਥਾ ਖੋਲ੍ਹੀ। ਸਭ ਤੋਂ ਪਹਿਲਾਂ ਕਿਰਾਏ 'ਤੇ ਇਕ ਰਿਹਾਇਸ਼ ਦਾ ਪ੍ਰਬੰਧ ਕਰਕੇ 9 ਅਨਾਥ ਬੱਚੀਆਂ ਲਈ ਅਨਾਥ ਆਸ਼ਰਮ ਦੀ ਸ਼ੁਰੂਆਤ ਕੀਤੀ। ਹੁਣ ਆਸ਼ਰਮ ਵਿਚ 135 ਬੱਚੀਆਂ ਦਾ ਘਰ ਹੈ।

**ਤਰਵਿੰਦਰ ਸਿੰਘ ਸਭਰਵਾਲ:** ਸੇਵਕ ਕਾਸਟ ਕੰਪਨੀ ਆਫ ਇੰਡੀਆ ਵਿਚ ਉਸਾਰੀ ਸਬੰਧੀ ਕਾਰਜ ਨਾਲ ਸਬੰਧਤ ਅਮੀਰ ਵਪਾਰੀ ਸ. ਸਭਰਵਾਲ ਦੀ ਦੇਖ-ਰੇਖ ਹੇਠ ਬਣੇ ਮੁੰਬਈ-ਪੂਨਾ ਐਕਸਪ੍ਰੈਸ ਮਾਰਗ, ਮੁੰਬਈ-ਨਾਸਿਕ ਐਕਸਪੈਸ ਮਾਰਗ ਆਦਿ ਅਹਿਮ ਹਨ। ਉਨ੍ਹਾਂ ਦੀ ਕੰਪਨੀ ਨੇ ਏਸ਼ੀਆਂ ਦੀ ਸਭ ਤੋਂ ਵੱਡੀ ਸੁਰੰਗ, ਜਿਸ ਦੀ ਲੰਬਾਈ ਸੱਤ ਕਿਲੋਮਿਟਰ ਹੈ, ਦੀ ਉਸਾਰੀ ਕਰਵਾਈ ਜੋ ਤਿਰੂਚਲਾਪੱਲੀ/ਮਦੁਰਾਈ ਵਿਖੇ ਹੈ। ਉਹ ਆਪਣੇ ਭਾਈਚਾਰੇ ਤੇ ਧਰਮ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਸਿੱਖ ਭਾਈਚਾਰੇ ਜਾਂ ਕਿਸੇ ਵੀ ਲੋੜਵੰਦ ਲਈ ਦਿਲ ਖੋਲ੍ਹ ਕੇ ਦਾਨ ਦਿੰਦੇ ਹਨ। ਇਕ ਏਅਰ ਬਸ ਸ਼ਿਮਲਾ ਤੋਂ ਪੀ. ਜੀ. ਆਈ ਚੰਡੀਗੜ੍ਹ ਲਈ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸਤਿ ਸ੍ਰੀ ਅਕਾਲ ਟਰਸਟ ਲੋੜਵੰਦ ਬੱਚਿਆਂ ਲਈ ਮੈਡੀਕਲ ਕੈਂਪ, ਹੜ੍ਹ ਪੀੜਤਾਂ ਦੀ ਸੇਵਾ ਅਤੇ ਭੂਚਾਲ ਨਾਲ ਪੀੜਤ ਲੋਕਾਂ ਨੂੰ ਰਾਹਤ ਪਹੁੰਚਾਉਣ ਵਰਗੇ ਕੰਮ ਕਰਦਾ ਹੈ। ਇਸ ਟਰਸਟ ਵਿਚ ਮੁੰਬਈ ਦੇ ਉਘੇ ਸਿੱਖ ਸੇਵਾ ਕਰਦੇ ਹਨ ਅਤੇ ਉਹ ਸਮਾਜਕ ਤੇ ਆਰਥਕ ਪੱਖੋਂ ਪੱਛੜਿਆਂ ਦੀ ਤਰੱਕੀ ਤੇ ਵਿਕਾਸ ਲਈ ਸਮਰਪਿਤ ਹਨ।

## 33 ਸਾਲ ਪਹਿਲਾਂ ਕੱਚ ਦੀ ਸਮਝ ਕੇ ਖਰੀਦੀ ਅੰਗੂਠੀ ਹੀਰੇ ਦੀ ਨਿਕਲੀ

**ਵਾਸ਼ਿੰਗਟਨ:** 33 ਸਾਲ ਤੱਕ ਇਕ ਮਹਿਲਾ ਡੈਬਰਾ ਜਿਸ ਅੰਗੂਠੀ ਨੂੰ ਆਮ ਕੱਚ ਦੀ ਸਮਝਦੀ ਰਹੀ ਸੀ, ਜਾਂਚ ਕਰਵਾਉਣ ਬਾਅਦ ਉਹ





6.8 ਕਰੋੜ ਦੀ ਕੀਮਤ ਵਾਲੇ ਹੀਰੇ ਦੀ ਅੰਗੂਠੀ ਨਿਕਲੀ। ਅੰਗੂਠੀ ਵਧੀਆ ਕੁਆਲਟੀ ਤੇ 26.27 ਕੈਰੇਟ ਦੀ ਸੀ। ਖਾਸ ਗੱਲ ਇਹ ਸੀ ਕਿ ਅੰਗੂਠੀ ਵੇਚਣ ਦਾ ਫੈਸਲਾ ਡੈਬਰਾ ਨੇ ਉਸ ਵੇਲੇ ਲਿਆ, ਜਦੋਂ ਕੁਝ ਠੱਗਾਂ ਨੇ ਉਸ ਦੀ ਮਾਂ ਕੋਲੋਂ ਪੈਸੇ ਹਥਿਆ ਲਏ ਸੀ।

ਡੈਬਰਾ ਨੇ ਦੱਸਿਆ ਕਿ ਕੱਚ ਦੀ ਸਮਝ ਕੇ ਉਸ ਨੇ 15 ਸਾਲਾਂ ਤੋਂ ਅੰਗੂਠੀ ਨਹੀਂ ਪਾਈ ਸੀ ਪਰ ਮਾਂ ਨਾਲ ਹੋਈ ਘਟਨਾ ਬਾਅਦ ਉਸ ਨੂੰ ਅੰਗੂਠੀ ਵੇਚਣ ਲਈ ਸੁਨਿਆਰੇ ਕੋਲ ਜਾਣਾ ਪਿਆ। ਉਸ ਨੇ ਦੱਸਿਆ ਕਿ ਅੰਗੂਠੀ ਵੇਚ ਕੇ ਉਸ ਨੂੰ ਕੁਝ ਪੈਸੇ ਮਿਲਣ ਦੀ ਉਮੀਦ ਸੀ ਪਰ ਜਾਂਚ ਹੋਈ ਤਾਂ ਪਤਾ ਲੱਗਿਆ ਉਹ ਹੀਰੇ ਦੀ ਅੰਗੂਠੀ ਸੀ।

ਉਸ ਨੇ ਦੱਸਿਆ ਕਿ ਇਹ ਜਾਣ ਕੇ ਉਸ ਨੂੰ ਪੂਰੀ ਰਾਤ ਨੀਂਦ ਨਹੀਂ ਆਈ। ਹਾਲਾਂਕਿ ਬਾਅਦ ਵਿਚ ਕੁਝ ਲੋਕਾਂ ਦੀ ਸਲਾਹ ਨਾਲ ਉਸ ਨੇ ਅੰਗੂਠੀ ਨਿਲਾਮ ਕਰਨ ਦਾ ਫੈਸਲਾ ਕੀਤਾ। ਨਿਲਾਮੀ ਦੀ ਉਸ ਨੂੰ ਮੋਟੀ ਰਕਮ ਮਿਲੀ। ਨਿਲਾਮੀ ਦੀ ਰਕਮ ਨਾਲ ਉਸ ਨੇ ਆਪਣੀ ਮਾਂ ਲਈ ਕਈ ਤੋਹਫੇ ਖਰੀਦੇ ਤੇ ਇਸ ਦੇ ਨਾਲ ਹੀ ਆਪਣੇ ਲਈ ਜਵੈਲਰੀ ਕੰਪਨੀ ਵੀ ਖੋਲ੍ਹ ਲਈ। ਇਸ ਵਿਚ ਛਿਪੇ ਹੋਏ ਕੀਮਤੀ ਰਤਨਾਂ ਦੀ ਖੋਜ ਕੀਤੀ ਜਾਂਦੀ ਹੈ। ਉਸ ਨੇ ਕਿਤਾਬ ਵੀ ਲਿਖੀ ਹੈ ਜਿਸ ਤੋਂ ਉਸ ਨੂੰ ਕਾਫੀ ਕਮਾਈ ਦੀ ਉਮੀਦ ਹੈ।

# ਗੁਰਿੰਦਰ ਸਿੰਘ ਖਾਲਸਾ ਵੱਲੋਂ ਰਾਜਨੀਤੀ ਵਿਚ ਆਉਣ ਦਾ ਐਲਾਨ

**ਇੰਡੀਅਨਐਪੋਲਿਸ:** ਹਾਲ ਹੀ ਵਿਚ ਵੱਕਾਰੀ ਰੋਜ਼ਾ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਹਾਸਲ ਕਰਨ ਤੋਂ ਕੁਝ ਹਫਤਿਆਂ ਬਾਅਦ ਭਾਰਤੀ-ਅਮਰੀਕੀ ਸਿੱਖ ਗੁਰਿੰਦਰ ਸਿੰਘ ਖਾਲਸਾ ਨੇ ਰਾਜਨੀਤੀ ਵਿਚ ਆਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਸਿਟੀ ਕੌਂਸਲ ਆਫ ਫਿਸ਼ਰਜ਼ ਦੀ ਚੋਣ ਲਈ ਆਪਣੀ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਆਪਣੇ ਸਮਰਥਕਾਂ ਨੂੰ ਕਿਹਾ, 'ਆਪਣੇ ਸਮਾਜ ਦੇ ਲੋਕਾਂ ਲਈ ਕੁਝ ਕਰਨ ਦੀ ਇੱਛਾ ਅਤੇ ਜਨਤਕ ਨੀਤੀ ਵਿਚ ਰੁਚੀ ਕਰਕੇ ਮੈਂ ਰਾਜਨੀਤੀ ਵਿਚ ਆਉਣ ਦਾ ਫੈਸਲਾ ਲਿਆ ਹੈ।'



ਇਕ ਤੋਂ ਵੱਧ ਦਹਾਕੇ ਤੋਂ ਇੰਡੀਆਨਾ ਵਿਚ ਫਿਸ਼ਰਜ਼ ਸਮਾਜ ਦੇ ਵਸਨੀਕ ਭਾਈ ਖਾਲਸਾ ਮੰਨੇ-ਪ੍ਰਮੰਨੇ ਕਾਰੋਬਾਰੀ ਆਗੂ ਹਨ, ਜਿਨ੍ਹਾਂ ਰਾਜ ਤੇ ਦੇਸ਼ ਵਿਚ ਲੋਕ ਸੇਵਾਵਾਂ ਦੇ ਆਗੂਆਂ ਤੇ ਸੰਸਥਾਵਾਂ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ, 'ਮੈਂ ਲੋਕ ਸੇਵਾ ਰਾਹੀਂ ਸਮਾਜ ਨੂੰ ਕੁਝ ਵਾਪਸ ਕਰਨਾ ਚਾਹੁੰਦਾ ਹਾਂ।'


## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ ਵਾਸ਼ਰ ਤੇ ਪ੍ਰੋਫੈਸ਼ਨਲੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

3-4



## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

4-


# ਨਿਊ ਯਾਰਕ ਵਿਚ 32ਵੀਂ ਸਾਲਾਨਾ ਸਿੱਖ ਡੇ ਪਰੇਡ 27 ਅਪਰੈਲ ਨੂੰ

**ਨਿਊ ਯਾਰਕ (ਬਿਊਰੋ):** ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਵਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਅਗਵਾਈ ਵਿਚ 32ਵੀਂ ਸਾਲਾਨਾ ਸਿੱਖ ਡੇ ਪਰੇਡ (ਮਹਾਨ ਨਗਰ ਕੀਰਤਨ) 27 ਅਪਰੈਲ ਨੂੰ ਇਥੇ ਨਿਊ ਯਾਰਕ ਸਿਟੀ ਵਿਚ ਸਜਾਈ ਜਾ ਰਹੀ ਹੈ।

ਇਸ ਸਬੰਧੀ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਦੀ ਇਕ ਸਾਂਝੀ ਮੀਟਿੰਗ 17 ਫਰਵਰੀ, ਐਤਵਾਰ ਨੂੰ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਹੋਵੇਗੀ। ਮੀਟਿੰਗ ਵਿਚ ਇਸ ਸਾਲਾਨਾ ਪਰੇਡ ਨੂੰ ਸ਼ਾਨੋ ਸ਼ੌਕਤ ਨਾਲ ਕੱਢਣ ਅਤੇ ਪਿਛਲੇ ਸਮੇਂ ਵਿਚ ਰਹਿ ਗਈਆਂ ਤਰੁਟੀਆਂ ਨੂੰ ਦੂਰ ਕਰਨ ਲਈ ਸੰਗਤ ਤੋਂ ਵਡਮੁੱਲੇ ਸੁਝਾਅ ਲਏ ਜਾਣਗੇ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਨੇ ਸਮੂਹ ਸੰਗਤ ਨੂੰ ਇਸ ਮੀਟਿੰਗ ਵਿਚ ਪਹੁੰਚ ਕੇ ਆਪਣੇ ਸੁਝਾਅ ਦੇਣ ਦੀ ਬੇਨਤੀ ਕੀਤੀ ਹੈ।

# ਲਹਿੰਦੇ ਪੰਜਾਬ ਦਾ ਸੀਨੀਅਰ ਮੰਤਰੀ ਗ੍ਰਿਫਤਾਰ

**ਲਾਹੌਰ:** ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਨੇ ਲਹਿੰਦੇ ਪੰਜਾਬ ਸੂਬੇ ਦੇ ਰਸੂਖ਼ਵਾਨ ਸੀਨੀਅਰ ਮੰਤਰੀ ਅਬਦੁਲ ਅਲੀਮ ਖ਼ਾਨ ਨੂੰ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਗ੍ਰਿਫਤਾਰ ਕਰ ਲਿਆ ਹੈ। ਮੰਤਰੀ ਦੀ ਗ੍ਰਿਫਤਾਰੀ ਨਾਲ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਝਟਕਾ ਲੱਗਾ ਹੈ।

# ਤਰਲੋਕ ਸਿੰਘ ਦੀਵਾਨਾ ਨਹੀਂ ਰਹੇ

**ਜੰਡਿਆਲਾ ਗੁਰੂ:** ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ 18 ਪੁਸਤਕਾਂ ਪਾਉਣ ਵਾਲੇ ਤਰਲੋਕ ਸਿੰਘ ਦੀਵਾਨਾ (75) ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦਾ ਜੰਡਿਆਲਾ ਗੁਰੂ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ।

# ਪਤਨੀ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਹੇਠ ਭਾਰਤੀ-ਅਮਰੀਕੀ ਗ੍ਰਿਫਤਾਰ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਸ਼ਖ਼ਸ ਵੱਲੋਂ ਨਾਰਾਜ਼ ਪਤਨੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ ਹੇਠ ਉਸ ਦੀ ਪ੍ਰੇਮਿਕਾ ਸਹਿਤ ਗ੍ਰਿਫਤਾਰ ਕੀਤਾ ਗਿਆ ਹੈ। ਨਾਰਸਨ ਲਿੰਗਾਲਾ ਅਤੇ ਉਸ ਦੀ ਪ੍ਰੇਮਿਕਾ ਸੰਧਿਆ ਰੈੱਡੀ ਖਿਲਾਫ਼ ਹੱਤਿਆ ਲਈ ਭਾੜੇ ਦਾ ਕਾਤਲ ਲੈਣ ਦਾ ਦੋਸ਼ ਆਇਦ ਕੀਤਾ ਗਿਆ।

ਇਸ ਸਬੰਧੀ ਮਈ 2018 ਵਿਚ ਸ਼ਿਕਾਇਤ ਦਰਜ ਕੀਤੀ ਗਈ ਸੀ ਜਿਸ ਕਿਹਾ ਗਿਆ ਸੀ ਕਿ ਲਿੰਗਾਲਾ ਨੇ ਮਿਡਲਸੈਕਸ ਕਾਊਂਟੀ ਸੁਪੀਰੀਅਰ ਕੋਰਟਹਾਊਸ ਦੀ ਸੁਣਵਾਈ ਦੌਰਾਨ ਕਿਸੇ ਕੈਦੀ ਤੋਂ ਪੁੱਛਿਆ ਸੀ ਕਿ ਕੀ ਉਹ ਕਿਸੇ ਬੰਦੇ ਨੂੰ ਜਾਣਦਾ ਹੈ ਜੋ ਉਸ ਦੀ ਨਾਰਾਜ਼ ਪਤਨੀ ਦਾ ਕਤਲ ਕਰ ਸਕੇ। ਕੈਦੀ ਨੇ ਹਾਂ ਵਿਚ ਜਵਾਬ ਦਿੱਤਾ ਸੀ।

# Matrimonials

## ਲੜਕੇ ਦੀ ਲੋੜ ਹੈ

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com 7-10

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be from Saini family, professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 5-8

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

## ਲੜਕੀ ਦੀ ਲੋੜ ਹੈ

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-

## ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਗਰੀਨ ਕਾਰਡ ਹੋਲਡਰ, 44 ਸਾਲ, 6', ਤਲਾਕਸ਼ੁਦਾ ਲਈ 35 ਤੋਂ 45 ਸਾਲ ਦੀ ਜੀਵਨ ਸਾਥਣ ਦੀ ਲੋੜ ਹੈ। ਲੜਕਾ ਗੈਸ ਪੰਪ 'ਤੇ ਕੈਸ਼ੀਅਰ, ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ, ਕੋਈ ਮੰਗ ਨਹੀਂ। ਸੰਪਰਕ ਕਰੋ, ਈਮੇਲ: sukh201@gmail.com 6-


*To Advertise with Punjab Times*

***Call: 847-359-0746***


# ਰਿਟਰਨ ਲਈ ਪੈਨ ਦਾ ਆਧਾਰ ਨਾਲ ਲਿੰਕ ਹੋਣਾ ਜ਼ਰੂਰੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਆਮਦਨ ਕਰ ਰਿਟਰਨ ਭਰਨ ਵੇਲੇ ਪੈਨ ਕਾਰਡ ਦਾ 'ਆਧਾਰ' ਨਾਲ ਲਿੰਕ ਹੋਣਾ ਜ਼ਰੂਰੀ ਹੈ। ਜਸਟਿਸ ਏ.ਕੇ ਸੀਕਰੀ ਤੇ ਐੱਸ. ਅਬਦੁੱਲ ਨਜ਼ੀਰ ਉੱਤੇ ਆਧਾਰਿਤ ਬੈਂਚ ਨੇ ਕਿਹਾ ਕਿ ਸਿਖ਼ਰਲੀ ਅਦਾਲਤ ਪਹਿਲਾਂ ਹੀ ਇਸ ਮਾਮਲੇ ਬਾਰੇ ਤੈਅ ਕਰ ਚੁੱਕੀ ਹੈ, ਜਿਸ ਵਿਚ ਆਮਦਨ ਕਰ ਐਕਟ ਦੇ ਸੈਕਸ਼ਨ 139 ਏਏ ਦਾ ਹਵਾਲਾ ਹੈ। ਅਦਾਲਤ ਨੇ ਇਹ ਹਦਾਇਤ ਕੇਂਦਰ ਦੀ ਇਕ ਅਰਜ਼ੀ 'ਤੇ ਦਿੱਤੀ ਹੈ। ਕੇਂਦਰ ਨੇ ਦਿੱਲੀ ਹਾਈ ਕੋਰਟ ਵੱਲੋਂ ਦੋ ਵਿਅਕਤੀਆਂ ਨੂੰ 'ਆਧਾਰ' ਅਤੇ ਪੈਨ ਲਿੰਕ ਕੀਤੇ ਬਗੈਰ ਆਮਦਨ ਕਰ ਭਰਨ ਦੀ ਦਿੱਤੀ ਇਜਾਜ਼ਤ ਖ਼ਿਲਾਫ ਅਪੀਲ ਦਾਇਰ ਕੀਤੀ ਸੀ।


## ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

6-9



## *ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com



## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਅਕਾਲੀ ਦਲ ਦੀ ਚਿਤਾਵਨੀ ਦੇ ਬਾਵਜੂਦ ਰਾਸ਼ਟਰੀ ਸਿੱਖ ਸੰਗਤ ਫੈਸਲੇ 'ਤੇ ਦ੍ਰਿੜ੍ਹ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਆਰ.ਐਸ.ਐਸ. ਦੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ 'ਤੇ ਸਿੱਖ ਧਰਮ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਨ ਦੇ ਦੋਸ਼ ਲਾਏ ਜਾਣ ਤੋਂ ਬਾਅਦ ਰਾਸ਼ਟਰੀ ਸਿੱਖ ਸੰਗਤ ਨੇ ਐਲਾਨ ਕੀਤਾ ਹੈ ਕਿ ਗੁਜਰਾਤ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ 23 ਤੇ 24 ਫਰਵਰੀ ਨੂੰ ਅਹਿਮਦਾਬਾਦ ਵਿਚ ਕਰਾਇਆ ਜਾਵੇਗਾ।

ਦੱਸਣਯੋਗ ਹੈ ਕਿ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਸੰਵਿਧਾਨ ਵਿਚ ਸੋਧ ਕਰਨ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਿਤਾਵਨੀ ਦਿੱਤੀ ਗਈ ਸੀ ਕਿ ਭਾਜਪਾ ਤੇ ਰਾਸ਼ਟਰੀ ਸਿੱਖ ਸੰਗਤ ਸਿੱਖਾਂ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਬੰਦ ਕਰੇ, ਦਾ ਰਾਸ਼ਟਰੀ ਸਿੱਖ ਸੰਗਤ ਨੇ ਵੀ ਸਖਤ ਜਵਾਬ ਦਿੱਤਾ ਸੀ। ਇਸ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨਾਲ ਮੁਲਾਕਾਤ ਵੀ ਕੀਤੀ, ਜਿਸ ਤੋਂ ਬਾਅਦ ਅਕਾਲੀ-ਭਾਜਪਾ ਵਿਚਾਲੇ ਸਬੰਧ ਮੁੜ ਠੀਕ ਹੋਣ ਦਾ ਦਾਅਵਾ ਕੀਤਾ ਗਿਆ ਸੀ। ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਜਨਰਲ ਸਕੱਤਰ ਡਾ. ਅਵਤਾਰ ਸਿੰਘ ਸ਼ਾਸਤਰੀ ਨੇ ਦੱਸਿਆ ਕਿ ਸੰਗਤ ਦਾ ਇਕ ਵਫਦ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੂਪਾਨੀ ਅਤੇ ਰਾਜਪਾਲ ਓਮ ਪ੍ਰਕਾਸ਼ ਕੋਹਲੀ ਨੂੰ ਮਿਲਿਆ ਸੀ। ਵਫਦ ਨੇ ਸਰਕਾਰ ਨਾਲ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਚਰਚਾ ਕੀਤੀ। ਇਸ ਦੌਰਾਨ ਮੁੱਖ ਮੰਤਰੀ ਸ੍ਰੀ ਰੂਪਾਨੀ ਨੇ ਦੱਸਿਆ ਕਿ 23 ਤੇ 24 ਫਰਵਰੀ ਨੂੰ ਅਹਿਮਦਾਬਾਦ ਦੀ ਜੀ.ਐਮ.ਡੀ.ਸੀ. ਗਰਾਊਂਡ ਵਿਚ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਰਾਜ ਪੱਧਰੀ ਗੁਰਮਤਿ ਸਮਾਗਮ ਕਰਾਇਆ ਜਾ ਰਿਹਾ ਹੈ। ਇਸ ਸਮਾਗਮ 'ਚ ਸ਼ਮੂਲੀਅਤ ਲਈ ਪੰਜਾਂ ਤਖਤਾਂ ਦੇ ਜਥੇਦਾਰਾਂ ਨੂੰ ਵੀ ਸੱਦਾ ਪੱਤਰ ਭੇਜੇ ਜਾਣਗੇ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਦੀ ਸੰਗਤ ਨੂੰ ਵੀ ਸਮਾਗਮ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਆਪਣੀਆਂ ਉਦਾਸੀਆਂ ਦੌਰਾਨ ਗੁਜਰਾਤ ਵੀ ਗਏ ਸਨ, ਇਸ ਲਈ ਗੁਜਰਾਤ ਵਿਚ ਵੀ ਸਿੱਖ ਸੰਗਤ ਵਲੋਂ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਸਮੁੱਚੇ ਵਿਸ਼ਵ ਦੇ ਗੁਰੂ ਹਨ ਅਤੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਡਾ. ਮੋਹਨ ਰਾਓ ਭਾਗਵਤ ਵੱਲੋਂ ਐਲਾਨ ਕੀਤਾ ਜਾ ਚੁੱਕਾ ਹੈ ਕਿ ਸਿਰਫ ਸੰਘ ਪਰਿਵਾਰ ਹੀ ਨਹੀਂ ਸਗੋਂ ਦੇਸ਼-ਵਿਦੇਸ਼ ਵਿਚ ਵੱਸਦੇ ਭਾਰਤੀ ਗੁਰੂ ਸਾਹਿਬ ਦਾ ਸੁਨੇਹਾ ਘਰ-ਘਰ ਪਹੁੰਚਾਉਣਗੇ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਵੀ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਕੌਮੀ ਕਮੇਟੀ ਬਣਾਈ ਗਈ ਹੈ ਅਤੇ ਕੌਮੀ ਤੇ ਸੂਬਾ ਪੱਧਰੀ ਕਮੇਟੀਆਂ ਬਣਾ ਕੇ ਇਸ ਸਬੰਧੀ ਸਮਾਗਮ ਕਰਾਉਣ ਦੇ ਆਦੇਸ਼ ਦਿੱਤੇ ਜਾ ਚੁੱਕੇ ਹਨ। ਚਿਤਾਵਨੀ ਦੇ ਬਾਵਜੂਦ ਰਾਸ਼ਟਰੀ ਸਿੱਖ ਸੰਗਤ ਨੇ ਮੁੜ ਆਪਣੇ ਪੱਧਰ 'ਤੇ ਗੁਰਮਤਿ ਸਮਾਗਮ ਕਰਾਉਣ ਦਾ ਐਲਾਨ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਸ਼ੀਸ਼ਾ ਦਿਖਾਇਆ ਹੈ।

# ਬਰਗਾੜੀ ਕਾਂਡ ਦੇ ਇਨਸਾਫ ਲਈ ਹੁਣ ਲੱਗਿਆ ਸਿਆਸੀ ਮੋਰਚਾ

**ਬਠਿੰਡਾ:** ਬਰਗਾੜੀ ਇਨਸਾਫ ਮੋਰਚਾ ਨੇ ਦੂਜੇ ਪੜਾਅ ਦਾ ਸਿਆਸੀ ਮੋਰਚਾ ਸ਼ੁਰੂ ਕਰ ਦਿੱਤਾ ਹੈ ਜਿਸ ਤਹਿਤ ਅਗਲੀਆਂ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਗਿਆ ਹੈ। ਬਰਗਾੜੀ ਇਨਸਾਫ ਮੋਰਚਾ ਦੇ ਪ੍ਰਬੰਧਕ ਤੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚਾ ਤਰਫੋਂ ਲੋਕ ਸਭਾ ਚੋਣਾਂ ਲਈ ਚਾਰ ਉਮੀਦਵਾਰਾਂ ਦਾ ਐਲਾਨ ਕੀਤਾ। ਉਨ੍ਹਾਂ ਆਖਿਆ, ਇਨਸਾਫ ਮੋਰਚੇ ਨੇ ਪਹਿਲੇ ਪੜਾਅ ਤਹਿਤ ਧਾਰਮਕ ਲੜਾਈ ਲੜੀ ਅਤੇ ਹੁਣ ਦੂਜੇ ਪੜਾਅ 'ਚ ਸਿਆਸੀ ਲੜਾਈ ਲੜੀ ਜਾਵੇਗੀ।



ਮੁਤਵਾਜ਼ੀ ਜਥੇਦਾਰ ਨੇ ਐਲਾਨ ਕੀਤਾ ਕਿ ਬਰਗਾੜੀ ਮੋਰਚਾ ਵੱਲੋਂ ਸਿਮਰਨਜੀਤ ਸਿੰਘ ਮਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਲੜਨਗੇ। ਇਸੇ ਤਰ੍ਹਾਂ ਭਾਈ ਗੁਰਦੀਪ ਸਿੰਘ ਲੋਕ ਸਭਾ ਹਲਕਾ ਬਠਿੰਡਾ ਤੋਂ, ਭਾਈ ਮੋਹਕਮ ਸਿੰਘ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਅਤੇ ਵਿਕਰਮਜੀਤ ਸਿੰਘ ਸੋਢੀ ਸ੍ਰੀ ਆਨੰਦਪੁਰ ਸਾਹਿਬ ਤੋਂ ਚੋਣ ਲੜਨਗੇ। ਜਥੇਦਾਰ ਮੰਡ ਨੇ ਆਖਿਆ ਕਿ ਛੇਤੀ ਹੀ ਬਾਕੀ ਸੀਟਾਂ ਤੋਂ ਵੀ ਉਮੀਦਵਾਰ ਐਲਾਨ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦੂਸਰੀਆਂ ਸਿਆਸੀ ਧਿਰਾਂ ਨਾਲ ਵੀ ਸਾਂਝੀ ਸਿਆਸੀ ਲੜਾਈ ਲੜਨ ਵਾਸਤੇ ਗੱਲਬਾਤ ਚੱਲ ਰਹੀ ਹੈ ਤੇ ਹੋਰ ਧਿਰਾਂ ਨਾਲ ਤਾਲਮੇਲ ਵਾਸਤੇ ਤਿੰਨ-ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ ਜਿਸ ਵਿਚ ਗੁਰਦੀਪ ਸਿੰਘ, ਜਸਕਰਨ ਸਿੰਘ ਅਤੇ ਸਤਨਾਮ ਸਿੰਘ ਸ਼ਾਮਲ ਹੋਣਗੇ। ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਸਾਰੀਆਂ ਸੀਟਾਂ 'ਤੇ ਕਾਂਗਰਸ ਅਤੇ ਅਕਾਲੀ ਦਲ ਖਿਲਾਫ ਇਕੋ ਉਮੀਦਵਾਰ ਖੜ੍ਹਾ ਕੀਤਾ ਜਾਵੇ।

# ਟਕਸਾਲੀ ਅਕਾਲੀਆਂ ਦੇ ਮੋਰਚੇ ਉਤੇ ਡਟੇ ਜਨਰਲ ਜੇ. ਜੇ. ਸਿੰਘ

**ਅੰਮ੍ਰਿਤਸਰ:** ਸਾਬਕਾ ਫੌਜ ਮੁਖੀ ਜਨਰਲ ਜੇਜੇ ਸਿੰਘ ਵੀ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਹੋ ਗਏ ਹਨ ਅਤੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਇਨ੍ਹਾਂ ਦੇ ਝੰਡੇ ਹੇਠ ਚੋਣ ਲੜਨਗੇ। ਪਾਰਟੀ ਪ੍ਰਧਾਨ ਅਤੇ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਗ੍ਰਹਿ 'ਚ ਇਸ ਸਬੰਧੀ ਸਮਾਗਮ ਕੀਤਾ ਗਿਆ, ਜਿਸ ਵਿਚ ਸਾਬਕਾ ਫੌਜ ਮੁਖੀ ਨੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਹੋਣ



ਦਾ ਐਲਾਨ ਕੀਤਾ ਅਤੇ ਉਨ੍ਹਾਂ ਨੂੰ ਸਿਰੋਪਾ ਦੇ ਕੇ ਪਾਰਟੀ ਵਿਚ ਸ਼ਾਮਲ ਕੀਤਾ।

ਸਾਬਕਾ ਫੌਜ ਮੁਖੀ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਸ਼ਾਮਲ ਹੋਏ ਸਨ ਪਰ ਕੁਝ ਦੇਰ ਬਾਅਦ ਹੀ ਤੋੜ ਵਿਛੋੜਾ ਹੋ ਗਿਆ ਸੀ। ਸਾਬਕਾ ਫੌਜ ਮੁਖੀ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਉਸ ਦੇ ਸਿਆਸੀ ਭਵਿੱਖ ਨੂੰ ਖਰਾਬ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਪਾਰਟੀ ਛੱਡ ਦਿੱਤੀ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਕਾਂਗਰਸ ਨਾਲ ਮਿਲੇ ਹੋਣ ਦਾ ਦੋਸ਼ ਵੀ ਲਾਇਆ। ਲੋਕ ਸਭਾ ਚੋਣ ਲੜਨ ਬਾਰੇ ਉਨ੍ਹਾਂ ਆਖਿਆ ਕਿ ਪਾਰਟੀ ਵੱਲੋਂ ਜਿਸ ਵੀ ਹਲਕੇ 'ਚੋਂ ਚੋਣ ਲੜਨ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ।

# ਬਸਪਾ ਨੇ ਹਰਿਆਣਾ ਵਿਚ ਇਨੈਲੋ ਨਾਲੋਂ ਨਾਤਾ ਤੋੜਿਆ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਹਰਿਆਣਾ ਦੀ ਮੁੱਖ ਵਿਰੋਧੀ ਪਾਰਟੀ ਇਨੈਲੋ ਨਾਲ ਕਰੀਬ 9 ਮਹੀਨੇ ਪੁਰਾਣਾ ਗਠਜੋੜ ਤੋੜ ਕੇ ਭਾਜਪਾ ਦੇ ਬਾਗੀ ਸੰਸਦ ਮੈਂਬਰ ਰਾਜਕੁਮਾਰ ਸੈਣੀ ਵੱਲੋਂ ਬਣਾਈ ਗਈ ਨਵੀਂ



ਪਾਰਟੀ ਐਲ.ਐਸ.ਪੀ. ਨਾਲ ਹੱਥ ਮਿਲਾ ਲਿਆ। ਜੀਂਦ ਜ਼ਿਮਨੀ ਚੋਣ 'ਚ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਹੇਠਲੀ ਇੰਡੀਅਨ ਨੈਸ਼ਨਲ ਲੋਕ ਦਲ (ਆਈ.ਐਨ.ਐਲ.ਡੀ.) ਦੇ ਉਮੀਦਵਾਰ ਉਮੇਦ ਸਿੰਘ ਰੇਡੂ ਦੀ ਨਮੋਸ਼ੀਜਨਕ ਹਾਰ ਮਗਰੋਂ ਬਸਪਾ ਨੇ ਇਹ ਕਦਮ ਉਠਾਇਆ ਹੈ।

ਬਸਪਾ ਹਰਿਆਣਾ ਦੇ ਇੰਚਾਰਜ ਮੇਘਰਾਜ ਨੇ ਦੱਸਿਆ ਕਿ ਪਾਰਟੀ ਸੁਪਰੀਮੋ ਮਾਇਆਵਤੀ ਦੇ ਨਿਰਦੇਸ਼ਾਂ 'ਤੇ ਬਸਪਾ ਨੇ ਇਨੈਲੋ ਨਾਲ ਗੱਠਜੋੜ ਤੋੜ ਕੇ ਲੋਕਤੰਤਰ ਸੁਰੱਕਸ਼ਾ ਪਾਰਟੀ (ਐਲ.ਐਸ.ਪੀ.) ਨਾਲ ਹੱਥ ਮਿਲਾ ਲਿਆ ਹੈ। ਉਨ੍ਹਾਂ ਕਿਹਾ ਕਿ ਬਸਪਾ ਨੇ ਜਦੋਂ ਗੱਠਜੋੜ ਕੀਤਾ ਸੀ ਤਾਂ ਇਨੈਲੋ ਇਕ ਪਾਰਟੀ ਸੀ ਪਰ ਚੌਟਾਲਾ ਪਰਿਵਾਰ 'ਚ ਫੁੱਟ ਕਾਰਨ ਉਹ ਵੰਡੇ ਗਏ ਅਤੇ ਜੀਂਦ ਜ਼ਿਮਨੀ ਚੋਣ 'ਚ ਉਨ੍ਹਾਂ ਦਾ ਪੱਤਾ ਸਾਫ ਹੋ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਰੇਡੂ ਨੂੰ ਮਿਲੇ ਕੁੱਲ 3400 ਵੋਟਾਂ 'ਚੋਂ ਇਕ ਹਜ਼ਾਰ ਵੋਟ ਹੀ ਇਨੈਲੋ ਦੇ ਸਨ ਜਦਕਿ ਬਾਕੀ ਦੇ ਵੋਟ ਬਸਪਾ ਹਮਾਇਤੀਆਂ ਨੇ ਪਾਏ ਸਨ।

ਬਸਪਾ ਆਗੂ ਨੇ ਕਿਹਾ ਕਿ ਇਨੈਲੋ ਨਾਲ ਗੱਠਜੋੜ ਜਾਰੀ ਰੱਖ ਕੇ ਭਾਜਪਾ ਨੂੰ ਸੱਤਾ ਤੋਂ ਹਟਾਉਣਾ ਮੁਸ਼ਕਲ ਸੀ। ਉਨ੍ਹਾਂ ਮੁਤਾਬਕ ਬਸਪਾ ਅੱਠ ਅਤੇ ਐਲ.ਐਸ.ਪੀ. 2 ਲੋਕ ਸਭਾ ਸੀਟਾਂ 'ਤੇ ਚੋਣਾਂ ਲੜਨਗੇ। ਸ੍ਰੀ ਮੇਘਰਾਜ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ 35 ਅਤੇ ਐਲ.ਐਸ.ਪੀ. 55 ਸੀਟਾਂ 'ਤੇ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇਗੀ।

# ਕਰਜ਼ ਮੁਆਫੀ: ਕਾਂਗਰਸ ਦੇ ਚੋਣ ਵਾਅਦੇ ਨੂੰ ਅਕਾਲੀਆਂ ਨੇ ਸਿਰੇ ਚੜ੍ਹਾਇਆ

**ਕੋਟਲੀ ਸੂਰਤ ਮੱਲੀ:** ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਸੂਰਤ ਮੱਲੀ ਦੇ ਕਿਸਾਨ ਬੁੱਧ ਸਿੰਘ ਨਾਲ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰਜ਼ਾ ਮੁਆਫੀ ਦਾ ਕੀਤਾ ਵਾਅਦਾ ਪੂਰਾ ਨਾ ਹੋਣ 'ਤੇ ਲਗਭਗ ਦੋ ਸਾਲ ਮਗਰੋਂ ਸ਼੍ਰੋਮਣੀ ਯੂਥ ਅਕਾਲੀ ਦਲ ਨੇ ਇਸ ਕਿਸਾਨ ਨੂੰ 3 ਲੱਖ 86 ਹਜ਼ਾਰ ਰੁਪਏ ਦੇ ਦੋ ਚੈੱਕ ਭੇਟ ਕਰਕੇ ਇਸ ਨੂੰ ਕਰਜ਼ਾ ਮੁਕਤ ਹੋਣ ਵਿਚ ਮਦਦ ਮੁਹੱਈਆ ਕਰਵਾਈ।

ਕੈਪਟਨ ਅਮਰਿੰਦਰ ਸਿੰਘ 16 ਅਕਤੂਬਰ 2016 ਨੂੰ ਇਸ ਕਿਸਾਨ ਦੇ ਘਰ ਗਏ ਸਨ ਅਤੇ 'ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ' ਤਹਿਤ ਫਾਰਮ ਭਰਵਾਏ ਸਨ ਅਤੇ ਇਸ ਦੀ ਇਕ ਰਸੀਦ ਕਿਸਾਨ ਬੁੱਧ ਸਿੰਘ ਨੂੰ ਵੀ ਦਿੱਤੀ ਸੀ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਲੋਂ ਸੂਬੇ ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਇਸ ਯੋਜਨਾ ਦੀ ਸ਼ੁਰੂਆਤ ਬੁੱਧ ਸਿੰਘ ਤੋਂ ਕੀਤੀ ਸੀ। ਉਸ ਨੂੰ ਭਰੋਸਾ ਦਿੱਤਾ ਸੀ ਕਿ ਸਰਕਾਰ ਆਉਣ ਮਗਰੋਂ ਸਭ ਤੋਂ ਪਹਿਲਾਂ ਉਸ ਦਾ ਕਰਜ਼ਾ ਖਤਮ ਹੋਵੇਗਾ ਤੇ ਭਵਿੱਖ ਵਿਚ ਉਸ ਨੂੰ ਕਰਜ਼ੇ ਦੀ ਕਿਸ਼ਤ ਦੇਣ ਦੀ ਲੋੜ ਨਹੀਂ ਹੋਵੇਗੀ। ਮਗਰੋਂ ਇਸ ਦੀਆਂ ਫੋਟੋਆਂ ਵੀ ਕਰਜ਼ਾ ਮੁਆਫੀ ਫਾਰਮਾਂ 'ਤੇ ਲਾਈਆਂ ਗਈਆਂ ਸਨ। ਸਰਕਾਰ ਬਣਨ ਮਗਰੋਂ ਦੋ ਸਾਲ ਬੀਤ ਗਏ ਹਨ। ਪਰ ਉਸ ਦਾ ਕਰਜ਼ਾ ਮਆਫ ਨਹੀਂ ਹੋਇਆ। ਭਰੋਸੇ ਵਿਚ ਆਏ ਕਿਸਾਨ ਨੇ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ, ਜਿਸ ਕਾਰਨ ਕਰਜ਼ੇ ਦੇ ਵਿਆਜ ਕਾਰਨ ਇਹ ਰਕਮ ਹੋਰ ਵੱਧ ਗਈ ਹੈ ਅਤੇ ਕਿਸਾਨ ਨੂੰ ਆਪਣਾ ਟਰੈਕਟਰ ਵੇਚ ਕੇ ਕਰਜ਼ੇ ਦੀ ਕਿਸ਼ਤ ਦੇਣੀ ਪਈ ਹੈ।

ਇਸ ਸਬੰਧ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਬੁੱਧ ਸਿੰਘ ਦੇ ਘਰ ਪੁੱਜੇ ਅਤੇ ਯੂਥ ਅਕਾਲੀ ਦਲ ਵੱਲੋਂ ਆਪਣੀ ਪੱਧਰ 'ਤੇ ਇਕੱਠੀ ਕੀਤੀ 3 ਲੱਖ 86 ਹਜ਼ਾਰ ਰੁਪਏ ਦੀ ਰਕਮ ਦੇ ਦੋ ਚੈੱਕ ਉਸ ਨੂੰ ਭੇਟ ਕੀਤੇ ਹਨ ਤਾਂ ਜੋ ਇਹ ਕਿਸਾਨ ਆਪਣੇ ਬਾਕੀ ਰਹਿੰਦੇ ਕਰਜ਼ੇ ਦੀ ਰਕਮ ਦਾ ਬੈਂਕ ਵਿਚ ਭੁਗਤਾਨ ਕਰ ਸਕੇ ਅਤੇ ਕਰਜ਼ਾ ਮੁਕਤ ਹੋ ਸਕੇ।

ਇਸ ਮੌਕੇ ਸ੍ਰੀ ਮਜੀਠੀਆ ਨੇ ਆਖਿਆ



ਕਿ ਕਾਂਗਰਸ ਸਰਕਾਰ ਨਾ ਸਿਰਫ ਇਸ ਕਿਸਾਨ, ਸਗੋਂ ਹੋਰ ਕਿਸਾਨਾਂ ਨਾਲ ਵੀ ਮੁਕੰਮਲ ਕਰਜ਼ਾ ਮੁਆਫੀ ਦੇ ਵਾਅਦੇ ਤੋਂ ਭੱਜ ਗਈ ਹੈ। ਜਿਸ ਦਾ ਸਿੱਟਾ ਹੈ ਕਿ ਸੂਬੇ ਵਿਚ ਕਿਸਾਨਾਂ ਵਲੋਂ ਨਿਰੰਤਰ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਯੂਥ ਅਕਾਲੀ ਦਲ ਅਜਿਹੇ ਕਿਸਾਨਾਂ ਦੀ ਮਦਦ ਲਈ ਫੰਡ ਇਕੱਠਾ ਕਰ ਕੇ ਹੋਰ ਕਿਸਾਨਾਂ ਦੀ ਮਦਦ ਕਰੇਗਾ। ਇਸ ਦੌਰਾਨ ਬੁੱਧ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੀ ਚਾਰ ਏਕੜ ਜ਼ਮੀਨ ਦੇ ਬਦਲੇ ਸਾਢੇ ਤਿੰਨ ਲੱਖ ਰੁਪਏ ਦਾ ਕਰਜ਼ਾ ਲਿਆ ਸੀ, ਜੋ ਕਿ ਵਿਆਜ ਕਾਰਨ ਵਧ ਕੇ ਸਾਢੇ ਚਾਰ ਲੱਖ ਤਕ ਪੁੱਜ ਗਿਆ ਸੀ। ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਕੀਤੇ ਵਾਅਦੇ ਮੁਤਾਬਕ ਉਸ ਨੇ ਬੈਂਕ ਨੂੰ ਕਰਜ਼ੇ ਦੀਆਂ ਕਿਸ਼ਤਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ। ਹੁਣ ਉਸ ਨੇ ਆਪਣਾ ਟਰੈਕਟਰ 80 ਹਜ਼ਾਰ ਰੁਪਏ ਵਿਚ ਵੇਚ ਕੇ ਬੈਂਕ ਵੱਲੋਂ ਕੀਤੀ ਜਾਣ ਵਾਲੀ ਕੁਰਕੀ ਤੋਂ ਬਚਣ ਦਾ ਯਤਨ ਕੀਤਾ ਹੈ।

## ਕਿਸਾਨ ਨੂੰ ਦਿੱਤੀ ਰਕਮ ਦੇ ਸਰੋਤ ਦੱਸੇ ਮਜੀਠੀਆ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਯੂਥ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਿਹਾ ਕਿ ਉਹ ਕਿਸਾਨ ਬੁੱਧ ਰਾਮ ਨੂੰ ਦਿੱਤੀ ਰਕਮ ਦੇ ਕਾਨੂੰਨੀ ਸਰੋਤ ਦੱਸਣ ਜਾਂ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਜਾਂਚ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਈਡੀ ਜਾਂਚ ਦੀ ਮੰਗ ਕੀਤੀ ਕੀਤੀ ਹੈ। ਉਨ੍ਹਾਂ ਸਾਬਕਾ ਮੰਤਰੀ 'ਤੇ ਸਵਾਲ ਉਠਾਇਆ ਕਿ ਮਜੀਠੀਆ ਨੇ ਕਿਸਾਨ ਨੂੰ 3.86 ਲੱਖ ਰੁਪਏ ਕਿਉਂ ਦਿੱਤੇ ਜਦਕਿ ਉਸ ਦਾ ਕਰਜ਼ਾ 1.76 ਲੱਖ ਰੁਪਏ ਬਣਦਾ ਹੈ।

## ਤਕਨੀਕੀ ਕਾਰਨਾਂ ਕਰ ਕੇ ਕਰਜ਼ਾ ਮੁਆਫ ਨਹੀਂ ਹੋ ਸਕਦਾ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕੀਤਾ ਕਿ ਕੁਝ ਤਕਨੀਕੀ ਅੜਿੱਕਿਆਂ ਕਾਰਨ ਉਸ ਦਾ ਕਰਜ਼ਾ ਮੁਆਫ ਨਹੀਂ ਹੋ ਸਕਦਾ। ਉਸ ਦਾ ਨਾਂ ਸਰਕਾਰ ਵੱਲੋਂ ਤਿਆਰ ਕੀਤੀ ਚੌਥੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ, ਜਿਸ ਵਿਚ ਸੂਬਾ ਆਧਾਰਤ ਬੈਂਕ ਜਿਵੇਂ ਪੰਜਾਬ ਗਰਾਮ ਬੈਂਕ ਆਦਿ ਤੋਂ ਕਰਜ਼ਾ ਲੈਣ ਵਾਲਿਆਂ ਦਾ ਨਾਂ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਸਿਆਸੀ ਲਾਹਾ ਲੈਣ ਲਈ ਅਤੇ ਸੁਰਖੀਆਂ ਵਿਚ ਬਣੇ ਰਹਿਣ ਲਈ ਇਹ ਸਭ ਕੁਝ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਕਿਸਾਨ ਹਿੱਤਾਂ ਲਈ ਸੁਹਿਰਦ ਸਨ ਤਾਂ ਉਨ੍ਹਾਂ ਆਪਣੇ ਦਸ ਸਾਲ ਦੇ ਸਰਕਾਰ ਦੇ ਕਾਰਜਕਾਲ ਦੌਰਾਨ ਕਿਸਾਨਾਂ ਦੇ ਕਰਜ਼ੇ ਮੁਆਫ ਕਿਉਂ ਨਹੀਂ ਕੀਤੇ।

# ਭਾਜਪਾ ਨਾਲ ਸਾਂਝ ਬਾਰੇ ਬਾਦਲ ਤੇ ਅਕਾਲੀ ਆਗੂਆਂ ਦੀ ਸੁਰ ਵੱਖੋ-ਵੱਖਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਸਿਆਸੀ ਸਬੰਧਾਂ ਦੇ ਮਾਮਲੇ 'ਤੇ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਬਾਦਲ ਪਰਿਵਾਰ ਵੱਲੋਂ ਵੱਖੋ-ਵੱਖਰੀ ਪਹੁੰਚ ਅਪਣਾਈ ਜਾ ਰਹੀ ਹੈ। ਪਾਰਟੀ ਵਿਚਲੇ ਸੂਤਰਾਂ ਦਾ ਦੱਸਣਾ ਹੈ ਕਿ ਚੰਡੀਗੜ੍ਹ ਵਿਚ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਦੀ



ਗ਼ੈਰ ਮੌਜੂਦਗੀ ਵਿਚ ਪਾਰਟੀ ਦੀ ਦੂਜੀ ਕਤਾਰ ਦੀ ਲੀਡਰਸ਼ਿਪ ਵੱਲੋਂ ਇਕੋ ਸੁਰ ਵਿਚ ਚਰਚਾ ਕੀਤੀ ਗਈ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਸਿਆਸੀ ਭਾਈਵਾਲ ਹੋਣ ਦੇ ਬਾਵਜੂਦ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਅਕਾਲੀ ਦਲ ਦੇ ਆਗੂਆਂ ਦਾ ਮੰਨਣਾ ਹੈ ਕਿ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਗਰੁੱਪ ਨੂੰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਹੀ ਅੰਦਰਖਾਤੇ ਹਮਾਇਤ ਦਿੱਤੀ ਜਾ ਰਹੀ ਹੈ। ਇਸ ਦੇ ਉਲਟ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿਚ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਹੀ ਸੋਹਲੇ ਗਾਏ। ਉਨ੍ਹਾਂ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਵਿਵਾਦ ਨੂੰ ਹੱਲ ਕਰਨ ਦਾ ਦਾਅਵਾ ਕਰਦਿਆਂ ਮੀਟਿੰਗ ਦੌਰਾਨ ਆਪਣੀ ਪਾਰਟੀ ਦੇ ਆਗੂਆਂ ਨੂੰ ਕਿਹਾ ਕਿ ਭਾਜਪਾ ਲੀਡਰਸ਼ਿਪ ਨੇ ਰੁਖ ਬਦਲ ਲਿਆ ਹੈ ਤੇ ਹੁਣ ਸਭ ਠੀਕ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸੰਸਦੀ ਚੋਣਾਂ ਦੀ ਤਿਆਰੀ ਲਈ ਸਰਗਰਮੀਆਂ ਸ਼ੁਰੂ ਕੀਤੀਆਂ ਜਾਣ। ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਮੀਟਿੰਗ ਵਿਚ ਸਿਆਸੀ ਗੱਠਜੋੜ ਸਬੰਧੀ ਹੋਈ ਚਰਚਾ ਦੀ ਪੁਸ਼ਟੀ ਕੀਤੀ ਹੈ।

ਪਾਰਟੀ ਸੂਤਰਾਂ ਮੁਤਾਬਕ ਇਸ ਗੱਲ 'ਤੇ ਵੀ ਚਰਚਾ ਹੋਈ ਕਿ ਭਾਜਪਾ ਨਾਲ ਸਬੰਧ ਤੋੜ ਕੇ ਵੀ ਅਕਾਲੀ ਦਲ ਨੂੰ ਕੋਈ ਜ਼ਿਆਦਾ ਨੁਕਸਾਨ ਨਹੀਂ ਹੋਵੇਗਾ। ਅਕਾਲੀ ਆਗੂਆਂ ਨੇ ਕਿਹਾ ਕਿ ਆਰ.ਐੱਸ.ਐੱਸ. ਵੱਲੋਂ ਅੰਦਰਖਾਤੇ ਕਈ ਅਜਿਹੀਆਂ ਗਤੀਵਿਧੀਆਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ ਜਿਸ ਦਾ ਅਕਾਲੀ ਦਲ ਅਤੇ ਸਿੱਖ ਭਾਈਚਾਰੇ ਨੂੰ ਨੁਕਸਾਨ ਹੋ ਸਕਦਾ ਹੈ। ਅਕਾਲੀ ਦਲ ਦੇ ਦੂਜੀ ਕਤਾਰ ਦੇ ਆਗੂਆਂ ਨੇ ਇਸ ਗੱਲ 'ਤੇ ਵੀ ਮੰਥਨ ਕੀਤਾ ਕਿ ਜੇਕਰ ਟਕਸਾਲੀਆਂ ਦਾ ਦਲ ਪ੍ਰਭਾਵੀ ਹੋ ਗਿਆ ਤਾਂ ਭਾਜਪਾ, ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਨਵੇਂ ਦਲ ਨਾਲ ਵੀ ਸਿਆਸੀ ਸਾਂਝ ਪਾ ਸਕਦੀ ਹੈ। ਇਸ ਲਈ ਅਕਾਲੀ ਦਲ ਨੂੰ ਵੀ ਬਦਲਵੇਂ ਸਿਆਸੀ ਗਠਜੋੜ ਬਾਰੇ ਚਰਚਾ ਜਾਰੀ ਰੱਖਣੀ ਚਾਹੀਦੀ ਹੈ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਅਕਾਲੀ ਲੀਡਰਸ਼ਿਪ ਵੱਲੋਂ ਪ੍ਰਗਟਾਏ ਤੌਖਲਿਆਂ ਦੇ ਉਲਟ ਹੀ ਪ੍ਰਭਾਵ ਦਿੱਤਾ ਤੇ ਬਾਅਦ ਵਿਚ ਗਠਜੋੜ ਬਾਰੇ ਕੋਈ ਚਰਚਾ ਨਹੀਂ ਹੋਈ।

ਸੁਖਬੀਰ ਸਿੰਘ ਬਾਦਲ ਨੇ ਸਿਆਸੀ ਭਾਈਵਾਲਾਂ ਨਾਲ ਸਬੰਧ ਸੁਖਾਵੇਂ ਹੋਣ 'ਤੇ ਹੀ ਜ਼ੋਰ ਦਿੱਤਾ। ਬਾਦਲ ਪਰਿਵਾਰ ਦੇ ਨੇੜਲਿਆਂ ਦਾ ਕਹਿਣਾ ਹੈ ਕਿ ਕੌਮੀ ਪੱਧਰ 'ਤੇ ਸਥਾਪਤ ਅਤੇ ਵੱਡੀ ਪਾਰਟੀ ਨਾਲ ਸਿਆਸੀ ਸਾਂਝ ਕਾਇਮ ਰੱਖਣੀ ਜ਼ਰੂਰੀ ਹੈ ਤੇ ਇਸ ਨਾਲ ਫਿਰਕੂ ਸਾਂਝ ਦਾ ਸੁਨੇਹਾ ਵੀ ਜਾਂਦਾ ਹੈ। ਮੀਟਿੰਗ ਦੌਰਾਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦਾ ਆਧਾਰ ਮਜ਼ਬੂਤ ਕਾਇਮ ਕਰਨ ਲਈ ਰਣਨੀਤੀ 'ਤੇ ਵਿਚਾਰ ਕੀਤਾ ਗਿਆ। ਪਾਰਟੀ ਆਗੂਆਂ ਨੇ ਵੱਡੀਆਂ ਰੈਲੀਆਂ ਕਰਨ ਦਾ ਸੁਝਾਅ ਵੀ ਦਿੱਤਾ ਤੇ ਕਈ ਆਗੂਆਂ ਨੇ ਹਲਕਾਵਾਰ ਮੀਟਿੰਗਾਂ ਦੇ ਹੱਕ ਵਿਚ ਹਾਮੀ ਭਰੀ।

## ਅਕਾਲੀ ਦਲ ਨੂੰ ਅਣਗੌਲੇ ਆਗੂਆਂ ਦੀ ਆਈ ਯਾਦ

**ਜਲੰਧਰ:** ਪਿਛਲੇ ਕਈ ਸਾਲ ਤੋਂ ਅਣਗੌਲੇ, ਹਾਸ਼ੀਏ 'ਤੇ ਫਿਰ ਰਹੇ ਜਾਂ ਨਾਰਾਜ਼ ਚਲੇ ਆ ਰਹੇ ਅਕਾਲੀ ਨੇਤਾਵਾਂ ਦੇ ਅਕਾਲੀ ਦਲ ਟਕਸਾਲੀ ਵੱਲ ਚਲੇ ਜਾਣ ਦੇ ਖਦਸ਼ੇ ਨੂੰ ਦੂਰ ਕਰਨ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਅਹੁਦਿਆਂ ਦੇ ਗੱਫੇ ਵਰਤਾਉਣੇ ਸ਼ੁਰੂ ਕਰ ਦਿੱਤੇ ਹਨ। ਪਾਰਟੀ ਦੀ ਕਿਸੇ ਸਮੇਂ ਸਭ ਤੋਂ ਉੱਚ ਤਾਕਤੀ ਸਮਝੀ ਜਾਂਦੀ ਰਹੀ 'ਰਾਜਸੀ ਮਾਮਲਿਆਂ ਬਾਰੇ ਕਮੇਟੀ' ਵਿਚ ਪਿਛਲੇ ਦਿਨੀਂ 40 ਮੈਂਬਰ ਸ਼ਾਮਲ ਕੀਤੇ ਗਏ ਹਨ ਤੇ ਫਿਰ ਉਸ ਤੋਂ ਅਗਲੇ ਦਿਨ ਪੰਜਾਬ ਤੋਂ 58 ਆਗੂਆਂ ਨੂੰ ਪਾਰਟੀ ਦਾ ਮੀਤ ਪ੍ਰਧਾਨ ਥਾਪ ਦਿੱਤਾ ਹੈ।

ਪਤਾ ਲੱਗਾ ਹੈ ਕਿ ਅਜੇ ਹੋਰ ਵੀ ਅਹੁਦੇਦਾਰਾਂ ਦੀਆਂ ਸੂਚੀਆਂ ਜਾਰੀ ਹੋਈਆਂ ਹਨ। ਪਾਰਟੀ ਅੰਦਰਲੇ ਅਣਗੌਲੇ ਕੀਤੇ ਜਾਂ ਨਾਰਾਜ਼ ਚਲੇ ਆ ਰਹੇ ਆਗੂਆਂ ਦੇ ਅਕਾਲੀ ਦਲ ਟਕਸਾਲੀ ਵੱਲ ਚਲੇ ਜਾਣ ਦੀਆਂ ਗੱਲਾਂ ਉਡਦੀਆਂ ਰਹੀਆਂ ਹਨ ਤੇ ਬਾਦਲ ਦਲ ਦੇ ਆਗੂਆਂ ਨੂੰ ਅੰਦਰੋ ਅੰਦਰ ਇਹ ਪਾਲਾ ਵੀ ਮਾਰਦਾ ਆ ਰਿਹਾ ਸੀ ਕਿ ਅਜਿਹੇ ਆਗੂ ਕਿਤੇ ਲੋਕ ਸਭਾ ਚੋਣ ਸਮੇਂ ਟਕਸਾਲੀਆਂ ਵੱਲ ਨਾ ਸਰਕ ਜਾਣ। ਪਾਰਟੀ ਅੰਦਰਲੇ ਆਗੂਆਂ ਅਨੁਸਾਰ ਉਨ੍ਹਾਂ ਨੂੰ ਪਾਰਟੀ ਅੰਦਰ ਟਕਸਾਲੀਆਂ ਤੇ ਨਵੀਂ ਉੱਭਰੀ ਲੀਡਰਸ਼ਿਪ ਵਿਚਕਾਰ ਪਾੜੇ ਦੀਆਂ ਗੱਲਾਂ ਵੀ ਚੁਭਦੀਆਂ ਸਨ। ਆਮ ਲੋਕਾਂ ਖਾਸ ਕਰ ਸਿੱਖਾਂ ਅੰਦਰ ਅਜਿਹਾ ਪ੍ਰਭਾਵ ਬਣ ਰਿਹਾ ਸੀ ਜਿਵੇਂ ਬਾਦਲ ਅਕਾਲੀ ਦਲ ਟਕਸਾਲੀ ਹੀ ਨਾ ਰਿਹਾ ਹੋਵੇ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਨੂੰ ਨਵਾਂ ਹੁਲਾਰਾ ਦੇਣ ਤੇ ਸਾਰੇ ਆਗੂਆਂ ਨੂੰ ਪਤਿਆਉਣ ਲਈ ਵੱਧ ਤੋਂ ਵੱਧ ਅਹੁਦੇ ਦੇਣ ਦੀ ਲੋੜ ਸਮਝੀ ਗਈ ਹੈ।

ਪੀ.ਏ.ਸੀ. ਤੇ ਮੀਤ ਪ੍ਰਧਾਨਾਂ ਦੀ ਸੂਚੀ 'ਚ ਬਹੁਤ ਸਾਰੇ ਪੁਰਾਣੇ ਤੇ ਟਕਸਾਲੀ ਦਿਖ ਵਾਲੇ ਆਗੂਆਂ ਨੂੰ ਥਾਂ ਦਿੱਤੀ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ, ਪਟਿਆਲਾ, ਬਠਿੰਡਾ ਤੇ ਜਲੰਧਰ ਜ਼ਿਲ੍ਹਿਆਂ 'ਚ ਪਾਰਟੀ ਆਗੂਆਂ ਨਾਲ ਮੀਟਿੰਗਾਂ ਕਰਕੇ ਵੀ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਉਹ ਸਭਨਾਂ ਨੂੰ ਬਰਾਬਰ ਸਤਿਕਾਰ ਤੇ ਪਾਰਟੀ 'ਚ ਜ਼ਿੰਮੇਵਾਰੀ ਦੇ ਰਹੇ ਹਨ। ਪਤਾ ਲੱਗਾ ਹੈ ਕਿ ਪਾਰਟੀ 'ਚ ਨਵੀਆਂ ਅਹੁਦੇਦਾਰੀਆਂ ਵਿਚ ਰਵਾਇਤੀ ਦਿੱਖ ਵਾਲੇ ਆਗੂਆਂ ਨੂੰ ਅਹਿਮੀਅਤ ਦੇਣ ਦਾ ਫੈਸਲਾ ਕੀਤਾ ਹੈ ਤੇ ਨਾਲ ਸਿੱਖ ਲਹਿਜ਼ੇ ਤੇ ਸਿੱਖ ਮੰਗਾਂ ਨੂੰ ਉਭਾਰਨ ਵਾਲੇ ਪਾਸੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਹੈ।

# ਕਾਂਗਰਸ ਵੱਲੋਂ ਚੋਣ ਲੜਨ ਲਈ ਦਾਅਵੇਦਾਰੀਆਂ ਨੇ ਭਖਾਇਆ ਸਿਆਸੀ ਪਿੜ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂਆਂ ਨੇ ਵੱਖ-ਵੱਖ ਲੋਕ ਸਭਾ ਹਲਕਿਆਂ ਲਈ ਦਾਅਵੇਦਾਰੀਆਂ ਲਈ ਅਰਜ਼ੀਆਂ ਦੇ ਕੇ ਚੋਣ ਮੈਦਾਨ ਰੌਚਕ ਬਣਾ ਦਿੱਤਾ ਹੈ। ਆਗਾਮੀ ਲੋਕ ਸਭਾ ਚੋਣਾਂ ਵਾਸਤੇ ਕਾਂਗਰਸ ਪਾਰਟੀ ਦੀਆਂ ਟਿਕਟਾਂ 'ਤੇ ਇਕ ਕੈਬਨਿਟ ਮੰਤਰੀ ਤੇ ਸੱਤ ਵਿਧਾਇਕ ਚੋਣ ਮੈਦਾਨ 'ਚ ਕੁੱਦਣਾ ਚਾਹੁੰਦੇ ਹਨ। ਇਨ੍ਹਾਂ ਸਮੇਤ ਸਵਾ ਸੌ ਆਗੂਆਂ ਨੇ ਟਿਕਟਾਂ ਲਈ ਅਰਜ਼ੀਆਂ ਦਿੱਤੀਆਂ ਹਨ। ਅਰਜ਼ੀਆਂ ਦੇਣ ਵਾਲਿਆਂ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਭਰਾ ਸੁਰਜੀਤ ਸਿੰਘ ਕੋਹਲੀ ਵੀ ਸ਼ਾਮਲ ਹਨ ਤੇ ਉਨ੍ਹਾਂ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਅਰਜ਼ੀ ਦਿੱਤੀ ਹੈ। ਇਸੇ ਹਲਕੇ ਤੋਂ ਵਿਧਾਇਕ ਹਰਪ੍ਰਤਾਪ ਅਜਨਾਲਾ ਵੀ ਚੋਣ ਮੈਦਾਨ 'ਚ ਕੁੱਦਣਾ ਚਾਹੁੰਦੇ ਹਨ।

ਕਾਂਗਰਸ ਪਾਰਟੀ ਦੇ ਚਾਰ ਮੌਜੂਦਾ ਲੋਕ ਸਭਾ ਮੈਂਬਰਾਂ ਸੁਨੀਲ ਜਾਖੜ, ਗੁਰਜੀਤ ਔਜਲਾ, ਰਵਨੀਤ ਸਿੰਘ ਬਿੱਟੂ, ਚੌਧਰੀ ਸੰਤੋਖ ਸਿੰਘ ਤੇ ਪਟਿਆਲਾ ਤੋਂ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਨੇ ਪਟਿਆਲਾ ਲੋਕ ਸਭਾ ਹਲਕੇ ਤੋਂ ਟਿਕਟ ਲਈ ਅਰਜ਼ੀ ਦਿੱਤੀ ਹੈ। ਇਸ ਹਲਕੇ ਤੋਂ ਸੀਨੀਅਰ ਵਿਧਾਇਕ ਰਣਦੀਪ ਸਿੰਘ ਨਾਭਾ ਵੀ ਅਰਜ਼ੀ ਦੇ ਕੇ ਚੋਣ ਲੜਨ ਦੇ ਚਾਹਵਾਨਾਂ ਦੀ ਦੌੜ ਵਿਚ ਸ਼ਾਮਲ ਹੋ ਗਏ ਹਨ। ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਟਿਕਟ ਵਾਸਤੇ ਅਰਜ਼ੀ ਦਿੱਤੀ ਹੈ। ਪਹਿਲਾਂ ਉਹ ਆਪਣੇ ਲੜਕੇ ਅਨੁਮੀਤ ਸਿੰਘ ਸੋਢੀ ਲਈ ਟਿਕਟ ਲੈਣਾ ਚਾਹੁੰਦੇ ਸਨ, ਪਰ ਹੁਣ ਉਹ ਖ਼ੁਦ ਚੋਣ ਮੈਦਾਨ ਵਿਚ ਕੁੱਦਣ ਲਈ ਤਿਆਰ ਹਨ। ਇਸ ਦੇ ਨਾਲ ਸੱਤ ਵਿਧਾਇਕ ਵੀ ਲੋਕ ਸਭਾ ਵਿਚ ਜਾਣਾ ਚਾਹੁੰਦੇ ਹਨ। ਉਂਜ ਇਹ ਅਜੇ ਸਪਸ਼ਟ ਨਹੀਂ ਕਾਂਗਰਸ ਪਾਰਟੀ ਕਿਸ ਨੂੰ ਟਿਕਟ ਦੇਵੇਗੀ, ਕਿਉਂਕਿ ਵਿਧਾਇਕਾਂ ਦੇ ਜਿੱਤ ਜਾਣ ਨਾਲ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਕਰਵਾਉਣੀ ਪਵੇਗੀ।

ਸੀਨੀਅਰ ਕਾਂਗਰਸੀ ਵਿਧਾਇਕ ਰਾਕੇਸ਼ ਪਾਂਡੇ ਨੇ ਲੁਧਿਆਣਾ ਤੋਂ ਅਰਜ਼ੀ ਦਿੱਤੀ ਹੈ, ਜਦੋਂ ਇਸ ਲੋਕ ਸਭਾ ਹਲਕੇ ਤੋਂ ਰਵਨੀਤ ਸਿੰਘ ਬਿੱਟੂ ਮੌਜੂਦਾ ਲੋਕ ਸਭਾ ਮੈਂਬਰ ਹਨ। ਕਾਂਗਰਸੀ ਵਿਧਾਇਕ ਪਵਨ ਆਡੀਆ, ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਨੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਅਰਜ਼ੀਆਂ ਦਿੱਤੀਆਂ ਹਨ। ਸੀਨੀਅਰ ਕਾਂਗਰਸ ਆਗੂ ਕੇਵਲ ਢਿੱਲੋਂ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਅਰਜ਼ੀ ਦਿੱਤੀ ਹੈ ਤੇ ਇਸ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ




ਵੀ ਦਾਅਵੇਦਾਰ ਹਨ, ਪਰ ਉਨ੍ਹਾਂ ਨੇ ਅਜੇ ਤੱਕ ਅਰਜ਼ੀ ਨਹੀਂ ਦਿੱਤੀ। ਇਸ ਹਲਕੇ ਤੋਂ ਕਾਂਗਰਸ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੇ ਲੜਕੇ ਜਸਵਿੰਦਰ ਸਿੰਘ ਧੀਮਾਨ ਨੇ ਅਰਜ਼ੀ ਦੇ ਕੇ ਆਪਣਾ ਦਾਅਵਾ ਪੇਸ਼ ਕੀਤਾ ਹੈ। ਕਾਂਗਰਸ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਨੇ ਵੀ ਅਰਜ਼ੀ ਦਿੱਤੀ ਹੈ। ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਗੁਰਚੇਤ ਸਿੰਘ ਭੁੱਲਰ, ਉਨ੍ਹਾਂ ਦੇ ਲੜਕੇ ਅਨੂਪ ਸਿੰਘ ਭੁੱਲਰ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਲਈ ਅਰਜ਼ੀਆਂ ਦਿੱਤੀਆਂ ਹਨ। ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਲੜਕੇ ਗੁਰਜੀਤ ਧਰਮਸੋਤ ਨੇ ਫਤਿਹਗੜ੍ਹ ਸਾਹਿਬ ਹਲਕੇ ਤੋਂ ਅਰਜ਼ੀ ਦੇ ਚੋਣ ਲੜਨ ਦਾ ਦਾਅਵਾ ਪੇਸ਼ ਕੀਤਾ ਹੈ।

ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਸਰਵਨ ਸਿੰਘ ਫਿਲੌਰ ਨੇ ਦੋ ਰਾਖਵੇਂ ਹਲਕਿਆਂ ਜਲੰਧਰ ਤੇ ਹੁਸ਼ਿਆਰਪੁਰ ਤੋਂ ਅਰਜ਼ੀਆਂ ਦਿੱਤੀਆਂ ਹਨ, ਪਰ ਫਤਿਹਗੜ੍ਹ ਸਾਹਿਬ ਰਾਖਵੇਂ ਲੋਕ ਸਭਾ ਹਲਕੇ ਤੋਂ ਸਾਬਕਾ ਕਾਂਗਰਸ ਵਿਧਾਇਕ ਸਤਵੰਤ ਸਿੰਘ ਮੋਹੀ ਅਤੇ ਉਨ੍ਹਾਂ ਦੇ ਲੜਕੇ ਚੰਦਵੇਸ਼ਵਰ ਮੋਹੀ ਨੇ ਅਰਜ਼ੀਆਂ ਦੇ ਕੇ ਦਾਅਵਾ ਪੇਸ਼ ਕੀਤਾ ਹੈ। ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਨਵਾਂ ਸ਼ਹਿਰ ਦੇ ਸਾਬਕਾ ਕਾਂਗਰਸ ਪ੍ਰਧਾਨ ਸਤਵੀਰ ਸਿੰਘ ਪਾਲੀਝਿਕੀ, ਕਾਂਗਰਸ ਦੇ ਸੀਨੀਅਰ ਆਗੂ ਰਾਜਪਾਲ ਸਿੰਘ ਅਤੇ ਸਮਾਜ ਸੇਵੀ ਚੌਧਰੀ ਆਰ.ਪੀ ਸਿੰਘ ਨੇ ਅਰਜ਼ੀਆਂ ਦੇ ਆਪਣਾ ਦਾਅਵਾ ਪੇਸ਼ ਕੀਤਾ ਹੈ, ਇਸ ਦੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਹੈ ਕਿ ਸੂਬੇ ਦੇ ਕਿਸੇ ਹਲਕੇ ਤੋਂ ਪਛੜੀਆਂ ਜਾਤਾਂ ਨੂੰ ਟਿਕਟ ਮਿਲਣੀ ਚਾਹੀਦੀ ਹੈ।

ਤਿੰਨ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਇਸ ਹਲਕੇ ਵਿਚ ਕਾਫੀ ਗਿਣਤੀ ਸੈਣੀ ਵੋਟਰਾਂ ਦੀ ਹੈ ਤੇ ਉਨ੍ਹਾਂ ਨੂੰ ਮੌਕਾ ਮਿਲਣਾ ਚਾਹੀਦਾ ਹੈ। ਇਸ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦੇ ਜਵਾਈ ਵਿਕਰਮ ਬਾਜਵਾ, ਸਮਰਾਲਾ ਤੋਂ ਕਾਂਗਰਸ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੇ ਪੋਤੇ ਕਰਨਵੀਰ ਢਿੱਲੋਂ ਨੇ ਵੀ ਅਰਜ਼ੀ ਦਿੱਤੀ ਹੈ। ਚੌਧਰੀ ਆਰ. ਪੀ. ਸਿੰਘ ਦਾ ਕਹਿਣਾ ਹੈ ਕਿ ਇਸ ਹਲਕੇ ਵਿਚ ਗੁੱਜਰਾਂ ਦੀ ਕਾਫੀ ਵੋਟ ਹੈ, ਇਸ ਲਈ ਉਨ੍ਹਾਂ ਨੂੰ ਮੌਕਾ ਮਿਲਣਾ ਚਾਹੀਦਾ ਹੈ। ਕੁਝ ਹੋਰ ਆਗੂਆਂ ਦੇ ਵੀ ਇਸ ਹਲਕੇ ਤੋਂ ਅਰਜ਼ੀਆਂ ਦੇਣ ਦੀ ਆਸ ਹੈ। ਇਸੇ ਤਰ੍ਹਾਂ ਸੰਗਰੂਰ ਹਲਕੇ ਤੋਂ ਵੀ ਕਈ ਦਾਅਵੇਦਾਰ ਹਨ ਤੇ ਸਾਬਕਾ ਵਿਧਾਇਕ ਤੇ ਸੀਨੀਅਰ ਆਗੂ ਕੇਵਲ ਸਿੰਘ ਢਿੱਲੋਂ ਨੇ ਅਰਜ਼ੀ ਦਿੱਤੀ ਹੈ। ਇਸ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੱਲੋਂ ਦਾਅਵਾ ਪੇਸ਼ ਕੀਤੇ ਜਾਣ ਦੀ ਆਸ ਹੈ। ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ ਪੀ ਅਤੇ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ ਨੇ ਜਲੰਧਰ ਤੋਂ ਅਰਜ਼ੀਆਂ ਦਿੱਤੀਆਂ ਹਨ ਤੇ ਫਿਲੌਰ ਨੇ ਹੁਸ਼ਿਆਰਪੁਰ ਤੋਂ ਵੀ ਅਰਜ਼ੀ ਦਿੱਤੀ ਹੈ। ਫਤਿਹਗੜ੍ਹ ਸਾਹਿਬ ਰਾਖਵੇਂ ਹਲਕੇ ਤੋਂ ਸਾਬਕਾ ਵਿਧਾਇਕ ਡਾ. ਸਤਵੰਤ ਸਿੰਘ ਮੋਹੀ ਨੇ ਵੀ ਅਰਜ਼ੀ ਦਿੱਤੀ ਹੈ, ਪਰ ਉਹ ਆਪਣੇ ਲੜਕੇ ਸੀ ਮੋਹੀ ਨੂੰ ਮੈਦਾਨ ਵਿਚ ਉਤਾਰਨ 'ਚ ਵੱਧ ਦਿਲਚਸਪੀ ਰੱਖਦੇ ਹੈ। ਇਸ ਹਲਕੇ ਤੋਂ ਡਾ. ਅਮਰ ਸਿੰਘ ਨੇ ਵੀ ਅਰਜ਼ੀ ਦਿੱਤੀ ਹੈ।

## ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਗੋਬਿੰਦ ਸਿੰਘ ਕਾਂਝਲਾ ਨਹੀਂ ਰਹੇ

**ਧੂਰੀ:** ਕੌਮੀ ਘੱਟ ਗਿਣਤੀਆਂ ਤੇ ਦਲਿਤ ਦਲ ਦੇ ਪ੍ਰਧਾਨ ਅਤੇ ਸਾਬਕਾ ਕੈਬਨਿਟ ਮੰਤਰੀ ਗੋਬਿੰਦ ਸਿੰਘ ਕਾਂਝਲਾ (69) ਦਾ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਸ੍ਰੀ ਕਾਂਝਲਾ ਸ਼ੂਗਰ



ਅਤੇ ਗੁਰਦਿਆਂ ਦੇ ਰੋਗ ਤੋਂ ਪੀੜਤ ਸਨ। ਸਾਹ ਲੈਣ 'ਚ ਤਕਲੀਫ ਹੋਣ 'ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਆਖਰੀ ਸਾਹ ਲਏ।

ਮਰਹੂਮ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਵਜ਼ਾਰਤਾਂ 'ਚ ਵਜ਼ੀਰ ਰਹੇ ਸ੍ਰੀ ਕਾਂਝਲਾ ਸ਼ੇਰਪੁਰ ਤੋਂ ਤਿੰਨ ਵਾਰ ਵਿਧਾਇਕ ਚੁਣੇ ਗਏ ਸਨ। ਅਕਾਲੀ ਸਿਆਸਤ ਵਿਚ ਆਪਣੀ ਬੇਬਾਕੀ ਅਤੇ 'ਪੈਨਸ਼ਨਾਂ ਵਾਲੇ ਵਜ਼ੀਰ' ਵਜੋਂ ਪ੍ਰਸਿੱਧ ਸ੍ਰੀ ਕਾਂਝਲਾ 1985 ਵਿਚ ਪਹਿਲੀ ਵਾਰ ਸ਼ੇਰਪੁਰ ਤੋਂ ਵਿਧਾਇਕ ਬਣੇ ਸਨ। ਉਨ੍ਹਾਂ ਨੂੰ ਬਰਨਾਲਾ ਵਜ਼ਾਰਤ ਵਿਚ ਸੰਸਦੀ ਸਕੱਤਰ ਬਣਾਇਆ ਗਿਆ ਸੀ। ਸਾਲ 1997 ਵਿਚ ਉਹ ਦੂਜੀ ਵਾਰ ਵਿਧਾਇਕ ਚੁਣੇ ਗਏ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚ ਪਹਿਲਾਂ ਰਾਜ ਮੰਤਰੀ ਤੇ ਫਿਰ ਕੈਬਨਿਟ ਮੰਤਰੀ ਬਣਾਏ ਗਏ। ਫਰਵਰੀ 2002 ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟ ਨਾ ਦਿੱਤੇ ਜਾਣ 'ਤੇ ਸ੍ਰੀ ਕਾਂਝਲਾ ਨੇ ਆਜ਼ਾਦ ਉਮੀਦਵਾਰ ਵਜੋਂ ਹਲਕਾ ਸ਼ੇਰਪੁਰ ਤੋਂ ਚੋਣ ਜਿੱਤੀ ਸੀ।

## ਗੁਰੂ ਗ੍ਰੰਥ ਸਾਹਿਬ ਦਾ ਬੰਗਾਲੀ ਅਨੁਵਾਦ ਰਿਲੀਜ਼

**ਕੋਲਕਾਤਾ:** ਮੁਲਕ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਬੰਗਲਾ ਭਾਸ਼ਾ ਵਿਚ ਕੀਤੇ ਅਨੁਵਾਦ ਨੂੰ ਰਿਲੀਜ਼ ਕੀਤਾ। ਪੰਜ ਸੈਂਚੀਆਂ ਵਾਲੇ ਇਸ ਅਨੁਵਾਦ ਨੂੰ ਗੋਲਪਾਰਕ ਵਿਚ ਰਾਮਕ੍ਰਿਸ਼ਨ ਮਿਸ਼ਨ ਇੰਸਟੀਚਿਊਟ ਆਫ ਕਲਚਰ ਵੱਲੋਂ ਕਰਵਾਏ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਸਮਾਗਮ ਗੁਰੂ ਨਾਨਕ ਦੇਵ ਦੇ ਅਗਾਮੀ 550ਵੇਂ ਗੁਰਪੁਰਬ ਨੂੰ ਸਮਰਪਿਤ ਸੀ।

ਸ੍ਰੀ ਮੁਖਰਜੀ ਨੇ ਆਪਣੇ ਸੰਬੋਧਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਬਾਰੇ ਦੱਸਿਆ। ਚਾਯੋਨ ਘੋਸ਼ ਤੇ ਝੁਮਾ ਘੋਸ਼ ਨੂੰ ਗੁਰੂ ਗ੍ਰੰਥ ਸਾਹਿਬ ਦਾ ਬੰਗਲਾ ਭਾਸ਼ਾ ਵਿਚ ਅਨੁਵਾਦ ਕਰਨ ਵਿਚ ਚਾਰ ਸਾਲਾਂ ਦਾ ਸਮਾਂ ਲੱਗਾ।

## ਰਵਨੀਤ ਬਿੱਟੂ ਨੂੰ ਵੀ 'ਪੱਕੀ ਸੀਟ' ਖੁੱਸਣ ਦਾ ਡਰ

**ਲੁਧਿਆਣਾ:** ਲੋਕ ਸਭਾ ਹਲਕਾ ਲੁਧਿਆਣਾ ਦੀ ਟਿਕਟ ਲਈ ਕਾਂਗਰਸੀ ਆਗੂਆਂ ਦੀ ਲੰਮੀ ਹੁੰਦੀ ਜਾ ਰਹੀ ਲਿਸਟ ਨੂੰ ਦੇਖ ਕੇ ਮੌਜੂਦਾ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਸਮਰਥਕ ਉਨ੍ਹਾਂ ਦੇ ਹੱਕ ਵਿਚ ਨਿੱਤਰ ਆਏ ਹਨ। ਸੋਸ਼ਲ ਮੀਡੀਆ 'ਤੇ ਬਿੱਟੂ ਸਮਰਥਕਾਂ ਨੇ 'ਲੁਧਿਆਣਾ ਦੀ ਪੁਕਾਰ, ਸਿਰਫ ਬਿੱਟੂ ਹੀ ਸਵੀਕਾਰ' ਵਾਲੇ ਪੋਸਟਰ ਪਾਏ ਹਨ। ਲੁਧਿਆਣਾ ਤੋਂ ਛੇ ਵਾਰ ਵਿਧਾਇਕ ਚੁਣੇ ਗਏ ਰਾਕੇਸ਼ ਪਾਂਡੇ, ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਦੇ ਖ਼ਾਸ ਪਵਨ ਦੀਵਾਨ ਤੇ ਗੁਰਮੇਲ ਸਿੰਘ ਪਹਿਲਵਾਨ ਨੇ ਟਿਕਟ ਲਈ ਦਾਅਵੇਦਾਰੀ ਠੋਕੀ ਹੈ। ਅਜਿਹੇ ਹਾਲਾਤ ਵਿਚ ਪਾਰਟੀ ਹਾਈਕਮਾਂਡ ਕੋਈ ਹੋਰ ਫੈਸਲਾ ਨਾ ਲੈ ਲਵੇ, ਇਸ ਕਾਰਨ ਬਿੱਟੂ ਨੇ ਵੀ ਆਪਣੇ ਸਮਰਥਕਾਂ ਰਾਹੀਂ ਆਪਣੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਹੈ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਜਮਹੂਰੀ ਗੱਠਜੋੜ ਦਾ ਸੀਟਾਂ ਦੀ ਵੰਡ ਲਈ ਪਿਆ ਪੇਚਾ

**ਚੰਡੀਗੜ੍ਹ:** ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦੇ ਪੇਚਾ ਸੀਟਾਂ ਦੀ ਵੰਡ ਨੂੰ ਲੈ ਕੇ ਫਸ ਗਿਆ ਹੈ। ਪੀ.ਡੀ.ਏ. ਦਾ ਇਨਸਾਫ ਮੋਰਚੇ ਤੇ ਆਮ ਆਦਮੀ ਪਾਰਟੀ (ਆਪ) ਨਾਲ ਚੋਣ ਸਮਝੌਤਾ ਨਾ ਹੋਣ ਕਾਰਨ ਇਕ ਵਾਰ ਮੁੜ ਪੰਜਾਬ ਵਿਚ ਸੰਪੂਰਨ ਤੀਸਰਾ ਫਰੰਟ ਬਣਨ ਦਾ ਮੌਕਾ ਖੁੰਝ ਗਿਆ ਜਾਪਦਾ ਹੈ।

ਸੂਤਰਾਂ ਅਨੁਸਾਰ ਬਹੁਜਨ ਸਮਾਜ ਪਾਰਟੀ (ਬਸਪਾ), ਬ੍ਰਹਮਪੁਰਾ ਦੇ ਅਕਾਲੀ ਦਲ ਟਕਸਾਲੀ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਖਹਿਰਾ ਦੀ ਪੰਜਾਬੀ ਏਕਤਾ ਪਾਰਟੀ ਅਤੇ ਗਾਂਧੀ ਦੇ ਪੰਜਾਬ ਮੰਚ ਦੇ ਅਧਾਰਤ ਬਣੇ ਪੀ.ਡੀ.ਏ. ਵਿਚ ਟਿਕਟਾਂ ਦੀ ਵੰਡ ਦਾ ਰੇੜਕਾ ਬਰਕਰਾਰ ਹੈ। ਤੀਸਰਾ ਸਿਆਸੀ ਫਰੰਟ ਨਾ ਹੋਣ ਕਾਰਨ ਸਿੱਧੇ ਰੂਪ ਵਿਚ ਸੂਬੇ ਦੀਆਂ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਇਸ ਦਾ ਲਾਭ ਹੋਣ ਦੇ ਆਸਾਰ ਹਨ। ਸੂਤਰਾਂ ਅਨੁਸਾਰ ਪੀ.ਡੀ.ਏ. ਦੀ ਹੋਈ ਮੀਟਿੰਗ ਵਿਚ ਡਾ. ਧਰਮਵੀਰ ਗਾਂਧੀ ਨੂੰ ਛੱਡ ਕੇ ਬਾਕੀ ਸਾਰੀ ਧਿਰਾਂ ਦੇ ਮੁੱਖ ਆਗੂ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਰਛਪਾਲ ਸਿੰਘ ਰਾਜੂ, ਸਿਮਰਜੀਤ ਸਿੰਘ ਬੈਂਸ, ਸੁਖਪਾਲ ਸਿੰਘ ਖਹਿਰਾ ਅਤੇ ਪੰਜਾਬ ਮੰਚ ਦੇ ਆਗੂ ਸ਼ਾਮਲ ਸਨ, ਜਿਸ ਵਿਚ ਸੀਟਾਂ ਦੀ ਵੰਡ ਉਪਰ ਚਰਚਾ ਹੋਣੀ ਸੀ ਪਰ ਲੋਕ ਸਭਾ ਹਲਕਾ ਆਨੰਦਪੁਰ ਦੀ ਸੀਟ ਨੂੰ ਲੈ ਕੇ ਰੇੜਕਾ ਖੜ੍ਹਾ ਹੋਣ ਕਾਰਨ ਸੀਟਾਂ ਦੀ ਵੰਡ ਨਹੀਂ ਹੋ ਸਕੀ। ਸੂਤਰਾਂ ਅਨੁਸਾਰ ਇਕ ਪਾਸੇ ਇਸ ਸੀਟ ਉਪਰ ਅਕਾਲੀ ਦਲ ਟਕਸਾਲੀ ਵੱਲੋਂ ਦਾਅਵਾ ਪੇਸ਼ ਕੀਤਾ ਜਾ ਰਿਹਾ ਹੈ ਜਦਕਿ ਦੂਸਰੇ ਪਾਸੇ ਬਸਪਾ ਇਸ ਸੀਟ ਉਪਰ ਆਪਣਾ ਹੱਕ ਪੇਸ਼ ਕਰ ਰਹੀ ਸੀ। ਮੀਟਿੰਗ ਵਿਚ ਇਨਸਾਫ ਮੋਰਚੇ ਵਿਚਲੀਆਂ ਸਿਆਸੀ ਧਿਰਾਂ ਨਾਲ ਗੱਠਜੋੜ ਕਰਨ ਦੇ ਮਾਮਲੇ ਵਿਚ ਵੀ ਕੋਈ ਪ੍ਰਗਤੀ ਨਹੀਂ ਹੋ ਸਕੀ।

ਸ੍ਰੀ ਬ੍ਰਹਮਪੁਰਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਉਹ ਇਨਸਾਫ ਮੋਰਚੇ ਨਾਲ ਗੱਠਜੋੜ ਕਰਨ ਦੇ ਹਾਮੀ ਹਨ ਪਰ ਸਿਮਰਜੀਤ ਸਿੰਘ ਮਾਨ ਤਾਂ ਖਾਲਿਸਤਾਨ ਤੋਂ ਥੱਲੇ ਹੀ ਨਹੀਂ ਉਤਰਦੇ, ਜਿਸ ਕਾਰਨ ਡੀ.ਪੀ.ਏ. ਵਿਚਲੀਆਂ ਹੋਰ ਧਿਰਾਂ ਵੀ ਅਜਿਹੀ ਧਿਰ ਨਾਲ ਸਾਂਝ ਪਾਉਣ ਤੋਂ ਝਿਜਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਸੀਟਾਂ ਦੀ ਵੰਡ ਹੋਣ ਤੱਕ ਇਨਸਾਫ ਮੋਰਚਾ ਤੇ 'ਆਪ' ਨਾਲ ਗੱਠਜੋੜ ਕਰਨ ਦੀਆਂ ਸੰਭਾਵਨਾਵਾਂ ਬਰਕਰਾਰ ਹਨ। ਦੂਸਰੇ ਪਾਸੇ ਇਨਸਾਫ਼ ਮੋਰਚੇ ਦੀ ਇਕ ਧਿਰ ਯੂਨਾਈਟਿਡ ਅਕਾਲੀ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਨੇ ਕਿਹਾ ਕਿ ਭਾਵੇਂ ਉਨ੍ਹਾਂ ਚਾਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਪਰ ਇਸ ਦੇ ਬਾਵਜੂਦ ਉਹ ਮੁਕੰਮਲ ਤੀਸਰਾ ਫਰੰਟ ਉਸਾਰਨ ਦੇ ਹਾਮੀ ਹਨ ਪਰ ਪੀ.ਡੀ.ਏ. ਵਿਚਲੀਆਂ ਕੁਝ ਧਿਰਾਂ ਦਾ ਹੁੰਗਾਰਾ ਬੜਾ ਨਾਂਹ-ਪੱਖੀ ਹੈ, ਜਿਸ ਦਾ ਲਾਭ ਰਵਾਇਤੀ ਪਾਰਟੀਆਂ ਨੂੰ ਮਿਲ ਸਕਦਾ ਹੈ।

# ਗ੍ਰੈਮੀ ਪੁਰਸਕਾਰਾਂ 'ਚ ਮਹਿਲਾਵਾਂ ਨੇ ਗੱਡਿਆ ਜਿੱਤ ਦਾ ਝੰਡਾ

**ਲਾਸ ਏਂਜਲਸ:** ਇਸ ਸਾਲ ਦੇ ਗ੍ਰੈਮੀ ਪੁਰਸਕਾਰਾਂ 'ਚ ਮਹਿਲਾ ਸੰਗੀਤਕਾਰਾਂ ਕੇਸੀ ਮੁਸਗਰੇਵਜ਼, ਕਾਰਡੀ ਬੀ ਅਤੇ ਲੇਡੀ ਗਾਗਾ ਨੇ ਉਨ੍ਹਾਂ ਸ਼੍ਰੇਣੀਆਂ 'ਚ ਇਨਾਮ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਜਿਥੇ ਮਰਦ ਕਲਾਕਾਰਾਂ ਦਾ ਦਬਦਬਾ ਹੁੰਦਾ ਸੀ। ਔਰਤਾਂ ਦੀ ਨੁਮਾਇੰਦਗੀ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰਨ ਵਾਲੇ ਪੁਰਸਕਾਰ ਸਮਾਗਮ 'ਚ ਅਖੀਰ ਔਰਤਾਂ ਅੱਗੇ ਆ ਗਈਆਂ। ਉਨ੍ਹਾਂ ਨਾ ਸਿਰਫ ਕਈ ਪੁਰਸਕਾਰ ਜਿੱਤੇ ਸਗੋਂ ਸਮਾਗਮ ਦੀ ਮੇਜ਼ਬਾਨੀ ਕਰ ਕੇ ਵੀ ਦਰਸ਼ਕਾਂ ਦੇ ਦਿਲ ਜਿੱਤ ਲਏ।

ਮੁਸਗਰੇਵਜ਼ ਨੇ 'ਐਲਬਮ ਆਫ ਯੀਅਰ' ਦੇ ਨਾਲ ਚਾਰ ਸ਼੍ਰੇਣੀਆਂ 'ਚ ਪੁਰਸਕਾਰ ਆਪਣੇ ਨਾਮ ਕੀਤੇ। 'ਇਨਵੇਜ਼ਨ ਆਫ ਪ੍ਰਾਈਵੇਸੀ' ਲਈ 'ਬਿਹਤਰੀਨ ਸੋਲੋ ਰੈਪ' ਦਾ ਪੁਰਸਕਾਰ ਜਿੱਤਣ ਵਾਲੀ ਕਾਰਡੀ ਬੀ ਪਹਿਲੀ ਮਹਿਲਾ ਬਣ ਗਈ ਗਏ। ਉਧਰ, ਲੇਡੀ ਗਾਗਾ ਅਤੇ ਬ੍ਰੈਡਲੀ ਕੂਪਰ ਦੀ ਜੋੜੀ ਨੇ ਬਿਹਤਰੀਨ ਪੌਪ ਜੋੜੀ ਅਤੇ ਫਿਲਮ 'ਸ਼ੈਲੋ' ਅਤੇ 'ਏ ਸਟਾਰ ਇਜ਼ ਬੋਰਨ' ਲਈ ਗੀਤ ਲਿਖਣ ਦੇ ਪੁਰਸਕਾਰ ਹਾਸਲ ਕੀਤੇ। ਲੇਡੀ ਗਾਗਾ ਨੂੰ 'ਜੋਆਨੇ' ਲਈ ਬਿਹਤਰੀਨ ਪੌਪ ਪੇਸ਼ਕਾਰੀ ਦਾ ਪੁਰਸਕਾਰ ਵੀ ਮਿਲਿਆ। ਬ੍ਰਾਂਡੀ ਕਾਰਲਾਈਨ ਨੇ ਤਿੰਨ ਗ੍ਰੈਮੀ ਪੁਰਸਕਾਰ ਆਪਣੇ ਨਾਮ ਕੀਤੇ। ਇਨ੍ਹਾਂ 'ਚ ਬਿਹਤਰੀਨ ਐਲਬਮ ਦਾ ਇਨਾਮ ਵੀ ਸ਼ਾਮਲ ਹੈ। ਗਾਇਕਾ ਲੀਪਾ ਨੂੰ ਬਿਹਤਰੀਨ ਡਾਂਸ ਰਿਕਾਰਡਿੰਗ 'ਚ ਐਵਾਰਡ ਮਿਲਿਆ। ਰੈਪਰ ਗਾਇਕ ਡਰੇਕ ਨੂੰ 'ਗੌਡਸ ਪਲਾਨ' ਲਈ ਬਿਹਤਰੀਨ ਰੈਪ ਗੀਤ ਦੇ ਵਰਗ 'ਚ ਐਵਾਰਡ ਮਿਲਿਆ। ਕ੍ਰਿਸ ਕੋਰਨੇਲ ਨੂੰ ਮਰਨ ਉਪਰੰਤ 'ਵੈੱਨ ਬੈਡ ਇਜ਼ ਗੁੱਡ' ਲਈ ਬਿਹਤਰੀਨ ਰੌਕ ਪੇਸ਼ਕਾਰੀ ਵਰਗ 'ਚ ਸਨਮਾਨਿਆ ਗਿਆ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਨੂੰ ਆਪਣੀ ਜੀਵਨੀ ਲਈ ਕਰੀਅਰ ਦਾ ਦੂਜਾ ਗ੍ਰੈਮੀ ਪੁਰਸਕਾਰ ਮਿਲਿਆ।

# ਕਾਲਜ ਵਿਦਿਆਰਥਣ ਨਾਲ ਸਮੂਹਿਕ ਜਬਰ ਜਨਾਹ

**ਲੁਧਿਆਣਾ:** ਈਸੇਵਾਲ ਪਿੰਡ ਕੋਲ 21 ਸਾਲਾ ਕਾਲਜ ਵਿਦਿਆਰਥਣ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ ਹੈ। ਲੜਕੀ ਨੇ ਪੁਲਿਸ ਕੋਲ ਪਹੁੰਚ ਕੀਤੀ ਤੇ ਦਸ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਵੇਰਵਿਆਂ ਮੁਤਾਬਕ ਲੜਕੀ ਤੇ ਉਸ ਦਾ ਇਕ ਦੋਸਤ ਜਦ ਈਸੇਵਾਲ ਪਿੰਡ ਵੱਲ ਕਾਰ ਵਿਚ ਜਾ ਰਹੇ ਸਨ ਤਾਂ ਰਾਹ ਵਿਚ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਨੇ ਉਨ੍ਹਾਂ ਨੂੰ ਰੋਕਿਆ। ਉਨ੍ਹਾਂ ਵਿਚੋਂ ਦੋ ਜਣੇ ਕਾਰ ਦਾ ਸ਼ੀਸ਼ਾ ਇੱਟ ਨਾਲ ਤੋੜ ਕੇ ਵਾਹਨ ਵਿਚ ਜਬਰੀ ਵੜ ਗਏ।

ਇਸ ਤੋਂ ਬਾਅਦ ਉਨ੍ਹਾਂ ਕੁਝ ਹੋਰ ਵਿਅਕਤੀਆਂ ਨੂੰ ਵੀ ਸੱਦ ਲਿਆ ਤੇ ਲੜਕੀ ਨੂੰ ਇਕ ਖਾਲੀ ਪਲਾਟ ਵਿਚ ਲੈ ਗਏ। ਲੜਕੇ ਨੂੰ ਉਨ੍ਹਾਂ ਗੱਡੀ ਵਿਚ ਹੀ ਰੋਕੀ ਰੱਖਿਆ ਤੇ ਉਸ ਦੇ ਫੋਨ ਤੋਂ ਕਾਲ ਕਰ ਕੇ ਉਸ ਦੇ ਇਕ ਦੋਸਤ ਜਸਪ੍ਰੀਤ ਕੋਲੋਂ ਇਕ ਲੱਖ ਰੁਪਏ ਦੇ ਫਿਰੌਤੀ ਮੰਗੀ। ਹਾਲਾਂਕਿ ਬਾਅਦ ਵਿਚ ਮੁਲਜ਼ਮਾਂ ਨੇ ਲੜਕੀ ਤੇ ਉਸ ਦੇ ਦੋਸਤ ਨੂੰ ਰਾਤ ਦੇ 2 ਵਜੇ ਛੱਡਿਆ ਤੇ ਫਰਾਰ ਹੋ ਗਏ। ਦਾਖਾ ਵਿਚ ਤਾਇਨਾਤ ਏ.ਐਸ.ਆਈ. ਵਿਦਿਆ ਰਤਨ ਨੂੰ ਡਿਊਟੀ ਵਿਚ ਕੁਤਾਹੀ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ ਹੈ।

# ਕਰਤਾਰਪੁਰ ਲਾਂਘਾ: ਡੇਰਾ ਬਾਬਾ ਨਾਨਕ 'ਚ ਬਣੇਗੀ ਇਮੀਗ੍ਰੇਸ਼ਨ ਚੈਕ ਪੋਸਟ

**ਨਵੀਂ ਦਿੱਲੀ:** ਗੁਰਦਾਸਪੁਰ ਜ਼ਿਲ੍ਹੇ ਵਿਚ ਪੈਂਦੇ ਕਸਬੇ ਡੇਰਾ ਬਾਬਾ ਨਾਨਕ ਵਿਚ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਅਧਿਕਾਰਤ ਇਮੀਗ੍ਰੇਸ਼ਨ ਚੈੱਕ ਪੋਸਟ ਕਾਇਮ ਕੀਤੀ ਜਾਵੇਗੀ। ਡੇਰਾ ਬਾਬਾ ਨਾਨਕ ਗੁਆਂਢੀ ਮੁਲਕ 'ਚ ਦਾਖਲ ਹੋਣ ਅਤੇ ਵਾਪਸ ਪਰਤਣ ਲਈ ਲੋੜੀਂਦੇ ਦਸਤਾਵੇਜ਼ ਜਾਂਚਣ ਤੇ ਮਨਜ਼ੂਰੀ ਦੇਣ ਦੀ ਅਹਿਮ ਜਗ੍ਹਾ ਹੋਵੇਗੀ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਲੋੜੀਂਦੇ ਦਸਤਾਵੇਜ਼ਾਂ ਵਾਲੇ ਇਸ ਪੋਸਟ ਰਾਹੀਂ ਆ-ਜਾ ਸਕਣਗੇ। ਇਹ ਨੋਟੀਫਿਕੇਸ਼ਨ ਪਾਸਪੋਰਟ ਨੇਮਾਂ ਮੁਤਾਬਕ ਜਾਰੀ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਦੇ ਸ਼ਕਰਗੜ੍ਹ ਇਲਾਕੇ ਵਿਚ ਸਥਿਤ ਹੈ। ਕਰਤਾਰਪੁਰ ਸਾਹਿਬ ਗੁਰਦੁਆਰਾ ਰਾਵੀ ਦਰਿਆ ਕੰਢੇ ਸੁਸ਼ੋਭਿਤ ਹੈ ਤੇ ਭਾਰਤ-ਪਾਕਿ ਸਰਹੱਦ ਤੋਂ ਪਾਕਿਸਤਾਨ ਵਾਲੇ ਪਾਸੇ ਸਿਰਫ 3-4 ਕਿਲੋਮੀਟਰ ਦੀ ਵਿਥ 'ਤੇ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਨੇ ਇਸ ਸਥਾਨ ਉਤੇ ਜੀਵਨ ਦੇ 18 ਤੋਂ ਵੱਧ ਵਰ੍ਹੇ ਬਤੀਤ ਕੀਤੇ। ਲੰਘੇ ਵਰ੍ਹੇ 26 ਨਵੰਬਰ ਨੂੰ ਉਪ ਰਾਸ਼ਟਰਪਤੀ ਐੱਮ. ਵੈਂਕਈਆ ਨਾਇਡੂ ਨੇ ਡੇਰਾ ਬਾਬਾ ਨਾਨਕ-ਕਰਤਾਰਪੁਰ ਸਾਹਿਬ ਲਾਂਘੇ (ਕੌਮਾਂਤਰੀ ਸਰਹੱਦ ਤੱਕ) ਦਾ ਨੀਂਹ ਪੱਥਰ ਰੱਖਿਆ ਸੀ। ਇਸ ਤੋਂ ਬਾਅਦ 28 ਨਵੰਬਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਾਕਿ ਵਾਲੇ ਪਾਸੇ ਚਾਰ ਕਿਲੋਮੀਟਰ ਲੰਮੇ ਲਾਂਘੇ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਸੀ।

## ਕਰਤਾਰਪੁਰ ਲਈ ਪਾਸਪੋਰਟ ਤੋਂ ਛੋਟ ਦੇ ਆਸਾਰ ਮੱਧਮ

**ਚੰਡੀਗੜ੍ਹ:** ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਜਾਣ ਦੇ ਇੱਛੁਕ ਸ਼ਰਧਾਲੂਆਂ ਨੂੰ ਵਿਸ਼ੇਸ਼ ਲਾਂਘੇ ਰਾਹੀਂ ਗੁਆਂਢੀ ਮੁਲਕ ਜਾਣ ਲਈ ਪਾਸਪੋਰਟ ਤੇ ਪਰਮਿਟ ਸਲਿੱਪ ਦੀ ਲੋੜ ਪਏਗੀ। ਇਸ ਸਬੰਧੀ ਫੈਸਲਾ ਨਵੀਂ ਦਿੱਲੀ ਵਿਚ ਹੋਈ ਇਕ ਉੱਚ ਪੱਧਰੀ ਮੀਟਿੰਗ ਵਿਚ ਲਿਆ ਗਿਆ ਹੈ। ਗ੍ਰਹਿ ਸਕੱਤਰ ਰਾਜੀਵ ਗਾਬਾ ਦੀ ਅਗਵਾਈ ਵਿਚ ਹੋਈ ਮੀਟਿੰਗ ਵਿਚ ਕਰਤਾਰਪੁਰ ਲਾਂਘਾ ਪ੍ਰੋਜੈਕਟ ਨੂੰ ਜਲਦੀ ਮੁਕੰਮਲ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਬੀ.ਐਸ.ਐਫ. ਦੇ ਡਾਇਰੈਕਟਰ ਜਨਰਲ ਆਰ.ਕੇ. ਮਿਸ਼ਰਾ ਤੇ ਪਾਕਿਸਤਾਨ ਵਿਚ ਭਾਰਤ ਦੇ ਹਾਈ ਕਮਿਸ਼ਨਰ ਅਜੈ ਬਿਸਾੜੀਆ ਵੀ ਹਾਜ਼ਰ ਸਨ।

ਕਰਨ ਅਵਤਾਰ ਸਿੰਘ ਨੇ ਕਿਹਾ ਕਿ ਪਰਮਿਟ ਸਲਿੱਪ ਦਾਖਲ ਹੋਣ ਲਈ ਦਿੱਤੀ ਜਾਵੇਗੀ, ਪਰ ਕਰਤਾਰਪੁਰ ਸਥਿਤ ਦਰਬਾਰ ਸਾਹਿਬ ਜਾਣ ਲਈ ਪਾਸਪੋਰਟ ਦੀ ਲੋੜ ਹੋਵੇਗੀ। ਦੱਸਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਸ਼ਰਧਾਲੂਆਂ ਲਈ ਪਾਸਪੋਰਟ ਲਾਜ਼ਮੀ ਨਾ ਕਰਨ ਦੀ ਮੰਗ ਕੀਤੀ ਸੀ, ਪਰ ਹੁਣ ਤਾਜ਼ਾ ਜਾਣਕਾਰੀ ਮੁਤਾਬਕ ਪਾਸਪੋਰਟ ਦੀ ਲੋੜ ਪਏਗੀ।

# ਭਾਰਤੀ ਨਿਆਂ ਪ੍ਰਣਾਲੀ ਫਿਰ ਸਵਾਲਾਂ ਦੇ ਘੇਰੇ 'ਚ

*(ਸਫਾ ਇਕ ਦੀ ਬਾਕੀ)*

ਗਈਆਂ ਸਨ। ਨਵਾਂ ਸ਼ਹਿਰ ਦੇ ਵਧੀਕ ਸੈਸ਼ਨ ਜੱਜ ਰਣਧੀਰ ਵਰਮਾ ਨੇ 31 ਜਨਵਰੀ ਨੂੰ ਇਨ੍ਹਾਂ ਨੌਜਵਾਨਾਂ ਨੂੰ ਦੋਸ਼ੀ ਠਹਿਰਾਇਆ ਸੀ ਅਤੇ 5 ਫਰਵਰੀ 2019 ਨੂੰ ਸਜ਼ਾ ਸੁਣਾਈ ਗਈ।

ਅਦਾਲਤ ਨੇ ਨੌਜਵਾਨਾਂ ਨੂੰ ਆਈ.ਪੀ.ਸੀ. ਦੀ ਧਾਰਾ 121 ਦੇ ਆਧਾਰ 'ਤੇ ਉਮਰ ਕੈਦ ਅਤੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ। ਇਸੇ ਤਰ੍ਹਾਂ ਧਾਰਾ 121ਏ ਤਹਿਤ ਸਾਜ਼ਿਸ਼ ਰਚਣ ਦੇ ਦੋਸ਼ ਹੇਠ 10 ਸਾਲ ਦੀ ਕੈਦ ਅਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ। ਪੁਲਿਸ ਜਾਂਚ ਵਿਚ ਇਹ ਵੀ ਦਾਅਵਾ ਕੀਤਾ ਗਿਆ ਕਿ ਕਿਤਾਬਾਂ ਅਤੇ ਹੋਰ ਸਾਹਿਤ ਮਿਲਣ 'ਤੇ ਤਿੰਨੇ ਨੌਜਵਾਨਾਂ ਦਾ ਇਕੋ ਮਕਸਦ ਪਤਾ ਲੱਗਿਆ ਹੈ ਕਿ ਉਹ ਵਿਸਾਖੀ ਵਾਲੇ ਦਿਨ ਖਾਲਿਸਤਾਨ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਭਾਰਤ ਸਰਕਾਰ ਵਿਰੁਧ ਜੰਗ ਦਾ ਐਲਾਨ ਕਰ ਦਿੱਤਾ ਸੀ; ਹਾਲਾਂਕਿ ਕਾਨੂੰਨੀ ਮਾਹਰ ਦਾ ਕਹਿਣਾ ਹੈ ਕਿ ਅੱਜ ਤੱਕ ਕਿਸੇ ਨੂੰ ਵੀ ਸਾਹਿਤ ਦੇ ਆਧਾਰ 'ਤੇ ਇੰਨੀ ਸਖਤ ਸਜ਼ਾ ਨਹੀਂ ਸੁਣਾਈ ਗਈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੁਲਿਸ ਨੇ ਅਜੇ ਤੱਕ ਇਹ ਨਹੀਂ ਦੱਸਿਆ ਕਿ ਜਿਹੜਾ ਸਾਹਿਤ ਇਨ੍ਹਾਂ ਕੋਲੋਂ ਬਰਾਮਦ ਹੋਇਆ ਸੀ, ਉਹ ਪਾਬੰਦੀਸ਼ੁਦਾ ਸੀ ਜਾਂ ਨਹੀਂ।

ਇਨ੍ਹਾਂ ਨੌਜਵਾਨਾਂ ਕੋਲੋਂ ਇਕ ਫਲੈਕਸ ਵੀ ਬਰਾਮਦ ਕੀਤੀ ਸੀ ਜਿਸ 'ਤੇ 1978 ਵਿਚ ਮਾਰੇ ਗਏ ਸਿੱਖਾਂ ਦੀਆਂ ਤਸਵੀਰਾਂ ਸਨ ਪਰ ਇਹ ਫਲੈਕਸ ਕਿਸੇ ਵੀ ਜਨਤਕ ਥਾਂ ਉਤੇ ਨਹੀਂ ਸੀ ਲਗਾਈ ਗਈ। ਉਹ ਸਾਹਿਤ ਵੀ ਬਰਾਮਦ ਹੋਇਆ ਜਿਹੜਾ ਗੁਰਬਾਣੀ ਆਧਾਰਿਤ ਹੈ। ਤਿੰਨੇ ਨੌਜਵਾਨਾਂ 'ਤੇ ਇਹ ਦੋਸ਼ ਵੀ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਪੈਸੇ ਆਏ ਸਨ। ਇਸ ਰਕਮ ਅਨੁਸਾਰ, ਇਕ ਜਣੇ ਨੂੰ 35 ਹਜ਼ਾਰ, ਦੂਜੇ ਨੂੰ 40 ਹਜ਼ਾਰ ਅਤੇ ਤੀਜੇ ਨੂੰ 38 ਹਜ਼ਾਰ ਰੁਪਏ ਆਏ ਸਨ। ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਕੀ ਇੰਨੀ ਕੁ ਰਕਮ ਨਾਲ ਕਿਸੇ ਦੇਸ਼ ਵਿਰੁਧ ਜੰਗ ਛੇੜੀ ਜਾ ਸਕਦੀ ਹੈ। ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਵੀ ਸਵਾਲ ਚੁੱਕ ਰਹੇ ਹਨ ਕਿ ਇਹ ਪਹਿਲਾ ਕੇਸ ਹੈ ਜਿਸ ਵਿਚ ਕਿਸੇ ਕੋਲੋਂ ਸਾਹਿਤ ਮਿਲਣ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ ਅਤੇ ਉਨ੍ਹਾਂ ਕੋਲੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ ਸੀ।

## ਕਿਸਾਨ ਖੁਦਕੁਸ਼ੀਆਂ ਰੋਕਣ ਬਾਰੇ ਨਿਕਲੀ ਸਰਕਾਰੀ ਦਾਅਵਿਆਂ ਦੀ ਫੂਕ

*(ਸਫਾ ਇਕ ਦੀ ਬਾਕੀ)*

ਇਨ੍ਹਾਂ ਯੋਜਨਾਵਾਂ ਵਿਚੋਂ ਹੀ ਕਿਸਾਨਾਂ ਨੂੰ ਸਬਸਿਡੀ 'ਤੇ ਬੀਜ ਸਪਲਾਈ ਕਰਨਾ, ਸਬਸਿਡੀ 'ਤੇ ਕੀਟਨਾਸ਼ਕ ਜਾਂ ਨਦੀਨਨਾਸ਼ਕ ਦਵਾਈਆਂ ਦੀ ਸਪਲਾਈ ਦੇਣਾ, ਖੇਤੀ ਮਸ਼ੀਨਰੀ ਉਤੇ ਸਬਸਿਡੀ ਦੇਣਾ ਆਦਿ ਸ਼ਾਮਲ ਹੈ। 2016-2017 ਅਤੇ 2017-2018 ਦੌਰਾਨ ਕੇਂਦਰ ਨੇ ਇਸ ਯੋਜਨਾ ਤਹਿਤ 23 ਕਰੋੜ ਰੁਪਏ ਦੀ ਗਰਾਂਟ ਭੇਜੀ ਸੀ। ਇਸ ਵਿਚੋਂ ਇਸ ਸਾਲ 12 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤੇ ਰਾਜ ਸਰਕਾਰ ਨੇ ਹੋਰਨਾਂ ਯੋਜਨਾਵਾਂ ਵਾਂਗ ਆਪਣੇ ਹਿੱਸੇ ਦੀ ਰਾਸ਼ੀ ਦਾ ਯੋਗਦਾਨ ਨਹੀਂ ਪਾਇਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕੇਸ ਦਰਜ ਹੋਣ ਤੋਂ 5 ਮਹੀਨੇ ਬਾਅਦ ਵੀ ਸੁਖਬੀਰ ਨੂੰ ਹੱਥ ਨਹੀਂ ਪਾ ਸਕੀ ਪੁਲਿਸ

**ਚੰਡੀਗੜ੍ਹ:** ਪਿਛਲੇ ਸਾਲ ਚੋਣਾਂ ਦੌਰਾਨ ਇਕ ਕਾਂਗਰਸੀ ਆਗੂ ਦਾ ਕੁਟਾਪਾ ਕਰਨ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਪੰਜ ਮਹੀਨੇ ਬੀਤ



ਜਾਣ ਦੇ ਬਾਵਜੂਦ ਹਾਲੇ ਜਾਂਚ ਹੀ ਚੱਲ ਰਹੀ ਹੈ, ਕੋਈ ਕਾਰਵਾਈ ਨਹੀਂ ਹੋਈ। ਲੰਬੀ ਪੁਲਿਸ ਨੇ ਬਾਦਲ ਵਿਰੁੱਧ ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਕੇਸ ਦਰਜ ਕੀਤਾ ਸੀ, ਜਿਸ ਵਿਚ ਦਿਖਾਈ ਦੇ ਰਿਹਾ ਸੀ ਕਿ ਕੁੱਟਮਾਰ ਦੌਰਾਨ ਸੁਖਬੀਰ ਬਾਦਲ ਵੀ ਉਥੇ ਖੜ੍ਹੇ ਹਨ।

ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਪੁਲਿਸ ਕਪਤਾਨ ਮਨਜੀਤ ਸਿੰਘ ਢੇਸੀ ਮੁਤਾਬਕ ਕੇਸ ਦੀ ਪੜਤਾਲ ਕੀਤੀ ਜਾ ਰਹੀ ਹੈ ਤੇ ਸਾਰੀਆਂ ਰਸਮੀ ਗੁੰਝਲਾਂ ਪੂਰੀਆਂ ਕਰਨ ਮਗਰੋਂ ਹੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜੁਰਮ ਜ਼ਮਾਨਤਯੋਗ ਹਨ ਪਰ ਮੁਲਜ਼ਮਾਂ ਨੇ ਹਾਲੇ ਤੱਕ ਕਿਸੇ ਕਿਸਮ ਦੀ ਜ਼ਮਾਨਤ ਹਾਸਲ ਨਹੀਂ ਕੀਤੀ। ਉਧਰ, ਸਾਬਕਾ ਉਪ ਮੁੱਖ ਮੰਤਰੀ ਐਸ.ਐਸ.ਪੀ. ਨੂੰ ਕਈ ਵਾਰ ਜਨਤਕ ਸਟੇਜਾਂ ਤੋਂ ਸਿੱਧੇ ਰੂਪ ਵਿਚ ਚਿਤਾਵਨੀ ਵੀ ਦੇ ਚੁੱਕੇ ਹਨ।

ਯਾਦ ਰਹੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਾਲੇ ਦਿਨ ਚੱਕ ਮਿੱਡੂ ਸਿੰਘਵਾਲਾ ਵਿਚ ਕਾਂਗਰਸੀ ਉਮੀਦਵਾਰ ਦੇ ਭਰਾ 'ਤੇ ਪੋਲਿੰਗ ਬੂਥ ਨੇੜੇ ਕੁਝ ਲੋਕਾਂ ਨੇ ਹਮਲਾ ਕੀਤਾ ਗਿਆ ਸੀ। ਇਸ ਸਬੰਧੀ ਭਾਰਤੀ ਸੰਵਿਧਾਨ ਦੀ ਧਾਰਾ 323, 341, 506, 148, 149 ਤੇ 427 ਤਹਿਤ ਕੇਸ ਦਰਜ ਕਰ ਲਿਆ ਸੀ। ਇਸ ਮਗਰੋਂ ਅੱਠ ਅਕਤੂਬਰ ਨੂੰ ਅਕਾਲੀ ਲੀਡਰ ਤੇਜਿੰਦਰ ਸਿੰਘ ਮਿੱਡੂਖੇੜਾ ਨੂੰ ਏ.ਐਸ.ਆਈ. ਦੀ ਡਿਊਟੀ ਵਿਚ ਵਿਘਨ ਪਾਉਣ ਤੇ ਉਸ ਦਾ ਫੋਨ ਖੋਹਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਸੀ ਪਰ ਦੋਵੇਂ ਕੇਸ ਜਿਉਂ ਦੇ ਤਿਉਂ ਹਨ, ਕਿਸੇ ਮੁਲਜ਼ਮ ਵਿਰੁੱਧ ਕਾਰਵਾਈ ਨਹੀਂ ਕੀਤੀ ਗਈ।

# ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਸਮਾਰਟ ਫੋਨਾਂ ਦਾ ਚੋਗਾ ਨਹੀਂ ਪਾ ਸਕੇਗੀ ਕੈਪਟਨ ਸਰਕਾਰ

**ਬਠਿੰਡਾ:** ਕੈਪਟਨ ਸਰਕਾਰ ਆਮ ਚੋਣਾਂ ਤੋਂ ਪਹਿਲਾਂ ਹੁਣ ਵੋਟਰਾਂ ਨੂੰ ਸਮਾਰਟ ਫੋਨਾਂ ਦਾ ਚੋਗਾ ਨਹੀਂ ਪਾ ਸਕੇਗੀ। ਸਮਾਰਟ ਫੋਨ ਖਰੀਦਣ ਦਾ ਕੰਮ ਲਮਕਣ ਦੇ ਆਸਾਰ ਹਨ। ਸਰਕਾਰ ਵੱਲੋਂ ਸਮਾਰਟ ਫੋਨ ਦੇ ਪਹਿਲੇ ਬੈਚ ਦੀ ਸਪਲਾਈ ਦਾ ਟੀਚਾ ਪਹਿਲੀ ਮਾਰਚ ਰੱਖਿਆ ਗਿਆ ਸੀ। ਸਮਾਰਟ ਫੋਨ ਦੀ ਟੈਂਡਰਿੰਗ ਦਾ ਕੰਮ ਦੋ ਤੋਂ ਤਿੰਨ ਹਫਤੇ 'ਚ ਮੁਕੰਮਲ ਹੋਣਾ ਹੈ। ਉਸ ਮਗਰੋਂ ਫਰਮ ਨੂੰ 'ਲੈਟਰ ਆਫ ਐਵਾਰਡ' ਦਿੱਤਾ ਜਾਣਾ ਹੈ। ਚੋਣ ਜ਼ਾਬਤੇ ਤੋਂ ਪਹਿਲਾਂ ਇਹ ਕੰਮ ਮੁਕੰਮਲ ਹੋਣਾ ਮੁਸ਼ਕਲ ਹੈ।

ਟੈਂਡਰਿੰਗ ਦੌਰਾਨ ਇਕੋ ਫਰਮ ਦੇ ਸਾਹਮਣੇ ਆਉਣ ਬਾਰੇ ਪਤਾ ਲੱਗਾ ਹੈ, ਪਰ ਸਰਕਾਰੀ ਸੂਤਰ ਤਿੰਨ ਫਰਮਾਂ ਦੀ ਗੱਲ ਆਖ ਰਹੇ ਹਨ। ਪੰਜਾਬ ਇਨਫੋਟੈਕ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪਹਿਲੀ ਜਨਵਰੀ ਤੋਂ ਟੈਂਡਰਿੰਗ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ 30 ਜਨਵਰੀ ਨੂੰ ਵਿੱਤੀ ਬਿਡ ਖੋਲ੍ਹੇ ਜਾਣ ਦੀ ਤਰੀਕ ਸੀ। ਪੰਜਾਬ ਇਨਫੋਟੈਕ ਦੀ ਮੁੱਖ ਕਾਰਜਕਾਰੀ ਅਫਸਰ ਆਸ਼ੂਨੀਤ ਨੇ ਦੱਸਿਆ ਕਿ ਟੈਂਡਰਿੰਗ ਦਾ ਅਮਲ ਦੋ-ਢਾਈ ਹਫਤੇ ਵਿਚ ਮੁਕੰਮਲ ਹੋਣ ਦੀ ਉਮੀਦ ਹੈ। ਟੈਂਡਰਿੰਗ ਲਈ ਤਿੰਨ ਫਰਮਾਂ ਨੇ ਅਪਲਾਈ ਕੀਤਾ ਹੈ। ਪੰਜਾਬ ਸਰਕਾਰ ਨੇ ਸਮਾਰਟ ਫੋਨਾਂ ਲਈ 70 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਵਧੀਕ ਮੁੱਖ ਸਕੱਤਰ (ਉਦਯੋਗ) ਵਿੰਨੀ ਮਹਾਜਨ ਨੇ ਕਿਹਾ ਕਿ ਮੋਬਾਈਲ ਫੋਨਾਂ ਦੀ ਖਰੀਦ ਲਈ ਟੈਂਡਰਿੰਗ ਦਾ ਅਮਲ ਜਾਰੀ ਹੈ ਅਤੇ ਜਲਦੀ ਹੀ ਵੰਡ ਦਾ ਕੰਮ ਸ਼ੁਰੂ ਹੋ ਜਾਵੇਗਾ।

# '84 ਕਤਲੇਆਮ: ਕਾਨਪੁਰ 'ਚ 127 ਸਿੱਖਾਂ ਦੇ ਕਤਲ ਮਾਮਲੇ ਵਿਚ ਨਿਆਂ ਦੀ ਆਸ ਬੱਝੀ




**ਲਖਨਊ:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 1984 'ਚ ਹੱਤਿਆ ਮਗਰੋਂ ਕਾਨਪੁਰ ਵਿਚ 127 ਸਿੱਖਾਂ ਦੇ ਕਤਲੇਆਮ ਸਬੰਧੀ ਮੁੜ ਤੋਂ ਪੜਤਾਲ ਲਈ ਉੱਤਰ ਪ੍ਰਦੇਸ਼ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ ਹੈ। ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਯੂਪੀ ਦੇ ਸਾਬਕਾ ਪੁਲਿਸ ਮੁਖੀ ਅਤੁਲ ਕਰਨਗੇ। ਸਿੱਟ ਵੱਲੋਂ ਛੇ ਮਹੀਨਿਆਂ ਦੇ ਅੰਦਰ ਰਿਪੋਰਟ ਸਰਕਾਰ ਨੂੰ ਦਿੱਤੇ ਜਾਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ ਵੱਲੋਂ ਕੇਂਦਰ ਅਤੇ ਸੂਬਾ ਸਰਕਾਰਾਂ ਨਾਲ ਸਿੱਟ ਬਣਾਉਣ ਦਾ ਮਾਮਲਾ ਉਠਾਇਆ ਜਾਂਦਾ ਰਿਹਾ ਸੀ ਅਤੇ ਸੁਪਰੀਮ ਕੋਰਟ ਦੇ ਦਬਾਅ ਮਗਰੋਂ ਸੂਬਾ ਸਰਕਾਰ ਨੂੰ ਵਿਸ਼ੇਸ਼ ਜਾਂਚ ਟੀਮ ਬਣਾਉਣੀ ਪਈ। ਅਗਸਤ 2017 'ਚ ਸੁਪਰੀਮ ਕੋਰਟ ਨੇ ਸਿੱਖ ਕਤਲੇਆਮ ਦੀ ਜਾਂਚ ਲਈ ਸਿੱਟ ਬਣਾਉਣ ਦੀ ਮੰਗ ਵਾਲੀ ਪਟੀਸ਼ਨ ਉਤੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਲਖਨਊ 'ਚ ਪਿਛਲੇ ਸਾਲ 28 ਅਕਤੂਬਰ ਨੂੰ ਸਿੱਖ ਸੰਮੇਲਨ ਦੌਰਾਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਕਾਨਪੁਰ ਦੇ ਸਿੱਖ ਕਤਲੇਆਮ ਦੀ ਜਾਂਚ ਲਈ ਸਿੱਟ ਬਣਾਉਣ ਦੇ ਪਹਿਲਾਂ ਹੀ ਨਿਰਦੇਸ਼ ਦੇ ਦਿੱਤੇ ਹਨ ਪਰ ਅਸਲੀਅਤ 'ਚ ਸਿੱਟ 5 ਫਰਵਰੀ ਨੂੰ ਕਾਇਮ ਹੋਈ। ਦੰਗਾ ਪੀੜਤ ਕਮੇਟੀ ਨੂੰ ਆਰ.ਟੀ.ਆਈ. ਰਾਹੀਂ ਤਿੰਨ ਸਾਲ ਪਹਿਲਾਂ ਪਤਾ ਲੱਗਾ ਸੀ ਕਿ ਕਾਨਪੁਰ 'ਚ 127 ਸਿੱਖਾਂ ਦੇ ਕਤਲ ਲਈ 34 ਮੁਲਜ਼ਮਾਂ ਨੂੰ ਸੂਚੀਬੱਧ ਕੀਤਾ ਗਿਆ ਹੈ। ਕਮੇਟੀ ਦੇ ਵਫਦ ਵੱਲੋਂ ਜਦੋਂ ਕਾਨਪੁਰ ਦੇ ਸਬੰਧਤ ਪੁਲਿਸ ਸਟੇਸ਼ਨਾਂ ਦਾ ਦੌਰਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਇਨ੍ਹਾਂ ਦੰਗਾਕਾਰੀਆਂ ਦਾ ਜ਼ਿਆਦਾਤਰ ਰਿਕਾਰਡ ਗਾਇਬ ਹੈ।

ਦੱਸ ਦਈਏ ਕਿ ਸਾਲ 1984 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭਾਰਤ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿਚ ਸਿੱਖਾਂ ਵਿਰੁੱਧ ਹਿੰਸਾ ਭੜਕੀ। ਇਸ ਘਟਨਾਕ੍ਰਮ ਦੇ ਸਭ ਤੋਂ ਦੁਖਦਾਈ ਪਹਿਲੂ ਸਨ ਕਿ ਬਹੁਤ ਸਾਰੀਆਂ ਥਾਵਾਂ 'ਤੇ ਹਿੰਸਾ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਅਤੇ ਪ੍ਰਸ਼ਾਸਨ ਤੇ ਪੁਲਿਸ ਨੇ ਹੋ ਰਹੀ ਹਿੰਸਾ 'ਤੇ ਕਾਬੂ ਪਾਉਣ ਦੀ ਥਾਂ ਇਸ ਵੱਲੋਂ ਅੱਖਾਂ ਮੀਟੀ ਰੱਖੀਆਂ। ਸੱਤਾਧਾਰੀ ਪਾਰਟੀ ਦੇ ਕਈ ਆਗੂਆਂ ਨੇ ਕਈ ਥਾਵਾਂ 'ਤੇ ਹਿੰਸਕ ਭੀੜਾਂ ਨੂੰ ਉਕਸਾਇਆ ਤੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਬਾਅਦ ਵਿਚ ਇਹ ਰੁਝਾਨ ਦੇਖਣ ਨੂੰ ਮਿਲਿਆ ਕਿ ਪੁਲਿਸ ਨੇ ਤਫਤੀਸ਼ ਵੱਲ ਯੋਗ ਧਿਆਨ ਨਹੀਂ ਦਿੱਤਾ। ਤਿੰਨ ਸਾਲ ਪਹਿਲਾਂ ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ ਨੇ ਆਰ.ਟੀ.ਆਈ. ਦੀ ਅਰਜ਼ੀ ਦਿੱਤੀ ਜਿਸ ਤੋਂ ਇਹ ਤੱਥ ਸਾਹਮਣੇ ਆਏ ਕਿ ਕਾਨਪੁਰ ਵਿਚ ਹੋਈਆਂ ਹਿੰਸਕ ਘਟਨਾਵਾਂ ਵਿਚ 127 ਸਿੱਖ ਮਾਰੇ ਗਏ ਸਨ ਤੇ ਇਨ੍ਹਾਂ ਬਾਰੇ ਦਰਜ ਹੋਏ ਕੇਸਾਂ ਵਿਚ 34 ਜਣੇ ਨਾਮਜ਼ਦ ਹੋਏ। ਮਾਰਚ 2017 ਵਿਚ ਉਪਰੋਕਤ ਰਾਹਤ ਕਮੇਟੀ ਨੇ ਸੁਪਰੀਮ ਕੋਰਟ ਵਿਚ ਜਨਤਕ ਪਟੀਸ਼ਨ (ਪੀ.ਆਈ.ਐਲ.) ਦਾਇਰ ਕੀਤੀ ਜਿਸ ਵਿਚ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਵਿਸ਼ੇਸ਼ ਜਾਂਚ ਦਲ (ਐਸ.ਆਈ.ਟੀ.) ਬਣਾ ਕੇ ਇਨ੍ਹਾਂ ਕੇਸਾਂ ਦੀ ਦੁਬਾਰਾ ਪੜਤਾਲ ਕਰਨ ਦੀ ਮੰਗ ਕੀਤੀ ਗਈ। ਇਸ ਸਾਲ 13 ਜਨਵਰੀ ਨੂੰ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਨੇ ਪ੍ਰਧਾਨ ਮੰਤਰੀ ਤਕ ਦੁਬਾਰਾ ਪਹੁੰਚ ਕੀਤੀ ਅਤੇ 'ਸਿੱਟ' ਬਣਾਉਣ ਲਈ ਕਿਹਾ।

## ਸ਼੍ਰੋਮਣੀ ਕਮੇਟੀ ਵੱਲੋਂ 'ਸਿੱਟ' ਕਾਇਮ ਕੀਤੇ ਜਾਣ ਦਾ ਸਵਾਗਤ

**ਅੰਮ੍ਰਿਤਸਰ :** 1984 ਵਿਚ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿਚ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਲਈ ਯੂਪੀ ਸਰਕਾਰ ਵੱਲੋਂ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਉਨ੍ਹਾਂ ਆਖਿਆ ਕਿ 1984 ਵਿਚ ਦਿੱਲੀ ਤੇ ਕਾਨਪੁਰ ਸਮੇਤ ਦੇਸ਼ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਦੁੱਖ ਦੀ ਗੱਲ ਹੈ ਕਿ 34 ਸਾਲ ਬਾਅਦ ਵੀ ਪੀੜਤਾਂ ਨੂੰ ਅਜੇ ਤਕ ਇਨਸਾਫ ਨਹੀਂ ਮਿਲ ਸਕਿਆ। ਕਈ ਪੀੜਤ ਪਰਿਵਾਰਾਂ ਦੇ ਮੈਂਬਰ ਇਨਸਾਫ ਨੂੰ ਤਰਸਦੇ ਇਸ ਸੰਸਾਰ ਤੋਂ ਚਲੇ ਗਏ। ਉਨ੍ਹਾਂ ਕਿਹਾ ਕਿ ਕਾਨਪੁਰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਯੂਪੀ ਸਰਕਾਰ ਵੱਲੋਂ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ ਨਾਲ ਪੀੜਤਾਂ ਨੂੰ ਇਨਸਾਫ ਮਿਲਣ ਦੀ ਉਮੀਦ ਬੱਝੀ ਹੈ।

# ਪੁਲਿਸ ਨੇ ਮੁਕਾਬਲੇ ਵਿਚ ਮਾਰਿਆ ਇਨਾਮੀ ਗੈਂਗਸਟਰ ਅੰਕਿਤ ਭਾਦੂ

**ਜ਼ੀਰਕਪੁਰ:** ਪੀਰਮੁਛੱਲਾ ਖੇਤਰ 'ਚ ਸਥਿਤ ਗੋਕੁਲਧਾਮ ਸੁਸਾਇਟੀ ਦੇ ਇਕ ਫਲੈਟ 'ਚ ਪੁਲਿਸ ਮੁਕਾਬਲੇ ਦੌਰਾਨ ਨਾਮਵਰ ਲਾਰੇਂਸ ਬਿਸ਼ਨੋਈ ਗੈਂਗ ਦੇ ਇਕ ਗੈਂਗਸਟਰ ਅੰਕਿਤ ਭਾਦੂ ਨੂੰ ਮਾਰ ਮੁਕਾਇਆ। ਅੰਕਿਤ ਭਾਦੂ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਬਹੁਗਿਣਤੀ ਥਾਣਿਆਂ 'ਚ ਦਰਜਨਾਂ ਮਾਮਲਿਆਂ 'ਚ ਪੁਲਿਸ ਨੂੰ ਲੋੜੀਂਦਾ ਸੀ। ਇਸ ਗੈਂਗਸਟਰ 'ਤੇ ਰਾਜਸਥਾਨ ਪੁਲਿਸ ਵੱਲੋਂ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ।



ਮੁਕਾਬਲੇ ਦੌਰਾਨ ਓਕੂ (ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ) ਦਾ ਇਕ ਏ.ਐਸ.ਆਈ. ਅਤੇ ਸੁਸਾਇਟੀ 'ਚ ਰਹਿਣ ਵਾਲੀ ਇਕ ਛੇ ਸਾਲਾ ਬੱਚੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਪੁਲਿਸ ਮੁਕਾਬਲੇ ਦੌਰਾਨ ਦੋ ਨਾਮੀ ਗੈਂਗਸਟਰਾਂ ਨੂੰ ਵੀ ਕਾਬੂ ਕੀਤਾ ਗਿਆ ਹੈ। ਕਰੀਬ ਅੱਧੇ ਘੰਟੇ ਤੱਕ ਚੱਲੇ ਇਸ ਪੁਲਿਸ ਮੁਕਾਬਲੇ ਦੌਰਾਨ ਦੋਵੇਂ ਪਾਸੇ ਤੋਂ ਕਰੀਬ 100 ਗੋਲੀਆਂ ਚੱਲੀਆਂ ਦੱਸੀਆਂ ਜਾ ਰਹੀਆਂ ਹਨ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਲਾਰੇਂਸ ਬਿਸ਼ਨੋਈ ਗੈਂਗ ਦਾ ਨਾਮੀ ਗੈਂਗਸਟਰ ਅੰਕਿਤ ਭਾਦੂ ਆਪਣੇ ਸਾਥੀਆਂ ਸਮੇਤ ਜ਼ੀਰਕਪੁਰ ਦੇ ਪੀਰਮੁਛੱਲਾ ਖੇਤਰ 'ਚ ਸਥਿਤ ਇਸ ਫਲੈਟ ਵਿਚ ਰਹਿ ਰਿਹਾ ਹੈ, ਜਿਸ 'ਤੇ ਪੁਲਿਸ ਨੇ ਨਾਮੀ ਗੈਂਗਸਟਰ ਵਿੱਕੀ ਗੌਂਡਰ ਦਾ ਇਨਕਾਊਂਟਰ ਕਰਨ ਵਾਲੇ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ 'ਚ ਫਲੈਟ ਨੂੰ ਘੇਰਾ ਪਾ ਕੇ ਜਦੋਂ ਫਲੈਟ ਖੁਲ੍ਹਵਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਅੰਦਰ ਮੌਜੂਦ ਗੈਂਗਸਟਰਾਂ ਵੱਲੋਂ ਪੁਲਿਸ 'ਤੇ ਗੋਲੀਆਂ ਚਲਾਉਣੀਆਂ ਆਰੰਭ ਕਰ ਦਿੱਤੀਆਂ।

ਇਸ ਦੌਰਾਨ ਗੈਂਗਸਟਰ ਅੰਕਿਤ ਭਾਦੂ ਬਾਲਕੋਨੀ ਰਾਹੀਂ ਲਟਕ ਕੇ ਹੇਠਲੀ ਮੰਜ਼ਿਲ ਦੇ ਫਲੈਟ 'ਚ ਵੜ ਗਿਆ, ਜਿਥੇ ਉਸ ਨੇ ਇਸ ਫਲੈਟ 'ਚ ਰਹਿ ਰਹੇ ਇਕ ਪਰਿਵਾਰ ਦੀਆਂ ਬੱਚੀਆਂ ਨੂੰ ਬੰਦੀ ਬਣਾ ਲਿਆ। ਭਾਰੀ ਪੁਲਿਸ ਫੋਰਸ ਵੱਲੋਂ ਆਪਣੇ ਆਪ ਨੂੰ ਘਿਰਿਆ ਵੇਖ ਅੰਕਿਤ ਭਾਦੂ ਨੇ ਪੁਲਿਸ 'ਤੇ ਦਬਾਅ ਬਣਾਉਣ ਲਈ 6 ਸਾਲ ਦੀ ਬੱਚੀ ਅਕਸ਼ਿਤਾ ਦੀ ਕਨਪਟੀ 'ਤੇ ਪਿਸਤੌਲ ਲਗਾ ਕੇ ਬਾਲਕੋਨੀ ਵਿਚ ਆ ਗਿਆ, ਪਰ ਇਸ ਦੌਰਾਨ ਪੁਲਿਸ ਦੀ ਟੀਮ 'ਚ ਸ਼ਾਮਲ ਕਮਾਂਡੋਆਂ ਨੇ ਉਕਤ ਫਲੈਟ 'ਚ ਵੜ ਕੇ ਬੱਚੀ ਨੂੰ ਛੁਡਵਾ ਲਿਆ। ਇਸ ਦੌਰਾਨ ਫਲੈਟ ਦੇ ਅੰਦਰ ਹੀ ਦੋਵੇਂ ਪਾਸੇ ਤੋਂ ਹੋਈ ਭਾਰੀ ਗੋਲੀਬਾਰੀ ਦੌਰਾਨ ਪੁਲਿਸ ਟੀਮ ਦਾ ਏ.ਐਸ.ਆਈ. ਸੁਖਵਿੰਦਰ ਸਿੰਘ ਗੈਂਗਸਟਰ ਵੱਲੋਂ ਬੰਧਕ ਬਣਾਈ ਬੱਚੀ ਅਕਸ਼ਿਤਾ ਅਤੇ ਗੈਂਗਸਟਰ ਅੰਕਿਤ ਭਾਦੂ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੂੰ ਮੌਕੇ ਤੋਂ ਭਾਰੀ ਮਾਤਰਾ 'ਚ ਅਸਲਾ ਵੀ ਬਰਾਮਦ ਹੋਇਆ ਹੈ, ਜਿਸ ਦੇ ਜਾਇਜ਼ ਤੇ ਨਾਜਾਇਜ਼ ਹੋਣ ਸਬੰਧੀ ਜਾਂਚ ਜਾਰੀ ਹੈ।

## ਆਵਾਰਾ ਕੁੱਤਿਆਂ ਨੇ ਛੇ ਸਾਲਾ ਬੱਚੇ ਦੀ ਜਾਨ ਲਈ

**ਨਿਹਾਲ ਸਿੰਘ ਵਾਲਾ:** ਨੇੜਲੇ ਪਿੰਡ ਧੂੜਕੋਟ ਰਣਸੀਂਹ ਦੇ ਇਕ ਛੇ ਸਾਲਾ ਬੱਚੇ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ। ਹਰਮਨ ਦੂਜੀ ਜਮਾਤ ਦਾ ਵਿਦਿਆਰਥੀ ਸੀ। ਬੱਚੇ ਦੇ ਪਿਤਾ ਸੋਨੂੰ ਨੇ ਦੱਸਿਆ ਕਿ ਉਹ ਪਿੰਡ ਤੋਂ ਬਾਹਰ ਦਲਿਤ ਬਸਤੀ ਵਿਚ ਰਹਿੰਦੇ ਹਨ। ਹਰਮਨ ਪਤੰਗ ਚੜ੍ਹਾ ਰਿਹਾ ਸੀ ਤੇ ਆਵਾਰਾ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਕੇ ਗਰਦਨ ਤੇ ਗੁਪਤ ਅੰਗਾਂ ਤੋਂ ਵੱਢ ਖਾਧਾ।

ਘਟਨਾ ਤੋਂ ਬਾਅਦ ਪਿੰਡ ਵਾਸੀ ਸਹਿਮੇ ਹੋਏ ਹਨ। ਪਿੰਡ ਵਾਸੀਆਂ ਦੀ ਮਦਦ ਨਾਲ ਬੱਚੇ ਨੂੰ ਮੋਗਾ ਦੇ ਹਸਪਤਾਲ ਲਿਜਾਇਆ ਗਿਆ, ਪਰ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। ਬੱਚੇ ਦਾ ਪਿਤਾ ਟਰਾਲਾ ਚਲਾਉਂਦਾ ਹੈ ਤੇ ਉਸ ਦਾ ਇਕ ਹੋਰ ਭਰਾ ਹੈ। ਪਿੰਡ ਦੇ ਲੋਕਾਂ ਨੇ ਆਵਾਰਾ ਕੁੱਤਿਆਂ ਤੋਂ ਬਚਾਅ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ।

# ਜੇਲ੍ਹ 'ਚ ਬੰਦ ਗੈਂਗਸਟਰ ਫੋਨ ਉਤੇ ਫਿਰੌਤੀਆਂ ਮੰਗਣ ਲਈ ਸਰਗਰਮ

**ਬਠਿੰਡਾ:** ਬਠਿੰਡਾ ਜੇਲ੍ਹ 'ਚ ਬੰਦ ਖਤਰਨਾਕ ਗੈਂਗਸਟਰਾਂ ਵੱਲੋਂ ਜੇਲ੍ਹ ਦੇ ਅੰਦਰੋਂ ਫੋਨ ਕਰ ਕੇ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਇੰਨਾ ਹੀ ਨਹੀਂ, ਸਗੋਂ ਫਿਰੌਤੀ ਨਾ ਦੇਣ ਦੀ ਸੂਰਤ 'ਚ ਜੇਲ੍ਹ ਵਿਚੋਂ ਬਾਹਰ ਆ ਕੇ 'ਦੇਖ' ਲੈਣ ਦੀਆਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਘਟਨਾ ਨਾਲ ਜਿਥੇ ਜੇਲ੍ਹ ਪ੍ਰਸ਼ਾਸਨ ਦੀਆਂ ਨਾਕਾਮੀਆਂ ਦੀ ਪੋਲ ਖੁੱਲ੍ਹੀ ਹੈ, ਉਥੇ ਹੀ ਪੁਲਿਸ ਪ੍ਰਸ਼ਾਸਨ ਅਤੇ ਖੁਫੀਆ ਏਜੰਸੀਆਂ ਨੇ ਕੰਨ ਚੁੱਕ ਲਏ ਹਨ।

ਸੂਚਨਾ ਹੈ ਕਿ ਥਾਣਾ ਛਾਉਣੀ ਦੀ ਪੁਲਿਸ ਨੇ ਤਿੰਨ ਗੈਂਗਸਟਰਾਂ ਖਿਲਾਫ ਧਮਕੀਆਂ ਦੇਣ, ਫਿਰੌਤੀ ਮੰਗਣ ਅਤੇ ਜੇਲ੍ਹ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਇਨ੍ਹਾਂ ਗੈਂਗਸਟਰਾਂ ਤੋਂ ਉਹ ਮੋਬਾਈਲ ਫੋਨ ਵੀ ਬਰਾਮਦ ਕਰਨ ਦੀ ਸੂਚਨਾ ਹੈ, ਜਿਨ੍ਹਾਂ ਰਾਹੀਂ ਧਮਕੀਆਂ ਦੇ ਕੇ ਫਿਰੌਤੀਆਂ ਮੰਗੀਆਂ ਗਈਆਂ ਸਨ। ਬਠਿੰਡਾ ਜੇਲ੍ਹ 'ਚ ਦਰਜਨ ਦੇ ਕਰੀਬ ਖਤਰਨਾਕ ਗੈਂਗਸਟਰ ਬੰਦ ਹਨ।

ਸੂਚਨਾ ਹੈ ਕਿ ਇਨ੍ਹਾਂ 'ਚੋਂ ਸੌਰਵ ਪ੍ਰਤਾਪ ਸਿੰਘ ਪੁੱਤਰ ਨੰਦ ਕਿਸ਼ੋਰ ਵਾਸੀ ਪੁਤਲੀਘਰ, ਸ਼ਮਸ਼ੇਰ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਾਰੋਵਾਲ ਅਤੇ ਜਗਤਾਰ ਸਿੰਘ ਵਾਸੀ ਅੰਮ੍ਰਿਤਸਰ ਖਿਲਾਫ ਥਾਣਾ ਛਾਉਣੀ ਦੀ ਪੁਲਿਸ ਨੇ ਪਰਚਾ ਦਰਜ ਕੀਤਾ ਹੈ। ਇਨ੍ਹਾਂ ਗੈਂਗਸਟਰਾਂ ਖਿਲਾਫ ਪਹਿਲਾਂ ਵੀ ਦਰਜਨਾਂ ਮੁਕੱਦਮੇ ਦਰਜ ਹਨ। ਪੁਲਿਸ ਨੇ ਤਾਜ਼ਾ ਪਰਚਾ ਕਿਸੇ ਦੀ ਸ਼ਿਕਾਇਤ 'ਤੇ ਨਹੀਂ, ਸਗੋਂ ਮੁਖ਼ਬਰੀ ਦੇ ਆਧਾਰ ਉਤੇ ਦਰਜ ਕੀਤਾ ਹੈ।

# ਅਧਿਆਪਕ ਤੋਂ ਤੰਗ ਦਸਵੀਂ ਦੀ ਵਿਦਿਆਰਥਣ ਨੇ ਲਿਆ ਫਾਹਾ

**ਜਲੰਧਰ:** ਸਥਾਨਕ ਕਾਲਜ ਵੱਲੋਂ ਚਲਾਏ ਜਾਂਦੇ ਸੰਸਕ੍ਰਿਤੀ ਸਕੂਲ 'ਚ ਦਸਵੀਂ ਜਮਾਤ ਦੀ ਵਿਦਿਆਰਥਣ ਨੇ ਅਧਿਆਪਕ ਤੋਂ ਤੰਗ ਆ ਕੇ ਪੱਖੇ ਨਾਲ ਫਾਹਾ ਲੈ ਲਿਆ। ਮ੍ਰਿਤਕਾ ਕੋਲੋਂ ਮਿਲੇ ਤਿੰਨ ਸਫ਼ਿਆਂ ਦੇ ਖੁਦਕੁਸ਼ੀ ਨੋਟ ਵਿਚ ਉਸ ਨੇ ਗਣਿਤ ਦੇ ਅਧਿਆਪਕ ਨਰੇਸ਼ ਕਪੂਰ ਉਪਰ ਬਿਨਾਂ ਵਜ੍ਹਾ ਤੰਗ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਜਦੋਂ ਲੜਕੀ ਦਾ ਪਿਤਾ ਸਵੇਰ ਦੀ ਸੈਰ ਕਰਕੇ ਘਰ ਵਾਪਸ ਆਇਆ। ਲੜਕੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ।

ਪੁਲਿਸ ਅਧਿਆਪਕ ਨਰੇਸ਼ ਕਪੂਰ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪੀੜਤਾ ਨੇ ਖੁਦਕੁਸ਼ੀ ਦਾ ਮੁੱਖ ਕਾਰਨ ਅਧਿਆਪਕ ਨਰੇਸ਼ ਕਪੂਰ ਵੱਲੋਂ ਉਸ ਖਿਲਾਫ ਭੱਦੀਆਂ ਟਿੱਪਣੀਆਂ ਕਰਨਾ ਦੱਸਿਆ ਹੈ। ਨੋਟ ਵਿਚ ਇਹ ਵੀ ਲਿਖਿਆ ਹੈ ਕਿ ਜਦੋਂ ਉਹ ਘਰੋਂ ਲੜ ਕੇ ਵੀ ਆਉਂਦਾ ਸੀ ਤਾਂ ਵੀ ਆਪਣਾ ਗੁੱਸਾ ਉਸ 'ਤੇ ਕੱਢਦਾ ਸੀ। ਇਸ ਕਰਕੇ ਉਹ ਨਰੇਸ਼ ਕਪੂਰ ਨੂੰ ਨਫਰਤ ਕਰਦੀ ਸੀ। ਉਹ ਦੂਜੇ ਬੱਚਿਆਂ ਨੂੰ ਵੀ ਡਰਾਉਂਦਾ ਸੀ ਤੇ ਬੱਚਿਆਂ ਦੀ ਕੁੱਟਮਾਰ ਕਰਦਾ ਸੀ। ਇਸ ਡਰ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਾ ਦੇਖ ਕੇ ਖੁਦਕੁਸ਼ੀ ਕਰਨ ਦਾ ਫੈਸਲਾ ਕੀਤਾ। ਨੋਟ ਦੇ ਅਖੀਰ ਵਿਚ ਪੈਨਸਿਲ ਨਾਲ ਉਸ ਨੇ ਰੋਣ ਵਰਗਾ ਇਕ ਚਿਹਰਾ ਵੀ ਬਣਾਇਆ ਹੋਇਆ ਸੀ ਤੇ ਨਾਲ ਹੀ ਅਲਵਿਦਾ ਲਿਖਿਆ ਹੋਇਆ ਸੀ। ਸਕੂਲ ਦੀ ਪ੍ਰਿੰਸੀਪਲ ਰਚਨਾ ਮੋਂਗਾ ਨੇ ਕਿਹਾ ਕਿ ਖੁਦਕੁਸ਼ੀ ਦਾ ਕਾਰਨ ਪ੍ਰੀਖਿਆ ਦਾ ਤਣਾਅ ਵੀ ਹੋ ਸਕਦਾ ਹੈ।

# ਖੇਤੀ ਖੇਤਰ ਨੂੰ ਲੀਹ 'ਤੇ ਲਿਆਉਣ 'ਚ ਨਾਕਾਮ ਰਹੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਦੋ ਵਰ੍ਹੇ ਪਹਿਲਾਂ ਸੱਤਾ ਵਿਚ ਆਈ ਕਾਂਗਰਸ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਨੂੰ ਰਿਝਾਉਣ ਲਈ ਕਈ ਵਾਅਦੇ-ਦਾਅਵੇ ਕੀਤੇ ਸਨ, ਪਰ ਸਰਕਾਰ ਬਣਨ ਤੋਂ ਬਾਅਦ ਖੇਤੀ ਖੇਤਰ ਨੂੰ ਲੀਹ 'ਤੇ ਲਿਆਉਣ ਲਈ ਕੋਈ ਕਾਰਗਰ ਯੋਜਨਾ ਸ਼ੁਰੂ ਕੀਤੀ ਨਜ਼ਰ ਨਹੀਂ ਆ ਰਹੀ। ਦਸ ਹਜ਼ਾਰ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਗੰਨਾ ਉਤਪਾਦਕਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪਿਆ ਹੈ ਤੇ ਝੋਨਾ ਵੇਚਣ ਲਈ ਵੀ ਮੰਡੀਆਂ 'ਚ ਅੰਨਦਾਤਾ ਖੁਆਰ ਹੁੰਦਾ ਰਿਹਾ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਨ ਮੌਕੇ 1,500 ਕਰੋੜ ਰੁਪਏ ਕਰਜ਼ਾ ਮੁਆਫੀ ਲਈ ਰੱਖਣ ਦਾ ਐਲਾਨ ਕੀਤਾ ਸੀ, ਪਰ ਮਾਲੀ ਸੰਕਟ ਕਾਰਨ ਖ਼ਜ਼ਾਨੇ ਵਿਚੋਂ ਕਰਜ਼ਾ ਮੁਆਫੀ ਲਈ ਪੈਸਾ ਜਾਰੀ ਨਹੀਂ ਹੋ ਸਕਿਆ। ਸਰਕਾਰ ਨੇ ਮਾਰਕੀਟ ਫੀਸ ਤੇ ਦਿਹਾਤੀ ਵਿਕਾਸ ਫੰਡ ਦਾ ਸੈੱਸ ਵਧਾ ਕੇ ਪੈਸਾ ਇਕੱਤਰ ਕਰਨ ਦਾ ਜੁਗਾੜ ਕੀਤਾ ਤੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਨਿਭਾਉਣ ਦੇ ਯਤਨ ਕੀਤੇ। ਕਿਸਾਨੀ ਕਰਜ਼ੇ ਸਬੰਧੀ ਹੋਏ ਸਰਵੇਖਣਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਕਿਸਾਨਾਂ ਸਿਰ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਮੁੱਚਾ ਕਰਜ਼ਾ (ਬੈਂਕਾਂ ਤੇ ਆੜ੍ਹਤੀਆਂ ਦਾ) ਮੁਆਫ ਕਰਨ ਦਾ ਐਲਾਨ ਕੀਤਾ ਸੀ ਤੇ ਹੁਣ ਤੱਕ 4,516 ਕਰੋੜ ਰੁਪਏ ਹੀ ਮੁਆਫ ਕੀਤੇ ਗਏ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਅਗਲੇ ਹਫਤੇ ਪੇਸ਼ ਕੀਤੇ ਜਾਣ ਵਾਲੇ ਤੀਜੇ ਬਜਟ ਤੋਂ ਕਿਸਾਨਾਂ ਨੂੰ ਕਾਫੀ ਉਮੀਦਾਂ ਹਨ, ਪਰ ਜੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਖੇਤੀ ਖੇਤਰ ਨੂੰ ਕੋਈ ਬਹੁਤਾ ਲਾਭ ਨਹੀਂ ਮਿਲਿਆ। ਕੌਮੀ ਅੰਨ ਸੁਰੱਖਿਆ ਮਿਸ਼ਨ ਅਤੇ ਹੋਰਨਾਂ ਕੇਂਦਰੀ ਸਕੀਮਾਂ ਲਈ ਸਰਕਾਰ ਨੇ ਪੈਸਾ ਜਾਰੀ ਹੀ ਨਹੀਂ ਕੀਤਾ।

ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਰੀਆਂ ਸਕੀਮਾਂ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਪੈਸੇ ਵਿਚੋਂ ਦਸੰਬਰ 2018 ਤੱਕ 89 ਕਰੋੜ ਰੁਪਏ ਜਾਰੀ ਨਹੀਂ ਕੀਤੇ ਗਏ। ਇਸੇ ਤਰ੍ਹਾਂ ਰਾਜ ਸਰਕਾਰ ਵੱਲੋਂ ਪਾਏ ਜਾਣ ਵਾਲੇ ਹਿੱਸੇ ਵਿਚੋਂ ਵੀ 167 ਕਰੋੜ ਰੁਪਏ ਜਾਰੀ ਕੀਤੇ ਜਾਣ ਬਾਰੇ ਸਵਾਲੀਆ ਨਿਸ਼ਾਨ ਲੱਗਾ ਹੋਇਆ ਹੈ। ਵਿਭਾਗੀ ਅਧਿਕਾਰੀਆਂ ਦਾ ਦੱਸਣਾ ਹੈ ਕਿ 2017-2018 ਦੌਰਾਨ ਕੈਪਟਨ ਸਰਕਾਰ ਵੱਲੋਂ ਮੰਦਹਾਲੀ ਦੇ ਦੌਰ ਕਾਰਨ ਖੇਤੀ ਖੇਤਰ ਲਈ ਹੱਥ ਘੁੱਟ ਲਿਆ ਗਿਆ ਹੈ ਤੇ ਸੂਬੇ ਦੇ ਹਿੱਸੇ ਦੇ 87.61 ਕਰੋੜ ਰੁਪਏ ਜਾਰੀ ਕਰਨ ਦੀ ਥਾਂ 6.7 ਕਰੋੜ ਰੁਪਏ ਹੀ ਜਾਰੀ ਕੀਤੇ ਗਏ ਹਨ। ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਦੀ ਰਾਸ਼ੀ ਸਮੇਂ ਸਿਰ ਜਾਰੀ ਨਾ ਕਰਨ ਕਰ ਕੇ ਕੇਂਦਰ ਅਗਲੇ ਵਿੱਤੀ ਵਰ੍ਹੇ ਦੀਆਂ ਗਰਾਂਟਾਂ ਵੀ ਸਮੇਂ ਸਿਰ ਨਹੀਂ ਦਿੰਦਾ। ਮਿਸਾਲ ਵਜੋਂ ਸੂਬਾ ਸਰਕਾਰ ਨੂੰ ਭਾਰਤ ਸਰਕਾਰ ਨੇ ਸਾਲ 2018-2019 ਲਈ 211 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਪ੍ਰਵਾਨਗੀ ਦਿੰਦਿਆਂ 60:40 ਦੇ ਹਿਸਾਬ ਨਾਲ ਯੋਜਨਾ ਨੂੰ ਹਰੀ ਝੰਡੀ ਦੇ ਦਿੱਤੀ ਸੀ।

ਪੰਜਾਬ ਸਰਕਾਰ ਵੱਲੋਂ ਕਿਉਂਕਿ ਸਾਲ 2017-2018 ਦੌਰਾਨ ਹੀ ਆਪਣੇ ਹਿੱਸੇ ਦਾ ਪੈਸਾ ਜਾਰੀ ਨਹੀਂ ਸੀ ਕੀਤਾ ਗਿਆ, ਇਸ ਲਈ ਚਲੰਤ ਮਾਲੀ ਸਾਲ ਦੌਰਾਨ ਕੇਂਦਰ ਸਰਕਾਰ ਵੱਲੋਂ ਨਵੰਬਰ ਮਹੀਨੇ ਵਿਚ 44 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਕੇਂਦਰ ਸਰਕਾਰ ਦੀਆਂ ਖੇਤੀ ਖੇਤਰ ਲਈ ਦੋ ਵੱਡੀਆਂ ਯੋਜਨਾਵਾਂ ਕੌਮੀ ਖੇਤੀ ਵਿਕਾਸ ਯੋਜਨਾ ਅਤੇ ਕੌਮੀ ਅੰਨ ਸੁਰੱਖਿਆ ਮਿਸ਼ਨ ਤਹਿਤ ਕੇਂਦਰ ਸਰਕਾਰ ਵੱਲੋਂ ਮੈਚਿੰਗ ਗਰਾਂਟ ਦੇ ਆਧਾਰ 'ਤੇ ਪੈਸਾ ਜਾਰੀ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਵੱਲੋਂ ਇਨ੍ਹਾਂ ਯੋਜਨਾਵਾਂ ਵਿਚੋਂ ਹੀ ਕਿਸਾਨਾਂ ਨੂੰ ਸਬਸਿਡੀ ਉਤੇ ਬੀਜ ਸਪਲਾਈ ਕਰਨਾ, ਸਬਸਿਡੀ 'ਤੇ ਕੀਟਨਾਸ਼ਕ ਜਾਂ ਨਦੀਨਨਾਸ਼ਕ ਦਵਾਈਆਂ ਦੀ ਸਪਲਾਈ ਦੇਣਾ, ਖੇਤੀ ਮਸ਼ੀਨਰੀ ਉਤੇ ਸਬਸਿਡੀ ਦੇਣਾ ਆਦਿ ਸ਼ਾਮਲ ਹੈ। ਇਕ ਸਕੀਮ ਬਾਗ਼ਬਾਨੀ ਬਾਰੇ ਵੀ ਹੈ। ਬਾਗਵਾਨੀ ਨੂੰ ਉਤਸ਼ਾਹਿਤ ਕਰਨ ਲਈ ਕੌਮੀ ਬਾਗਵਾਨੀ ਮਿਸ਼ਨ ਵੀ ਭਾਰਤ ਸਰਕਾਰ ਦੀ ਹੀ ਯੋਜਨਾ ਹੈ। ਕਿਸਾਨਾਂ ਨੂੰ ਜਾਗਰੂਕ ਕਰਨ ਅਤੇ ਸਹਾਇਤਾ ਲਈ ਪ੍ਰਦਰਸ਼ਨੀ ਪਲਾਂਟ ਅਤੇ ਖੇਤੀ ਬਾੜੀ ਸਬੰਧੀ ਗਿਆਨ ਦੇਣ ਲਈ ਬਲਾਕ ਪੱਧਰ 'ਤੇ ਕੈਂਪ ਲਾਉਣ ਲਈ ਸਟੇਟ ਐਕਸਟੈਂਸ਼ਨ ਪ੍ਰੋਗਰਾਮ ਤਹਿਤ ਵੀ ਪੈਸਾ ਦਿੱਤਾ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਯੋਜਨਾ ਤਹਿਤ ਸਾਲ 2016-2017 ਵਿਚ ਧੇਲਾ ਵੀ ਜਾਰੀ ਨਹੀਂ ਕੀਤਾ ਗਿਆ ਜਦਕਿ 2016-2017 ਅਤੇ 2017-2018 ਦੌਰਾਨ ਕੇਂਦਰ ਨੇ ਇਸ ਯੋਜਨਾ ਤਹਿਤ 23 ਕਰੋੜ ਰੁਪਏ ਦੀ ਗਰਾਂਟ ਭੇਜੀ ਸੀ। ਇਸ ਵਿਚੋਂ ਇਸ ਸਾਲ 12 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤੇ ਰਾਜ ਸਰਕਾਰ ਨੇ ਹੋਰਨਾਂ ਯੋਜਨਾਵਾਂ ਵਾਂਗ ਆਪਣੇ ਹਿੱਸੇ ਦੀ ਰਾਸ਼ੀ ਦਾ ਯੋਗਦਾਨ ਨਹੀਂ ਪਾਇਆ।

## ਬੇਰੁਜ਼ਗਾਰਾਂ ਲਈ ਰੁਜ਼ਗਾਰ ਦੀ ਉਡੀਕ ਹੋਈ ਲੰਬੀ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਤੋਂ ਫਾਰਮ ਭਰਵਾ ਕੇ ਘਰ-ਘਰ ਰੁਜ਼ਗਾਰ ਦੇਣ ਤੇ ਰੁਜ਼ਗਾਰ ਨਾ ਮਿਲਣ ਤੱਕ 2500 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਸੀ। ਲਗਭਗ ਦੋ ਸਾਲ ਬਾਅਦ ਵੀ ਇਹ ਵਾਅਦਾ ਹਵਾ ਵਿਚ ਲਟਕਦਾ ਨਜ਼ਰ ਆ ਰਿਹਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੀ ਚੋਣ ਮੁਹਿੰਮ ਦੌਰਾਨ ਨੌਜਵਾਨਾਂ ਨੇ 13.27 ਲੱਖ ਫਾਰਮ ਭਰ ਕੇ ਦਿੱਤੇ ਸਨ। ਇਨ੍ਹਾਂ ਨੂੰ ਰੁਜ਼ਗਾਰ ਤਾਂ ਦੂਰ 2500 ਰੁਪਏ ਬੇਰੁਜ਼ਗਾਰੀ ਭੱਤੇ ਦੀ ਗੱਲ ਵੀ ਚਰਚਾ 'ਚ ਦਿਖਾਈ ਨਹੀਂ ਦਿੰਦੀ। ਪੰਜਾਬ 'ਚ ਰੁਜ਼ਗਾਰ ਪੈਦਾ ਕਰਨ ਅਤੇ ਸਿਖਲਾਈ ਲਈ ਵਿਭਾਗ ਤਾਂ ਹੈ ਪਰ ਉਸ ਕੋਲ ਬੇਰੁਜ਼ਗਾਰੀ ਦੇ ਅੰਕੜੇ ਸਹੀ ਰੂਪ ਵਿਚ ਨਹੀਂ ਹਨ।

## ਸਹੂਲਤਾਂ ਖੋਹਣ 'ਤੇ ਕੈਪਟਨ ਸਰਕਾਰ ਤੋਂ ਬਦਲਾ ਲੈਣ ਪੰਜਾਬੀ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਅਕਾਲੀ ਸਰਕਾਰ ਵੇਲੇ ਜਾਰੀ ਸਹੂਲਤਾਂ ਨੂੰ ਬੰਦ ਕਰ ਕੇ ਕੈਪਟਨ ਸਰਕਾਰ ਨਿਕੰਮੀ ਸਰਕਾਰ ਸਾਬਤ ਹੋਈ ਹੈ। ਇਸ ਕਰਕੇ ਸੂਬਾ ਵਾਸੀਆਂ ਨੂੰ ਰਾਜੇ ਤੋਂ ਬਦਲਾ ਲੈਣਾ ਚਾਹੀਦਾ ਹੈ। ਸੁਖਬੀਰ ਨੇ ਵਰਕਰਾਂ ਨੂੰ ਅਕਾਲੀ ਦਲ ਪ੍ਰਤੀ ਉਤਸ਼ਾਹਿਤ ਕਰਨ ਲਈ ਪੂਰੀ ਵਾਹ ਲਾਈ। ਉਨ੍ਹਾਂ ਆਖਿਆ ਕਿ ਪੰਜਾਬ 'ਚ ਜਿਹੜੇ ਵੀ ਅਹਿਮ ਵਿਕਾਸ ਪ੍ਰੋਜੈਕਟ ਹਨ ਉਹ ਸਾਰੇ ਅਕਾਲੀ ਸਰਕਾਰਾਂ ਦੀ ਦੇਣ ਹਨ। ਉਨ੍ਹਾਂ ਆਖਿਆ ਕਿ ਪਿਛਲੀ ਬਾਦਲ ਸਰਕਾਰ ਨੇ ਜਨਤਾ ਦੀ ਸਹੂਲਤ ਲਈ ਵੱਖ ਵੱਖ ਸਕੀਮਾਂ ਤੇ ਪ੍ਰੋਜੈਕਟ ਲਿਆਂਦੇ ਸਨ ਪਰ ਕੈਪਟਨ ਸਰਕਾਰ ਨੇ ਸਾਰੇ ਬੰਦ ਕਰ ਦਿੱਤੇ ਹਨ।

## ਪੰਜਾਬ ਸਰਕਾਰ ਨੇ ਬੱਸ ਕਿਰਾਇਆ ਘਟਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਬੱਸਾਂ ਵਿਚ ਸਫਰ ਕਰਨ ਵਾਲਿਆਂ ਨੂੰ ਵੱਡੀ ਰਾਹਤ ਦਿੰਦਿਆਂ ਬੱਸ ਕਿਰਾਇਆ 8 ਪੈਸੇ ਪ੍ਰਤੀ ਕਿਲੋਮੀਟਰ ਤੋਂ ਲੈ ਕੇ 16 ਪੈਸੇ ਪ੍ਰਤੀ ਕਿਲੋਮੀਟਰ ਤੱਕ ਘਟਾਉਣ ਦਾ ਫੈਸਲਾ ਕੀਤਾ ਗਿਆ ਹੈ। ਸੂਬੇ ਦੀ ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ ਨੇ ਦੱਸਿਆ ਕਿ ਸਾਧਾਰਨ ਬੱਸ ਤੋਂ ਵੋਲਵੋ ਬੱਸ ਤੱਕ 8 ਪੈਸੇ ਪ੍ਰਤੀ ਕਿਲੋਮੀਟਰ ਤੋਂ ਲੈ ਕੇ 16 ਪੈਸੇ ਪ੍ਰਤੀ ਕਿਲੋਮੀਟਰ ਕਿਰਾਇਆ ਘਟਾਇਆ ਗਿਆ ਹੈ, ਜਿਸ ਸਬੰਧੀ ਟਰਾਂਸਪੋਰਟ ਵਿਭਾਗ ਵੱਲੋਂ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਅਤੇ ਇਹ ਫੈਸਲਾ ਤੁਰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਸਾਧਾਰਨ ਬੱਸ ਦਾ ਕਿਰਾਇਆ ਪ੍ਰਤੀ ਸਵਾਰੀ 8 ਪੈਸੇ ਘਟਾਉਂਦਿਆਂ 117 ਪੈਸੇ ਤੋਂ 109 ਪੈਸੇ ਪ੍ਰਤੀ ਕਿਲੋਮੀਟਰ ਕੀਤਾ ਗਿਆ ਹੈ।

ਇਸੇ ਤਰ੍ਹਾਂ ਸਾਧਾਰਨ ਐਚਵੀ ਏਸੀ ਬੱਸ ਦਾ ਕਿਰਾਇਆ 9.60 ਪੈਸੇ ਘਟਾਉਂਦਿਆਂ 140.40 ਪੈਸੇ ਤੋਂ 130.80 ਪੈਸੇ ਪ੍ਰਤੀ ਕਿਲੋਮੀਟਰ, ਇੰਟੈਗਰਲ ਕੋਚ ਦਾ ਕਿਰਾਇਆ 14.40 ਪੈਸੇ ਘਟਾਉਂਦਿਆਂ 210.60 ਪੈਸੇ ਤੋਂ 196.20 ਪੈਸੇ ਪ੍ਰਤੀ ਕਿਲੋਮੀਟਰ ਅਤੇ ਸੁਪਰ ਇੰਟੈਗਰਲ ਕੋਚ ਦਾ ਕਿਰਾਇਆ 16 ਪੈਸੇ ਘਟਾਉਂਦਿਆਂ 234 ਪੈਸੇ ਤੋਂ 218 ਪੈਸੇ ਪ੍ਰਤੀ ਕਿਲੋਮੀਟਰ ਕੀਤਾ ਗਿਆ ਹੈ।

# ਮੀਂਹ ਤੇ ਗੜੇਮਾਰੀ ਨੇ ਝੰਬੇ ਪੰਜਾਬ ਦੇ ਕਿਸਾਨ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ 'ਚ ਮੀਂਹ ਤੇ ਗੜੇਮਾਰੀ ਨਾਲ ਕਿਸਾਨਾਂ ਦੀਆਂ ਫਸਲਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਕਣਕ ਅਤੇ ਹਾੜ੍ਹ ਦੀ ਫਸਲ ਦੇ ਖੇਤ ਪਾਣੀ ਨਾਲ ਨੱਕੋ-ਨੱਕ ਭਰੇ ਪਏ ਹਨ, ਜਿਸ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰੀ ਮੀਂਹ ਅਤੇ ਗੜੇਮਾਰੀ ਕਾਰਨ ਨੁਕਸਾਨੀਆਂ ਗਈਆਂ ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਤੇਜ਼ ਗੜੇਮਾਰੀ ਨਾਲ ਧਰਤੀ 'ਤੇ ਬਰਫ ਦੀ ਚਿੱਟੀ ਚਾਦਰ ਵਿਛ ਗਈ। ਹੁਸ਼ਿਆਰਪੁਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਆਲੂਆਂ ਦੀ ਫਸਲ ਨੂੰ ਭਾਰੀ ਨੁਕਸਾਨ ਪੁੱਜਾ ਹੈ।

ਜ਼ਿਲ੍ਹੇ 'ਚ 52 ਐਮ.ਐਮ. ਮੀਂਹ ਰਿਕਾਰਡ ਕੀਤਾ ਗਿਆ। ਰੁਕ-ਰੁਕ ਕੇ ਪਏ ਮੀਂਹ ਕਾਰਨ ਨੀਵੇਂ ਖੇਤ ਪਾਣੀ ਨਾਲ ਨੱਕੋ-ਨੱਕ ਭਰ ਗਏ। ਪਹਿਲਾਂ ਹੀ ਆਰਥਿਕ ਤੰਗੀ ਦੀ ਮਾਰ ਝੱਲ ਰਹੇ ਕਿਸਾਨਾਂ ਲਈ ਰਾਹਤ ਦੇ ਨਾਲ-ਨਾਲ ਇਸ ਮੀਂਹ ਨੇ ਮੁਸ਼ਕਲਾਂ 'ਚ ਹੋਰ ਵੀ ਵਾਧਾ ਕਰ ਦਿੱਤਾ। ਗੁਰਦਾਸਪੁਰ ਜਿਥੇ ਆਮ ਜਨਜੀਵਨ ਨੂੰ ਨੁਕਸਾਨ ਪਹੁੰਚਿਆ ਹੈ, ਉਥੇ ਫਸਲਾਂ ਅਤੇ ਸਬਜ਼ੀਆਂ ਦਾ ਵੀ ਨੁਕਸਾਨ ਹੋਇਆ ਹੈ। ਮੀਂਹ ਕਾਰਨ ਸਬਜ਼ੀਆਂ ਦੀ ਕਾਸ਼ਤ 'ਚ ਹੋਰ ਦੇਰੀ ਹੋਣ ਦੀ ਸੰਭਾਵਨਾ ਹੈ। ਰਾਜਮਾਂਹ, ਮੱਕੀ, ਸੂਰਜਮੁਖੀ ਸਮੇਤ ਵੇਲਾਂ ਨੂੰ ਲੱਗਣ ਵਾਲੀਆਂ ਸਬਜ਼ੀਆਂ ਦੀ ਕਾਸ਼ਤ 'ਚ ਵੀ ਦੇਰੀ ਹੋਵੇਗੀ। ਸਭ ਤੋਂ ਵੱਧ ਨੁਕਸਾਨ ਗੰਨਾ ਕਾਸ਼ਤਕਾਰਾਂ ਨੂੰ ਹੋਣ ਦੀ ਸੰਭਾਵਨਾ ਹੈ, ਕਿਉਂਕਿ ਮੀਂਹ ਅਤੇ ਗੜੇਮਾਰੀ ਕਾਰਨ ਜਿਥੇ ਗੰਨੇ ਦੀ ਛਿਲਾਈ ਹੋਣ ਵਿਚ ਰੁਕਾਵਟ ਬਣੇਗੀ, ਉਥੇ ਖੇਤ ਪੋਲੇ ਹੋ ਜਾਣ ਕਾਰਨ ਕਿਸਾਨਾਂ ਨੂੰ ਟਰੈਕਟਰ-ਟਰਾਲੀ ਖੇਤਾਂ ਵਿਚ ਲਿਜਾਉਣ ਲਈ ਵੀ ਮੁਸ਼ਕਿਲ ਆਵੇਗੀ।

ਪਿੰਡ ਮਗਰਮੂਧੀਆਂ, ਸੱਦਾ, ਸੇਖਾ, ਦੋਰਾਂਗਲਾ, ਮੰਦੇਪੁਰ ਤੋਂ ਅੱਗੇ ਪਿੰਡ ਚੱਗੂਵਾਲ ਤੱਕ ਪੈਂਦੀਆਂ ਹਜ਼ਾਰਾਂ ਏਕੜ ਨੀਵੀਆਂ ਜ਼ਮੀਨਾਂ 'ਚ ਪਾਣੀ ਖੜ੍ਹਨ ਕਾਰਨ ਪਹਿਲਾਂ ਹੀ ਕਣਕ ਪੀਲੀ ਹੋ ਚੁੱਕੀ ਹੈ ਪਰ ਹੁਣ ਉੱਪਰੋਂ ਪਏ ਭਾਰੀ ਮੀਂਹ ਨਾਲ ਕਣਕਾਂ ਪਾਣੀ 'ਚ ਪੂਰੀ ਤਰ੍ਹਾਂ ਡੁੱਬ ਚੁੱਕੀਆਂ ਹਨ। ਚੰਡੀਗੜ੍ਹ ਸ਼ਹਿਰ ਦੇ ਕੁਝ ਹਿੱਸਿਆਂ 'ਚ ਗੜੇਮਾਰੀ ਵੀ ਹੋਈ ਜਿਸ ਕਾਰਨ ਤਾਪਮਾਨ 'ਚ 7 ਡਿਗਰੀ ਗਿਰਾਵਟ ਦਰਜ ਕੀਤੀ ਗਈ ਹੈ। ਖੰਨਾ, ਸਮਰਾਲਾ, ਮਾਛੀਵਾੜਾ, ਦੋਰਾਹਾ, ਪਾਇਲ, ਮਲੌਦ, ਰਾੜਾ ਸਾਹਿਬ, ਬੀਜਾ, ਜੌੜੇਪੁਲ ਜਰਗ, ਕੁਹਾੜਾ ਆਦਿ 'ਚ ਬਰਸਾਤ ਨੇ ਲੋਕਾਂ ਨੂੰ ਬਹੁਤ ਪਰੇਸ਼ਾਨ ਕੀਤਾ। ਅੰਮ੍ਰਿਤਸਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਕਿਸਾਨਾਂ ਦੇ ਸਾਹ ਸੂਤੇ ਗਏ ਹਨ। ਤਿੰਨ ਸਾਲ ਤੋਂ ਆਲੂਆਂ ਦੇ ਭਾਅ 'ਚ ਆਈ ਮੰਦੀ ਤੇ ਬਾਹਰਲੇ ਰਾਜਾਂ 'ਚ ਆਲੂਆਂ ਦੀ ਮੰਗ ਘਟਣ ਨਾਲ ਪੰਜਾਬ ਖਾਸ ਕਰ ਦੁਆਬਾ ਖੇਤਰ ਦੇ ਆਲੂ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਸਨ, ਪਰ ਹੁਣ ਜਦ ਆਲੂ ਦੀ ਨਵੀਂ ਫਸਲ ਪੁਟਾਈ ਲਈ ਐਨ ਤਿਆਰ ਹੈ ਤਾਂ ਹਫਤੇ ਵਿਚ ਹੀ ਦੂਜੀ ਵਾਰ ਪਏ ਭਾਰੀ ਮੀਂਹ ਤੇ ਗੜੇਮਾਰੀ ਨੇ ਆਲੂਆਂ ਦੀ ਫਸਲ ਦਾ ਵੱਡੀ ਪੱਧਰ 'ਤੇ ਨੁਕਸਾਨ ਕਰ ਦਿੱਤਾ ਹੈ। ਆਲੂ ਉਤਪਾਦਕਾਂ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਪਏ ਮੀਂਹ ਕਾਰਨ ਵੱਟਾਂ 'ਚ ਪਏ ਆਲੂ ਨੰਗੇ ਹੋਣੇ ਸ਼ੁਰੂ ਹੋ ਗਏ ਸਨ, ਪਰ ਹੁਣ ਮੁੜ ਭਾਰੀ ਬਾਰਿਸ਼ ਤੇ ਗੜੇਮਾਰੀ ਕਾਰਨ ਵੱਟਾਂ 'ਚ ਪਈ ਆਲੂ ਦੀ ਫਸਲ ਉਪਰ ਆ ਗਈ ਹੈ ਤੇ ਖੇਤਾਂ ਵਿਚ ਪਾਣੀ ਖੜ੍ਹਨ ਕਾਰਨ ਆਲੂਆਂ ਨੂੰ ਉੱਲੀ ਲੱਗਣ ਦਾ ਖਤਰਾ ਵਧ ਗਿਆ ਹੈ।



## ਮੀਂਹ ਦਾ 50 ਸਾਲ ਦਾ ਰਿਕਾਰਡ ਟੁੱਟਾ

**ਲੁਧਿਆਣਾ:** ਮੋਹਲੇਧਾਰ ਮੀਂਹ ਨਾਲ ਪੰਜਾਬ 'ਚ ਫਰਵਰੀ ਮਹੀਨੇ ਦੇ ਪਹਿਲੇ ਹਫਤੇ ਪੈਣ ਵਾਲੇ ਮੀਂਹ ਦਾ ਪਿਛਲੇ ਲਗਭਗ 50 ਸਾਲਾਂ ਦਾ ਰਿਕਾਰਡ ਟੁੱਟ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੌਸਮ ਵਿਗਿਆਨ ਵਿਭਾਗ ਦੇ ਵਿਗਿਆਨੀ ਡਾ. ਕੇ. ਕੇ. ਗਿੱਲ ਨੇ ਦੱਸਿਆ ਕਿ ਆਮ ਤੌਰ 'ਤੇ ਪੰਜਾਬ ਵਿਚ ਪੂਰੇ ਫਰਵਰੀ ਮਹੀਨੇ ਦੌਰਾਨ 25 ਤੋਂ 35 ਮਿਲੀਮੀਟਰ ਮੀਂਹ ਪੈਂਦਾ ਹੈ ਪਰ ਐਤਕੀਂ 59 ਮਿਲੀਮੀਟਰ ਤੋਂ ਵੱਧ ਮੀਂਹ ਪਿਛਲੇ 24 ਘੰਟਿਆਂ ਦੌਰਾਨ ਹੀ ਲੁਧਿਆਣਾ ਵਿਚ ਦਰਜ ਕੀਤਾ ਗਿਆ ਹੈ ਜੋ ਕਿ ਆਮ ਹਾਲਾਤ ਤੋਂ ਲਗਭਗ ਦੁੱਗਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਦੁਆਬਾ ਅਤੇ ਮਾਝਾ ਖੇਤਰਾਂ ਵਿਚ ਇਸ ਮਹੀਨੇ ਮੀਂਹ ਪੈਣ ਦੀ ਮਾਤਰਾ ਕੁਝ ਵੱਧ ਹੁੰਦੀ ਹੈ ਜਦਕਿ ਮਾਲਵਾ ਖੇਤਰ ਵਿਚ ਮੋਗਾ, ਮੁਕਤਸਰ, ਬਠਿੰਡਾ, ਅਬੋਹਰ ਫਾਜ਼ਿਲਕਾ ਆਦਿ ਇਲਾਕਿਆਂ ਵਿਚ ਮੀਂਹ ਆਮ ਤੌਰ 'ਤੇ ਘੱਟ ਪੈਂਦਾ ਹੈ। ਲੁਧਿਆਣਾ ਵਿਚ 1972 ਤੋਂ ਦਰਜ ਕੀਤੇ ਜਾ ਰਹੇ ਮੀਂਹ ਦੇ ਅੰਕੜਿਆਂ ਵਿਚ ਹੁਣ ਤੱਕ ਕਦੇ ਵੀ ਫਰਵਰੀ ਦੇ ਪਹਿਲੇ ਹਫਤੇ 30 ਮਿਲੀਮੀਟਰ ਤੋਂ ਵੱਧ ਮੀਂਹ ਨਹੀਂ ਪਿਆ।

# ਵਿਧਾਇਕਾਂ ਤੇ ਆਮਦਨ ਕਰ ਦੇਣ ਵਾਲਿਆਂ ਨੂੰ ਨਹੀਂ ਮਿਲੇਗਾ ਕਿਸਾਨ ਯੋਜਨਾ ਦਾ ਲਾਭ

**ਨਵੀਂ ਦਿੱਲੀ:** ਆਮਦਨ ਕਰ ਦੇਣ ਵਾਲੇ ਪਰਿਵਾਰਾਂ, ਮੁਲਾਜ਼ਮਾਂ ਜਾਂ ਸੇਵਾ ਮੁਕਤ ਮੁਲਾਜ਼ਮਾਂ, ਮੌਜੂਦਾ ਜਾਂ ਸਾਬਕਾ ਸੰਸਦ ਮੈਂਬਰਾਂ, ਵਿਧਾਇਕਾਂ ਤੇ ਮੰਤਰੀਆਂ ਨੂੰ ਬਜਟ ਵਿਚ ਐਲਾਨੀ ਛੋਟ ਤੇ ਸੀਮਾਂਤ ਕਿਸਾਨਾਂ ਲਈ 6000 ਰੁਪਏ ਦੀ ਆਮਦਨ ਸਮਰਥਨ ਯੋਜਨਾ ਦਾ ਲਾਭ ਨਹੀਂ ਮਿਲੇਗਾ। ਵਿੱਤ ਮੰਤਰੀ ਪਿਯੂਸ਼ ਗੋਇਲ ਨੇ 2019-20 ਦੇ ਅੰਤਰਿਮ ਬਜਟ ਵਿਚ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀਐਮ- ਕਿਸਾਨ) ਯੋਜਨਾ ਦਾ ਐਲਾਨ ਕੀਤਾ ਹੈ।

ਇਸ ਯੋਜਨਾ ਦਾ ਲਾਭ ਦੋ ਹੈਕਟੇਅਰ ਤੱਕ ਜੋਤ ਵਾਲੇ ਕਿਸਾਨਾਂ ਨੂੰ ਮਿਲੇਗਾ। ਯੋਜਨਾ ਤਹਿਤ 6000 ਰੁਪਏ ਛੋਟੇ ਕਿਸਾਨਾਂ ਦੇ ਖਾਤਿਆਂ ਵਿਚ ਤਿੰਨ ਕਿਸ਼ਤਾਂ ਵਿਚ ਪਾਏ ਜਾਣਗੇ। ਯੋਜਨਾ ਨਾਲ 12 ਕਰੋੜ ਕਿਸਾਨਾਂ ਨੂੰ ਲਾਭ ਪੁੱਜਣ ਦੀ ਉਮੀਦ ਹੈ। ਸਰਕਾਰ ਨੇ ਇਸ 75000 ਕਰੋੜ ਰੁਪਏ ਦੀ ਯੋਜਨਾ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਪੇਸ਼ੇਵਰ ਸੰਸਥਾਵਾਂ ਕੋਲ ਰਜਿਸਟਰਡ ਡਾਕਟਰ, ਇੰਜੀਨੀਅਰ, ਵਕੀਲ, ਚਾਰਟਰਡ ਅਕਾਊਂਟੈਂਟ ਤੇ ਵਾਸਤੂਕਾਰ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰ ਵੀ ਇਸ ਯੋਜਨਾ ਦਾ ਲਾਭ ਲੈਣ ਦੇ ਯੋਗ ਨਹੀਂ ਹੋਣਗੇ। ਦਿਸ਼ਾ-ਨਿਰਦੇਸ਼ਾਂ ਵਿਚ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਅਜਿਹੇ ਕਿਸਾਨ ਪਰਿਵਾਰ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸ ਵਿਚ ਪਤੀ, ਪਤਨੀ ਅਤੇ ਨਾਬਾਲਿਗ ਬੱਚਿਆਂ ਕੋਲ ਸਬੰਧਤ ਸੂਬੇ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਜ਼ਮੀਨ ਰਿਕਾਰਡ ਅਨੁਸਾਰ ਸਮੂਹਿਕ ਢੰਗ ਨਾਲ ਖੇਤੀਯੋਗ ਜ਼ਮੀਨ ਦੋ ਹੈਕਟੇਅਰ ਜਾਂ ਇਸ ਤੋਂ ਘੱਟ ਹੈ। ਇਹ ਵੀ ਦੱਸਿਆ ਗਿਆ ਹੈ ਕਿ ਜ਼ਮੀਨ ਸੀਮਾ ਪੂਰੀ ਕਰਨ ਦੇ ਬਾਵਜੂਦ ਕਈ ਵਰਗਾਂ ਦੇ ਲੋਕ ਇਸ ਯੋਜਨਾ ਦਾ ਲਾਭ ਲੈਣ ਦੇ ਯੋਗ ਨਹੀਂ ਹੋਣਗੇ। ਇਸ ਯੋਜਨਾ ਤਹਿਤ ਸਰਕਾਰ ਪਹਿਲੀ ਕਿਸ਼ਤ 31 ਮਾਰਚ ਤੋਂ ਪਹਿਲਾਂ ਜਾਰੀ ਕਰੇਗੀ। ਸੰਸਥਾਗਤ ਜ਼ਮੀਨ ਦੇ ਮਾਲਕਾਂ ਨੂੰ ਵੀ ਲਾਭਪਾਤਰੀਆਂ ਦੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਜੇਕਰ ਕਿਸੇ ਕਿਸਾਨ ਪਰਿਵਾਰ ਦੇ ਇੱਕ ਜਾਂ ਵੱਧ ਮੈਂਬਰ, ਕਿਸੇ ਸੰਸਥਾਗਤ ਅਹੁਦੇ ਉੱਤੇ ਪਹਿਲਾਂ ਜਾਂ ਮੌਜੂਦਾ ਸਮੇਂ ਕੰਮ ਕਰ ਰਹੇ ਹੋਣ, ਮੌਜੂਦਾ ਜਾਂ ਸਾਬਕਾ ਮੰਤਰੀ, ਰਾਜ ਮੰਤਰੀ, ਲੋਕ ਸਭਾ-ਰਾਜ ਸਭਾ, ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦੇ ਸਾਬਕਾ ਜਾਂ ਮੌਜੂਦਾ ਮੈਂਬਰ, ਨਗਰ ਨਿਗਮਾਂ ਦੇ ਸਾਬਕਾ ਜਾਂ ਮੌਜੂਦਾ ਮੇਅਰ ਤੇ ਜ਼ਿਲ੍ਹਾ ਪੰਚਾਇਤਾਂ ਦੇ ਮੌਜੂਦਾ ਜਾਂ ਸਾਬਕਾ ਚੇਅਰਪਰਸਨ, ਦੀ ਸ਼੍ਰੇਣੀ ਵਿਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਵੀ ਇਸ ਯੋਜਨਾ ਦਾ ਲਾਭ ਨਹੀਂ ਮਿਲੇਗਾ। ਇਸ ਤੋਂ ਇਲਾਵਾ ਕੇਂਦਰ ਤੇ ਰਾਜ ਸਰਕਾਰਾਂ ਦੇ ਮੌਜੂਦਾ ਜਾਂ ਸੇਵਾ ਮੁਕਤ ਮੁਲਾਜ਼ਮਾਂ ਤੋਂ ਇਲਾਵਾ ਸਥਾਨਕ ਸੰਸਥਾਵਾਂ ਦੇ ਰੈਗੂਲਰ ਮੁਲਾਜ਼ਮਾਂ (ਇਸ ਵਿਚ ਮਲਟੀ ਟਾਸਕਿੰਗ ਮੁਲਾਜ਼ਮ ਸ਼੍ਰੇਣੀ ਚਾਰ ਸਮੂਹ ਡੀ ਦੇ ਮੁਲਾਜ਼ਮ ਸ਼ਾਮਲ ਨਹੀਂ ਹਨ) ਨੂੰ ਵੀ ਇਸ ਯੋਜਨਾ ਦਾ ਲਾਭ ਨਹੀਂ ਮਿਲ ਸਕੇਗਾ। ਅਜਿਹੇ ਸੇਵਾ ਮੁਕਤ ਮੁਲਾਜ਼ਮ ਜਾਂ ਪੈਨਸ਼ਨਰ ਜਿਨ੍ਹਾਂ ਦੀ ਮਹੀਨਾਵਾਰ ਪੈਨਸ਼ਨ 10000 ਰੁਪਏ ਜਾਂ ਵੱਧ ਹੈ, ਨੂੰ ਵੀ ਇਸ ਯੋਜਨਾ ਦਾ ਲਾਭ ਨਹੀਂ ਮਿਲੇਗਾ। ਇਸ ਵਿਚ ਵੀ ਮਲਟੀ ਟਾਸਕਿੰਗ ਮੁਲਾਜ਼ਮ ਸ਼੍ਰੇਣੀ ਚਾਰ ਸਮੂਹ ਡੀ ਦੇ ਮੁਲਾਜ਼ਮ ਸ਼ਾਮਲ ਨਹੀਂ ਹਨ। ਹਾਲਾਂਕਿ ਇਸ ਯੋਜਨਾ ਦਾ ਲਾਭ ਉਨ੍ਹਾਂ ਸਾਰੇ ਲੋਕਾਂ ਨੂੰ ਨਹੀਂ ਮਿਲੇਗਾ ਜਿਨ੍ਹਾਂ ਪਿਛਲੇ ਸਾਲ ਆਮਦਨ ਟੈਕਸ ਭਰਿਆ ਹੈ।

## ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਰਾਜੋਆਣਾ ਨਾਲ ਮੁਲਾਕਾਤ

**ਪਟਿਆਲਾ:** ਕੇਂਦਰੀ ਜੇਲ੍ਹ ਪਟਿਆਲਾ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬਲਵੰਤ ਸਿੰਘ ਰਾਜੋਆਣਾ




ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਭਾਈ ਰਾਜੋਆਣਾ ਨਾਲ ਪੰਥਕ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਤੇ ਉਨ੍ਹਾਂ ਭਾਈ ਰਾਜੋਆਣਾ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਕੇਸ ਮਜ਼ਬੂਤੀ ਨਾਲ ਲੜਿਆ ਜਾਵੇਗਾ।

ਇਸ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਭਾਈ ਰਾਜੋਆਣਾ ਵੱਲੋਂ ਉਨ੍ਹਾਂ ਸੱਦਣ ਉਪਰੰਤ ਉਹ ਕੇਂਦਰੀ ਜੇਲ੍ਹ ਪਟਿਆਲਾ 'ਚ ਮੁਲਾਕਾਤ ਕਰਨ ਪੁੱਜੇ। ਉਨ੍ਹਾਂ ਦੱਸਿਆ ਇਹ ਬੈਠਕ ਦੌਰਾਨ ਲਗਭਗ ਇਕ ਘੰਟਾ ਗੱਲਬਾਤ ਹੋਈ। ਜਿਸ ਦੌਰਾਨ ਉਨ੍ਹਾਂ ਨੇ ਭਾਈ ਰਾਜੋਆਣਾ ਦੇ ਸੰਘਰਸ਼ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਸਿੱਖ ਕੌਮ ਦੇ ਮਸਲਿਆਂ ਨੂੰ ਵਿਚਾਰਿਆ ਗਿਆ।

# ਸਾਲ 2018 ਧਰਤੀ ਦਾ ਚੌਥਾ ਸਭ ਤੋਂ ਗਰਮ ਸਾਲ

**ਨਿਊ ਯਾਰਕ:** ਨਾਸਾ ਅਤੇ ਦਿ ਨੈਸ਼ਨਲ ਓਸ਼ਨਿਕ ਐਂਡ ਐਟਮੌਸਫੇਅਰਿਕ ਐਡਮਨਿਸਟ੍ਰੇਸ਼ਨ (ਐਨ.ਓ.ਏ.ਏ.) ਵੱਲੋਂ ਜਾਰੀ ਰਿਪੋਰਟ ਦੀ ਮੰਨੀਏ ਤਾਂ ਜਦੋਂ ਤੋਂ ਆਲਮੀ ਤਾਪਮਾਨ ਰਿਕਾਰਡ ਕੀਤੇ ਜਾਣ ਦੀ ਸ਼ੁਰੂਆਤ ਹੋਈ ਹੈ ਉਦੋਂ ਤੋਂ ਸਾਲ 2018 ਇਸ ਧਰਤੀ ਦਾ




ਚੌਥਾ ਸਭ ਤੋਂ ਗਰਮ ਸਾਲ ਸੀ। ਰਿਪੋਰਟ ਮੁਤਾਬਕ ਸਾਲਾਨਾ ਤਾਪਮਾਨਾਂ ਦੇ ਔਸਤ ਨਾਲੋਂ ਗਰਮ ਰਹਿਣ ਦਾ ਰੁਝਾਨ ਪਿਛਲੇ ਸਾਲ ਵੀ ਜਾਰੀ ਰਿਹਾ। ਨਾਸਾ ਦੇ ਗੌਡਾਰਡ ਇੰਸਟੀਚਿਊਟ ਆਫ ਸਪੇਸ ਸਟੱਡੀਜ਼ (ਜੀ.ਆਈ.ਐਸ.ਐਸ.) ਦੇ ਵਿਗਿਆਨੀਆਂ ਨੇ ਪਤਾ ਲਾਇਆ ਹੈ ਕਿ ਪਿਛਲੇ ਸਾਲ (2018) ਦਾ ਆਲਮੀ ਤਾਪਮਾਨ, ਸਾਲ 1951 ਤੋਂ 1980 ਦੇ ਤਾਪਮਾਨਾਂ ਦੀ ਔਸਤ ਨਾਲੋਂ 0.83 ਡਿਗਰੀ ਸੈਲਸੀਅਸ ਵਧੇਰੇ ਗਰਮ ਸੀ। ਨਾਸਾ ਨੇ ਇਕ ਬਿਆਨ ਵਿਚ ਕਿਹਾ ਕਿ ਆਲਮੀ ਪੱਧਰ 'ਤੇ 2018 ਦੇ ਤਾਪਮਾਨਾਂ ਨੂੰ ਦਰਜਾਬੰਦੀ ਵਿਚ 2016, 2017 ਤੇ 2015 ਤੋਂ ਹੇਠਾਂ ਰੱਖਿਆ ਜਾਂਦਾ ਹੈ, ਪਰ ਜੇਕਰ ਕੁੱਲ ਮਿਲਾ ਕੇ ਵੇਖੀਏ ਤਾਂ ਆਧੁਨਿਕ ਰਿਕਾਰਡ ਵਿਚ ਪਿਛਲੇ ਪੰਜ ਸਾਲ ਸਭ ਤੋਂ ਗਰਮ ਸਾਲਾਂ 'ਚ ਸ਼ੁਮਾਰ ਸਨ।

ਐਨ.ਓ.ਏ.ਏ. ਵੱਲੋਂ ਕੀਤੀ ਸਮੀਖਿਆ ਮੁਤਾਬਕ 2018 ਦੇ ਆਲਮੀ ਤਾਪਮਾਨ 20ਵੀਂ ਸਦੀ ਦੇ ਤਾਪਮਾਨਾਂ ਦੀ ਔਸਤ ਮੁਕਾਬਲੇ 0.79 ਡਿਗਰੀ ਸੈਲਸੀਅਸ ਵੱਧ ਸੀ। ਜੀ.ਆਈ.ਐਸ.ਐਸ. ਦੇ ਡਾਇਰੈਕਟਰ ਗੈਵਿਨ ਸ਼ਮਿਟ ਨੇ ਕਿਹਾ, 'ਲੰਮੇ ਸਮੇਂ ਤੋਂ ਚੱਲ ਰਹੇ ਆਲਮੀ ਤਪਸ਼ ਦੇ ਰੁਝਾਨ ਕਰ ਕੇ 2018 ਮੁੜ ਸਭ ਤੋਂ ਵਧ ਤਪਸ਼ ਵਾਲਾ ਸਾਲ ਰਿਹਾ।'

ਸਾਲ 1880 ਤੋਂ ਲਗਾਤਾਰ ਔਸਤ ਆਲਮੀ ਸਤਹਿ ਦਾ ਤਾਪਮਾਨ ਇਕ ਡਿਗਰੀ ਸੈਲਸੀਅਸ ਵੱਧਦਾ ਜਾ ਰਿਹਾ ਹੈ। ਸ਼ਮਿਟ ਮੁਤਾਬਕ ਇਸ ਦੀ ਮੁੱਖ ਵਜ੍ਹਾ ਕਾਰਬਨ ਡਾਇਆਕਸਾਈਡ ਦੀ ਵੱਡੇ ਪੱਧਰ 'ਤੇ ਵਾਤਾਵਰਨ ਵਿਚ ਨਿਕਾਸੀ ਤੇ ਮਨੁੱਖੀ ਸਰਗਰਮੀਆਂ ਕਰਕੇ ਬਣਨ ਵਾਲੀਆਂ ਗ੍ਰੀਨ ਹਾਊਸ ਗੈਸਾਂ ਹਨ। ਨਾਸਾ ਨੇ ਕਿਹਾ ਕਿ ਤਪਸ਼ ਦੇ ਰੁਝਾਨ ਸਭ ਤੋਂ ਵੱਧ ਆਰਕਟਿਕ ਖਿੱਤੇ ਵਿਚ ਮਜ਼ਬੂਤ ਹਨ, ਜਿਥੇ ਪਿਛਲੇ ਸਾਲ ਲਗਾਤਾਰ ਬਰਫ ਦੇ ਪਹਾੜ ਪਿਘਲ ਰਹੇ ਹਨ।

# ਭਾਰਤੀ ਮੂਲ ਦੀ ਮਹਿਲਾ ਸਵੀਡਨ ਦੇ ਪੀ.ਐਮ.ਓ. 'ਚ ਸਲਾਹਕਾਰ ਬਣੀ

**ਅਹਿਮਦਨਗਰ:** ਉਘੇ ਸਿੱਖਿਆ ਮਾਹਿਰ ਅਸ਼ੋਕ ਵਿਖੇ ਪਾਟਿਲ ਦੀ ਧੀ ਨਿਲਾ ਵਿਖੇ ਪਾਟਿਲ (32) ਨੂੰ ਸਵੀਡਨ ਦੇ ਪ੍ਰਧਾਨ ਮੰਤਰੀ ਦਫਤਰ 'ਚ ਸਿਆਸੀ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਉਹ ਪਿਛਲੇ ਮਹੀਨੇ ਚੁਣੇ ਗਏ ਪ੍ਰਧਾਨ ਮੰਤਰੀ ਸਟੀਫਨ ਲੋਫਵੇਨ (ਸੋਸ਼ਲ ਡੈਮੋਕਰੈਟ ਆਗੂ) ਨਾਲ ਕੰਮ ਕਰੇਗੀ ਜੋ ਸੋਸ਼ਲ ਡੈਮੋਕਰੈਟ-ਗਰੀਨ ਪਾਰਟੀ ਗਠਜੋੜ ਦੀ ਅਗਵਾਈ ਕਰ ਰਹੇ ਹਨ।

ਉਸ ਦੇ ਪਿਤਾ ਨੇ ਦੱਸਿਆ ਕਿ ਨਿਲਾ ਨੂੰ ਪ੍ਰਧਾਨ ਮੰਤਰੀ ਦਫਤਰ 'ਚ ਵਿੱਤੀ ਮਾਮਲਿਆਂ ਸਬੰਧੀ ਸਿਆਸੀ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਟੈਕਸ, ਬਜਟ, ਵਿੱਤੀ ਬਾਜ਼ਾਰਾਂ ਅਤੇ ਹਾਊਸਿੰਗ ਦਾ ਕੰਮਕਾਰ ਦੇਖੇਗੀ। ਉਹ ਸਟਾਕਹੋਮ ਮਿਊਂਸਪਲ ਕਾਰਪੋਰੇਸ਼ਨ ਦੀ ਸਿਟੀ ਕਾਊਂਸਲ ਲਈ ਵੀ ਚੁਣੀ ਗਈ ਹੈ।

# ਸੰਗਰੂਰ ਦੀ ਲੜਕੀ ਨੇ ਯੂ. ਕੇ. 'ਚ ਵਧਾਇਆ ਪੰਜਾਬੀਆਂ ਦਾ ਮਾਣ

**ਸੰਗਰੂਰ:** ਸ਼ਹਿਰ ਦੀ ਜੰਮਪਲ ਚਾਹਤ ਸੇਖੋਂ ਯੂਕੇ ਵਿਚ ਸਿਵਲ ਸਰਵਿਸਿਜ਼ ਲਈ ਚੁਣੀ ਗਈ ਹੈ ਜਿਥੇ ਉਸ ਨੇ ਬਤੌਰ ਸਿਵਲ ਅਫਸਰ ਜੁਆਇਨ ਕੀਤਾ ਹੈ। ਉਸ ਦੀ ਨਿਯੁਕਤੀ ਸਕੌਟਿਸ਼ ਸਰਕਾਰ ਯੂਕੇ ਦੇ ਵਿੱਤ ਵਿਭਾਗ ਵਿਚ ਬਤੌਰ ਅਰਥ ਸ਼ਾਸਤਰੀ ਹੋਈ ਹੈ। ਚਾਹਤ ਸੇਖੋਂ ਸੰਗਰੂਰ ਦੇ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਅਤੇ ਡਾ. ਰਾਜ ਬਾਲਾ ਸੇਖੋਂ ਦੀ ਧੀ ਹੈ। ਉਸ ਨੇ ਯੂਨੀਵਰਸਿਟੀ ਆਫ ਐਡਨਬਰਗ ਸਕਾਟਲੈਂਡ ਤੋਂ 2018 ਵਿਚ ਅਰਥ ਸ਼ਾਸਤਰ ਅਤੇ ਫਾਇਨਾਂਸ ਦੀ ਐਮ.ਐਸ.ਸੀ. ਦੀ ਡਿਗਰੀ ਪ੍ਰਾਪਤ ਕੀਤੀ ਸੀ।

ਪਿਤਾ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਚਾਹਤ ਨੇ ਨਰਸਰੀ ਤੋਂ ਲੈ ਕੇ ਦਸਵੀਂ ਤੱਕ ਦੀ ਪੜ੍ਹਾਈ 'ਬਚਪਨ ਇੰਗਲਿਸ਼ ਸਕੂਲ ਸੰਗਰੂਰ' ਅਤੇ ਬਾਰ੍ਹਵੀਂ ਦੀ ਪ੍ਰੀਖਿਆ 'ਲਾਰੈਂਸ ਸਕੂਲ ਸਨਾਵਰ' ਤੋਂ ਪਾਸ ਕੀਤੀ। ਉਸ ਨੇ ਗਰੈਜੂਏਸ਼ਨ ਦੀ ਡਿਗਰੀ (ਆਨਰਜ਼ ਇਨ ਇਕਨਾਮਿਕਸ) ਸਰਕਾਰੀ ਕਾਲਜ ਲੜਕੀਆਂ ਸੈਕਟਰ 11 ਚੰਡੀਗੜ੍ਹ ਤੋਂ ਪ੍ਰਾਪਤ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮਏ ਫਸਟ ਡਵੀਜ਼ਨ ਵਿਚ ਕੀਤੀ।

ਸਾਲ 2017 ਵਿਚ ਉਸ ਨੇ ਅਰਥ ਸ਼ਾਸਤਰ ਦੇ ਵਿਸ਼ੇ ਵਿਚ ਉੱਚ ਵਿਦਿਆ ਹਾਸਲ ਕਰਨ ਲਈ ਯੂਨੀਵਰਸਿਟੀ ਆਫ ਐਡਨਬਰਗ ਸਕਾਟਲੈਂਡ (ਯੂਕੇ) ਵਿਚ ਦਾਖਲਾ ਲੈ ਕੇ ਐਮ.ਐਸ.ਸੀ. ਇਨ ਇਕਨਾਮਿਕਸ ਅਤੇ ਫਾਇਨਾਂਸ ਦੀ ਡਿਗਰੀ ਪ੍ਰਾਪਤ ਕੀਤੀ। ਇਸ ਦੇ ਨਾਲ ਯੂਕੇ ਸਰਕਾਰ ਦੇ ਸਿਵਲ ਸਰਵਿਸਿਜ਼ ਇਮਤਿਹਾਨ ਦੀ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਸਫਲਤਾਪੂਰਵਕ ਪਾਸ ਕਰਕੇ ਫਾਇਨਾਂਸ ਵਿਭਾਗ ਵਿਚ ਸਿਵਲ ਅਫਸਰ ਜੁਆਇਨ ਕਰ ਲਿਆ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਚਾਹਤ ਸਿਆਣੀ ਲੜਕੀ ਹੈ ਜਿਸ ਦਾ ਜ਼ਿੰਦਗੀ ਅਤੇ ਸਮਾਜ ਪ੍ਰਤੀ ਨਜ਼ਰੀਆ ਬਹੁਤ ਹੀ ਉਸਾਰੂ ਅਤੇ ਹਾਂ ਪੱਖੀ ਹੈ।

## ਮੋਦੀ ਦੇ ਅਰੁਣਾਚਲ ਦੌਰੇ 'ਤੇ ਚੀਨ ਨੂੰ ਇਤਰਾਜ਼

**ਪੇਈਚਿੰਗ:** ਚੀਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਰੁਣਾਚਲ ਦੌਰੇ ਦਾ ਸਖਤ ਵਿਰੋਧ ਕਰਦਿਆਂ ਕਿਹਾ ਹੈ ਕਿ ਉਸ ਨੇ ਕਦੇ ਵੀ ਸੰਵੇਦਨਸ਼ੀਲ ਸਰਹੱਦੀ ਸੂਬੇ ਨੂੰ ਮਾਨਤਾ ਨਹੀਂ ਦਿੱਤੀ ਤੇ ਭਾਰਤੀ ਲੀਡਰਸ਼ਿਪ ਨੂੰ ਕੋਈ ਅਜਿਹਾ ਕਦਮ ਚੁੱਕਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ 'ਇਹ ਸਰਹੱਦੀ ਸਵਾਲ ਉਲਝ ਜਾਵੇ।'

ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਹੁਆ ਚੁਨਯਿੰਗ ਨੇ ਕਿਹਾ ਕਿ ਚੀਨ ਦਾ ਰੁਖ਼ ਇਸ ਮਾਮਲੇ 'ਤੇ ਸਪੱਸ਼ਟ ਤੇ ਹਮੇਸ਼ਾ ਅਜਿਹਾ ਹੀ ਰਿਹਾ ਹੈ। ਚੀਨੀ ਬੁਲਾਰੇ ਨੇ ਚਿਤਾਵਨੀ ਵਾਲੀ ਸੁਰ ਵਿਚ ਕਿਹਾ ਕਿ ਇਹ ਦੋਵਾਂ ਦੇਸ਼ਾਂ ਦੇ ਹਿੱਤ ਵਿਚ ਹੋਵੇਗਾ ਕਿ ਭਾਰਤ ਇਸ ਮਾਮਲੇ ਨੂੰ ਉਲਝਾਉਣ ਤੋਂ ਬਚੇ। ਜ਼ਿਕਰਯੋਗ ਹੈ ਕਿ ਚੀਨ ਉੱਤਰ-ਪੂਰਬੀ ਭਾਰਤੀ ਸੂਬੇ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹਿੱਸਾ ਮੰਨਦਾ ਹੈ।

ਇਸ ਮਾਮਲੇ 'ਤੇ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਦੇ 21 ਗੇੜ ਹੋ ਚੁੱਕੇ ਹਨ। ਜ਼ਿਕਰਯੋਗ ਹੈ ਕਿ ਤਿੱਬਤੀਆਂ ਦੇ ਅਧਿਆਤਮਕ ਗੁਰੂ ਦਲਾਈ ਲਾਮਾ ਦੇ ਅਰੁਣਾਚਲ ਦੌਰੇ 'ਤੇ ਵੀ ਚੀਨ ਨੇ ਸਖ਼ਤ ਇਤਰਾਜ਼ ਜਤਾਇਆ ਸੀ।


## ਸੰਚਾਰ ਉਪਗ੍ਰਹਿ ਜੀਸੈਟ-31 ਦੀ ਸਫਲ ਅਜ਼ਮਾਇਸ਼

**ਬੰਗਲੌਰ:** ਭਾਰਤ ਦਾ ਸੱਜਰਾ ਸੰਚਾਰ ਉਪਗ੍ਰਹਿ ਜੀਸੈਟ-31 ਸਫਲਤਾਪੂਰਵਕ ਪੁਲਾੜ ਪੰਧ 'ਤੇ ਪੈ ਗਿਆ। ਭਾਰਤੀ ਉਪਗ੍ਰਹਿ ਨੂੰ ਸੁਵਖਤੇ ਫਰੈਂਚ ਗੁਯਾਨਾ ਤੋਂ ਯੂਰਪੀ ਰਾਕੇਟ ਰਾਹੀਂ ਪੁਲਾੜ ਵਿਚ ਦਾਗਿਆ ਗਿਆ।

ਇਸਰੋ ਮੁਤਾਬਕ ਇਸ ਨਵੇਂ ਸੰਚਾਰ ਉਪਗ੍ਰਹਿ ਨਾਲ ਏ.ਟੀ.ਐਮਜ਼. ਨੈੱਟਵਰਕ ਤੇ ਡੀ.ਟੀ.ਐਚ. ਸੇਵਾਵਾਂ ਨੂੰ ਹੋਰ ਹੁਲਾਰਾ ਮਿਲੇਗਾ।

# ਹਰਨਾਮ ਸਿੰਘ ਉਭੀ ਸੁਰਗਵਾਸ

**ਫਰਿਜ਼ਨੋ (ਬਿਊਰੋ):** ਪੱਤਰਕਾਰ ਕੁਲਵੰਤ ਉਭੀ ਧਾਲੀਆਂ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਦਾਦਾ ਜੀ ਸ. ਹਰਨਾਮ ਸਿੰਘ ਉਭੀ ਲੰਘੀ 5 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ। ਸ਼ਾਂਤ ਅਤੇ ਸੰਤ



ਸੁਭਾਅ ਦੇ ਮਾਲਕ ਸਵਰਗੀ ਉਭੀ ਕਰੀਬ 99 ਸਾਲਾਂ ਦੇ ਸਨ ਅਤੇ ਉਨ੍ਹਾਂ ਸਾਰੀ ਉਮਰ ਤੰਦਰੁਸਤੀ ਵਿਚ ਬਿਤਾਈ।

ਸਵਰਗੀ ਹਰਨਾਮ ਸਿੰਘ ਉਭੀ ਆਪਣੇ ਪਿੰਡ ਧਾਲੀਆਂ, ਜਿਲਾ ਲੁਧਿਆਣਾ ਰਹਿੰਦੇ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ 15 ਫਰਵਰੀ, ਸ਼ੁੱਕਰਵਾਰ ਨੂੰ ਗੁਰਦੁਆਰਾ ਕੈਬਾਂ ਸਾਹਿਬ ਪਤਸ਼ਾਹੀ ਛੇਵੀਂ, ਪਿੰਡ ਧਾਲੀਆਂ ਵਿਖੇ ਹੋਵੇਗੀ।

ਪਰਿਵਾਰ ਨਾਲ ਸੰਪਰਕ ਉਨ੍ਹਾਂ ਦੇ ਪੋਤਰਿਆਂ-ਕੁਲਵੰਤ ਸਿੰਘ ਉਭੀ ਧਾਲੀਆਂ (ਅਮਰੀਕਾ) ਫੋਨ: 559- 473-9264 ਜਾਂ ਤੇਜਿੰਦਰ ਸਿੰਘ ਉਭੀ (ਪੰਜਾਬ) ਨਾਲ ਫੋਨ: +91-94172-64577 ਰਾਹੀਂ ਕੀਤਾ ਜਾ ਸਕਦਾ ਹੈ।

# ਆਸਟਰੇਲੀਆ ਸਰਕਾਰ ਦੀ ਪਰਵਾਸੀਆਂ 'ਤੇ ਸਖਤੀ

**ਮੈਲਬਰਨ:** ਆਸਟਰੇਲੀਆ ਸਰਕਾਰ ਪਰਵਾਸੀਆਂ ਪ੍ਰਤੀ ਸਖਤ ਹੋ ਗਈ ਹੈ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਵੀਜ਼ਾ ਸ਼ਰਤਾਂ ਦੀ ਪਾਲਣਾ ਹੋਣੀ ਜ਼ਰੂਰੀ ਹੈ। ਮੁਲਕ ਦੀ ਘੱਟ ਵਸੋਂ ਵਾਲੇ ਖੇਤਰਾਂ, ਜਿਥੇ ਹੁਨਰਮੰਦ ਵਰਕਰਾਂ ਦੀ ਲੋੜ ਹੈ, ਵਿਚ ਨਾ ਰਹਿਣ ਵਾਲੇ ਪਰਵਾਸੀਆਂ ਨੂੰ ਹੁਣ ਵੀਜ਼ੇ ਤੋਂ ਹੱਥ ਧੋਣੇ ਪੈਣਗੇ। ਕਾਬਲੇਗੌਰ ਹੈ ਕਿ ਪਿਛਲੇ ਹਫਤੇ ਚਾਰ ਸਾਲ ਤੋਂ ਵੱਧ ਪੀਆਰ ਵਾਲੇ ਪੰਜਾਬੀ ਨੌਜਵਾਨ ਦਾ ਵੀਜ਼ਾ ਰੱਦ ਕਰ ਦਿੱਤਾ ਸੀ। ਉਸ ਨੇ ਆਸਟਰੇਲੀਆ ਦੀ ਨਾਗਰਿਕਤਾ ਲੈਣ ਲਈ ਅਰਜ਼ੀ ਦਾਖਲ ਕੀਤੀ ਸੀ।

ਇਸ ਦੌਰਾਨ ਇਮੀਗ੍ਰੇਸ਼ਨ ਵਿਭਾਗ ਨੂੰ ਸੂਚਨਾ ਮਿਲੀ ਕਿ ਉਹ ਤੈਅ ਪੇਂਡੂ ਕਸਬੇ ਵਿਚ ਰਹਿਣ ਦੀ ਬਜਾਏ ਮੈਲਬਰਨ ਰਹਿ ਰਿਹਾ ਸੀ। ਰਾਜਧਾਨੀ ਕੈਨਬਰਾ ਵਿਚ ਰਾਜਾਂ ਦੇ ਖ਼ਜ਼ਾਨਾ ਮੰਤਰੀਆਂ ਦੀ ਸਾਂਝੀ ਮੀਟਿੰਗ ਵਿਚ ਸਹਿਮਤੀ ਬਣੀ ਕਿ ਆਵਾਸ 'ਤੇ ਰੋਕ ਲਾਉਣ ਦੀ ਬਜਾਏ, ਜਿਥੇ ਇਸ ਦੀ ਲੋੜ ਹੈ, ਉਥੇ ਜਾਰੀ ਰੱਖੀ ਜਾਵੇ। ਸਿਡਨੀ ਤੇ ਮੈਲਬਰਨ ਤੋਂ ਬਾਹਰ ਆਵਾਸ ਨੂੰ ਯਕੀਨੀ ਬਣਾਉਣਾ ਹੋਵੇਗਾ। ਸ਼ਹਿਰੀ ਯੋਜਨਾਬੰਦੀ ਤੇ ਬੁਨਿਆਦੀ ਢਾਂਚੇ ਦੀ ਬਿਹਤਰੀ ਲਈ ਭੀੜ ਨੂੰ ਹੁਣ ਸਖਤੀ ਨਾਲ ਘਟਾਉਣਾ ਹੋਵੇਗਾ। ਇਸ ਮੰਤਵ ਤਹਿਤ ਸਰਕਾਰ ਦੇ ਆਬਾਦੀ ਪੈਕੇਜ ਦੇ ਪਹਿਲੇ ਪੜਾਅ ਹੇਠ 19 ਮਿਲੀਅਨ ਡਾਲਰ ਰੱਖੇ ਹਨ।

ਪਿਛਲੇ ਸਾਲ ਪ੍ਰਧਾਨ ਮੰਤਰੀ ਸਕੌਟ ਮੋਰੀਸਨ ਨੇ ਐਲਾਨ ਕੀਤਾ ਸੀ ਕਿ ਉਹ ਪੀਆਰ ਵੀਜ਼ੇ ਦੇ 1,90,000 ਸਥਾਨਾਂ ਵਿਚ ਕਟੌਤੀ ਕਰ ਕੇ ਇਸ ਨੂੰ 1,62,000 ਕਰਨਾ ਚਾਹੁੰਦੇ ਹਨ। ਹੁਣ ਦੀ ਮੀਟਿੰਗ ਵਿਚ ਸਥਾਈ ਅਵਾਸ ਲੈਣ 'ਤੇ ਫੈਡਰਲ ਸਰਕਾਰ ਨੇ ਹੋਰ ਸਖਤੀ ਕਰਨ ਵੱਲ ਇਸ਼ਾਰਾ ਕੀਤਾ ਹੈ। ਇਮੀਗ੍ਰੇਸ਼ਨ ਮੰਤਰੀ ਡੇਵਿਡ ਕੋਲਮੈਨ ਨੇ ਕਿਹਾ ਕਿ 70 ਫੀਸਦੀ ਪਰਵਾਸੀ ਹੁਨਰਮੰਦ ਵਰਕਰ ਹਨ, ਜਿਨ੍ਹਾਂ ਨੇ ਮੁਲਕ ਦੇ ਅਰਥਚਾਰੇ ਵਿਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪਰਵਾਸੀ ਆਪਣੇ ਕਿੱਤੇ 'ਚ ਜ਼ਿਆਦਾ ਹੁਨਰਮੰਦ ਤੇ ਨੌਜਵਾਨ ਵਰਗ ਵਿਚ ਹਨ, ਉਹ ਮੁਲਕ ਲਈ ਬਹੁਤ ਕੀਮਤੀ ਹਨ।

ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ
ਫੋਨ: 608-630-0287

3-6

Dry Cleaning Business For Sale in California

Sacramento & Rocklin
Profitable Dry cleaning plant with pick up station for sale.
Combined Gross Sale $300,000.
Asking Price $375.000

Main plant is equipped with 3 Dry cleaning machines (1) 60 pd (2) 45 pd (3) Wet cleaning 45 pd and 2 laundry press Machines, one commercial washer, Two 75 pd Dryers Hot head press w/mushroom toper pressing stations utility and legger press and complete set up for tailoring.

Plant is 2700 sq ft, rent is $1.25 per sq ft plus cam charges. Drop store is 1200 sq ft rent is $1.35 per sq ft plus cam charges

Both store combine do gross approx $300,000. Asking $375.000 owner willing to train and can carry partial note. Lot of room to grow. Both stores are very close to Down town. Plant is set up for large volume. Agents are welcome.

Rocklin plant is also available for sale complete plant Hydrocarbon 60 pd machine with laundry. Some new equipment is hardly used and complete set up tailoring.1800 sq ft. plant. Fixed rent for 4 years. Fastest growing city, excellent location, good business, lot of room to grow for absentee owner.

For more Information please call: Ricky Virk
Ph. (916) 825-7500 (cell)
E-mail: elmcleaners@hotmail.com

# ਹੱਕ ਮੰਗਦੇ ਅਧਿਆਪਕਾਂ 'ਤੇ ਲਾਠੀਚਾਰਜ, ਮਹਿਲਾ ਅਧਿਆਪਕਾਂ ਨੂੰ ਵੀ ਨਾ ਬਖਸ਼ਿਆ

**ਪਟਿਆਲਾ:** ਮੋਤੀ ਮਹਿਲ ਵੱਲ ਵਧਦੇ ਪੰਜਾਬ ਭਰ ਦੇ ਹਜ਼ਾਰਾਂ ਅਧਿਆਪਕਾਂ ਉਤੇ ਪੁਲਿਸ ਨੇ ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਬੁਛਾੜਾਂ ਨਾਲ ਉਨ੍ਹਾਂ ਦੇ ਪੈਰ ਉਖਾੜਨ ਦਾ ਯਤਨ ਕੀਤਾ। ਪੁਲਿਸ ਕਾਰਵਾਈ ਦੌਰਾਨ ਦੋ ਦਰਜਨ ਦੇ ਕਰੀਬ ਅਧਿਆਪਕ ਤੇ ਅਧਿਆਪਕਾਵਾਂ ਜ਼ਖ਼ਮੀ ਹੋ ਗਏ।

ਇਸ ਦੌਰਾਨ ਵੱਡੀ ਗਿਣਤੀ ਮਹਿਲਾ ਅਧਿਆਪਕਾਂ ਦੀ ਖਿੱਚ ਧੂਹ ਵੀ ਕੀਤੀ ਗਈ। ਦੋਹਾਂ ਧਿਰਾਂ 'ਚ ਸੰਘਰਸ਼ ਦੌਰਾਨ ਐਸ.ਪੀ.ਡੀ. ਹਰਵਿੰਦਰ ਸਿੰਘ ਵਿਰਕ ਸਮੇਤ 10 ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਸ੍ਰੀ ਵਿਰਕ ਦਾ ਮੋਢਾ ਫਰੈਕਚਰ ਹੋ ਗਿਆ। ਜਾਣਕਾਰੀ ਅਨੁਸਾਰ ਅਧਿਆਪਕ ਸੰਘਰਸ਼ ਕਮੇਟੀ ਦੇ ਸੱਦੇ 'ਤੇ ਸੂਬੇ ਭਰ 'ਚੋਂ ਅਧਿਆਪਕ ਸਵੇਰ ਤੋਂ ਹੀ ਮੁੱਖ ਮੰਤਰੀ ਦੇ ਸ਼ਹਿਰ ਵਿਚ ਪੁੱਜਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਅਧਿਆਪਕਾਂ ਨੇ ਪਹਿਲਾਂ ਬੱਸ ਸਟੈਂਡ ਕੋਲ ਵਿਸ਼ਾਲ ਰੈਲੀ ਕੀਤੀ। ਅਧਿਆਪਕ ਆਗੂਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਅਧਿਆਪਕਾਂ ਨੂੰ ਬੈਠਕ ਲਈ ਸਮਾਂ ਦੇ ਕੇ ਗੱਲਬਾਤ ਤੋਂ 10 ਵਾਰ ਮੁਕਰਨ ਦੇ ਦੋਸ਼ ਮੜ੍ਹਦਿਆਂ ਕੈਪਟਨ ਸਰਕਾਰ 'ਤੇ ਪੈਰ ਪੈਰ ਉਤੇ ਵਾਅਦਾਖਿਲਾਫ਼ੀ ਦੇ ਦੋਸ਼ ਲਾਏ। ਢਾਈ ਘੰਟੇ ਚੱਲੀ ਰੋਸ ਰੈਲੀ ਦੌਰਾਨ ਅਧਿਆਪਕ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਬਿਨਾਂ ਤਨਖ਼ਾਹ ਕਟੌਤੀ ਰੈਗੂਲਰ ਕਰਨ ਸਮੇਤ ਹੋਰ ਮੰਗਾਂ ਤੇ ਮਸਲੇ ਉਠਾਉਣ ਮਗਰੋਂ ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਥਾਨਕ ਘਰ 'ਨਿਊ ਮੋਤੀ ਮਹਿਲ' ਵੱਲ ਜਲੂਸ ਦੀ ਸ਼ਕਲ ਵਿਚ ਵਧਣ ਦਾ ਐਲਾਨ ਕੀਤਾ ਤਾਂ ਪੁਲਿਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪੁਲਿਸ ਕਰਮੀਆਂ ਨੇ ਵੱਡੀ ਗਿਣਤੀ ਅਧਿਆਪਕ ਪੁਲਿਸ ਦੇ ਡੰਡਿਆਂ ਤੇ ਪਾਣੀ ਦੀਆਂ ਬੁਛਾੜਾਂ ਕਾਰਨ ਜ਼ਖ਼ਮੀ ਹੋ ਗਏ। ਕਈ ਅਧਿਆਪਕਾਂ ਦੀਆਂ ਪੱਗਾਂ ਲੱਥ ਗਈਆਂ ਜਦੋਂਕਿ ਮਹਿਲਾ ਅਧਿਆਪਕਾਂ ਦੀਆਂ ਚੁੰਨੀਆਂ



ਲਹਿ ਗਈਆਂ। ਅਧਿਆਪਕਾਂ ਦੇ ਵੱਡੇ ਕਾਫ਼ਲੇ ਨੂੰ ਪਹਿਲਾਂ ਫੁਹਾਰਾ ਚੌਕ 'ਚ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਅਧਿਆਪਕ ਕਾਰਕੁਨ ਬੈਰੀਕੇਡ ਤੋੜ ਕੇ ਅੱਗੇ ਵਧਣ 'ਚ ਸਫਲ ਹੋ ਗਏ। ਮਗਰੋਂ ਜਦੋਂ ਮੋਦੀ ਕਾਲਜ ਚੌਕ 'ਚੋਂ ਕਾਫਲੇ ਨੇ ਮੋੜ ਕੱਟਦਿਆਂ ਮੋਤੀ ਮਹਿਲ ਵੱਲ ਜਾਣ ਲਈ ਵਾਈ.ਪੀ.ਐਸ. ਚੌਕ ਵੱਲ ਮੁਹਾਰ ਘੱਤੀ ਤਾਂ ਅੱਗੇ ਬੈਰੀਕੇਡ ਲੱਗੇ ਹੋਣ ਕਰਕੇ ਅਧਿਆਪਕਾਂ ਦੀ ਪੁਲਿਸ ਨਾਲ ਝੜਪ ਹੋ ਗਈ।

ਅਧਿਆਪਕਾਂ ਨੇ ਜਦੋਂ ਜਬਰੀ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਬਲਾਂ ਨੇ ਪਾਣੀ ਦੀਆਂ ਬੁਛਾੜਾਂ ਦੇ ਅਧਿਆਪਕਾਂ ਵੱਲ ਮੂੰਹ ਖੋਲ੍ਹ ਦਿੱਤੇ ਤੇ ਲਾਠੀਚਾਰਜ ਵੀ ਕੀਤਾ। ਅਧਿਆਪਕ ਸੰਘਰਸ਼ ਕਮੇਟੀ ਦੇ ਬੁਲਾਰੇ ਗਗਨ ਰਾਣੂ ਮੁਤਾਬਕ 20 ਤੋਂ 25 ਅਧਿਆਪਕ ਕਾਰਕੁਨਾਂ ਨੂੰ ਸੱਟਾਂ ਵੱਜੀਆਂ ਹਨ। ਭੁਪਿੰਦਰ ਸਿੰਘ ਪਟਿਆਲਾ ਨੂੰ ਸਿਰ 'ਚ ਗੰਭੀਰ ਸੱਟ ਵੱਜਣ ਕਰਕੇ ਸਰਕਾਰੀ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਇਸ ਤੋਂ ਇਲਾਵਾ ਕਰਮਜੀਤ ਸਿੰਘ ਨਦਾਮਪੁਰ ਨੂੰ ਵੀ ਸਿਰ 'ਚ ਸੱਟ ਵੱਜੀ ਹੈ, ਜਦੋਂ ਕਿ ਅੰਮ੍ਰਿਤਸਰ ਦੇ ਜਰਮਨਜੀਤ ਸਿੰਘ ਨੂੰ ਲੱਤ ਉਤੇ ਸੱਟ ਵੱਜੀ ਹੈ। ਉਨ੍ਹਾਂ ਦੱਸਿਆ ਕਿ ਤਿੰਨ ਮਹਿਲਾ ਅਧਿਆਪਕਾਂ ਦੇ ਗੰਭੀਰ ਸੱਟਾਂ ਲੱਗੀਆਂ ਹਨ। ਇਨ੍ਹਾਂ ਵਿਚੋਂ ਇਕ ਅਧਿਆਪਕਾ ਨੂੰ ਬੇਹੋਸ਼ੀ ਦੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ ਹੈ।

# ਮੁਫਤ ਤੇ ਮਿਆਰੀ ਵਿੱਦਿਆ ਤੋਂ ਪੰਜਾਬ ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਪੇਂਡੂ ਇਲਾਕਿਆਂ ਦੇ ਵਿੱਦਿਆ ਪੱਖੋਂ ਪਛੜੇ ਬੱਚਿਆਂ ਨੂੰ ਮੁਫਤ ਅਤੇ ਮਿਆਰੀ ਵਿੱਦਿਆ ਪ੍ਰਦਾਨ ਕਰਨ ਦੇ ਮਕਸਦ ਨਾਲ ਸੂਬੇ ਅੰਦਰ ਸੀ.ਬੀ.ਐਸ.ਈ. ਬੋਰਡ ਨਾਲ ਸਬੰਧਤ ਅੰਗਰੇਜ਼ੀ ਮਾਧਿਅਮ ਵਾਲੇ ਅੱਠ ਸਾਲ ਪਹਿਲਾਂ ਖੋਲ੍ਹੇ ਗਏ ਮਾਡਲ ਸਕੂਲਾਂ ਦੀ ਹਾਲਤ ਹੁਣ ਤਰਸਯੋਗ ਬਣੀ ਹੋਈ ਹੈ।

ਪਿਛਲੇ ਤਿੰਨ ਸਾਲਾਂ ਤੋਂ ਇਨ੍ਹਾਂ ਸਕੂਲਾਂ 'ਚ ਫੰਡ ਨਾ ਆਉਣ ਕਾਰਨ ਲੱਖਾਂ ਰੁਪਏ ਦੇ ਬਿਜਲੀ ਬਿੱਲ ਬਕਾਇਆ ਹਨ ਅਤੇ ਜ਼ਰੂਰੀ ਖਰਚੇ ਠੱਪ ਹੋ ਗਏ ਹਨ। ਇੰਨਾ ਹੀ ਨਹੀਂ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਪਿਛਲੇ 4 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਅਧਿਆਪਕ ਫਾਕੇ ਕੱਟਣ ਲਈ ਮਜਬੂਰ ਹਨ। ਪੰਜਾਬ ਸਰਕਾਰ ਦੇ ਤਾਜ਼ਾ ਹੁਕਮਾਂ ਅਨੁਸਾਰ ਸੀ.ਬੀ.ਐਸ.ਈ. ਬੋਰਡ ਅਧੀਨ ਚੱਲਦੇ ਇਨ੍ਹਾਂ ਸਕੂਲਾਂ ਨੂੰ ਹੁਣ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਰਲੇਵਾਂ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਕਾਰਨ ਚੰਗੇ ਭਲੇ ਚੱਲਦੇ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਹੁਣ ਆਪਣੇ-ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ।

ਛੇਵੀਂ ਤੋਂ ਬਾਰ੍ਹਵੀਂ ਤੱਕ ਮੁਫਤ ਪੜ੍ਹਾਈ ਪ੍ਰਦਾਨ ਕਰਨ ਵਾਲੇ ਪੰਜਾਬ ਦੇ ਇਨ੍ਹਾਂ 21 ਸਰਕਾਰੀ ਮਾਡਲ ਸਕੂਲਾਂ ਅੰਦਰ 10500 ਦੇ ਕਰੀਬ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ 500 ਦੇ ਕਰੀਬ ਠੇਕਾ ਆਧਾਰਿਤ ਅਧਿਆਪਕਾਂ ਦੀ ਭਰਤੀ ਕੀਤੀ ਗਈ ਸੀ। ਸਰਕਾਰ ਦੀ ਅਣਦੇਖੀ ਅਤੇ ਧੁੰਦਲੇ ਭਵਿੱਖ ਨੂੰ ਵੇਖਦਿਆਂ ਅੱਧੋ ਤੋਂ ਜ਼ਿਆਦਾ ਅਧਿਆਪਕ ਨੌਕਰੀਆਂ ਛੱਡ ਕੇ ਦੂਜੇ ਸਰਕਾਰੀ ਸਕੂਲਾਂ ਵਿਚ ਜਾ ਚੁੱਕੇ ਹਨ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ।

## ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਅੱਗੇ ਆਏ ਪਰਵਾਸੀ ਪੰਜਾਬੀ

**ਮੁਹਾਲੀ:** ਪਰਵਾਸੀ ਪੰਜਾਬੀਆਂ ਨੇ ਸਿੱਖਿਆ ਭਵਨ ਵਿਚ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕ ਬਹੁਤ ਹੀ ਮਿਹਨਤੀ ਤੇ ਤਜਰਬੇਕਾਰ ਹਨ। ਪੰਜਾਬ ਵਿਚ ਲਗਭਗ 3 ਹਜ਼ਾਰ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਮਾਰਟ ਸਕੂਲ ਵਜੋਂ ਤਿਆਰ ਕੀਤਾ ਜਾ ਚੁੱਕਾ ਹੈ ਅਤੇ ਸੈਂਕੜੇ ਹੋਰ ਸਕੂਲਾਂ ਵਿਚ ਸਰਕਾਰ ਦੇ ਯਤਨਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੰਮ ਚਲ ਰਿਹਾ ਹੈ।

ਇਸ ਮੌਕੇ ਐਨ.ਆਰ.ਆਈ. ਤਰਲੋਚਨ ਸਿੰਘ ਡੈਨਵਰ (ਯੂ.ਐਸ.ਏ.) ਨੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪੰਜ ਸਕੂਲਾਂ ਭਾਰਟਾ ਖੁਰਦ, ਭਾਰਟਾ ਕਲਾਂ, ਬਜ਼ੀਦ ਪੁਰ, ਗੁਰੂ ਨਾਨਕ ਪੁਰਾ, ਕੰਗ ਦੀ ਕਲਿਆ ਕਲਪ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨਾਲ ਗੁਰਚਰਨ ਸਿੰਘ ਬੜਿੰਗ ਰਿਚਮੰਡ ਹਿੱਲ ਨਿਊ ਯਾਰਕ ਵੀ ਸਨ। ਸਿੱਖਿਆ ਸਕੱਤਰ ਨੇ ਇਨ੍ਹਾਂ ਪਰਵਾਸੀ ਪੰਜਾਬੀਆਂ ਦਾ ਧੰਨਵਾਦ ਕੀਤਾ।

## ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਊਧਮ ਸਿੰਘ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਲਾਮਬੰਦੀ

**ਨਵੀਂ ਦਿੱਲੀ:** ਦਿੱਲੀ ਦੇ ਜੰਤਰ-ਮੰਤਰ ਉਪਰ ਧਰਨਾ ਦੇ ਕੇ ਮੰਗ ਕਰਨ ਵਾਲੀ ਜਬਰ ਵਿਰੁੱਧ ਐਕਸ਼ਨ ਤੇ ਵੈੱਲਫੇਅਰ ਕਮੇਟੀ (ਨਵਾਂ ਸ਼ਹਿਰ) ਦੇ ਆਗੂਆਂ ਦਾ ਸਮਰਥਨ ਕਰਨ ਲਈ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਭਤੀਜੇ ਕਿਰਨਜੀਤ ਸਿੰਘ ਤੇ ਅਭੈ ਸਿੰਘ ਸੰਧੂ, ਅਭੈ ਸੰਧੂ ਦੀ ਪਤਨੀ ਤੇ ਤੇਜਵਿੰਦਰ ਕੌਰ ਨੇ ਜੰਤਰ-ਮੰਤਰ ਪਹੁੰਚ ਕੇ ਧਰਨਾਕਾਰੀਆਂ ਦਾ ਹੌਸਲਾ ਵਧਾਇਆ।

ਜਬਰ ਵਿਰੁੱਧ ਐਕਸ਼ਨ ਤੇ ਵੈੱਲਫੇਅਰ ਕਮੇਟੀ ਦੇ ਆਗੂ ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮੰਗ ਹੈ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਊਧਮ ਸਿੰਘ ਨੂੰ ਸ਼ਹੀਦ ਦਾ ਦਰਜਾ ਸਰਕਾਰੀ ਦਸਤਾਵੇਜ਼ਾਂ ਵਿਚ ਦਿੱਤਾ ਜਾਵੇ ਤੇ ਦੇਸ਼ ਵਿਚ ਉਨ੍ਹਾਂ ਦੇ ਬਲੀਦਾਨ ਸਬੰਧੀ ਛੁੱਟੀ ਕੀਤੀ ਜਾਵੇ। ਕਈ ਦਿਨਾਂ ਤੋਂ ਇਹ ਵੈੱਲਫੇਅਰ ਕਮੇਟੀ ਧਰਨਾ ਦੇ ਰਹੀ ਹੈ ਪਰ ਹੁਣ ਭਗਤ ਸਿੰਘ ਦੀਆਂ ਅਗਲੀਆਂ ਪੀੜ੍ਹੀਆਂ ਵਿਚੋਂ ਉਪਰੋਕਤ ਸ਼ਖ਼ਸੀਅਤਾਂ ਦੇ ਪੁੱਜਣ ਮਗਰੋਂ ਉਨ੍ਹਾਂ ਦਾ ਹੌਸਲਾ ਵਧਿਆ ਹੈ।

ਜ਼ਿਕਰਯੋਗ ਹੈ ਕਿ ਭਗਤ ਸਿੰਘ ਅਤੇ ਹੋਰ ਆਜ਼ਾਦੀ ਦੇ ਪਰਵਾਨਿਆਂ ਨੂੰ ਭਾਰਤ ਸਰਕਾਰ ਵੱਲੋਂ ਅਜੇ ਤੱਕ ਦਸਤਾਵੇਜ਼ਾਂ ਵਿਚ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਗਿਆ ਹੈ ਜਿਸ ਕਾਰਨ ਪਰਿਵਾਰਾਂ ਸਮੇਤ ਆਮ ਲੋਕਾਂ 'ਚ ਵੀ ਰੋਸ ਹੈ।

# ਦਿਨਕਰ ਗੁਪਤਾ ਹੱਥ ਆਈ ਪੰਜਾਬ ਪੁਲਿਸ ਦੀ ਕਮਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 1987 ਬੈਚ ਦੇ ਆਈ.ਪੀ.ਐਸ. ਅਧਿਕਾਰੀ ਦਿਨਕਰ ਗੁਪਤਾ ਨੂੰ ਸੂਬੇ ਦਾ ਡੀ.ਜੀ.ਪੀ. ਨਿਯੁਕਤ ਕਰ



ਦਿੱਤਾ ਹੈ। ਸ੍ਰੀ ਗੁਪਤਾ ਇਸ ਤੋਂ ਪਹਿਲਾਂ ਸੂਬੇ ਦੇ ਡੀ.ਜੀ.ਪੀ. (ਇੰਟੈਲੀਜੈਂਸ) ਦੇ ਅਹੁਦੇ 'ਤੇ ਤਾਇਨਾਤ ਸਨ। ਉਹ ਕੇਂਦਰੀ ਖੁਫ਼ੀਆ ਏਜੰਸੀ (ਆਈ.ਬੀ.) ਵਿਚ ਵੀ ਤਕਰੀਬਨ 8 ਸਾਲ ਤਾਇਨਾਤ ਰਹੇ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਸਮੇਤ ਚੰਡੀਗੜ੍ਹ ਦੇ ਐਸ.ਐਸ.ਪੀ. ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਸ੍ਰੀ ਗੁਪਤਾ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਸੰਦੀਦਾ ਪੁਲਿਸ ਅਫ਼ਸਰਾਂ 'ਚੋਂ ਮੰਨਿਆ ਜਾਂਦਾ ਹੈ। ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਨੇ ਸੂਬੇ ਦੇ ਡੀ.ਜੀ.ਪੀ. ਦੀ ਨਿਯੁਕਤੀ ਲਈ 1984 ਤੋਂ ਲੈ ਕੇ 1988 ਬੈਚ ਤੱਕ ਦੇ 12 ਪੁਲਿਸ ਅਧਿਕਾਰੀਆਂ ਵਿਚੋਂ 1987 ਬੈਚ ਨਾਲ ਸਬੰਧਤ ਤਿੰਨ ਅਧਿਕਾਰੀਆਂ ਦਿਨਕਰ ਗੁਪਤਾ, ਮਿਥਲੇਸ਼ ਕੁਮਾਰ ਤਿਵਾੜੀ ਅਤੇ ਵਿਰੇਸ਼ ਕੁਮਾਰ ਭਾਵੜਾ ਦੀ ਚੋਣ ਕੀਤੀ ਸੀ।

ਸੀਨੀਅਰ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਧੜੇਬੰਦੀ ਦਾ ਸ਼ਿਕਾਰ ਪੰਜਾਬ ਪੁਲਿਸ ਵਿਚ ਅਨੁਸ਼ਾਸਨ ਲਿਆਉਣਾ ਨਵੇਂ ਡੀ.ਜੀ.ਪੀ. ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗੀ। ਪੰਜਾਬ ਵਿਚ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੀ ਸਮਗਲਿੰਗ ਕਾਰਨ ਵੀ ਪੁਲਿਸ ਅਕਸਰ ਸੁਰਖੀਆਂ ਵਿਚ ਰਹਿੰਦੀ ਹੈ। ਇਨ੍ਹਾਂ ਗੰਭੀਰ ਮਸਲਿਆਂ ਨਾਲ ਨਜਿੱਠਣਾ ਵੀ ਦਿਨਕਰ ਗੁਪਤਾ ਲਈ ਵੰਗਾਰ ਤੋਂ ਘੱਟ ਨਹੀਂ ਹੈ।

ਮੁਹੰਮਦ ਮੁਸਤਫ਼ਾ ਦੇ ਮਾਮਲੇ ਵਿਚ ਜਿਸ ਤਰ੍ਹਾਂ ਰਾਜ ਸਰਕਾਰ ਵੱਲੋਂ ਯੂ.ਪੀ.ਐਸ.ਸੀ. ਦੀ ਮੀਟਿੰਗ ਦੌਰਾਨ ਰੁਖ਼ ਅਖਤਿਆਰ ਕੀਤਾ ਗਿਆ ਉਸ ਤੋਂ ਸਪੱਸ਼ਟ ਹੈ ਕਿ ਮੁੱਖ ਮੰਤਰੀ ਨੇ ਡੀ.ਜੀ.ਪੀ. ਦੀ ਨਿਯੁਕਤੀ ਦੇ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੇ ਸਿਆਸੀ ਦਬਾਅ ਦੀ ਪ੍ਰਵਾਹ ਨਹੀਂ ਕੀਤੀ। ਰਾਜ ਸਰਕਾਰ ਵੱਲੋਂ ਯੂ.ਪੀ.ਐਸ.ਸੀ. ਦੇ ਪੈਨਲ ਸਬੰਧੀ ਖ਼ੁਦ ਹੀ ਭੰਬਲਭੂਸਾ ਪੈਦਾ ਕਰਨ ਦਾ ਮਾਮਲਾ ਪ੍ਰਸ਼ਾਸਕੀ ਤੇ ਰਾਜਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

## ਸੁਰੇਸ਼ ਅਰੋੜਾ ਹੋਏ ਸੇਵਾ ਮੁਕਤ

1982 ਬੈਚ ਦੇ ਆਈ.ਪੀ.ਐਸ. ਅਧਿਕਾਰੀ ਸੁਰੇਸ਼ ਅਰੋੜਾ ਸੇਵਾ ਮੁਕਤ ਹੋ ਗਏ। ਉਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਤੇ ਗੋਲੀ ਕਾਂਡ ਕਰਕੇ ਵਿਵਾਦਾਂ 'ਚ ਘਿਰਨ ਤੋਂ ਬਾਅਦ ਅਕਤੂਬਰ 2015 ਵਿਚ ਸੁਮੇਧ ਸਿੰਘ ਸੈਣੀ ਦੀ ਥਾਂ 'ਤੇ ਡੀਜੀਪੀ ਨਿਯੁਕਤ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮਾਰਚ 2017 ਵਿਚ ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਵੀ ਸ੍ਰੀ ਅਰੋੜਾ ਨੂੰ ਇਸ ਅਹੁਦੇ 'ਤੇ ਕਾਇਮ ਰੱਖਿਆ ਗਿਆ। ਮੋਦੀ ਸਰਕਾਰ ਨੇ ਸਤੰਬਰ 'ਚ ਸੁਰੇਸ਼ ਅਰੋੜਾ ਦਾ ਸੇਵਾਕਾਲ 31 ਦਸੰਬਰ 2018 ਤੱਕ ਤਿੰਨ ਮਹੀਨਿਆਂ ਲਈ ਵਧਾ ਦਿੱਤਾ ਸੀ ਅਤੇ ਫਿਰ ਸੁਪਰੀਮ ਕੋਰਟ ਨੇ 31 ਜਨਵਰੀ ਤੱਕ ਕਾਰਜਕਾਲ 'ਚ ਵਾਧਾ ਕਰ ਦਿੱਤਾ ਸੀ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ 30 ਸਤੰਬਰ 2019 ਤੱਕ ਉਨ੍ਹਾਂ ਦਾ ਸੇਵਾਕਾਲ ਵਧਾ ਦਿੱਤਾ ਸੀ ਪਰ ਸ੍ਰੀ ਅਰੋੜਾ ਨੇ ਕੈਪਟਨ ਸਰਕਾਰ ਨੂੰ ਸੇਵਾ ਮੁਕਤ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਨਵੇਂ ਡੀ.ਜੀ.ਪੀ. ਦੀ ਨਿਯੁਕਤੀ ਤੱਕ ਹੀ ਉਨ੍ਹਾਂ ਨੂੰ ਇਸ ਅਹੁਦੇ 'ਤੇ ਰੱਖਿਆ ਜਾਵੇ।

## ਅਹਿਮ ਅਹੁਦਿਆਂ 'ਤੇ ਰਹਿ ਚੁੱਕੇ ਹਨ ਦਿਨਕਰ ਗੁਪਤਾ

ਦਿਨਕਰ ਗੁਪਤਾ ਨੇ ਏ.ਡੀ.ਜੀ.ਪੀ. ਐਡਮਨਿਸਟ੍ਰੇਸ਼ਨ ਐਂਡ ਕਮਿਊਨਿਟੀ ਪੁਲਿਸਿੰਗ (2015-17), ਏ.ਡੀ.ਜੀ.ਪੀ. ਪ੍ਰੋਵੀਜ਼ਨਿੰਗ ਐਂਡ ਮਾਡਰਨਾਈਜੇਸ਼ਨ (2014-15), ਏ.ਡੀ.ਜੀ.ਪੀ. ਕਾਨੂੰਨ ਵਿਵਸਥਾ (2012-15), ਏ.ਡੀ.ਜੀ.ਪੀ. ਸੁਰੱਖਿਆ (2012-15), ਏ.ਡੀ.ਜੀ.ਪੀ. ਟ੍ਰੈਫਿਕ (2013-14), ਡੀ.ਆਈ.ਜੀ. ਰੇਂਜ (2002 'ਚ ਇਕ ਸਾਲ ਤੋਂ ਵੱਧ ਅਤੇ 2003-04), ਐਸ.ਐਸ.ਪੀ. (ਜਨਵਰੀ 1992 ਤੋਂ ਜਨਵਰੀ 1999 ਤੱਕ ਸੱਤ ਸਾਲ) ਸੇਵਾ ਨਿਭਾਈ। ਉਨ੍ਹਾਂ ਨੂੰ ਬਹਾਦਰੀ ਲਈ 1992 ਵਿਚ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ ਗਿਆ ਅਤੇ ਡਿਊਟੀ ਦੌਰਾਨ ਵਿਲੱਖਣ ਹਾਸਲਾ, ਬਹਾਦਰੀ ਅਤੇ ਸਮਰਪਣ ਵਿਖਾਉਣ ਲਈ 1994 ਵਿਚ ਬਾਰ ਟੂ ਪੁਲਿਸ ਮੈਡਲ ਨਾਲ ਸਨਮਾਨਿਆ ਗਿਆ। ਉਨ੍ਹਾਂ ਨੂੰ 2010 ਵਿਚ ਸ਼ਾਨਦਾਰ ਸੇਵਾਵਾਂ ਲਈ ਰਾਸ਼ਟਰਪਤੀ ਪੁਲਿਸ ਮੈਡਲ ਵੀ ਮਿਲਿਆ।

# ਸਰਹੱਦੀ ਜ਼ਿਲ੍ਹਿਆਂ ਦੇ ਸਾਰੇ ਭਾਰਤੀ ਨਾਗਰਿਕਾਂ ਨੂੰ ਮਿਲਣਗੇ ਪਛਾਣ ਪੱਤਰ

**ਨਵੀਂ ਦਿੱਲੀ:** ਸਰਕਾਰ ਦੇਸ਼ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਰਹਿ ਰਹੇ ਸਾਰੇ ਭਾਰਤੀ ਨਾਗਰਿਕਾਂ ਨੂੰ ਪਛਾਣ ਪੱਤਰ ਜਾਰੀ ਕਰੇਗੀ ਅਤੇ ਇਸ ਸਬੰਧੀ ਵਿਸਤਾਰ 'ਚ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰਾਲੇ ਨੇ ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਇਹ ਜਾਣਕਾਰੀ ਦਿੱਤੀ। ਗ੍ਰਹਿ ਮੰਤਰਾਲੇ ਨੇ ਇਹ ਫੈਸਲਾ ਅਜਿਹੇ ਸਮੇਂ ਵਿਚ ਲਿਆ ਹੈ ਜਦੋਂ ਸਰਹੱਦੀ ਖੇਤਰਾਂ ਵਿਚ ਘੁਸਪੈਠ ਦੇ ਮਾਮਲਿਆਂ ਵਿਚ ਵਾਧਾ ਦੇਖਿਆ ਗਿਆ ਹੈ। ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਸਾਲ 2016 ਤੋਂ 2018 ਵਿਚਾਲੇ ਤਿੰਨ ਸਾਲਾਂ ਵਿਚ ਸਰਹੱਦ ਪਾਰ ਤੋਂ ਘੁਸਪੈਠ ਦੀਆਂ 371 ਘਟਨਾਵਾਂ ਸਾਹਮਣੇ ਆਈਆਂ ਹਨ।


ਗ੍ਰਹਿ ਮੰਤਰਾਲੇ ਅਨੁਸਾਰ, ''ਦੇਸ਼ ਦੇ ਸਾਰੇ ਸਰਹੱਦੀ ਜ਼ਿਲ੍ਹਿਆਂ ਵਿਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਨੂੰ ਪਛਾਣ ਪੱਤਰ ਜਾਰੀ ਕਰਨ ਦਾ ਸਿਧਾਂਤਕ ਤੌਰ 'ਤੇ ਫੈਸਲਾ ਹੋ ਚੁੱਕਾ ਹੈ। ਇਸ ਸਬੰਧੀ ਵਿਸਤਾਰ 'ਚ ਯੋਜਨਾ ਤਿਆਰ ਕਰਨ ਦੀ ਜ਼ਿੰਮੇਵਾਰੀ ਭਾਰਤ ਦੇ ਰਜਿਸਟਰਾਰ ਜਨਰਲ ਨੂੰ ਸੌਂਪੀ ਗਈ ਹੈ।

ਇਸ ਦੇ ਨਾਲ ਹੀ ਸੀਮਾ ਖੇਤਰ ਵਿਕਾਸ ਪ੍ਰੋਗਰਾਮ ਨੂੰ ਮਾਰਚ 2020 ਤੱਕ ਜਾਰੀ ਰੱਖਣ ਦੀ ਮਨਜ਼ੂਰੀ ਵੀ ਦਿੱਤੀ ਗਈ ਹੈ। ਕੇਂਦਰ ਸਰਕਾਰ ਕੌਮਾਂਤਰੀ ਸਰਹੱਦ ਨੇੜੇ ਰਹਿਣ ਵਾਲੇ ਲੋਕਾਂ ਦੀ ਖਾਸ ਵਿਕਾਸ ਲੋੜਾਂ ਤੇ ਉਨ੍ਹਾਂ ਦੀ ਭਲਾਈ ਸਬੰਧੀ ਕੰਮਾਂ ਨੂੰ ਪੂਰਾ ਕਰਨ ਲਈ ਇਕ ਅਹਿਮ ਪਹਿਲ ਤਹਿਤ 17 ਰਾਜਾਂ ਦੇ 11 ਜ਼ਿਲ੍ਹਿਆਂ ਦੇ 396 ਬਲਾਕਾਂ 'ਚ ਰਾਜ ਸਰਕਾਰਾਂ ਰਾਹੀਂ ਸੀਮਾ ਖੇਤਰ ਵਿਕਾਸ ਪ੍ਰੋਗਰਾਮ ਚਲਾ ਰਹੀ ਹੈ। ਇਨ੍ਹਾਂ ਰਾਜਾਂ ਵਿਚ ਪੰਜਾਬ, ਅਰੁਣਾਚਲ ਪ੍ਰਦੇਸ਼, ਅਸਾਮ, ਬਿਹਾਰ, ਗੁਜਰਾਤ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ, ਮਣੀਪੁਰ, ਰਾਜਸਥਾਨ, ਸਿੱਕਮ, ਤ੍ਰਿਪੁਰਾ ਤੇ ਪੱਛਮੀ ਬੰਗਾਲ ਸ਼ਾਮਲ ਹਨ।

ਪਿਛਲੇ ਤਿੰਨ ਸਾਲਾਂ ਵਿਚ ਸਭ ਤੋਂ ਵੱਧ ਘੁਸਪੈਠ ਦੀਆਂ ਘਟਨਾਵਾਂ ਮਿਆਂਮਾਰ ਸਰਹੱਦ 'ਤੇ ਹੋਈਆਂ ਹਨ ਅਤੇ ਇਸ ਖੇਤਰ ਵਿਚ ਅਜਿਹੇ 282 ਕੇਸ ਦਰਜ ਕੀਤੇ ਗਏ। ਇਸ ਦੌਰਾਨ ਭਾਰਤ-ਪਾਕਿਸਤਾਨ ਸਰਹੱਦ ਤੋਂ ਘੁਸਪੈਠ ਦੇ 74 ਕੇਸ ਦਰਜ ਹੋਏ, ਭਾਰਤ-ਨੇਪਾਲ ਸਰਹੱਦ ਉਤੇ 12 ਅਤੇ ਬੰਗਲਾਦੇਸ਼ ਨਾਲ ਲੱਗਦੀ ਸਰਹੱਦ 'ਤੇ ਘੁਸਪੈਠ ਦੇ ਤਿੰਨ ਕੇਸ ਦਰਜ ਕੀਤੇ ਗਏ।

# 'ਚੋਰ-ਚੋਰ' ਦੇ ਰੌਲੇ ਵਿਚ ਚੋਰਾਂ ਦੇ ਰਲਗੱਡ ਹੁੰਦੇ ਮੁਹਾਂਦਰੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਕਹੋ ਜਾਂ ਸਮੁੱਚਾ ਭਾਰਤ, ਇਸ ਵੇਲੇ ਚੋਣਾਂ ਵਾਲੀ ਲੀਹ ਉਤੇ ਪੈ ਚੁੱਕਾ ਹੈ। ਇਸ ਹਫਤੇ ਲੋਕ ਸਭਾ ਵਿਚ ਜਿੱਦਾਂ ਦੀ ਬਹਿਸ ਹੋਈ ਹੈ, ਜਿਹੋ ਜਿਹੀ ਬੋਲ-ਬਾਣੀ ਦੀ ਵਰਤੋਂ ਕੀਤੀ ਗਈ ਹੈ, ਜਿਸ ਤਰ੍ਹਾਂ ਸਿੱਠਣੀਆਂ ਅਤੇ ਮਿਹਣੇ ਦੇਣ ਤੋਂ ਵਧ ਕੇ ਗਾਲ੍ਹਾਂ ਵਰਗੇ ਸ਼ਬਦ ਵੀ ਵਰਤੇ ਗਏ ਹਨ, ਉਹ ਸਭ ਦੱਸਦੇ ਹਨ ਕਿ ਇਸ ਵਾਰੀ ਲੋਕ ਸਭਾ ਚੋਣ ਦੌਰਾਨ ਸਾਡੇ ਲੋਕਾਂ ਨੂੰ ਉਹ ਕੁਝ ਸੁਣਨ ਨੂੰ ਮਿਲਣ ਵਾਲਾ ਹੈ ਕਿ ਤੌਬਾ ਭਲੀ ਹੋਵੇਗੀ। ਆਪਣਾ ਦੋਸ਼ ਕਿਸੇ ਨੇ ਕਦੀ ਪਹਿਲਾਂ ਮੰਨਿਆ ਨਹੀਂ ਤੇ ਇਸ ਵਾਰੀ ਮੰਨਣਾ ਨਹੀਂ ਸੀ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਹਰ ਕੋਈ ਆਪਣੇ ਦੋਸ਼ ਨੂੰ ਦੂਜਿਆਂ ਦੇ ਸਿਰ ਮੜ੍ਹ ਕੇ ਇਸ ਤਰ੍ਹਾਂ ਪੇਸ਼ ਕਰ ਰਿਹਾ ਸੀ, ਜਿਵੇਂ ਇਹ ਅੰਤਿਮ ਸੱਚ ਹੋਵੇ। ਕਮਾਲ ਦਾ ਸਵੈ-ਭਰੋਸਾ ਸੀ!

ਲੜਾਈ ਦੀਆਂ ਮੁੱਖ ਧਿਰਾਂ ਇੱਕ ਵਾਰ ਫਿਰ ਪਹਿਲਾਂ ਵਾਂਗ ਦੋ ਹੀ ਹਨ। ਇੱਕ ਪਾਸੇ ਕੇਂਦਰ ਅਤੇ ਬਹੁਤੇ ਰਾਜਾਂ ਦੀ ਵਾਗ ਸੰਭਾਲ ਰਹੀ ਭਾਰਤੀ ਜਨਤਾ ਪਾਰਟੀ ਆਪਣੇ ਆਗੂ ਨਰਿੰਦਰ ਮੋਦੀ ਦੀ ਅਗਵਾਈ ਵਿਚ ਵੱਡੀ ਚੜ੍ਹਤ ਦਾ ਅਹਿਸਾਸ ਲਈ ਬੈਠੀ ਹੈ, ਅਤੇ ਦੂਜੇ ਪਾਸੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਫਿਰ ਨਹਿਰੂ-ਗਾਂਧੀ ਪਰਿਵਾਰ ਦੀ ਵਿਰਾਸਤ ਦੇ ਝੰਡੇ ਹੇਠ ਫੈਸਲਾਕੁਨ ਜੰਗ ਲੜਨ ਦਾ ਇਰਾਦਾ ਜਾਹਰ ਕਰ ਰਹੀ ਹੈ। ਦੋਵੇਂ ਧਿਰਾਂ ਨੇ ਆਪੋ-ਆਪਣੇ ਗੱਠਜੋੜ ਸਿਰਜੇ ਹੋਏ ਹਨ ਅਤੇ ਇਨ੍ਹਾਂ ਵਿਚ ਖੋਰਾ ਲੱਗਣ ਤੋਂ ਬਚਾਉਣ ਤੇ ਵਾਧਾ ਕਰਨ ਦੀ ਦੁਵੱਲੀ ਪ੍ਰਕ੍ਰਿਆ ਵਿਚ ਰੁੱਝੀਆਂ ਪਈਆਂ ਹਨ।

ਕਹਿਣ ਨੂੰ ਦੋਵਾਂ ਧਿਰਾਂ ਦੇ ਆਗੂ ਕਹਿੰਦੇ ਹਨ ਕਿ ਸਾਨੂੰ ਕਿਸੇ ਦਾ ਡਰ ਨਹੀਂ, ਪਰ ਡਰ ਦੋਵੇਂ ਪਾਸੇ ਦੀ ਲੀਡਰਸ਼ਿਪ ਦੇ ਚਿਹਰੇ ਚਮਕ ਤੋਂ ਸੱਖਣੇ ਕਰੀ ਜਾਂਦਾ ਹੈ। ਕਿਸੇ ਵੱਡੇ ਇਮਤਿਹਾਨ ਵਿਚ ਪੈਣ ਵਾਲੇ ਕੱਚੀ ਉਮਰ ਦੇ ਵਿਦਿਆਰਥੀ ਨੂੰ ਜਿੰਨੀ ਚਿੰਤਾ ਵੇਖੀ ਜਾਂਦੀ ਹੈ, ਉਸ ਤੋਂ ਵੱਧ ਇਨ੍ਹਾਂ ਦੋ ਧਿਰਾਂ ਦੇ ਮੋਹਰੀ ਆਗੂਆਂ ਦੇ ਚਿਹਰਿਆਂ ਤੋਂ ਝਲਕਣ ਲੱਗ ਪਈ ਹੈ। ਦਲੀਲਾਂ ਦਾ ਪੱਲਾ ਛੱਡਿਆ ਜਾਣਾ ਅਤੇ ਕੱਟੇ ਵਾਂਗ ਅੜਿੰਗਣ ਦਾ ਸਿਲਸਿਲਾ ਪੈਰੋ-ਪੈਰ ਏਦਾਂ ਵਧੀ ਜਾ ਰਿਹਾ ਹੈ, ਜਿਵੇਂ ਐਤਕੀਂ ਚੋਣਾਂ ਵਿਚ ਮੁਕਾਬਲਾ ਵੱਧ ਤੋਂ ਵੱਧ ਉਚੀ ਸੁਰ ਅਤੇ ਭੱਦੀ ਭਾਸ਼ਾ ਦੇ ਨਾਲ ਹੀ ਕਰਨ ਦਾ ਇਰਾਦਾ ਧਾਰਿਆ ਪਿਆ ਹੋਵੇ।

ਜੋ ਮੁੱਦੇ ਮੁੱਖ ਤੌਰ 'ਤੇ ਇਸ ਵਕਤ ਲੋਕਾਂ ਅੱਗੇ ਪਰੋਸੇ ਜਾ ਰਹੇ ਹਨ, ਉਨ੍ਹਾਂ ਵਿਚੋਂ ਕੋਈ ਇੱਕ ਵੀ ਏਦਾਂ ਦਾ ਨਹੀਂ, ਜੋ ਸਿਰਫ ਇੱਕ ਧਿਰ ਦੀ ਵਿਗੜੀ ਦਿੱਖ ਦਿਖਾਉਂਦਾ ਹੋਵੇ। ਭ੍ਰਿਸ਼ਟਾਚਾਰ ਦਾ ਮੁੱਦਾ ਖਾਸ ਤੌਰ 'ਤੇ ਪ੍ਰਚਾਰ ਲਈ ਉਭਾਰਿਆ ਜਾ ਰਿਹਾ ਹੈ। ਵਿਚਾਰੇ ਲੋਕਾਂ ਨੂੰ ਇਸ ਦੇ ਮੁੱਖ ਦੋਸ਼ੀ ਦੀ ਪਛਾਣ ਕਰਨ ਵਿਚ ਔਖ ਹੋ ਰਹੀ ਹੈ। ਦੇਸ਼ ਦੀ ਰਾਜਸੀ ਫਿਜ਼ਾ ਵਿਚ ਕਈ ਵਾਰੀ ਇਹ ਮੁੱਦਾ ਉਛਲਿਆ ਤੇ ਚੋਣਾਂ ਪਿਛੋਂ ਹਰ ਵਾਰੀ 'ਜੋ ਨਾ ਡਿੱਠਾ, ਉਹੀਓ ਮਿੱਠਾ' ਦੇ ਮੁਹਾਵਰੇ ਵਾਂਗ ਉਹ ਸਾਰੇ ਆਗੂ ਆਪਣੇ ਜਾਂ ਆਪਣੇ ਨੇੜੂਆਂ ਦੇ ਕਰ ਕੇ ਭ੍ਰਿਸ਼ਟਾਚਾਰ ਕਾਰਨ ਵਿਵਾਦ ਵਿਚ ਆਏ ਰਹੇ ਹਨ। ਜਾਂਚ ਪਿੱਛੋਂ ਕੋਈ ਮੁੱਦਾ ਸਿਰੇ ਨਹੀਂ ਲੱਗਦਾ। ਅਸਲ ਗੱਲ ਇਹ ਹੈ ਕਿ ਬਹੁਤੇ ਜਾਂਚ ਕਰਤਾ ਵੀ ਓਦਾਂ ਦੇ ਹੀ ਹੁੰਦੇ ਹਨ।







ਪਿਛਲੇ ਦਿਨੀਂ ਜਦੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਧਰਨਾ ਮਾਰਿਆ ਸੀ ਤਾਂ ਇਸ ਗੱਲ ਦੀ ਬਹੁਤ ਚਰਚਾ ਹੋਈ ਸੀ ਕਿ ਉਹ ਸ਼ਾਰਦਾ ਚਿੱਟ ਫੰਡ ਨਾਲ ਜੁੜੇ ਦੋਸ਼ੀਆਂ ਨੂੰ ਬਚਾ ਰਹੀ ਹੈ। ਇਹ ਵੀ ਚਰਚਾ ਸੀ ਕਿ ਉਸ ਨੇ ਜਿਸ ਪੁਲਿਸ ਅਫਸਰ ਰਾਜੀਵ ਕੁਮਾਰ ਦੀ ਹਮਾਇਤ ਵਿਚ ਧਰਨਾ ਮਾਰਿਆ, ਉਸ ਨੇ ਸ਼ਾਰਦਾ ਚਿੱਟ ਫੰਡ ਘਪਲੇ ਦੀ ਜਾਂਚ ਕੀਤੀ ਸੀ ਤੇ ਦੋਸ਼ੀਆਂ ਨੂੰ ਫੜਨ ਦੀ ਥਾਂ ਬਚਾਉਣ ਲੱਗਾ ਰਿਹਾ ਸੀ। ਸਥਿਤੀ ਦਾ ਦੂਜਾ ਪੱਖ ਇਹ ਹੈ ਕਿ ਇਸੇ ਕੇਸ ਦਾ ਸਭ ਤੋਂ ਵੱਡਾ ਦੋਸ਼ੀ ਮੁਕੁਲ ਰਾਏ ਪਹਿਲਾਂ ਮਮਤਾ ਬੈਨਰਜੀ ਦੀ ਪਾਰਟੀ ਦਾ ਪਾਰਲੀਮੈਂਟ ਮੈਂਬਰ ਸੀ ਤੇ ਫਿਰ ਉਸ ਨੇ ਭਾਜਪਾ ਦਾ ਝੰਡਾ ਜਾ ਚੁੱਕਿਆ ਸੀ।

ਦੂਜਾ ਵੱਡਾ ਦੋਸ਼ੀ ਆਸਾਮ ਵਿਚ ਕਾਂਗਰਸੀ ਮੰਤਰੀ ਹੇਮੰਤ ਬਿਸਵਾ ਸਰਮਾ ਮੰਨਿਆ ਜਾਂਦਾ ਸੀ, ਪਰ ਸੀ. ਬੀ. ਆਈ. ਦੀ ਚੱਲਦੀ ਜਾਂਚ ਦੌਰਾਨ ਉਹ ਵੀ ਭਾਜਪਾ ਵਿਚ ਚਲਾ ਗਿਆ ਅਤੇ ਅੱਜ ਕੱਲ੍ਹ ਉਹ ਭਾਜਪਾ ਦੀ ਆਸਾਮ ਸਰਕਾਰ ਦਾ ਸੜਕਾਂ ਬਾਰੇ ਮੰਤਰੀ ਹੈ। ਇਸ ਕੇਸ ਦੀ ਜਾਂਚ ਇਸ ਵਕਤ ਸੀ. ਬੀ. ਆਈ. ਕੋਲ ਹੈ ਤੇ ਸੀ. ਬੀ. ਆਈ. ਨੇ ਜਿਸ ਦਿਨ ਕੋਲਕਾਤਾ ਵਿਚ ਮਮਤਾ ਬੈਨਰਜੀ ਦੇ ਚਹੇਤੇ ਪੁਲਿਸ ਅਫਸਰ ਰਾਜੀਵ ਕੁਮਾਰ ਦੇ ਘਰ ਪੁੱਛਗਿੱਛ ਲਈ ਟੀਮ ਭਿਜਵਾਈ ਸੀ, ਉਸ ਦਿਨ ਸੀ. ਬੀ. ਆਈ. ਦੀ ਕਮਾਂਡ ਐਕਟਿੰਗ ਡਾਇਰੈਕਟਰ ਨਾਗੇਸ਼ਵਰ ਰਾਓ ਦੇ ਹੱਥ ਸੀ। ਮਸਾਂ ਤਿੰਨ ਦਿਨ ਲੰਘੇ ਤੇ ਉਸ ਨਾਗੇਸ਼ਵਰ ਰਾਓ ਦੀ ਪਤਨੀ ਦੀਆਂ ਕੰਪਨੀਆਂ ਉਤੇ ਕੋਲਕਾਤਾ ਵਿਚ ਉਥੋਂ ਦੀ ਪੁਲਿਸ ਛਾਪੇ ਮਾਰਦੀ ਫਿਰਦੀ ਹੈ।

ਲੋਕ ਆਖਦੇ ਹਨ ਕਿ ਨਾਗੇਸ਼ਵਰ ਰਾਓ ਦੀ ਪਤਨੀ ਦੀ ਏਂਜਲਾ ਮਰਕੈਂਟਾਈਲ ਗਰੁਪ ਵਾਲੀ ਕੰਪਨੀ ਦੇ ਗਲਤ ਗੱਲਾਂ ਵਿਚ ਸ਼ਾਮਲ ਹੋਣ ਦੇ ਚਰਚੇ ਹਨ। ਜਿਹੜੇ ਆਦਮੀ ਦੀ ਬੀਵੀ ਲੋਕਾਂ ਦੀ ਨਜ਼ਰ ਵਿਚ ਗਲਤ ਗਿਣੇ ਜਾਂਦੇ ਕੰਮਾਂ ਨਾਲ ਜੁੜੀ ਦੱਸੀ ਜਾਂਦੀ ਹੈ, ਉਹ ਦੂਸਰਿਆਂ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਇਜ਼ ਜਾਂਚ ਵੀ ਕਰਦਾ ਹੋਵੇਗਾ ਤਾਂ ਉਸ ਵੱਲ ਉਂਗਲਾਂ ਉਠਣੀਆਂ ਸੁਭਾਵਿਕ ਹਨ। ਕਹਾਵਤ ਹੈ, ਕਿਸੇ ਵੱਲ ਉਂਗਲ ਉਠਾਉਣ ਵੇਲੇ ਆਮ ਤੌਰ 'ਤੇ ਬਾਕੀ ਦੀਆਂ ਤਿੰਨ ਉਂਗਲਾਂ ਖੁਦ ਉਸ ਬੰਦੇ ਵੱਲ ਉਠ ਪੈਂਦੀਆਂ ਹਨ। ਇਥੇ ਵੀ ਇਹੋ ਹੋ ਰਿਹਾ ਜਾਪਦਾ ਹੈ।

ਭਾਰਤ ਦੇ ਲੋਕ ਅਜੀਬ ਜਿਹੀ ਸ਼ਸ਼ੋਪੰਜ ਵਿਚ ਹਨ। ਉਹ ਇੱਕ ਪਾਰਟੀ ਵੱਲ ਝੁਕਦੇ ਹਨ, ਕਿਉਂਕਿ ਉਨ੍ਹਾਂ ਨੂੰ ਕਿਸੇ ਦੂਸਰੇ ਦੇ ਨੁਕਸ ਚੁਭਦੇ ਹਨ ਤੇ ਫਿਰ ਜਿਸ ਵੱਲ ਕਿਸੇ ਚੰਗੇ ਅਕਸ ਦੀ ਝਾਕ ਵਿਚ ਜੁੜੇ ਹੁੰਦੇ ਹਨ, ਉਹ ਪਹਿਲੀ ਤੋਂ ਵੀ ਨਖਿਧ ਸਾਬਤ ਹੋਣ ਲੱਗਦੀ ਹੈ। ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਦੇਣ ਦੀ ਥਾਂ ਦੋਸ਼ ਲਾਉਣ ਵਾਲਿਆਂ ਨੂੰ ਨਕਾਰ ਦੇਣ ਦਾ ਰਿਵਾਜ ਵੀ ਅਜਿਹੇ ਮੌਕੇ ਲੋਕਾਂ ਸਾਹਮਣੇ ਆ ਜਾਂਦਾ ਹੈ।

ਇਸ ਵੇਲੇ ਰਾਫੇਲ ਜਹਾਜਾਂ ਦੇ ਸੌਦੇ ਦਾ ਚਰਚਾ ਹੋਣ ਉਤੇ ਅੰਗਰੇਜ਼ੀ ਅਖਬਾਰ 'ਹਿੰਦੂ' ਨੇ ਇਹ ਸਬੂਤ ਛਾਪੇ ਹਨ ਕਿ ਵੱਡੇ ਫੌਜੀ ਜਰਨੈਲਾਂ ਵਿਚੋਂ ਇੱਕ ਨੇ ਇਹ ਸੌਦਾ ਹੋਣ ਦੇ ਵਕਤ ਹੀ ਫਾਈਲ ਵਿਚ ਇਹ ਗੱਲ ਲਿਖ ਦਿੱਤੀ ਸੀ ਕਿ ਫੌਜ ਦੀ ਖਰੀਦ ਕਮੇਟੀ ਦੇ ਬਰਾਬਰ ਵੱਖਰੇ ਤੌਰ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਦਾ ਦਫਤਰ ਇੱਕ ਆਪਣੀ ਖਰੀਦ ਕਮੇਟੀ ਚਲਾਈ ਜਾ ਰਿਹਾ ਹੈ। ਅੱਜ ਕੱਲ੍ਹ ਚਰਚਾ ਇਹੋ ਹੈ ਕਿ ਹਰ ਕਿਸਮ ਦੀ ਪ੍ਰਕ੍ਰਿਆ ਦੇ ਨਿਯਮਾਂ ਅਤੇ ਕਮੇਟੀਆਂ ਨੂੰ ਉਲੰਘ ਕੇ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੇ ਚੇਲਿਆਂ ਦੀ ਆਪਣੀ ਟੀਮ ਨੇ ਗੁਪਤ ਢੰਗ ਨਾਲ ਇਹ ਸੌਦਾ ਸਿਰੇ ਚਾੜ੍ਹਿਆ ਹੈ ਤੇ ਸੱਚਾਈ ਲੁਕਾਈ ਗਈ ਹੈ। ਉਸ ਫੌਜੀ ਜਰਨੈਲ ਦੀ ਏਦਾਂ ਦੀ ਟਿੱਪਣੀ ਵੀ ਪ੍ਰਧਾਨ ਮੰਤਰੀ ਦਫਤਰ ਦੇ ਅੰਦਰ ਚੱਲਦੀ ਇੱਕ ਗੁਪਤ ਖੇਡ ਬਾਰੇ ਭੇਦ ਖੋਲ੍ਹ ਰਹੀ ਹੈ। ਸਰਕਾਰ ਤੇ ਖਾਸ ਕਰ ਕੇ ਰੱਖਿਆ ਮੰਤਰੀ ਨੇ ਕਿਹਾ ਹੈ ਕਿ ਅਖਬਾਰ 'ਹਿੰਦੂ' ਦੀ ਰਿਪੋਰਟ ਭਰੋਸੇਯੋਗ ਨਹੀਂ ਹੈ।

ਤੇਤੀ ਸਾਲ ਪਹਿਲਾਂ ਤੋਪਾਂ ਵਾਲੇ ਸੌਦੇ ਬਾਰੇ ਵੀ ਬਹੁਤਾ ਕੁਝ ਇਸੇ ਅੰਗਰੇਜ਼ੀ ਅਖਬਾਰ 'ਹਿੰਦੂ' ਨੇ ਛਾਪਿਆ ਸੀ। ਜਿਹੜੇ ਕਾਂਗਰਸੀ ਅੱਜ ਇਸ ਦੇ ਕਾਗਜ਼ ਉਛਾਲ ਕੇ ਮੋਦੀ ਸਰਕਾਰ ਨੂੰ ਜਿੱਚ ਕਰ ਰਹੇ ਹਨ, ਉਹ ਉਦੋਂ ਏਸੇ 'ਹਿੰਦੂ' ਅਖਬਾਰ ਨੂੰ ਝੂਠਾ ਕਹਿੰਦੇ ਸਨ। ਕਮਾਲ ਦੀ ਗੱਲ ਇਹ ਕਿ ਉਦੋਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਭਾਜਪਾ ਦੇ ਆਗੂ ਇਸੇ ਅਖਬਾਰ ਦੇ ਵਰਕੇ ਉਛਾਲ ਕੇ ਰਾਜੀਵ ਗਾਂਧੀ ਖਿਲਾਫ ਇਸ ਨੂੰ ਸਬੂਤ ਵਜੋਂ ਪੇਸ਼ ਕਰਦੇ ਸਨ। ਸਿਆਸਤ ਦੀਆਂ ਅਗਵਾਨੂੰ ਦੋਹਾਂ ਮੁੱਖ ਪਾਰਟੀਆਂ ਦੀ ਲੀਡਰਸ਼ਿਪ ਇਸ ਨੂੰ ਆਪਣੀ ਲੋੜ ਮੁਤਾਬਕ ਭੰਡਦੀ ਅਤੇ ਨਿੰਦਦੀ ਰਹਿੰਦੀ ਹੈ।

ਤੇਤੀ ਕੁ ਸਾਲ ਪਹਿਲਾਂ ਰਾਜੀਵ ਗਾਂਧੀ ਦੇ ਖਿਲਾਫ ਭਾਜਪਾ ਆਗੂ 'ਚੋਰ-ਚੋਰ' ਵਾਲੇ ਨਾਅਰੇ ਲਾਉਂਦੇ ਸਨ, ਦੇਸ਼ ਦੇ ਲੋਕਾਂ ਸਾਹਮਣੇ ਤੇਤੀ ਸਾਲਾਂ ਬਾਅਦ 'ਚੋਰ-ਚੋਰ' ਕਹੇ ਗਏ ਰਾਜੀਵ ਗਾਂਧੀ ਦਾ ਪੁੱਤਰ ਆਪਣੇ ਬਾਪ ਦੀ ਭੰਡੀ ਕਰਨ ਵਾਲੀ ਭਾਜਪਾ ਦੇ ਸਭ ਤੋਂ ਵੱਡੇ ਆਗੂ ਦੇ ਖਿਲਾਫ 'ਚੋਰ-ਚੋਰ' ਦੀ ਦੁਹਾਈ ਦਿੰਦਾ ਪਿਆ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾ ਸਕਦਾ ਹੈ, ਇਹ ਗੱਲ ਕਈ ਵੱਡੇ ਵਿਦਵਾਨ ਕਹਿੰਦੇ ਹਨ। ਜਦੋਂ ਦੁਹਰਾਉਂਦਾ ਹੈ ਤਾਂ ਇੰਨ-ਬਿੰਨ ਇਹ ਕੰਮ ਕਦੇ ਵੀ ਨਹੀਂ ਕਰਦਾ ਹੁੰਦਾ। ਕਈ ਵਾਰੀ ਇਸ ਖੇਡ ਦੇ ਪਾਤਰਾਂ ਦੀ ਭੂਮਿਕਾ ਦੁਹਰਾਓ ਵੇਲੇ ਇੱਕ ਦੂਸਰੇ ਨਾਲ ਬਦਲਵਾਈ ਜਾਣ ਦੀ ਕਮਾਲ ਵੀ ਹੋ ਜਾਂਦੀ ਹੈ। ਸ਼ਾਇਦ ਇਸੇ ਲਈ ਕੱਲ੍ਹ ਤੱਕ ਦੀ 'ਵੱਖਰੀ-ਨਿਆਰੀ' ਹੋਣ ਦਾ ਦਾਅਵਾ ਕਰਨ ਵਾਲੀ ਪਾਰਟੀ ਦੇ ਆਗੂ ਨਾ ਸਿਰਫ ਹੋਰ ਆਗੂਆਂ ਵਰਗੇ, ਸਗੋਂ ਕਈ ਗੱਲਾਂ ਵਿਚ ਉਨ੍ਹਾਂ ਦੇ ਵੀ ਗੁਰੂ-ਘੰਟਾਲ ਹੋਣ ਦਾ ਰਿਕਾਰਡ ਬਣਾ ਰਹੇ ਜਾਪਦੇ ਹਨ। ਇਹ ਵੀ ਦਿਨ ਆਉਣੇ ਸਨ, ਪਰ ਇਥੇ ਇਹ ਦਿਨ ਰੁਕਣੇ ਨਹੀਂ, ਹੋਰ ਵੀ ਨਜ਼ਾਰਾ ਪੇਸ਼ ਹੋ ਸਕਦਾ ਹੈ।

# ਮੋਬਾਈਲ ਮਨੋਰੋਗ: ਸਮਾਜ ਲਈ ਚਿੰਤਾ ਦਾ ਵਿਸ਼ਾ

## ਅਜੋਕਾ ਯੁਗ

ਡਾ. ਅਰੁਣਜੀਤ ਸਿੰਘ ਟਿਵਾਣਾ*
ਫੋਨ: 91-99157-15322

ਅਜੋਕੇ ਸਮੇਂ ਵਿਚ ਹਰ ਛੋਟਾ-ਵੱਡਾ, ਖਾਸ ਕਰ ਨੌਜਵਾਨ ਵਰਗ ਮੋਬਾਈਲ ਮਨੋਰੋਗੀ ਬਣ ਰਿਹਾ ਹੈ। ਛੇ ਸਾਲ ਪਹਿਲਾਂ ਆਸਟਰੇਲੀਆ ਨੇ ਇਹ ਗੱਲ ਮਹਿਸੂਸ ਕੀਤੀ ਕਿ ਮੋਬਾਈਲ ਮਨੋਰੋਗੀ ਸਮਾਜ ਦੇ ਸ਼ਿਸ਼ਟਾਚਾਰ ਲਈ ਘਾਤਕ ਹਨ। ਉਸ ਦੇਸ਼ ਨੇ ਇਸ ਗੱਲ ਉਤੇ ਗੌਰ ਕੀਤਾ ਕਿ ਅਕਸਰ ਮੋਬਾਈਲ ਮਨੋਰੋਗੀ ਆਪਣੇ ਮੋਬਾਈਲ ਵਿਚ ਮਗਨ ਹੋ ਕੇ ਦੂਜਿਆਂ ਨੂੰ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਹਨ।

ਆਸਟਰੇਲੀਆ ਦੇ ਚਿੰਤਕਾਂ ਨੇ ਚਿੰਤਾ ਪ੍ਰਗਟ ਕੀਤੀ ਕਿ ਉਨ੍ਹਾਂ ਕੋਲ ਇਸ ਸਮੱਸਿਆ ਲਈ ਕੋਈ ਸ਼ਬਦ ਨਹੀਂ ਹੈ। ਨਤੀਜੇ ਵਜੋਂ ਮਈ 2012 ਵਿਚ ਸਿਡਨੀ ਯੂਨੀਵਰਸਿਟੀ, ਆਸਟਰੇਲੀਆ ਵਿਚ ਧੁਨੀ ਅਤੇ ਸ਼ਬਦਕੋਸ਼ ਵਿਗਿਆਨੀਆਂ, ਲੇਖਕਾਂ, ਬੁੱਧੀਜੀਵੀਆਂ ਤੇ ਕਵੀਆਂ ਦੀ ਇਕੱਤਰਤਾ ਹੋਈ। ਇਸ ਇਕੱਤਰਤਾ ਦੌਰਾਨ ਸਰਬਸੰਮਤੀ ਨਾਲ ਫਬਿੰਗ (PHUBBING) ਸ਼ਬਦ ਉਭਰ ਕੇ ਆਇਆ। ਇਸ ਦਾ ਸ਼ਾਬਦਿਕ ਅਰਥ ਆਸਟਰੇਲੀਅਨ ਛੇਵੇਂ ਐਡੀਸ਼ਨ ਨਾਂ ਦੀ ਮੈਕੁਏਰੀ ਨੈਸ਼ਨਲ ਡਿਕਸ਼ਨਰੀ ਵਿਚ ਦਰਜ ਹੈ। ਅੱਜ ਆਸਟਰੇਲੀਆ ਦੇ ਨਾਲ-ਨਾਲ ਤਕਰੀਬਨ 180 ਦੇਸ਼ਾਂ ਦੇ ਲੋਕ ਫਬਿੰਗ ਸ਼ਬਦ ਵਰਤਦੇ ਹਨ, ਪਰ ਭਾਰਤ ਵਿਚ ਇਹ ਸ਼ਬਦ ਨਾਂ-ਮਾਤਰ ਵਰਤਿਆ ਜਾਂਦਾ ਹੈ।

ਤਕਨਾਲੋਜੀ ਦੇ ਉਲਝੇ ਤਾਣੇ-ਬਾਣੇ ਵਿਚ ਮੋਬਾਈਲ ਤਕਨਾਲੋਜੀ ਦੀ ਸਭ ਤੋਂ ਵੱਡੀ ਹਿੱਸੇਦਾਰੀ ਹੈ। ਇਸ ਤਕਨਾਲੋਜੀ ਦਾ ਸਿੱਧਾ ਸਬੰਧ ਮਨੁੱਖ ਦੀ ਮਾਨਸਿਕਤਾ ਨਾਲ ਜੁੜ ਗਿਆ ਹੈ। ਹਰੇਕ ਬਾਸ਼ਿੰਦਾ ਇਸ ਤਕਨਾਲੋਜੀ ਨੂੰ ਵਰਤਣ ਲਈ ਮਜਬੂਰ ਹੈ। ਇਹ ਤਕਨਾਲੋਜੀ ਇੰਨੀ ਪ੍ਰਭਾਵਸ਼ਾਲੀ ਹੈ ਕਿ ਹਰ ਕੋਈ ਸਵੇਰੇ ਜਾਗਣ ਤੋਂ ਲੈ ਕੇ ਰਾਤ ਸੌਣ ਤੱਕ ਇਸ ਰਾਹੀਂ ਆਪਣੇ ਗਿਆਨਾਤਮਕ, ਭਾਵਨਾਤਮਕ, ਆਰਥਕ, ਸੰਗੀਤਾਤਮਕ ਤੇ ਹੋਰ ਖਾਹਿਸ਼ਾਂ ਪੂਰੀਆਂ ਕਰਦਾ ਹੈ। ਇਸ ਤੋਂ ਇਲਾਵਾ ਦਿਨ-ਦਿਹਾਰ ਜਾਂ ਤਰੀਕਾਂ ਵੇਖਣ ਵਾਲਾ ਕੈਲੰਡਰ, ਫੋਟੋਆਂ ਸਾਂਭਣ ਵਾਲੀ ਐਲਬਮ, ਵੱਖ-ਵੱਖ ਟੈਲੀਫੋਨ ਜਾਂ ਜ਼ਰੂਰੀ ਕੰਮ ਨੋਟ ਕਰਨ ਵਾਲੀ ਡਾਇਰੀ, ਘੜੀ, ਕੈਲਕੂਲੇਟਰ, ਪੈਨ ਆਦਿ ਸਭ ਵਸਤਾਂ ਇਸ ਤਕਨਾਲੋਜੀ ਵਿਚ ਗ੍ਰਸ ਗਈਆਂ ਹਨ। ਹੋਰ ਤਾਂ ਹੋਰ ਅਖਬਾਰ, ਡਿਕਸ਼ਨਰੀਆਂ ਤੇ ਕਿਤਾਬਾਂ ਵੀ ਮੋਬਾਈਲ ਤਕਨਾਲੋਜੀ ਦੀਆਂ ਹਾਣੀ ਬਣ ਚੁਕੀਆਂ ਹਨ।

ਇੱਥੇ ਹੀ ਬਸ ਨਹੀਂ, ਕਿਸੇ ਸੱਜਣ-ਮਿੱਤਰ ਨੂੰ ਨਵੇਂ ਵਰ੍ਹੇ ਦੀ ਆਮਦ ਉਤੇ ਜਾਂ ਹੋਰ ਕਿਸੇ ਦਿਨ-ਸ਼ੁੱਭ ਮੌਕੇ ਭਾਵਨਾਵਾਂ ਵਿਚ ਗੜੁੱਚ ਚਿੱਠੀ-ਪੱਤਰ ਤੇ ਪੋਸਟ ਕਾਰਡ ਲਿਖਣ, ਕਿਸੇ ਰਿਸ਼ਤੇਦਾਰ, ਸਕੇ-ਸਬੰਧੀ ਜਾਂ ਪਹਿਲੀ ਵਾਰ ਕਿਸੇ ਓਪਰੇ ਬੰਦੇ ਦੇ ਘਰ ਜਾਣ ਲਈ ਕਈ ਜਣਿਆਂ ਤੋਂ ਉਤਸੁਕਤਾ ਨਾਲ ਉਸ ਦੇ ਘਰ ਦੇ ਰਸਤੇ ਬਾਰੇ ਪੁੱਛਣ, ਸੱਤ ਸਮੁੰਦਰੋਂ ਦੂਰ ਬੈਠੇ ਧੀਆਂ-ਪੁੱਤਰਾਂ ਦਾ ਮੂੰਹ ਦੇਖਣ ਲਈ ਤਰਸਣ, ਮੰਡੀ ਜਾਂ ਕਰਿਆਨੇ ਦੀ ਹੱਟੀ ਤੋਂ ਫਲਾਂ, ਸਬਜ਼ੀਆਂ ਜਾਂ ਹੋਰ ਰਾਸ਼ਨ-ਪਾਣੀ ਲਿਆਉਣ ਲਈ ਬਣੇ ਜੂਟ ਦੇ ਵੱਡੇ-ਵੱਡੇ ਥੈਲਿਆਂ ਨੂੰ ਹੱਥਾਂ ਵਿਚ ਫੜਨ, ਵਾਰ-ਵਾਰ ਰੁਮਾਲ ਵਿਚ ਕਈ ਗੱਠਾਂ ਨਾਲ ਬੰਨੇ ਹੋਏ ਪੈਸਿਆਂ ਨੂੰ ਜਾਂ ਚੋਰ ਜੇਬ ਵਿਚ ਪਾਏ ਬਟੂਏ ਨੂੰ ਟੋਹ-ਟੋਹ ਕੇ ਵੇਖਣ, ਕਿਸੇ ਨੂੰ ਸਮਾਂ ਕੱਢ ਕੇ ਉਚੇਚੇ ਤੌਰ 'ਤੇ ਸੱਦਾ-ਪੱਤਰ ਦੇਣ ਲਈ ਜਾਣ ਜਾਂ ਬੈਂਕ ਵਿਚ ਪੈਸਿਆਂ ਦੇ ਲੈਣ-ਦੇਣ ਲਈ ਘਰੋਂ ਬਾਹਰ ਨਿਕਲਣ ਆਦਿ ਵਰਗੀਆਂ ਗੱਲਾਂ ਵਟਸਐਪ, ਟਵਿੱਟਰ, ਇੰਸਟਾਗ੍ਰਾਮ, ਮੈਸੰਜਰ, ਗੂਗਲ ਮੈਪ, ਫੇਸਬੁੱਕ, ਵੀਡੀਓ ਕਾਲਿੰਗ, ਆਨਲਾਈਨ ਸ਼ਾਪਿੰਗ, ਪੇਅਟੀਐਮ, ਆਨਲਾਈਨ ਬੈਂਕਿੰਗ ਆਦਿ ਦਾ ਰੂਪ ਧਾਰ ਚੁਕੀਆਂ ਹਨ।

ਮੁੱਕਦੀ ਗੱਲ, ਸਮਾਰਟ ਮੋਬਾਈਲ ਦੇ ਪਲੇਅ ਸਟੋਰ ਰਾਹੀਂ ਅੱਜ ਦਾ ਸਮਾਜ ਆਪਣੇ ਹਰ ਵਰਤਾਰੇ ਨੂੰ ਯਕੀਨੀ ਬਣਾ ਰਿਹਾ ਹੈ। ਸਥਿਤੀ ਹੁਣ ਇਹ ਬਣ ਗਈ ਹੈ ਕਿ ਜਿਸ ਵਿਅਕਤੀ ਕੋਲ ਮੋਬਾਈਲ ਹੈ, ਉਸ ਨੂੰ ਸਾਰੀ ਦੁਨੀਆਂ ਆਪਣੀ ਮੁੱਠੀ ਵਿਚ ਜਾਪਦੀ ਹੈ। ਮੋਬਾਈਲ ਦਾ ਮੁਥਾਜ ਬਣਨ ਕਾਰਨ ਹੀ ਮਨੁੱਖ ਮੋਬਾਈਲ ਮਨੋਰੋਗੀ ਬਣ ਰਿਹਾ ਹੈ, ਕਿਉਂਕਿ ਬਹੁਤੇ ਲੋਕ ਚੌਵੀ ਘੰਟੇ ਆਪਣੀ ਗਰਦਨ ਨੀਵੀਂ ਕਰ ਕੇ ਮੋਬਾਈਲ ਵਿਚ ਖੁੱਭੇ ਰਹਿੰਦੇ ਹਨ।



ਕੀ ਹੈ ਮਨੋਰੋਗ: ਚੰਚਲਤਾ ਮਨੁੱਖੀ ਮਨ ਦੀ ਹੋਂਦ ਦਾ ਮੂਲ ਕਾਰਨ ਹੈ। ਜਦੋਂ ਮਨੁੱਖੀ ਮਨ ਦੀ ਚੰਚਲਤਾ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਮਨੋਰੋਗ ਵਰਗੀ ਸਥਿਤੀ ਬਣਦੀ ਹੈ। ਮਨੁੱਖੀ ਦਿਮਾਗ, ਮਨ ਦੀ ਚੰਚਲਤਾ ਨੂੰ ਸਮਝਾਉਣ ਦਾ ਫਰਜ਼ ਨਿਭਾਉਂਦਾ ਹੈ, ਪਰ ਜਦੋਂ ਮਨ ਦਿਮਾਗ ਉਤੇ ਭਾਰੂ ਹੋ ਜਾਂਦਾ ਹੈ ਤਾਂ ਅਕਸਰ ਮਨੋਰੋਗ ਪੈਦਾ ਹੁੰਦਾ ਹੈ। ਮੋਬਾਈਲ ਮਨੋਰੋਗੀਆਂ ਨਾਲ ਵੀ ਅਜਿਹਾ ਹੀ ਹੁੰਦਾ ਹੈ। ਉਨ੍ਹਾਂ ਦੇ ਦਿਮਾਗਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਮੋਬਾਈਲ ਨਾਲ ਰੇਡੀਏਸ਼ਨ, ਅੰਧਰਾਤਾ ਤੇ ਹੋਰ ਬਹੁਤ ਸਾਰੇ ਸਰੀਰਕ ਨੁਕਸਾਨ ਹੁੰਦੇ ਹਨ, ਪਰ ਉਨ੍ਹਾਂ ਦਾ ਮਨ ਦਿਮਾਗ ਦੀ ਨਹੀਂ ਸੁਣਦਾ। ਇਹ ਮਨੋਰੋਗੀ ਪਤਾ ਨਹੀਂ ਦਿਨ ਵਿਚ ਕਿੰਨੀ ਵਾਰ ਸੈਲਫੀਆਂ ਲੈ ਕੇ ਅਨੰਦ ਮਹਿਸੂਸ ਕਰਦੇ ਹਨ। ਆਪਣੀ ਖੁਦ ਦੀ ਪਛਾਣ ਲੱਭਣ ਲਈ ਸੈਲਫੀ ਮਨੋਰੋਗੀ ਫੇਸਬੁੱਕ ਉਤੇ ਲਾਈਕ ਜਾਂ ਕੁਮੈਂਟਸ ਬਟੋਰਨ ਵਿਚ ਰਹਿੰਦੇ ਹਨ। ਮੋਬਾਈਲ ਮਨੋਰੋਗੀਆਂ ਦੀ ਸਥਿਤੀ ਅੱਜ ਇਹ ਹੈ ਕਿ ਉਹ ਵਟਸਐਪ, ਫੇਸਬੁੱਕ ਜਾਂ ਇੰਸਟਾਗ੍ਰਾਮ ਰਾਹੀਂ ਦਰਸਾਉਣ ਵਿਚ ਲੱਗੇ ਰਹਿੰਦੇ ਹਨ ਕਿ ਉਨ੍ਹਾਂ ਨੇ ਕੀ ਖਾਧਾ, ਉਨ੍ਹਾਂ ਨੇ ਕੀ ਪਾਇਆ, ਉਹ ਕਿੱਥੇ ਹਨ ਤੇ ਉਨ੍ਹਾਂ ਦਾ ਮੂਡ ਕਿਹੋ ਜਿਹਾ ਹੈ?

ਹਾਲ ਵਿਚ ਹੀ ਹਾਵਰਡ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਸਿੱਧ ਕੀਤਾ ਹੈ ਕਿ ਜਦੋਂ ਇਨਸਾਨ ਆਪਣੇ ਆਪ ਨੂੰ ਜਾਂ ਆਪਣੀਆਂ ਗੱਲਾਂ ਨੂੰ ਦੁਨੀਆਂ ਸਾਹਮਣੇ ਪੇਸ਼ ਕਰਦਾ ਹੈ ਤਾਂ ਉਸ ਨੂੰ ਸਭ ਤੋਂ ਵੱਧ ਖੁਸ਼ੀ ਮਿਲਦੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਇਨਸਾਨ ਦੀ ਇਹ ਖੁਸ਼ੀ, ਉਸ ਨੂੰ ਚੌਵੀ ਘੰਟੇ ਦਾ ਮਨੋਰੋਗੀ ਬਣਾ ਰਹੀ ਹੈ।

ਕਈ ਲੋਕ ਵਾਹਨ ਚਲਾਉਂਦੇ ਜਾਂ ਸੜਕ ਉਤੇ ਵੀ ਮੋਬਾਈਲ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਹਾਦਸੇ ਵਾਪਰਦੇ ਹਨ। ਮੋਬਾਈਲ ਵਿਚ ਖੁੱਭੇ ਕਈ ਲੋਕ ਅਗਲੇ ਵੱਲੋਂ ਵਾਰ-ਵਾਰ ਹਾਰਨ ਵਜਾਉਣ 'ਤੇ ਵੀ ਪਾਸੇ ਨਹੀਂ ਹਟਦੇ। ਪਿੱਛੇ ਜਿਹੇ ਖੁਲਾਸਾ ਹੋਇਆ ਹੈ ਕਿ ਕੈਨੇਡਾ ਤੇ ਅਮਰੀਕਾ ਵਿਚ ਵੱਡੇ-ਵੱਡੇ ਟਰਾਲੇ ਚਲਾਉਣ ਵਾਲੇ ਡਰਾਈਵਰ ਸਫਰ ਦੌਰਾਨ ਵਟਸਐਪ ਜਾਂ ਫੇਸਬੁੱਕ ਦੀ ਬਹੁਤ ਵਰਤੋਂ ਕਰਦੇ ਹਨ, ਜਿਸ ਨਾਲ ਹਾਦਸਿਆਂ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ 2016 ਦੌਰਾਨ ਕਰੀਬ 1,50,785 ਸੜਕ ਹਾਦਸੇ ਡਰਾਈਵਰਾਂ ਦੀ ਬੇਧਿਆਨੀ ਕਾਰਨ ਹੋਏ ਤੇ ਇਨ੍ਹਾਂ ਪਿੱਛੇ ਮੋਬਾਈਲ ਮਨੋਰੋਗ ਵੀ ਜ਼ਿੰਮੇਵਾਰ ਹੈ। ਇਸੇ ਤਰ੍ਹਾਂ ਕੌਮੀ ਸੁਰੱਖਿਆ ਕੌਂਸਲ ਦੀ ਰਿਪੋਰਟ ਵੀ ਦੱਸਦੀ ਹੈ ਕਿ ਅਮਰੀਕਾ ਦੇ ਮੋਬਾਈਲ ਮਨੋਰੋਗੀ ਵਾਹਨ ਚਲਾਉਂਦੇ ਹੋਏ ਹਰ ਸਾਲ 16 ਲੱਖ ਸੜਕ ਹਾਦਸਿਆਂ ਨੂੰ ਅੰਜਾਮ ਦਿੰਦੇ ਹਨ। ਇਕ ਹੋਰ ਸਰਵੇਖਣ ਮੁਤਾਬਿਕ 40 ਫੀਸਦੀ ਲੋਕ ਆਪਣੇ ਕਿੱਤੇ ਨਾਲ ਸਬੰਧਤ ਗੱਲਾਂ ਜਾਂ ਟੈਕਸਟ ਸੰਦੇਸ਼ ਵਾਹਨ ਚਲਾਉਂਦੇ ਹੋਏ ਹੀ ਭੇਜਦੇ ਹਨ। 60 ਫੀਸਦੀ ਲੋਕ ਵਾਹਨ ਚਲਾਉਣ ਸਮੇਂ ਕਿਸੇ ਸੁਰੱਖਿਅਤ ਥਾਂ ਉਤੇ ਕਾਲ ਸੁਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਤੇ 40 ਫੀਸਦੀ ਉਹ ਲੋਕ ਹਨ, ਜੋ ਵਾਹਨ ਚਲਾਉਣ ਸਮੇਂ ਪੂਰੇ ਸੁਚੇਤ ਹੁੰਦੇ ਹਨ, ਫਿਰ ਵੀ ਮੋਬਾਈਲ ਦੇ ਪ੍ਰਭਾਵ ਵਿਚ ਰਹਿੰਦੇ ਹਨ। ਸੜਕ ਹਾਦਸਿਆਂ ਦਾ ਸ਼ਿਕਾਰ ਹੋਣ ਵਾਲਿਆਂ ਵਿਚੋਂ 34 ਫੀਸਦੀ ਉਹ ਹਨ, ਜੋ ਮੋਬਾਈਲ ਵਰਤਦੇ ਹੋਏ ਅਚਾਨਕ ਬਰੇਕ ਲਾ ਦਿੰਦੇ ਹਨ।

ਇਕ ਵੇਲਾ ਸੀ ਜਦੋਂ ਲੋਕੀਂ ਇਕੱਠੇ ਹੋ ਕੇ ਰੇਡੀਓ ਸੁਣਦੇ ਜਾਂ ਟੀ. ਵੀ. ਵੇਖਦੇ ਸਨ, ਪਰ ਅੱਜ ਮੋਬਾਈਲ ਦਾ ਸੰਸਾਰ ਹੋਰ ਹੈ। ਅੱਜ ਬੱਚਿਆਂ ਤੇ ਨੌਜਵਾਨਾਂ ਦੇ ਨਾਲ-ਨਾਲ ਬਜੁਰਗ ਵੀ ਮੋਬਾਈਲ ਦੀ ਲਤ ਦਾ ਸ਼ਿਕਾਰ ਹੋ ਰਹੇ ਹਨ। ਮਿਹਨਤਕਸ਼ ਅਤੇ ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਸਭ ਲਈ ਪ੍ਰੇਰਨਾਸ੍ਰੋਤ ਹਨ, ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਮੋਬਾਈਲ ਮਨੋਰੋਗੀ ਵੀ ਬਹੁਤਾ ਮੋਬਾਈਲ ਵਰਤਣ ਦੀ ਆਦਤ ਸੁਧਾਰ ਸਕਦੇ ਹਨ। ਪੰਜਾਬ ਜਾਂ ਹੋਰ ਸੂਬਿਆਂ ਦੀ ਟ੍ਰੈਫਿਕ ਪੁਲਿਸ ਨੂੰ 'ਮੋਬਾਈਲ ਗਸ਼ਤ' ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਤਾਂ ਜੋ ਜਿਹੜਾ ਵੀ ਸ਼ਖਸ ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਕਰਦਾ ਹੈ, ਉਸ ਨੂੰ ਮੌਕੇ 'ਤੇ ਹੀ ਜੁਰਮਾਨਾ ਕੀਤਾ ਜਾਵੇ। ਇਸ ਨਾਲ ਸੜਕ ਹਾਦਸਿਆਂ ਵਿਚ ਕਮੀ ਆਵੇਗੀ। ਵਿਅਕਤੀਗਤ ਤੌਰ 'ਤੇ ਸਾਰਿਆਂ ਨੂੰ ਸਮਾਰਟ ਫੋਨ ਵਰਤਣ ਦਾ ਸਮਾਂ ਮਿਥਣਾ ਚਾਹੀਦਾ ਹੈ।

---

*ਮੁਖੀ, ਪੰਜਾਬੀ ਵਿਭਾਗ
ਏਸ਼ੀਅਨ ਕਾਲਜ, ਪਟਿਆਲਾ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਫਰਵਰੀ 2019*

## ਪਾਣੀਆਂ ਦਾ ਮਸਲਾ

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਐਤਕੀਂ ਪਾਣੀ ਬਾਰੇ ਆਏ ਨਵੇਂ ਵਿਚਾਰ ਨਾਲ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਤਿਆਰ ਭਾਸ਼ਣ ਦੌਰਾਨ ਪੰਜਾਬ ਦੇ ਰਾਜਪਾਲ ਨੇ ਵਿਧਾਨ ਸਭਾ ਅੰਦਰ ਕਿਹਾ ਹੈ ਕਿ ਸੂਬੇ ਵਿਚ ਗੁਣਵੱਤਾ ਵਾਲੇ ਪਾਣੀ ਦੀ ਘਾਟ ਕਾਰਨ ਪੂੰਜੀ ਨਿਵੇਸ਼ ਨਹੀਂ ਹੋ ਰਿਹਾ। ਭਾਸ਼ਣ ਵਿਚ ਸਾਫ ਕਿਹਾ ਗਿਆ ਹੈ ਕਿ ਸਰਕਾਰ ਦੇ ਪੁਰਜ਼ੋਰ ਯਤਨਾਂ ਦੇ ਬਾਵਜੂਦ ਸੂਬੇ ਅੰਦਰ ਪੂੰਜੀ ਨਿਵੇਸ਼ ਇਸ ਕਰਕੇ ਨਹੀਂ ਹੋ ਰਿਹਾ, ਕਿਉਂਕਿ ਪੂੰਜੀ ਨਿਵੇਸ਼ਕ ਪਾਣੀਆਂ ਦੇ ਮਾਮਲੇ 'ਤੇ ਡਰੇ ਹੋਏ ਹਨ ਅਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਅਸਲ ਵਿਚ ਪੰਜਾਬ ਸਰਕਾਰ ਨੇ ਹੁਣ ਆ ਕੇ ਮੰਨਿਆ ਹੈ ਕਿ ਸੂਬੇ ਦਾ ਧਰਤੀ ਹੇਠਲਾ ਦੋ-ਤਿਹਾਈ ਪਾਣੀ ਖਤਰੇ ਦੇ ਨਿਸ਼ਾਨ ਤੱਕ ਅੱਪੜ ਚੁਕਾ ਹੈ। ਰਾਜਪਾਲ ਦੇ ਇਸ ਭਾਸ਼ਣ ਅਤੇ ਇਸ ਭਾਸ਼ਣ ਵਿਚ ਪਾਣੀ ਦੇ ਸੰਕਟ ਬਾਰੇ ਪੇਸ਼ ਤੱਥਾਂ ਸਬੰਧੀ ਵੱਖ-ਵੱਖ ਮਾਹਿਰ ਵੱਖ-ਵੱਖ ਰਾਵਾਂ ਪੇਸ਼ ਕਰ ਰਹੇ ਹਨ। ਕੁਝ ਮਾਹਿਰਾਂ ਨੇ ਤਾਂ ਸਾਫ ਕਿਹਾ ਹੈ ਕਿ ਇਸ ਵਕਤ ਕੈਪਟਨ ਅਮਰਿੰਦਰ ਸਿੰਘ ਸਰਕਾਰ ਕੋਲ ਕਹਿਣ-ਸੁਣਨ ਲਈ ਕੁਝ ਵੀ ਨਹੀਂ ਹੈ, ਉਤੋਂ ਲੋਕ ਸਭਾ ਚੋਣਾਂ ਸਿਰ ਉਤੇ ਹਨ, ਇਸੇ ਕਰਕੇ ਇਹ ਸਰਕਾਰ ਹੁਣ ਲੋਕਾਂ ਦਾ ਧਿਆਨ ਹੋਰ ਪਾਸੇ ਲਿਜਾਣ ਲਈ ਅਜਿਹੇ ਤੱਥ ਲਿਆ ਰਹੀ ਹੈ, ਜਦਕਿ ਅਜਿਹੇ ਮਾਮਲਿਆਂ ਉਤੇ ਇਸ ਨੇ ਪੂਰੇ ਦੋ ਸਾਲਾਂ ਦੌਰਾਨ ਕੁਝ ਵੀ ਨਹੀਂ ਕੀਤਾ ਸਗੋਂ ਖਜਾਨਾ ਖਾਲੀ ਹੋਣ ਦਾ ਰੌਲਾ ਪਾ ਕੇ ਸਾਰੇ ਕੰਮਕਾਰ ਠੱਪ ਕੀਤੇ ਹੋਏ ਹਨ। ਸੱਤਾਧਾਰੀ ਕਾਂਗਰਸ ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੂਰੇ ਕਰਨੇ ਤਾਂ ਦੂਰ, ਇਨ੍ਹਾਂ ਮਸਲਿਆਂ ਬਾਰੇ ਗੰਭੀਰਤਾ ਵੀ ਨਹੀਂ ਦਿਖਾਈ ਹੈ। ਨਸ਼ੇ ਖਤਮ ਕਰਨ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਉਤੇ ਹੱਥ ਰੱਖ ਕੇ ਸਹੁੰ ਖਾਧੀ ਸੀ, ਪਰ ਇਸ ਮਸਲੇ 'ਤੇ ਅਜੇ ਤੱਕ ਕੁਝ ਵੀ ਨਹੀਂ ਕੀਤਾ। ਸਿਹਤ ਅਤੇ ਸਿਖਿਆ ਦੇ ਮਾਮਲਿਆਂ 'ਤੇ ਜਿਸ ਤਰ੍ਹਾਂ ਪਛਾੜ ਪੈ ਰਹੀ ਹੈ ਅਤੇ ਵੱਖ-ਵੱਖ ਵਰਗਾਂ ਅੰਦਰ ਜੋ ਬੇਚੈਨੀ ਦੇਖਣ ਨੂੰ ਮਿਲ ਰਹੀ ਹੈ, ਉਸ ਦੇ ਹੱਲ ਲਈ ਕੋਈ ਕਾਰਗਰ ਹੱਲ ਲੱਭਣ ਦੀ ਥਾਂ ਸਰਕਾਰ ਸਖਤੀ ਵਰਤ ਕੇ ਰਹਿੰਦੀ-ਖੂੰਹਦੀ ਕਸਰ ਵੀ ਕੱਢ ਰਹੀ ਹੈ।

ਪੰਜਾਬ ਲਈ ਪਾਣੀਆਂ ਦਾ ਮਸਲਾ ਕੋਈ ਪੁਰਾਣਾ ਨਹੀਂ। ਕਿਸੇ ਵਕਤ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਸੂਬੇ ਵਿਚ ਬੜੀ ਤਿੱਖੀ ਸਿਆਸਤ ਹੁੰਦੀ ਰਹੀ ਹੈ। ਹੁਣ ਵੀ ਦਰਿਆਈ ਪਾਣੀਆਂ ਦਾ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਧਰਤੀ ਹੇਠਲੇ ਪਾਣੀ ਦਾ ਸੰਕਟ ਆਏ ਦਿਨ ਵਧ ਰਿਹਾ ਹੈ ਅਤੇ ਮਾਹਿਰ ਇਹ ਸਲਾਹਾਂ ਦੇ ਰਹੇ ਹਨ ਕਿ ਜੇ ਪੰਜਾਬ ਨੇ ਇਸ ਪਾਸੇ ਉਚੇਚਾ ਧਿਆਨ ਨਾ ਦਿੱਤਾ ਤਾਂ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਕੇ ਰਹਿ ਜਾਵੇਗਾ। ਸਲਾਹਾਂ ਦੇਣ ਵਾਲੇ ਕਹਿ ਰਹੇ ਹਨ ਕਿ ਪੰਜਾਬ ਨੂੰ ਚੌਲਾਂ ਦੀ ਕਾਸ਼ਤ ਬੰਦ ਕਰਨੀ ਚਾਹੀਦੀ ਹੈ, ਇਸ ਦੇ ਬਦਲ ਵਜੋਂ ਹੋਰ ਫਸਲਾਂ ਬੀਜਣ ਬਾਰੇ ਕਿਹਾ ਜਾ ਰਿਹਾ ਹੈ ਪਰ ਇਨ੍ਹਾਂ ਬਦਲਵੀਆਂ ਫਸਲਾਂ ਜਿਨ੍ਹਾਂ ਵਿਚ ਦਾਲਾਂ ਨੂੰ ਮੁੱਖ ਰੱਖਿਆ ਜਾ ਰਿਹਾ ਹੈ, ਦੇ ਮੰਡੀਕਰਨ ਬਾਰੇ ਕੋਈ ਨੀਤੀ ਤਿਆਰ ਨਹੀਂ ਕੀਤੀ ਜਾ ਰਹੀ। ਪੰਜਾਬ ਦਾ ਕਿਸਾਨ ਉਂਜ ਹੀ ਬੁਰੀ ਤਰ੍ਹਾਂ ਸੰਕਟ ਵਿਚ ਘਿਰਿਆ ਹੋਇਆ ਹੈ ਅਤੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੋਇਆ ਹੈ। ਸਰਕਾਰ ਨੇ ਇਸ ਸੰਕਟ ਨਾਲ ਨਜਿੱਠਣ ਲਈ ਵੀ ਕੋਈ ਨੀਤੀ ਨਹੀਂ ਬਣਾਈ ਹੈ। ਸਰਕਾਰ ਦੀ ਨਾ-ਅਹਿਲੀਅਤ ਤਾਂ ਇਸ ਤੱਥ ਤੋਂ ਵੀ ਜਾਹਰ ਹੋ ਜਾਂਦੀ ਹੈ ਕਿ ਕੀੜੀ ਅਫਗਾਨਾ (ਗੁਰਦਾਸਪੁਰ) ਵਾਲੀ ਸ਼ਰਾਬ ਫੈਕਟਰੀ ਵਿਚੋਂ ਸੀਰਾ ਰਿਸਣ ਵਾਲੇ ਕੇਸ ਵਿਚ ਸਰਕਾਰ ਅਤੇ ਇਸ ਦੇ ਵੱਖ-ਵੱਖ ਵਿਭਾਗਾਂ ਨੇ ਚੁੱਪ ਧਾਰੀ ਹੋਈ ਹੈ। ਇਸ ਫੈਕਟਰੀ ਦੇ ਸੀਰੇ ਕਾਰਨ ਬਿਆਸ ਦਰਿਆ ਅੰਦਰ ਜੀਵਾਂ ਦਾ ਬੇਹੱਦ ਨੁਕਸਾਨ ਹੋਇਆ ਸੀ ਅਤੇ ਅਗਾਂਹ ਇਹੀ ਗੰਦਾ ਪਾਣੀ ਨਹਿਰਾਂ ਵਿਚ ਜਾਣ ਕਾਰਨ ਲੋਕ ਇਹ ਪਾਣੀ ਵਰਤਣ ਤੋਂ ਵਿਰਵੇਂ ਰਹਿ ਗਏ ਸਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਫੈਕਟਰੀ ਮਾਲਕਾਂ ਨੂੰ ਪੰਜ ਕਰੋੜ ਰੁਪਏ ਜੁਰਮਾਨਾ ਕੀਤਾ ਸੀ ਪਰ ਅਜੇ ਤੱਕ ਇਹ ਜੁਰਮਾਨਾ ਅਦਾ ਨਹੀਂ ਕੀਤਾ ਗਿਆ।

ਇਨ੍ਹਾਂ ਤੱਥਾਂ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਸਰਕਾਰ ਦਾ ਪਾਣੀਆਂ ਦੇ ਮਾਮਲੇ ਬਾਰੇ ਰਵੱਈਆ ਕਿੰਨਾ ਢਿੱਲੜ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਿਛਲੀ ਸਰਕਾਰ ਦੌਰਾਨ ਪਾਣੀਆਂ ਬਾਰੇ ਪੰਜਾਬੀ-ਵਿਰੋਧੀ ਮੰਨੇ ਜਾਂਦੇ ਸਭ ਸਮਝੌਤੇ ਰੱਦ ਕਰਕੇ ਖੂਬ ਵਾਹ-ਵਾਹ ਖੱਟੀ ਸੀ, ਪਰ ਇਸ ਵਾਰ ਉਨ੍ਹਾਂ ਦੀ ਸਰਕਾਰ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਬੱਧੇ-ਰੁਧੇ ਹੀ ਕੋਈ-ਕੋਈ ਫੈਸਲਾ ਕਰ ਰਹੇ ਹਨ। ਹੁਣ ਪੰਜਾਬ ਵਿਚ ਘਟ ਹੋ ਰਹੇ ਨਿਵੇਸ਼ ਨੂੰ ਪਾਣੀਆਂ ਦੇ ਮਸਲੇ ਨਾਲ ਜੋੜ ਕੇ ਉਨ੍ਹਾਂ ਇਕ ਤਰ੍ਹਾਂ ਨਾਲ ਆਪਣੀ ਸਿਆਸਤ ਮਘਾਉਣ ਦਾ ਹੀ ਯਤਨ ਕੀਤਾ ਹੈ। ਉਂਜ, ਦੇਖਣ ਵਾਲਾ ਮਸਲਾ ਇਹ ਹੋਵੇਗਾ ਕਿ ਉਹ ਆਉਣ ਵਾਲੇ ਦਿਨਾਂ ਦੌਰਾਨ ਪਾਣੀ ਦੇ ਲਗਾਤਾਰ ਵਧ ਰਹੇ ਸੰਕਟ ਨੂੰ ਟਾਲਣ ਲਈ ਕੀ ਕੋਈ ਨੀਤੀ ਵੀ ਤਿਆਰ ਕਰਦੇ ਹਨ ਜਾਂ ਸਿਰਫ ਵਿਧਾਨ ਸਭਾ ਵਰਗੇ ਮੰਚਾਂ ਉਤੇ ਅਜਿਹੇ ਤੱਥ ਲਿਆ ਕੇ ਆਪਣੀ ਖੱਲ ਬਚਾਉਣ ਦੇ ਯਤਨ ਕਰ ਰਹੇ ਹਨ। ਇਸ ਦੇ ਨਾਲ ਕੁਝ ਹੋਰ ਨੁਕਤੇ ਵੀ ਜੁੜੇ ਹੋਏ ਹਨ। ਰਾਜਪਾਲ ਦੇ ਭਾਸ਼ਣ ਵਿਚ ਐਤਕੀਂ ਪਹਿਲੀ ਵਾਰ ਚੰਡੀਗੜ੍ਹ ਉਪਰ ਪੰਜਾਬ ਦਾ ਹੱਕ ਨਹੀਂ ਜਤਲਾਇਆ ਗਿਆ ਅਤੇ ਨਾ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਉਣ ਬਾਰੇ ਹੀ ਕੋਈ ਗੱਲ ਆਖੀ ਗਈ ਹੈ। ਦਰਿਆਈ ਪਾਣੀਆਂ ਦੇ ਮਸਲੇ ਬਾਰੇ ਵੀ ਚਲੰਤ ਜਿਹੀ ਟਿੱਪਣੀ ਕੀਤੀ ਹੈ ਕਿ ਸਰਕਾਰ ਦਰਿਆਈ ਪਾਣੀਆਂ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਪੰਜਾਬ ਵਿਚ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਕੋਈ ਸਰਕਾਰ ਆਪਣੇ ਕਾਰਜਕਾਲ ਦੇ ਪਹਿਲੇ ਦੋ ਸਾਲਾਂ ਵਿਚ ਹੀ ਇਤਨਾ ਜ਼ਿਆਦਾ ਹਫ ਗਈ ਹੋਵੇ। ਅਸਲ ਵਿਚ ਕਮਜ਼ੋਰ ਅਤੇ ਪਾਟੋ-ਧਾੜ ਦੀ ਸ਼ਿਕਾਰ ਹੋਈ ਵਿਰੋਧੀ ਧਿਰ ਕਾਰਨ ਇਹ ਸਰਕਾਰ ਫਿਲਹਾਲ ਮਨਮਰਜ਼ੀ ਕਰ ਰਹੀ ਹੈ। ਸੰਭਵ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਮਾਹੌਲ ਕੁਝ ਬਦਲੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਧਰਮੀਆਂ ਦਾ ਦੇਸ਼?*

ਕੰਡੇ ਬੀਜ ਸਮਾਜ ਵਿਚ ਨਫਰਤਾਂ ਦੇ, ਰਾਜੇ ਪੈਣ ਜਾ ਕਬਰਾਂ ਦੇ ਵਿਚ ਯਾਰੋ।
ਸਦੀਆਂ ਤੀਕ ਵੀ ਫਿਰਕਿਆਂ ਵਿਚ ਦੇਖੋ, ਪਈ ਰਹਿੰਦੀ ਏ ਆਪਸੀ ਖਿੱਚ ਯਾਰੋ।
ਸਚਿਆਰ ਤਿਆਗ ਕੇ ਸਮਝਦੇ ਨੇ, ਇਕ ਦੂਜੇ ਦੇ ਮਜਹਬ ਨੂੰ ਟਿੱਚ ਯਾਰੋ।
ਤਲਖੀ ਵਿਚ ਹਮਲਾਵਰ ਹੀ ਬਣੇ ਰਹਿੰਦੇ, ਦਾਅ ਲੱਗਦਿਆਂ ਮਾਰਦੇ ਨੇ ਜਿੱਚ ਯਾਰੋ।
ਇਵੇਂ ਹੌਸਲਾ ਵਧਦਾ ਏ ਲੁੱਚਿਆਂ ਦਾ, ਪਤਾ ਹੁੰਦਾ ਏ ਹਾਕਮ ਦੀਆਂ ਨਰਮੀਆਂ ਦਾ।
ਧੀ ਕੋਹੀ ਗਈ ਚਿੜੀ ਦੇ ਬੋਟ ਜਿਹੀ, ਕਹੀਏ ਕਿਹੜੇ ਮੂੰਹ ਦੇਸ਼ ਇਹ ਧਰਮੀਆਂ ਦਾ?

# ਪੰਜਾਬ ਵਿਚ ਹੁਣ ਕਿਤਾਬਾਂ ਤੇ ਤਸਵੀਰਾਂ ਰੱਖਣਾ ਵੀ ਖਤਰਨਾਕ!

***ਨਵਾਂ ਸ਼ਹਿਰ ਦੀ ਅਦਾਲਤ ਨੇ ਤਿੰਨ ਨੌਜਵਾਨਾਂ ਨੂੰ ਮਹਿਜ਼ ਇਸ ਕਰਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਕਿ ਉਨ੍ਹਾਂ ਤੋਂ ਕੁਝ ਕਿਤਾਬਾਂ ਅਤੇ ਪੋਸਟਰ ਬਰਾਮਦ ਹੋਏ ਸਨ, ਜਿਨ੍ਹਾਂ ਨੂੰ ਪੁਲਿਸ ਨੇ ਖਤਰਨਾਕ ਕਰਾਰ ਦਿੱਤਾ ਸੀ। ਸੁਪਰੀਮ ਕੋਰਟ ਫੈਸਲਾ ਸੁਣਾ ਚੁਕੀ ਹੈ ਕਿ ਅਜਿਹੀ ਸਮੱਗਰੀ ਰੱਖਣਾ ਕੋਈ ਗੁਨਾਹ ਨਹੀਂ, ਜਦੋਂ ਤੱਕ ਸਬੰਧਤ ਸ਼ਖਸ ਖਿਲਾਫ ਕਿਸੇ ਹਿੰਸਕ ਕਾਰਵਾਈ 'ਚ ਸ਼ਾਮਿਲ ਹੋਣ ਦਾ ਸਬੂਤ ਨਹੀਂ ਮਿਲਦਾ। ਕਾਲਮਨਵੀਸ ਬੂਟਾ ਸਿੰਘ ਨੇ ਅਦਾਲਤ ਦੇ ਇਸ ਫੈਸਲੇ ਦੇ ਪਿਛੋਕੜ ਵਿਚ ਚੱਲਦੇ ਉਸ ਮਾਹੌਲ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ, ਜਿਸ ਕਾਰਨ ਅਦਾਲਤਾਂ ਵਿਚ ਬੈਠੇ ਜੱਜ ਅਜਿਹੇ ਫੈਸਲੇ ਸੁਣਾ ਰਹੇ ਹਨ। -ਸੰਪਾਦਕ***

ਨਵਾਂ ਸ਼ਹਿਰ ਦੇ ਵਧੀਕ ਸੈਸ਼ਨ ਜੱਜ ਨੇ 31 ਜਨਵਰੀ 2019 ਨੂੰ 3 ਸਿੱਖ ਨੌਜਵਾਨਾਂ ਨੂੰ 'ਸਟੇਟ ਬਨਾਮ ਅਰਵਿੰਦਰ ਸਿੰਘ ਤੇ ਹੋਰ' ਕੇਸ ਵਿਚ 'ਸਟੇਟ ਵਿਰੁਧ ਜੰਗ ਛੇੜਨ' ਅਤੇ 'ਸਟੇਟ ਵਿਰੁਧ ਜੰਗ ਦੀ ਤਿਆਰੀ ਕਰਨ' ਦੇ ਦੋਸ਼ਾਂ ਤਹਿਤ ਉਮਰ ਕੈਦ ਦੀ ਸਖਤ ਸਜ਼ਾ ਸੁਣਾਈ ਹੈ। ਅਰਵਿੰਦਰ ਸਿੰਘ ਉਰਫ ਘੋਗਾ (29) ਵਾਸੀ ਪਿੰਡ ਪੱਲੀਆਂ ਖੁਰਦ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ), ਸੁਰਜੀਤ ਸਿੰਘ ਉਰਫ ਲੱਕੀ (27) ਵਾਸੀ ਪਿੰਡ ਬਹਾਦੁਰ ਹੁਸੈਨ (ਜ਼ਿਲ੍ਹਾ ਗੁਰਦਾਸਪੁਰ) ਅਤੇ ਰਣਜੀਤ ਸਿੰਘ (29) ਵਾਸੀ ਪਿੰਡ ਨੋਚ (ਜ਼ਿਲ੍ਹਾ ਕੈਥਲ, ਹਰਿਆਣਾ) ਖਿਲਾਫ 24 ਮਈ 2016 ਨੂੰ ਥਾਣਾ ਰਾਹੋਂ ਵਿਚ ਐਫ.ਆਈ.ਆਰ. ਨੰਬਰ 82 ਦਰਜ ਕੀਤੀ ਗਈ ਸੀ। ਮਸ਼ਹੂਰ ਵਕੀਲਾਂ,

ਬੂਟਾ ਸਿੰਘ
ਫੋਨ: +91-94634-74342

ਜਮਹੂਰੀ ਹੱਕਾਂ ਲਈ ਸੰਘਰਸ਼ਸ਼ੀਲ ਸੰਸਥਾਵਾਂ ਅਤੇ ਆਵਾਮੀ ਜਥੇਬੰਦੀਆਂ ਨੇ ਇਸ ਫੈਸਲੇ ਦਾ ਤਿੱਖਾ ਵਿਰੋਧ ਕੀਤਾ ਹੈ। ਹਰ ਸੰਜੀਦਾ ਇਨਸਾਨ ਇਹ ਜਾਣਨਾ ਚਾਹੁੰਦਾ ਹੈ ਕਿ ਇਹ ਨੌਜਵਾਨ ਸਟੇਟ ਵਿਰੁਧ ਐਸੀਆਂ ਕਿਹੜੀਆਂ ਕਾਰਵਾਈਆਂ ਵਿਚ ਸ਼ਾਮਲ ਸਨ ਜਿਨ੍ਹਾਂ ਦੇ ਆਧਾਰ 'ਤੇ ਅਦਾਲਤ ਨੇ ਉਨ੍ਹਾਂ ਨੂੰ ਇੰਨੇ ਸੰਗੀਨ ਦੋਸ਼ੀ ਕਰਾਰ ਦਿੱਤਾ ਹੈ।

ਫੈਸਲੇ ਅਨੁਸਾਰ ਉਨ੍ਹਾਂ ਦੇ ਸਟੇਟ ਵਿਰੁਧ ਜੰਗ ਵਿੱਢਣ ਦਾ ਸਬੂਤ ਖਾਲਿਸਤਾਨ ਪੱਖੀ ਕੁਝ ਕਿਤਾਬਾਂ, 1978 ਦੇ ਨਿਰੰਕਾਰੀ ਕਾਂਡ ਵਿਚ ਮਾਰੇ ਗਏ ਸਿੱਖਾਂ ਦੀਆਂ ਤਸਵੀਰਾਂ ਅਤੇ ਇਕ ਫੋਨ ਦੀ ਬਰਾਮਦਗੀ ਹੈ। ਇਹ ਚੀਜ਼ਾਂ ਤਾਂ ਕਿਸੇ ਵੀ ਐਸੇ ਸ਼ਖਸ ਕੋਲੋਂ ਮਿਲ ਜਾਣਗੀਆਂ ਜਿਸ ਦਾ ਸਿੱਖ ਘੱਟ ਗਿਣਤੀ ਦੇ ਸਰੋਕਾਰਾਂ ਨਾਲ ਲਗਾਓ ਹੈ। ਇਨ੍ਹਾਂ ਨੂੰ ਪੁਲਿਸ ਦਾ ਸਟੇਟ ਵਿਰੁਧ ਜੰਗ ਛੇੜਨ ਦਾ ਸਬੂਤ ਬਣਾ ਕੇ ਪੇਸ਼ ਕਰਨਾ ਸਮਝ ਆਉਂਦਾ ਹੈ, ਕਿਉਂਕਿ ਮੁਲਕ ਦੇ ਵੱਖ-ਵੱਖ ਹਿੱਸਿਆਂ ਸਣੇ ਪੰਜਾਬ ਵਿਚ ਵੀ ਪੁਲਿਸ ਵੱਲੋਂ ਉਸ ਸਾਹਿਤ ਨੂੰ ਗ਼ੈਰਕਾਨੂੰਨੀ ਦੱਸ ਕੇ ਫਰਜ਼ੀ ਕੇਸ ਬਣਾਉਣ ਦਾ ਦਸਤੂਰ ਚਲਿਆ ਆ ਰਿਹਾ ਹੈ, ਜੋ ਮਾਰਕੀਟ ਵਿਚ ਆਮ ਹੀ ਮਿਲ ਜਾਂਦਾ ਹੈ; ਪਰ ਅਦਾਲਤ ਵਲੋਂ ਐਸੇ ਸਬੂਤ ਨੂੰ ਮੰਨ ਕੇ ਮੁਜਰਿਮ ਕਰਾਰ ਦੇਣ ਦਾ ਆਧਾਰ ਬਣਾਉਣ ਦਾ ਇਹ ਪੰਜਾਬ ਵਿਚ ਪਹਿਲਾ ਮਾਮਲਾ ਹੈ। ਇਹ ਬਹੁਤ ਖਤਰਨਾਕ ਰੁਝਾਨ ਹੈ, ਜੋ ਭਵਿਖ 'ਚ ਐਸੇ ਹੋਰ ਫਰਜ਼ੀ ਕੇਸਾਂ ਵਿਚ ਬੇਤਹਾਸ਼ਾ ਸਜ਼ਾਵਾਂ ਦੀ ਲੀਹ ਪਾ ਸਕਦਾ ਹੈ।

ਪੁਲਿਸ ਅਕਸਰ ਹੀ ਸਮੇਂ ਦੇ ਹੁਕਮਰਾਨਾਂ ਦੇ ਸੌੜੇ ਰਾਜਸੀ ਹਿਤਾਂ ਤੇ ਖੁਦਗਰਜ਼ ਮੁਫਾਦ ਲਈ ਬੇਬੁਨਿਆਦ ਸਨਸਨੀਖੇਜ਼ ਕੇਸ ਬਣਾਉਣ ਕਾਰਨ ਸੁਰਖੀਆਂ ਵਿਚ ਰਹਿੰਦੀ ਹੈ। ਰਾਜਕੀ ਦਹਿਸ਼ਤ ਤੋਂ ਪੀੜਤ ਧਿਰ ਨੂੰ ਉਮੀਦ ਹੁੰਦੀ ਹੈ ਕਿ ਅਦਾਲਤਾਂ ਪੁਲਿਸ ਦੇ ਬਣਾਏ ਫਰਜ਼ੀ ਕੇਸਾਂ ਨੂੰ ਨਿਆਂ ਸ਼ਾਸਤਰ ਅਨੁਸਾਰ ਗੰਭੀਰਤਾ ਨਾਲ ਘੋਖਣ-ਵਿਚਾਰਨ ਪਿਛੋਂ ਹੀ ਦੋਸ਼ਾਂ ਦਾ ਫੈਸਲਾ ਲੈਣਗੀਆਂ ਤੇ ਆਖਿਰਕਾਰ ਨਿਆਂ ਮਿਲ ਜਾਵੇਗਾ। ਇਹ ਫੈਸਲਾ ਇਸ ਉਮੀਦ ਦੀ ਗੁੰਜਾਇਸ਼ ਹੀ ਖਤਮ ਕਰ ਦਿੰਦਾ ਹੈ।

ਇਸ ਕੇਸ 'ਚ ਅਦਾਲਤ ਨੇ ਜਿਨ੍ਹਾਂ ਸਬੂਤਾਂ ਨੂੰ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 121 (ਸਟੇਟ ਵਿਰੁਧ ਜੰਗ ਛੇੜਨਾ) ਅਤੇ ਧਾਰਾ 121 ਏ (ਸਟੇਟ ਵਿਰੁਧ ਜੰਗ ਛੇੜਨ ਦੀ ਤਿਆਰੀ) ਨੂੰ ਆਧਾਰ ਬਣਾ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਉਹ ਜਮਹੂਰੀਅਤ 'ਚ ਨਾਗਰਿਕਾਂ ਦੀ ਵਿਚਾਰਾਂ ਦੀ ਆਜ਼ਾਦੀ ਦੇ ਮੁੱਢਲੇ ਸੰਵਿਧਾਨਕ ਹੱਕਾਂ ਦੇ ਦਾਇਰੇ 'ਚ ਆਉਂਦੀ ਹੈ ਅਤੇ ਕਿਸੇ ਵੀ ਸੂਰਤ ਵਿਚ ਸਟੇਟ ਵਿਰੁਧ ਜੰਗ ਨਹੀਂ ਬਣਦੀ। ਪੁਲਿਸ ਦੀ ਕਹਾਣੀ ਇਉਂ ਹੈ: ਇਹ ਨੌਜਵਾਨ ਪਾਬੰਦੀਸ਼ੁਦਾ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਲਈ ਕੰਮ ਕਰ ਰਹੇ ਸਨ ਅਤੇ ਵੱਖਰਾ ਰਾਜ ਖਾਲਿਸਤਾਨ ਬਣਾਉਣ ਦੀ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਦੀ ਤਿਆਰੀ ਵਿਚ ਜੁਟੇ ਹੋਏ ਸਨ। ਇਸ ਦੀ ਜਾਣਕਾਰੀ ਪੁਲਿਸ ਨੂੰ ਆਪਣੇ ਮੁਖਬਰ ਵਲੋਂ ਦਿੱਤੀ ਪੁਖਤਾ ਇਤਲਾਹ ਤੋਂ ਮਿਲੀ। ਗ੍ਰਿਫਤਾਰ ਕੀਤੇ ਬੰਦਿਆਂ ਦੀ ਤਫਤੀਸ਼ ਤੋਂ ਮੁਲਕ ਦੇ ਰਾਜ ਨੂੰ ਉਲਟਾਉਣ ਦੀ ਖਤਰਨਾਕ ਸਾਜ਼ਿਸ਼ ਸਾਹਮਣੇ ਆਈ। ਇਨ੍ਹਾਂ ਨੌਜਵਾਨਾਂ ਦਾ ਆਪਸ ਵਿਚ ਤੇ ਵਿਦੇਸ਼ਾਂ ਵਿਚ ਬੈਠੇ ਬੱਬਰ ਖਾਲਸਾ ਦੇ ਸਿਖਰਲੇ ਭਗੌੜੇ ਆਗੂਆਂ ਨਾਲ ਸੰਪਰਕ ਸੀ। ਇਨ੍ਹਾਂ ਨੂੰ ਵਿਦੇਸ਼ਾਂ ਤੋਂ ਪੈਸੇ ਆਉਂਦੇ ਸਨ, ਉਸ ਪੈਸੇ ਨਾਲ ਕਿਤਾਬਾਂ ਤੇ ਪੋਸਟਰ ਛਪਵਾਏ ਗਏ। ਕਿਤਾਬਾਂ ਦੇ ਪਾਰਸਲ ਵਿਦੇਸ਼ਾਂ ਵਿਚ ਵੀ ਭੇਜੇ ਗਏ। ਮੁੱਖ ਸਰਗਨਾ ਅਰਵਿੰਦਰ ਸਿੰਘ ਫੇਸਬੁੱਕ 'ਤੇ ਨੌਜਵਾਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਪ੍ਰੇਰਦਾ ਸੀ। ਇਨ੍ਹਾਂ ਤੋਂ 97 ਕਿਤਾਬਾਂ, 198 ਤਸਵੀਰਾਂ ਤੇ 13 ਸਿੱਖਾਂ ਦੀਆਂ ਤਸਵੀਰਾਂ ਅਤੇ ਸੁਖਦੇਵ ਸਿੰਘ ਬੱਬਰ ਦੀ ਜੀਵਨੀ ਦੀਆਂ 1000 ਕਾਪੀਆਂ ਬਰਾਮਦ ਹੋਈਆਂ।

ਇਸਤਗਾਸਾ ਅਤੇ ਸਫਾਈ ਧਿਰ ਨੂੰ ਸੁਣਨ ਪਿਛੋਂ ਜੱਜ ਸਾਹਿਬ ਇਸ ਨਤੀਜੇ 'ਤੇ ਪਹੁੰਚੇ ਕਿ ਮੁਲਜ਼ਮਾਂ ਤੋਂ ਜੋ ਦਸਤਾਵੇਜ਼ੀ ਸਬੂਤ- ਕਿਤਾਬਾਂ, ਸਾਹਿਤ, ਪੈਂਫਲੈਟ ਬਰਾਮਦ ਕੀਤੇ ਗਏ, ਉਸ ਤੋਂ ਉਨ੍ਹਾਂ ਦੇ ਸਾਂਝੇ ਇਰਾਦੇ ਅਤੇ ਸਾਜ਼ਿਸ਼ ਦੇ ਉਦੇਸ਼ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਇਹ ਸਬੂਤ ਉਨ੍ਹਾਂ ਦੀ ਜੁਰਮ ਨੂੰ ਅੰਜਾਮ ਦੇਣ ਦੀ ਮਨਸ਼ਾ ਸਾਬਤ ਕਰਦੇ ਹਨ। ਉਨ੍ਹਾਂ ਨੇ ਸਿੱਖਾਂ ਨੂੰ ਭਾਰਤ ਤੋਂ ਆਜ਼ਾਦ ਕਰਵਾ ਕੇ ਖਾਲਿਸਤਾਨ ਦੀ ਸਥਾਪਨਾ ਕਰਨ ਦੀ ਸੋਚ ਤਹਿਤ ਭਾਰਤ ਸਰਕਾਰ ਵਿਰੁਧ ਜੰਗ ਛੇੜਨ ਦੇ ਉਦੇਸ਼ ਨਾਲ ਇਹ ਸਮੱਗਰੀ ਜੁਟਾ ਕੇ ਪ੍ਰਚਾਰ ਲਈ ਇਸਤੇਮਾਲ ਕਰਨ ਤੇ ਲੋਕਾਂ ਨੂੰ ਹਿੰਸਾ ਲਈ ਉਕਸਾਉਣ ਲਈ ਆਪਣੇ ਕੋਲ ਸਾਂਭ ਕੇ ਰੱਖੀ ਹੋਈ ਸੀ। ਅਦਾਲਤ ਅਨੁਸਾਰ 'ਉਨ੍ਹਾਂ ਦਾ ਇਹ ਭਾਰਤ ਵਿਰੁਧ ਜੰਗ ਦਾ ਚੁੱਪ-ਚੁਪੀਤੇ ਐਲਾਨ ਸੀ।' ਫੈਸਲੇ ਵਿਚ 'ਬੰਦ ਬੰਦ ਕਟਵਾਉਣ ਦੀ ਖਾਲਿਸਤਾਨ ਸ਼ਬਦਾਵਲੀ' ਦਾ ਵਾਰ-ਵਾਰ ਜ਼ਿਕਰ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਕੇਸ ਨੂੰ ਸਟੇਟ ਵਿਰੁਧ ਜੰਗ ਸਾਬਤ ਕਰਨ ਲਈ ਪੁਲਿਸ ਤੇ ਅਦਾਲਤ ਨੂੰ ਕਿੰਨਾ ਤਾਣ ਲਾਉਣਾ ਪਿਆ।

ਇੰਡੀਅਨ ਪੀਨਲ ਕੋਡ ਦੀਆਂ ਉਕਤ ਧਾਰਾਵਾਂ ਅਤੇ ਯੂ.ਏ.ਪੀ.ਏ. ਤਹਿਤ ਮਾਮਲੇ ਵਿਚ ਕੇਸ ਚਲਾਉਣ ਲਈ ਕੇਂਦਰ ਜਾਂ ਸੂਬਾ ਸਰਕਾਰ ਦੀ ਅਗੇਤੀ ਮਨਜ਼ੂਰੀ ਲੈਣੀ ਜ਼ਰੂਰੀ ਹੈ। ਅਦਾਲਤ ਨੇ ਆਪਣੇ ਫੈਸਲੇ ਵਿਚ ਨੋਟ ਕੀਤਾ ਹੈ ਕਿ ਪੰਜਾਬ ਸਰਕਾਰ ਦੇ ਗ੍ਰਹਿ ਮਾਮਲਿਆਂ ਅਤੇ ਜੇਲ੍ਹਾਂ ਦੇ ਵਧੀਕ ਮੁੱਖ ਸਕੱਤਰ ਨੇ ਪੁਲਿਸ ਦੀ ਮਿਸਲ ਤੇ ਚਲਾਨ ਪੇਪਰਾਂ ਦੀ ਡੂੰਘਾਈ ਵਿਚ ਛਾਣਬੀਣ ਕਰਕੇ ਇਹ ਤਸੱਲੀ ਹੋਣ ਪਿਛੋਂ ਮਨਜ਼ੂਰੀ ਦਿੱਤੀ ਕਿ ਮੁਲਜ਼ਮਾਂ ਦਾ ਜੁਰਮ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 121 ਤੇ 121 ਏ ਅਤੇ ਯੂ.ਏ.ਪੀ.ਏ. ਦੇ ਸੈਕਸ਼ਨ 10 ਅਤੇ 13 ਤਹਿਤ ਸਜ਼ਾਯੋਗ ਬਣਦਾ ਹੈ ਅਤੇ ਉਨ੍ਹਾਂ 'ਤੇ ਇਹ ਧਾਰਾਵਾਂ ਲਾ ਕੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਫੈਸਲੇ ਵਿਚ ਇਹ ਖਾਸ ਤੌਰ 'ਤੇ ਨੋਟ ਕੀਤਾ ਗਿਆ ਹੈ ਕਿ ਯੂ. ਏ. ਪੀ. ਏ. ਦੀ ਉਕਤ ਧਾਰਾ ਤਹਿਤ ਕੇਵਲ ਕੇਂਦਰ ਸਰਕਾਰ ਜਾਂ ਉਸ ਵਲੋਂ ਅਧਿਕਾਰਤ ਅਧਿਕਾਰੀ ਹੀ ਮੁਕੱਦਮਾ ਚਲਾਉਣ ਦੀ ਅਗੇਤੀ ਮਨਜ਼ੂਰੀ ਦੇ ਸਕਦੇ ਹਨ। ਇਸ ਕੇਸ 'ਚ ਇਹ ਮਨਜ਼ੂਰੀ ਪੰਜਾਬ ਸਰਕਾਰ ਦੇ ਉਪਰੋਕਤ ਵਧੀਕ ਮੁੱਖ ਸਕੱਤਰ ਨੇ ਖੁਦ ਹੀ ਦੇ ਦਿੱਤੀ। ਮੁਕੱਦਮਾ ਚਲਾਉਣ ਵਾਲੀ ਧਿਰ ਨੇ ਆਪਣੀ ਮਿਸਲ 'ਤੇ ਇਸ ਦੇ ਕੋਈ ਵੇਰਵੇ ਨਹੀਂ ਦਿੱਤੇ ਕਿ ਵਧੀਕ ਮੁੱਖ ਸਕੱਤਰ ਨੂੰ ਕੇਂਦਰ ਸਰਕਾਰ ਨੇ ਇਹ ਅਧਿਕਾਰ ਕਿਵੇਂ ਦਿੱਤਾ। ਇਸ ਲਈ ਅਦਾਲਤ ਵਲੋਂ ਯੂ.ਏ.ਪੀ.ਏ. ਦੀ ਧਾਰਾ ਤਹਿਤ ਮੁਕੱਦਮਾ ਨਾ ਚਲਾ ਕੇ ਤਿੰਨਾਂ ਨੌਜਵਾਨਾਂ ਨੂੰ ਯੂ.ਏ.ਪੀ.ਏ. ਦੇ ਦੋਸ਼ਾਂ ਤੋਂ ਤਾਂ ਬਰੀ ਕਰ ਦਿੱਤਾ ਗਿਆ ਪਰ ਨਾਲ ਹੀ ਅਦਾਲਤ ਇਸ ਨਤੀਜੇ ਉਪਰ ਵੀ ਪੁੱਜ ਗਈ ਕਿ ਇਸਤਗਾਸਾ ਨੇ ਜਾਇਜ਼ ਸ਼ੱਕ ਦੀ ਕੋਈ ਗੁੰਜਾਇਸ਼ ਨਾ ਛੱਡਦੇ ਹੋਏ ਇਹ ਸਾਬਤ ਕੀਤਾ ਹੈ ਕਿ ਮੁਲਜ਼ਮਾਂ ਦੇ ਜੁਰਮ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 121 ਅਤੇ 121ਏ ਤਹਿਤ ਸਜ਼ਾਯੋਗ ਹਨ। ਇਉਂ ਅਦਾਲਤ ਵਲੋਂ ਸਾਰੇ ਦੋਸ਼ੀਆਂ ਨੂੰ ਇਨ੍ਹਾਂ ਧਾਰਾਵਾਂ ਤਹਿਤ ਦੋਸ਼ੀ ਕਰਾਰ ਦੇ ਦਿੱਤਾ ਗਿਆ।

ਗ਼ੌਰਤਲਬ ਹੈ ਕਿ ਇਨ੍ਹਾਂ ਨੌਜਵਾਨਾਂ ਖਿਲਾਫ ਇਸ ਕੇਸ ਨੂੰ ਤੱਤਕਾਲੀ ਪੰਜਾਬ ਸਰਕਾਰ ਦੇ ਗ੍ਰਹਿ ਮੰਤਰਾਲੇ ਵਲੋਂ ਨਿਰੋਲ ਸੌੜੇ ਸਿਆਸੀ ਮੁਫਾਦ ਤਹਿਤ ਮਨਜ਼ੂਰੀ ਦਿੱਤੀ ਗਈ ਸੀ; ਅਸਲ ਵਿਚ ਇਹ ਸਟੇਟ ਵਿਰੁਧ ਜੰਗ ਛੇੜਨ ਦਾ ਮਾਮਲਾ ਬਣਦਾ ਹੀ ਨਹੀਂ। ਜਦੋਂ ਪੰਜਾਬ ਸਰਕਾਰ ਦੇ ਵਧੀਕ ਗ੍ਰਹਿ ਸਕੱਤਰ ਵਲੋਂ ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਵੀ ਆਪਹੁਦਰੇ ਢੰਗ ਨਾਲ ਖੁਦ ਹੀ ਦੇ ਦਿੱਤੀ ਜਾਂਦੀ ਹੈ ਜੋ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ ਤੇ ਸਾਰੇ ਗਵਾਹ ਵੀ ਪੁਲਿਸ ਦੇ ਆਪਣੇ ਹਨ, ਤਾਂ ਸਮੁੱਚਾ ਮਾਮਲਾ ਹੀ ਸਵਾਲਾਂ ਦੇ ਘੇਰੇ ਵਿਚ ਆਉਣਾ ਚਾਹੀਦਾ ਸੀ, ਲੇਕਿਨ ਅਦਾਲਤ ਨੇ ਇਸ ਮਹੱਤਵਪੂਰਨ ਪਹਿਲੂ ਨੂੰ ਨਜ਼ਰਅੰਦਾਜ਼ ਕਰ ਦਿੱਤਾ।

ਪਿਛਲੇ ਦਹਾਕਿਆਂ ਵਿਚ ਮੁਲਕ ਦੀਆਂ ਹਾਈਕੋਰਟਾਂ ਅਤੇ ਖੁਦ ਸੁਪਰੀਮ ਕੋਰਟ ਦੇ ਬਹੁਤ ਮਹੱਤਵਪੂਰਨ ਫੈਸਲਿਆਂ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਮਹਿਜ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣਾ, ਜਾਂ ਕਿਸੇ ਖਾਸ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਣਾ ਤੇ ਉਸ ਦਾ ਸਾਹਿਤ ਪੜ੍ਹਨਾ/ਰੱਖਣਾ ਕੋਈ ਜੁਰਮ ਨਹੀਂ। ਜੁਰਮ ਫਿਰ ਹੀ ਬਣਦਾ ਹੈ ਜਦੋਂ ਕੋਈ ਸ਼ਖਸ ਕਿਸੇ ਹਿੰਸਕ ਵਾਰਦਾਤ ਨੂੰ ਅੰਜਾਮ ਦੇਣ ਵਿਚ ਜਾਂ ਲੋਕਾਂ ਨੂੰ ਹਿੰਸਾ ਲਈ ਭੜਕਾਉਣ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਵੇ; ਲੇਕਿਨ ਸਿਤਮਜ਼ਰੀਫੀ ਇਹ ਹੈ ਕਿ ਇਸ ਮਾਮਲੇ ਵਿਚ ਇਸਤਗਾਸਾ (ਸਰਕਾਰੀ) ਪੱਖ ਵਲੋਂ ਨਾ ਤਾਂ ਮੁਲਜ਼ਮਾਂ ਦੇ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਲਈ ਕੰਮ ਕਰ ਰਹੇ ਹੋਣ ਅਤੇ ਸਟੇਟ ਵਿਰੁਧ ਜੰਗ ਛੇੜਨ ਦੇ ਇਰਾਦੇ ਨਾਲ ਕਿਸੇ ਹਿੰਸਕ ਕਾਰਵਾਈ ਵਿਚ ਸ਼ਾਮਲ ਹੋਣ ਜਾਂ ਹਿੰਸਾ ਲਈ ਉਕਸਾਉਣ ਦਾ ਕੋਈ ਸਬੂਤ ਪੇਸ਼ ਕੀਤਾ ਗਿਆ, ਨਾ ਉਨ੍ਹਾਂ ਕੋਲੋਂ ਕੋਈ ਹਥਿਆਰ ਬਰਾਮਦ ਹੋਏ ਸਨ। ਸਬੂਤ ਦੇ ਤੌਰ 'ਤੇ ਬਰਾਮਦ ਦਿਖਾਈਆਂ ਕਿਤਾਬਾਂ ਅਤੇ ਪੋਸਟਰਾਂ ਵਿਚੋਂ ਕੁਝ ਵੀ ਪਾਬੰਦੀਸ਼ੁਦਾ ਨਹੀਂ। ਨਾ ਹੀ ਇਸ ਦਾ ਕੋਈ ਸਬੂਤ ਪੇਸ਼ ਕੀਤਾ ਗਿਆ ਕਿ ਵਿਦੇਸ਼ਾਂ ਤੋਂ ਭੇਜੇ ਪੈਸੇ ਦਾ ਰਾਸ਼ਟਰ ਵਿਰੋਧੀ ਕਾਰਵਾਈਆਂ ਨਾਲ ਸਬੰਧ ਕਿਵੇਂ ਸੀ। ਐਸੇ ਕਿਸੇ ਠੋਸ ਸਬੂਤ ਦੀ ਅਣਹੋਂਦ ਵਿਚ ਕੇਵਲ ਕੁਝ ਕਿਤਾਬਾਂ ਅਤੇ ਪੋਸਟਰ ਛਪਵਾਉਣ ਜਾਂ ਰੱਖਣ ਨੂੰ ਵੱਖਰਾ ਰਾਜ ਬਣਾਉਣ ਦੀ ਯੋਜਨਾ ਅਤੇ 'ਰਾਜ ਵਿਰੁਧ ਜੰਗ ਛੇੜਨ ਦੀ ਤਿਆਰੀ' ਮੰਨ ਲੈਣਾ ਜਾਂ ਤਾਂ ਨਿਆਂ ਸ਼ਾਸਤਰ ਪ੍ਰਤੀ ਘੋਰ ਅਗਿਆਨਤਾ ਦੀ ਨਿਸ਼ਾਨੀ ਹੈ ਜਾਂ ਫਿਰ ਜਮਹੂਰੀ ਮੁੱਲਾਂ ਦਾ ਘਾਣ ਕਰ ਰਹੇ ਅੰਧ-ਰਾਸ਼ਟਰਵਾਦ ਦੇ ਘਾਤਕ ਪ੍ਰਭਾਵ ਦੀ ਉਪਜ ਜਿਸ ਦਾ ਇਸ ਵਕਤ ਪੂਰੇ ਮੁਲਕ ਵਿਚ ਦਬਦਬਾ ਹੈ।

ਅੱਜ ਜਦੋਂ ਭਗਵੇਂ ਹੁਕਮਰਾਨ ਆਪਣੇ ਹਿੰਦੂਤਵ ਏਜੰਡੇ ਤਹਿਤ ਮੁਲਕ ਦੇ ਜ਼ਹੀਨ ਬੁੱਧੀਜੀਵੀਆਂ, ਲੇਖਕਾਂ, ਆਲੋਚਕਾਂ ਅਤੇ ਲੋਕ ਸਰੋਕਾਰਾਂ ਦੇ ਹੱਕ ਵਿਚ ਡਟਣ ਵਾਲੇ ਕਾਰਕੁਨਾਂ ਸਮੇਤ ਹਰ ਜਮਹੂਰੀ ਵਿਰੋਧ ਨੂੰ ਦਬਾਉਣ ਲਈ ਧੜਾਧੜ ਦੇਸ਼ ਧ੍ਰੋਹ ਦੇ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਉਪਰ ਚੱਲ ਰਹੇ ਹਨ, ਉਸ ਵਕਤ ਪੰਜਾਬ ਵਿਚ ਇਹ ਜੋ ਤਰਕਹੀਣ ਤੇ ਨਿਆਂ ਸ਼ਾਸਤਰੀ ਸੂਝ ਨਜ਼ਰਅੰਦਾਜ਼ ਕਰਕੇ ਅਦਾਲਤੀ ਫੈਸਲਾ ਸੁਣਾਇਆ ਗਿਆ ਹੈ, ਇਹ ਅਦਾਲਤੀ ਚਾਰਾਜੋਈ ਰਾਹੀਂ ਪੁਲਿਸ ਵਲੋਂ ਘੜੇ ਝੂਠੇ ਕੇਸਾਂ ਵਿਚ ਨਿਆਂ ਹਾਸਲ ਹੋਣ ਦੀ ਗੁੰਜਾਇਸ਼ ਦਾ ਭੋਗ ਪਾਉਣ ਦੇ ਬਰਾਬਰ ਹੈ। ਇਹ ਅਨਿਆਂ ਦਾ ਮਾਮਲਾ ਨਹੀਂ ਹੈ, ਜਿਵੇਂ ਕਿਸੇ ਨੂੰ ਓਪਰੀ ਨਜ਼ਰੇ ਲੱਗ ਸਕਦਾ ਹੈ, ਦਰਅਸਲ ਇਸ ਫੈਸਲੇ ਵਿਚ ਵਿਚਾਰਾਂ ਦੀ ਆਜ਼ਾਦੀ ਉਪਰ ਹਮਲੇ ਦੀ ਖਤਰਨਾਕ ਲੀਹ ਬਣਨ ਦਾ ਖਤਰਾ ਸਮੋਇਆ ਹੋਇਆ ਹੈ।

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ

***ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੀਰੀ-ਪੀਰੀ ਦਾ ਸਿਧਾਂਤ ਬੜਾ ਵਿਲੱਖਣ ਹੈ। ਇਸ ਤਹਿਤ ਸਿਆਸਤ, ਧਰਮ ਦੇ ਅਧੀਨ ਹੋ ਕੇ ਚੱਲਦੀ ਹੈ ਪਰ ਜਦੋਂ ਸ਼੍ਰੋਮਣੀ ਅਕਾਲ ਦਲ ਦੀ ਮੌਜੂਦਾ ਲੀਡਰਸ਼ਿਪ ਨੇ ਪੰਜਾਬ ਵਿਚ ਮਿਲੀ ਸੱਤਾ ਦੌਰਾਨ ਇਹ ਸਿਧਾਂਤ ਉਲਟਾ ਕੇ ਧਾਰਮਕ ਸੰਸਥਾਵਾਂ ਅੰਦਰ ਬਹੁਤ ਬੁਰੀ ਤਰ੍ਹਾਂ ਸਿਆਸਤ ਵਾੜ ਦਿੱਤੀ ਤਾਂ ਲੀਡਰਸ਼ਿਪ ਉਤੇ ਸਵਾਲਾਂ ਦੀ ਵਾਛੜ ਹੋਣ ਲੱਗੀ। ਇਸ ਲੀਡਰਸ਼ਿਪ ਨੇ ਧਰਮ ਨੂੰ ਆਧਾਰ ਬਣਾ ਕੇ ਅਜਿਹੀ ਸਿਆਸਤ ਦਾ ਮੁਜਾਹਰਾ ਕੀਤਾ ਕਿ ਅੱਜ ਤਕਰੀਬਨ ਹਰ ਸਿੱਖ ਸੰਸਥਾ ਦਾ ਵੱਕਾਰ ਦਾਅ ਉਤੇ ਲੱਗਾ ਨਜ਼ਰ ਆਉਂਦਾ ਹੈ। ਇਸ ਸੰਕਟ ਦੇ ਹੱਲ ਲਈ ਗਾਹੇ-ਬਗਾਹੇ ਕਈ ਸਿੱਖ ਵਿਦਵਾਨ ਅਤੇ ਚਿੰਤਕ ਆਪੋ-ਆਪਣੀ ਰਾਇ ਜਾਹਰ ਕਰਦੇ ਰਹੇ ਹਨ। ਇਸ ਲੇਖ ਵਿਚ ਪੰਜਾਬ ਦੀ ਉਘੀ ਸ਼ਖਸੀਅਤ ਅਤੇ ਬਠਿੰਡਾ ਸਥਿਤ ਕੇਂਦਰੀ ਯੂਨੀਵਰਸਿਟੀ, ਪੰਜਾਬ ਦੇ ਚਾਂਸਲਰ ਸਰਦਾਰਾ ਸਿੰਘ ਜੌਹਲ ਨੇ ਸਿੱਖ ਸਿਧਾਂਤਾਂ ਦੀ ਭਾਵਨਾ ਮੁਤਾਬਕ ਧਰਮ ਅਤੇ ਸਿਆਸਤ ਦੇ ਆਪਸੀ ਰਿਸ਼ਤੇ ਬਾਰੇ ਪੜਚੋਲ ਕਰਦਿਆਂ ਸਿੱਖ ਸਮਾਜ ਨੂੰ ਸੰਕਟ ਵਿਚੋਂ ਕੱਢਣ ਲਈ ਕੁਝ ਸੁਝਾਅ ਦਿੱਤੇ ਹਨ, ਜੋ ਅਸੀਂ ਆਪਣੇ ਸੂਝਵਾਨ ਪਾਠਕਾਂ ਲਈ ਛਾਪ ਰਹੇ ਹਾਂ ਤਾਂ ਕਿ ਇਸ ਅਹਿਮ ਮਸਲੇ ਬਾਰੇ ਬਹਿਸ ਅਗਾਂਹ ਤੋਰੀ ਜਾ ਸਕੇ। -ਸੰਪਾਦਕ***

**ਸਰਦਾਰਾ ਸਿੰਘ ਜੌਹਲ**
**ਚਾਂਸਲਰ, ਕੇਂਦਰੀ ਯੂਨੀਵਰਸਿਟੀ, ਪੰਜਾਬ।**

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਾਨੂੰ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ। ਮੀਰੀ-ਪੀਰੀ ਦੇ ਸਿਧਾਂਤ ਦੀ ਪਹਿਰੇਦਾਰੀ ਸਾਡੇ ਅਕਾਲ ਤਖਤ ਦੀ ਪਹਿਰੇਦਾਰੀ ਹੈ। ਸਿੱਖ ਸਮਾਜ 'ਚ ਅਕਾਲ ਤਖਤ ਦੀ ਉਚਤਾ ਇਸਾਈ ਧਰਮ ਦੇ ਪੋਪ ਤੋਂ ਵੀ ਅਸੂਲੀ ਤੌਰ 'ਤੇ ਵਧ ਹੈ। ਪੋਪ ਤਾਂ ਸਿਰਫ ਇਸਾਈ ਧਰਮ ਦਾ ਹੀ ਵਾਚਕ/ਰਾਖਾ ਹੈ, ਅਕਾਲ ਤਖਤ ਸਾਹਿਬ ਸਿੱਖ ਧਰਮ ਤੇ ਪੰਥ ਦਾ ਸਰਬਉਚ ਸਥਾਨ ਤਾਂ ਹੈ ਹੀ, ਇਸ ਦੇ ਨਾਲ ਹੀ ਮਨੁੱਖੀ ਏਕਤਾ, ਪ੍ਰਫੁਲਤਾ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਦਾ ਜ਼ਾਮਨ ਤੇ ਪਹਿਰੇਦਾਰ ਵੀ ਹੈ।

ਸਭ ਤੋਂ ਪਹਿਲਾਂ ਅਜੋਕੇ ਹਾਲਾਤ 'ਚ ਮੀਰੀ-ਪੀਰੀ ਦੇ ਸਿਧਾਂਤ ਨੂੰ ਵਿਚਾਰਨ ਦੀ ਲੋੜ ਹੈ:

ਪਹਿਲੀ ਗੱਲ, ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸਮਾਜ ਛੋਟਾ ਜਿਹਾ ਸਮਾਜ ਸੀ ਤੇ ਸਿਰਫ ਪੰਜਾਬ ਵਿਚ ਹੀ ਸੀ। ਗੁਰੂ ਸਾਹਿਬ ਆਪ ਇਸ ਸਮਾਜ ਦੇ ਮਾਲਕ, ਪ੍ਰਬੰਧਕ ਅਤੇ ਮਾਰਗ ਦਰਸ਼ਕ ਸਨ। ਮਿਲ ਬੈਠਣਾ ਅਤੇ ਫੈਸਲੇ ਕਰਨਾ ਆਸਾਨ ਸੀ। ਉਸ ਤੋਂ ਪਿਛੋਂ ਅਕਾਲੀ ਫੂਲਾ ਸਿੰਘ ਵਰਗੇ ਸੂਰਮੇ ਵੀ ਅਕਾਲ ਤਖਤ ਦੇ ਜਥੇਦਾਰ ਰਹੇ ਹਨ, ਜਿਨ੍ਹਾਂ ਤੋ ਮਹਾਰਾਜਾ ਰਣਜੀਤ ਸਿੰਘ ਵੀ ਭੈਅ ਖਾਂਦਾ ਸੀ ਅਤੇ ਆਪਣੀ ਪਿਠ ਉਤੇ ਕੋੜੇ ਖਾਣ ਲਈ ਤਿਆਰ ਹੋ ਗਿਆ ਸੀ।

ਦੂਜੇ, ਉਸ ਵਕਤ ਕੋਈ ਲੋਕਤੰਤਰ ਨਹੀਂ ਸੀ ਅਤੇ ਅੱਜ ਵਾਂਗੂੰ ਸਿਆਸੀ ਪਾਰਟੀਆਂ ਚੋਣਾਂ ਨਹੀਂ ਸਨ ਲੜਦੀਆਂ। ਤੀਜੇ, ਅੱਜ ਸਿੱਖ ਕਿਸੇ ਇਕ ਪਾਰਟੀ ਵਿਚ ਮਹਿਦੂਦ ਨਹੀਂ ਸਗੋਂ ਕਰੀਬ ਹਰ ਪਾਰਟੀ ਵਿਚ ਮੌਜੂਦ ਹਨ।

ਚੌਥੇ, ਸਿੱਖ ਸਿਰਫ ਪੰਜਾਬ ਵਿਚ ਹੀ ਨਹੀਂ, ਸਗੋਂ ਸਾਰੇ ਹਿੰਦੋਸਤਾਨ ਅਤੇ ਪਰਦੇਸਾਂ ਵਿਚ ਵੀ ਵਸੇ ਹੋਏ ਤੇ ਕਾਰਜਸ਼ੀਲ ਹਨ। ਸ਼ਾਇਦ ਹੀ ਕੋਈ ਦੇਸ਼ ਹੋਵੇ, ਜਿਥੇ ਕੋਈ ਸਿੱਖ ਨਾ ਹੋਵੇ।

ਅੱਜ ਸਥਿਤੀ ਬਹੁਤ ਬਦਲ ਚੁਕੀ ਹੈ। ਅੱਜ ਦੇ ਸਿਆਸੀ ਮਾਹੌਲ ਵਿਚ ਕੋਈ ਇਕ ਸਿਆਸੀ ਪਾਰਟੀ ਸਿੱਖ ਸਮਾਜ ਦੀ ਪ੍ਰਤੀਨਿਧ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਇਸ ਦੀ ਆੜ ਵਿਚ ਸਿੱਖਾਂ ਦੀਆਂ ਧਾਰਮਕ ਸੰਸਥਾਵਾਂ ਉਤੇ ਕਬਜ਼ਾ ਜਮਾਉਣ ਦਾ ਹੱਕ ਨਹੀਂ ਰਖਦੀ। ਪਰ ਜਿਸ ਪਾਰਟੀ ਦੇ ਨੁਮਾਇੰਦਿਆਂ ਨੂੰ ਬਹੁਗਿਣਤੀ ਵਿਚ ਵੋਟਾਂ ਪਾ ਕੇ ਸਿੱਖ ਚੁਣ ਲੈਣ, ਉਹ ਇਹ ਭੁਲੇਖਾ ਪਾ ਸਕਦੀ ਹੈ। ਇਸ ਗੱਲ ਤੋਂ ਜਾਗਰੂਕ ਰਹਿਣਾ ਜ਼ਰੂਰੀ ਹੈ।

ਅੱਜ ਦੀ ਸਿਆਸਤ, ਹਿੰਦੁਸਤਾਨ ਦੇ ਸੰਵਿਧਾਨ ਮੁਤਾਬਕ ਮੀਰੀ (ਸਿਆਸਤ) ਅਤੇ ਪੀਰੀ (ਧਰਮ) ਇਕੱਠੇ ਨਹੀਂ ਚਲ ਸਕਦੇ। ਵਿਧਾਨ ਮੁਤਾਬਕ ਕੋਈ ਵੀ ਸਿਆਸੀ ਪਾਰਟੀ ਧਰਮ ਦੇ ਮੰਚ ਤੋਂ ਚੋਣਾਂ ਨਹੀਂ ਲੜ ਸਕਦੀ, ਪਰ ਸਿੱਖ ਸਮਾਜ ਵਿਚ ਮੀਰੀ-ਪੀਰੀ ਦੇ ਸਿਧਾਂਤ ਨੂੰ ਤਿਲਾਂਜਲੀ ਵੀ ਨਹੀਂ ਦਿੱਤੀ ਜਾ ਸਕਦੀ, ਇਸ ਲਈ ਇਸ ਸਿਧਾਂਤ ਬਾਰੇ ਪੁਨਰ ਵਿਚਾਰ ਕਰਕੇ, ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਇਕ ਥਾਂ ਕਰਕੇ, ਕਿਸੇ ਇਕ ਸਿਆਸੀ ਪਾਰਟੀ ਦੀ ਇਜਾਰੇਦਾਰੀ ਵੀ ਕਬੂਲ ਨਹੀਂ ਕੀਤੀ ਜਾ ਸਕਦੀ।

ਇਹੋ ਕਾਰਨ ਹੈ ਕਿ ਇਸ ਸਿਧਾਂਤ ਦੀ ਆੜ ਵਿਚ ਇਕ ਸਿਆਸੀ ਪਾਰਟੀ ਨੇ ਸਾਰੀਆਂ ਹੀ ਸਿੱਖ ਸੰਸਥਾਵਾਂ ਦਾ ਸਿਆਸੀਕਰਨ ਕਰਕੇ ਸਿੱਖ ਸਮਾਜ ਦੀ ਪ੍ਰਤੀਬਧਤਾ ਅਤੇ ਵੱਕਾਰ ਉਤੇ ਸੱਟ ਹੀ ਨਹੀਂ ਮਾਰੀ ਸਗੋਂ ਵਿਅਕਤੀਗਤ ਕਬਜ਼ਾ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਨਿਗੂਣਾ ਤੇ ਅਸਰਹੀਣ ਬਣਾ ਦਿੱਤਾ ਹੈ। ਸੱਚ ਕਹਾਂ ਤਾਂ ਅੱਜ ਸਾਡੀਆਂ ਧਾਰਮਕ ਸੰਸਥਾਵਾਂ ਦੀ ਹਾਲਤ ਪੁਰਾਣੇ ਮਸੰਦਾਂ ਦੇ ਕਬਜ਼ੇ ਵਾਲੀ ਹਾਲਤ ਦੇ ਨੇੜੇ-ਤੇੜੇ ਹੀ ਪਹੁੰਚ ਗਈ ਹੈ। ਸਿੱਖ ਕੌਮ ਦੇ ਸੂਰਮਿਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਅਜਾਈਂ ਜਾਂਦੀਆਂ ਨਜ਼ਰ ਆ ਰਹੀਆਂ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਦਾ ਇਲਾਜ ਕੀ ਹੈ ਅਤੇ ਇਹ ਸਥਿਤੀ ਸੁਧਰ ਕਿਵੇਂ ਸਕਦੀ ਹੈ? ਮੀਰੀ-ਪੀਰੀ ਦੇ ਸਿਧਾਂਤ ਨੂੰ ਅਜੋਕੇ ਹਾਲਾਤ ਵਿਚ ਅਸਰਦਾਰ ਕਰਨ ਲਈ ਜ਼ਰੂਰੀ ਬਣਦਾ ਹੈ ਕਿ ਅਕਾਲ ਤਖਤ ਦੀ ਉਚਤਾ, ਸ਼ਕਤੀ ਅਤੇ ਅਧਿਕਾਰ ਖੇਤਰ ਨੂੰ ਪੂਰੀ ਤਰ੍ਹਾਂ ਪਰਿਭਾਸ਼ਤ ਕਰਕੇ ਇਸ ਅਨੁਸਾਰ ਪ੍ਰਬੰਧ ਦੀ ਸਿਰਜਣਾ ਕੀਤੀ ਜਾਵੇ। ਇਸ ਦੇ ਪ੍ਰਬੰਧ ਨੂੰ ਸਿੱਖ ਸਮਾਜ ਤੇ ਮਨੁੱਖੀ ਭਾਈਚਾਰੇ ਦੇ ਸਰੋਕਾਰਾਂ ਦੇ ਅਨੁਕੂਲ ਉਸਾਰਿਆ ਜਾਵੇ ਤਾਂ ਜੋ ਸ੍ਰੀ ਅਕਾਲ ਤਖਤ ਦਾ ਸਿੱਖ ਸਮਾਜ ਵਿਚ ਬਣਦਾ ਸਨਮਾਨ ਸੁਰਖਿਅਤ ਕੀਤਾ ਜਾ ਸਕੇ। ਸ੍ਰੀ ਅਕਾਲ ਤਖਤ ਦੀ ਪਕੜ ਧਾਰਮਕ, ਆਰਥਕ, ਸਮਾਜਕ, ਵਿਦਿਅਕ, ਰਾਜਨੀਤਕ ਹੋ ਸਕੇਗੀ, ਜੇ ਇਸ ਦਾ ਜਥੇਦਾਰ ਸਿੰਘ ਸਾਹਿਬ ਇਕ ਉਚ ਕੋਟੀ ਦੇ ਵਿਦਵਾਨ, ਉਚ ਕੋਟੀ ਦੇ ਪ੍ਰਬੰਧਕ, ਰਹਿਤ-ਮਰਿਆਦਾ ਅਤੇ ਕਿਰਦਾਰ ਦੀ ਜਿਉਂਦੀ ਜਾਗਦੀ, ਚਲਦੀ ਫਿਰਦੀ ਮੂਰਤ ਤੇ ਸਵੈਮਾਣ ਦੀ ਮਿਸਾਲੀ ਸ਼ਖਸੀਅਤ ਹੋਵੇ। ਪੱਖਪਾਤ ਉਨ੍ਹਾਂ ਦੇ ਨੇੜਿਉਂ ਦੀ ਨਾ ਲੰਘਿਆ ਹੋਵੇ। ਬਹੁਤ ਜ਼ਰੂਰੀ ਹੈ ਕਿ ਕਿਸੇ ਇਕ ਸੰਸਥਾ ਦਾ ਵਿਅਕਤੀ ਨਿਯੁਕਤ ਨਾ ਕੀਤਾ ਹੋਵੇ ਅਤੇ ਉਸ ਦੀ ਹੈਸੀਅਤ ਇਕ ਮੁਲਾਜ਼ਮ ਵਾਲੀ ਨਾ ਹੋਵੇ।

**ਜਥੇਦਾਰ ਅਤੇ ਪੰਜ ਪਿਆਰਿਆਂ ਦੀ ਨਿਯੁਕਤੀ ਦੀ ਵਿਧੀ ਕੀ ਹੋਵੇ?**

ਪਹਿਲੀ ਗੱਲ, ਸਿੱਖ ਸਮਾਜ ਦੇ ਮਾਣਮੱਤੇ ਉਚਤਮ ਅਸਥਾਨ ਵਾਸਤੇ ਜਥੇਦਾਰ ਸਿੰਘ ਸਾਹਿਬ ਉਪਰ ਦੱਸੀਆਂ ਸਿਫਤਾਂ ਦੇ ਮਾਲਕ ਦੀ ਚੋਣ ਇਕ 'ਕੁਲਿਜੀਅਮ' ਰਾਹੀਂ ਹੋਵੇ ਜੋ ਸਿੱਖਾਂ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦਾ ਹੋਵੇ। ਇਸ ਕੁਲਿਜੀਅਮ ਵਿਚ ਇਕਵੰਜਾ ਨੁਮਾਇੰਦੇ ਇੰਜ ਹੋ ਸਕਦੇ ਹਨ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 11
ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ 3
ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 4
ਚਾਰ ਤਖਤਾਂ ਦੀਆਂ ਕਮੇਟੀਆਂ ਦੇ ਨੁਮਾਇੰਦੇ 4 ਜਰਬ 3=12
ਅਮਰੀਕਾ ਦੇ ਗੁਰਦੁਆਰੇ 4
ਕੈਨੇਡਾ ਦੇ ਗੁਰਦੁਆਰੇ 4
ਯੂਨਾਈਟਿਡ ਕਿੰਗਡਮ ਦੇ ਗੁਰਦੁਆਰੇ 5
ਯੂਰਪ ਦੇ ਗੁਰਦੁਆਰੇ 2
ਥਾਈਲੈਂਡ ਦੇ ਗੁਰਦੁਆਰੇ 1
ਦੂਸਰੇ ਹੋਰ 5
**ਕੁਲ 51**

ਇਹ ਗਿਣਤੀ ਘੱਟ-ਵਧ ਵੀ ਹੋ ਸਕਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੁਮਾਇੰਦਗੀ ਸਭ ਤੋਂ ਵਧ ਹੋਵੇ ਪਰ ਬਹੁਮਤ ਨਾ ਹੋਵੇ। ਇਨ੍ਹਾਂ ਨੁਮਾਇੰਦਿਆਂ ਨੂੰ ਪੋਪ ਦੀ ਚੋਣ ਵਾਂਗ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬੰਦ ਕਰ ਦਿੱਤਾ ਜਾਏ। ਪਰ ਓਨੀ ਦੇਰ ਬਾਹਰ ਨਾ ਨਿਕਲ ਸਕਣ ਜਦੋਂ ਤਕ ਪੰਜਾਂ ਤਖਤਾਂ ਦੇ ਜਥੇਦਾਰ ਸਿੰਘ ਸਾਹਿਬ ਅਤੇ ਹਰ ਤਖਤ ਦੇ ਪੰਜ ਪਿਆਰੇ ਸਰਬਸੰਮਤੀ ਨਾਲ ਚੁਣੇ ਨਾ ਜਾਣ। ਇਸ ਵਿਧੀ ਨਾਲ ਇਨ੍ਹਾਂ ਤਖਤਾਂ ਦੇ ਜਥੇਦਾਰਾਂ ਅਤੇ ਪੰਜ ਪਿਆਰਿਆਂ ਉਤੇ ਕਿਸੇ ਸੰਸਥਾ ਜਾਂ ਵਿਅਕਤੀ ਦਾ ਪ੍ਰਭਾਵ ਜਾਂ ਦਬਾਓ ਨਹੀਂ ਰਹਿ ਜਾਂਦਾ।

ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਆਪਣੇ ਤੋਂ ਉਚਾ ਸਥਾਨ ਦਿੱਤਾ ਹੈ। ਇਹ ਪੰਜ ਪਿਆਰਿਆਂ ਦਾ ਹੁਕਮ ਹੀ ਸੀ, ਜੋ ਦਸਮ ਪਾਤਸ਼ਾਹ ਨੂੰ ਗੜ੍ਹੀ ਛੱਡਣੀ ਪਈ। ਇਸ ਤਰ੍ਹਾਂ ਪੰਜਾਂ ਪਿਆਰਿਆਂ ਨੂੰ ਪੰਜਾਂ ਹੀ ਤਖਤਾਂ ਅਤੇ ਜਥੇਦਾਰ ਸਿੰਘ ਸਾਹਿਬ ਦੇ ਨਿਗਰਾਨ ਤੇ ਸਹਾਇਕ ਮੰਨਿਆ ਜਾਏ। ਨਾ ਹੀ ਇਨ੍ਹਾਂ ਤਖਤਾਂ ਦੇ ਜਥੇਦਾਰ ਅਤੇ ਨਾ ਹੀ ਇਹ ਪੰਜ ਪਿਆਰੇ ਕਿਸੇ ਵੀ ਸੰਸਥਾ ਦੇ ਮੁਲਾਜ਼ਮ ਸਮਝੇ ਜਾਣ। ਇਸ ਵਿਧੀ ਨਾਲ ਚੁਣੀਆਂ ਇਹ ਉਚਤਮ ਹਸਤੀਆਂ ਕਿਸੇ ਦੀਆਂ ਨਿਯੁਕਤ ਕੀਤੀਆਂ ਅਸਾਮੀਆਂ ਨਹੀਂ ਰਹਿ ਜਾਂਦੀਆਂ।

ਬਦਕਿਸਮਤੀ ਇਹ ਕਿ ਸਿੱਖ ਸਮਾਜ ਦੀਆਂ ਇਨ੍ਹਾਂ ਸਿਰਮੌਰ ਸ਼ਖਸੀਅਤਾਂ ਨਾਲ ਪਿਛਲੇ ਸਮੇਂ ਵਿਚ ਮੁਲਾਜ਼ਮਾਂ ਵਾਂਗੂੰ ਸਲੂਕ ਕੀਤਾ ਗਿਆ ਹੈ। ਪੰਜ ਪਿਆਰੇ ਮੁਅੱਤਲ ਕਰ ਦਿੱਤੇ, ਤਬਦੀਲ ਕਰ ਦਿੱਤੇ, ਨੌਕਰੀਓਂ ਕੱਢ ਦਿੱਤੇ ਗਏ। ਇਸ ਤੋਂ ਵਧ ਇਤਰਾਜ਼ਯੋਗ ਵਰਤਾਰਾ ਹੋਰ ਕੀ ਹੋ ਸਕਦਾ ਹੈ?

ਦੂਜੇ ਪਾਸੇ ਅਕਾਲ ਤਖਤ ਦਾ ਜਥੇਦਾਰ ਸਿੰਘ ਸਾਹਿਬ ਐਸਾ ਨਹੀਂ ਹੋਣਾ ਚਾਹੀਦਾ, ਜੋ ਕਿਸੇ ਦਬਾਅ ਹੇਠ 'ਚਿੜੀਓ ਮਰ ਜਾਓ, ਚਿੜੀਓ ਜ਼ਿੰਦਾ ਹੋ ਜਾਓ' ਵਾਲੀ ਸਥਿਤੀ ਪੈਦਾ ਕਰ ਦੇਵੇ, ਜਾਂ ਫੇਰ ਜਾਂਦਾ ਜਾਂਦਾ ਪੀ. ਸੀ. ਓ. ਤੋਂ ਹੁਕਮਨਾਮਾ ਸਾਦਰ ਕਰ ਦੇਵੇ।

**ਹੁਕਮਨਾਮਾ ਜਾਰੀ ਕਰਨ ਦੀ ਵਿਧੀ ਬਾਰੇ ਸੁਝਾਅ**

ਇਹ ਚੋਣ ਵਿਧੀ ਇਨ੍ਹਾਂ ਸੰਸਥਾਵਾਂ ਅਤੇ ਮਾਣਮੱਤੀਆਂ ਹਸਤੀਆਂ ਨੂੰ ਕਿਸੇ ਵੀ ਸਿਆਸੀ ਪ੍ਰਭਾਵ ਤੋਂ ਉਪਰ ਉਠਾ ਦੇਵੇਗੀ ਅਤੇ ਆਜ਼ਾਦਾਨਾ ਤੌਰ 'ਤੇ ਸਹੀ ਫੈਸਲੇ ਲੈਣ ਦੇ ਕਾਬਲ ਬਣਾ ਦੇਵੇਗੀ।

ਇਸ ਦੇ ਨਾਲ ਹੀ ਇਹ ਵੀ ਲਾਜ਼ਮੀ ਹੈ ਕਿ ਹੁਕਮਨਾਮੇ ਬਹੁਤ ਹੀ ਘਟ ਅਤੇ ਸੰਜਮ ਨਾਲ ਜਾਰੀ ਕੀਤੇ ਜਾਣ। ਕੋਈ ਵੀ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਪੰਜਾਂ ਤਖਤਾਂ ਦੀ ਮੀਟਿੰਗ ਹੋਵੇ ਅਤੇ ਸਲਾਹ ਨਾਲ ਹੁਕਮਨਾਮਾ ਜਾਰੀ ਹੋਵੇ। ਜਦ ਏਨਾ ਸੋਚ-ਸਮਝ ਕੇ ਅਤੇ ਸੰਜਮ ਨਾਲ ਹੁਕਮਨਾਮਾ ਜਾਰੀ ਹੋਵੇਗਾ ਤਾਂ ਸਮਾਜ ਨੂੰ ਝੰਜੋੜ ਕੇ ਰੱਖ ਦੇਵੇਗਾ।

**ਸਜ਼ਾ ਦਾ ਸੰਕਲਪ ਨਹੀਂ ਸਗੋਂ ਬਖਸ਼ਿਸ਼ਾਂ ਦਾ ਦਰ**

ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਘਰ ਵਿਚ ਸਜ਼ਾ ਦਾ ਤਾਂ ਸੰਕਲਪ ਹੀ ਨਹੀਂ ਹੈ। ਇਥੇ ਤਾਂ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਹਨ। ਗੁਰੂ ਘਰ ਵਿਚ ਸੇਵਾ ਦਾ ਬੜਾ ਉਚਾ ਦਰਜਾ ਹੈ। ਸੇਵਾ ਮਨਮੁਖ ਨੂੰ ਗੁਰਮੁਖ ਬਣਾਉਂਦੀ ਹੈ। ਪਰ ਜੇ ਸੇਵਾ ਤਨਖਾਹ ਵਜੋਂ ਦਿੱਤੀ ਜਾਏ ਤਾਂ ਇਸ ਤੋਂ ਵਡੀ ਸਜ਼ਾ ਵੀ ਕੋਈ ਨਹੀਂ। ਗਲ ਵਿਚ 'ਮੈਂ ਗੁਨਾਹਗਾਰ ਹਾਂ' ਦੀ ਫੱਟੀ ਪਾ ਕੇ ਸੇਵਾ ਦੀ ਤਨਖਾਹ ਬੰਦ ਹੋਣੀ ਚਾਹੀਦੀ ਹੈ। ਇਹ ਸ਼ਰਧਾਲੂ ਸਿੱਖ ਦੀ ਸ਼ਖਸੀਅਤ ਉਤੇ ਬਹੁਤ ਡੂੰਘੀ ਸੱਟ ਮਾਰਦੀ ਹੈ।



*ਮੀਰੀ: ਸ੍ਰੀ ਅਕਾਲ ਤਖਤ ਸਾਹਿਬ*

**ਸ੍ਰੀ ਅਕਾਲ ਤਖਤ ਦਾ ਵਖਰਾ ਬਜਟ ਅਤੇ ਉਸ ਦੇ ਪ੍ਰਬੰਧ ਦੀ ਵਿਧੀ**

ਦੂਜਾ ਅਹਿਮ ਪੱਖ ਇਹ ਹੈ ਕਿ ਇਨ੍ਹਾਂ ਤਖਤਾਂ ਦਾ ਬਜਟ ਵਖਰਾ ਹੋਵੇ ਅਤੇ ਜਥੇਦਾਰ ਸਿੰਘ ਸਾਹਿਬ ਹੀ ਇਸ ਦੇ ਖਰਚੇ ਅਤੇ ਹਿਸਾਬ ਦੇ ਮੁਖੀ ਹੋਣ। ਇਹ ਬਜਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਗੁਰਦੁਆਰਾ ਕਮੇਟੀਆਂ ਆਪਣੇ ਬਜਟ ਵਿਚ ਇਕ ਵੱਖਰੀ ਬਜਟ ਲੜੀ ਦੇ ਤੌਰ 'ਤੇ ਮੁਹੱਈਆ ਕਰਨ। ਪਰ ਤਖਤਾਂ ਦੇ ਖਰਚੇ ਵਿਚ ਕੋਈ ਦਖਲ ਨਹੀਂ ਹੋਣਾ ਚਾਹੀਦਾ। ਆਜ਼ਾਦਾਨਾ ਤੌਰ 'ਤੇ ਜਥੇਦਾਰ ਸਾਹਿਬਾਨ ਦੀ ਮਨਜ਼ੂਰੀ ਅਤੇ ਦੇਖ-ਰੇਖ ਅੰਦਰ ਇਨ੍ਹਾਂ ਤਖਤਾਂ ਦੇ ਸਕੱਤਰੇਤ ਖਰਚਾ ਕਰਨ ਅਤੇ ਅੰਦਰੂਨੀ ਆਡਿਟ ਰਿਪੋਰਟ ਪ੍ਰਬੰਧਕ ਕਮੇਟੀਆਂ ਨੂੰ ਸੂਚਿਤ ਕਰਨ ਹਿਤ ਭੇਜੀ ਜਾਵੇ।

ਇਸ ਤਰ੍ਹਾਂ ਦੇ ਪ੍ਰਬੰਧ ਨਾਲ ਸਿੱਖ ਸਮਾਜ, ਅਕਾਲ ਤਖਤ ਅਤੇ ਦੂਜੇ ਚਾਰੇ ਤਖਤਾਂ, ਇਨ੍ਹਾਂ ਦੇ ਜਥੇਦਾਰ ਸਿੰਘ ਸਾਹਿਬਾਨ ਅਤੇ ਪੰਜ ਪਿਆਰਿਆਂ ਦਾ ਵੱਕਾਰ ਵਿਸ਼ਵ ਪੱਧਰ 'ਤੇ ਮਾਣ ਮੱਤਾ ਹੋ ਜਾਏਗਾ ਅਤੇ ਕੋਈ ਸਿਆਸੀ ਪਾਰਟੀ ਜਾਂ ਵਿਅਕਤੀ ਮੀਰੀ-ਪੀਰੀ ਦੇ ਸਿਧਾਂਤ ਨੂੰ ਅਗਵਾ ਤੇ ਕਿਸੇ ਤਰ੍ਹਾਂ ਵੀ ਪ੍ਰਭਾਵਿਤ ਨਹੀਂ ਕਰ ਸਕੇਗਾ।

ਇਸ ਵਿਧੀ ਨਾਲ ਸਥਾਪਿਤ ਕੀਤਾ ਅਕਾਲ ਤਖਤ ਦਾ ਜਥੇਦਾਰ ਸਿੰਘ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਜੋਕੀ ਕੋਝੀ ਸਿਆਸਤ ਤੋਂ ਮੁਕਤ ਕਰਵਾ ਸਕਦਾ ਹੈ। ਇਕ ਵਿਆਪਕ ਹੁਕਮਨਾਮਾ ਜਾਰੀ ਕਰਕੇ ਮੈਂਬਰੀ ਦੀ ਚੋਣ ਦੇ ਖਾਹਸ਼ਮੰਦ ਦੀ ਗੈਰਸਿਆਸੀ ਯੋਗਤਾ ਨਿਸਚਿਤ ਕਰ ਸਕਦਾ ਹੈ, ਜਿਵੇਂ ਕਿ ਕੋਈ ਉਮੀਦਵਾਰ ਗਰੈਜੂਏਟ ਤੋਂ ਘਟ ਨਾ ਹੋਵੇ, ਕਿਸੇ ਸਿਆਸੀ ਪਾਰਟੀ ਦਾ ਮੈਂਬਰ ਜਾਂ ਵਰਕਰ ਨਾ ਹੋਵੇ; ਗੁਰਬਾਣੀ ਵਿਚ ਪ੍ਰੌੜ ਹੋਵੇ; ਸਿੱਖੀ ਸਿਧਾਂਤਾਂ ਦਾ ਜਾਣੂ ਅਤੇ ਪੈਰੋਕਾਰ ਹੋਵੇ ਆਦਿ। ਇਹ ਸਭ ਹਲਫਨਾਮੇ ਉਤੇ ਦੇਵੇ ਤੇ ਇਕ ਵੀ ਅਵੱਗਿਆ ਕਰਨ ਉਤੇ ਉਸ ਦੀ ਮੈਂਬਰੀ ਖਤਮ ਕਰ ਦਿੱਤੀ ਜਾਏ ਆਦਿ।

**ਪੰਥ ਵਿਚੋਂ ਛੇਕਣਾ ਤੇ ਸ਼ਾਮਿਲ ਕਰਨਾ**

ਜਾਂਦੇ ਜਾਂਦੇ ਇਕ ਹੋਰ ਸਮਸਿਆ ਉਤੇ ਵੀ ਮੈਂ ਆਪਣੇ ਵਿਚਾਰ ਤੁਹਾਡੇ ਨਜ਼ਰ ਗੋਚਰੇ ਕਰਨਾ ਚਾਹੁੰਦਾ ਹਾਂ। ਜਦੋਂ ਸਰੀਰ ਦਾ ਕੋਈ ਅੰਗ ਬੀਮਾਰ ਹੋਵੇ, ਖਰਾਬ ਹੋ ਜਾਏ ਤੇ ਤਕਲੀਫ ਦਿੰਦਾ ਹੋਵੇ ਤਾਂ ਉਸ ਨੂੰ ਕਟ ਕੇ ਸੁਟ ਨਹੀਂ ਦੇਣਾ ਹੁੰਦਾ। ਉਸ ਦਾ ਇਲਾਜ ਕਰਨਾ ਬਣਦਾ ਹੈ। ਮੇਰੀ ਸੋਚਣੀ ਮੁਤਾਬਕ ਕੋਈ ਵੀ ਧਰਮ ਛੇਕਣ ਨਾਲ ਪ੍ਰਫੁਲਿਤ ਨਹੀਂ ਹੁੰਦਾ, ਸਗੋਂ ਸ਼ਾਮਿਲ ਕਰਨ ਨਾਲ ਫੈਲਦਾ ਤੇ ਫਲਦਾ ਹੈ। ਜੋ ਬੱਚੇ ਦਾੜ੍ਹੀ ਕੇਸਾਂ ਤੋਂ ਅਵੇਸਲੇ ਹੋ ਕੇ ਦਸਤਾਰਾਂ ਨੂੰ ਵੀ ਛਡਦੇ ਜਾ ਰਹੇ ਹਨ, ਉਨ੍ਹਾਂ ਨੂੰ ਸਮਝਾ-ਬੁਝਾ ਕੇ ਗਲ ਨਾਲ ਲਾ ਕੇ ਪਿਆਰ ਨਾਲ ਪੰਥ ਵਿਚ ਰਲਾਉਣਾ ਚਾਹੀਦਾ ਹੈ।

**ਸਹਿਜਧਾਰੀਆਂ ਨੂੰ ਗਲ ਨਾਲ ਲਾਈਏ**

ਮੇਰੀ ਸਮਝ ਮੁਤਾਬਕ ਸਹਿਜਧਾਰੀ ਸਿੱਖਾਂ ਨੂੰ ਸਿੱਖ ਨਾ ਮੰਨਣਾ, ਇਕ ਕਿਸਮ ਦਾ ਸਿੱਖ ਸਮਾਜ ਦੇ ਸਰੀਰ ਤੋਂ ਇਕ ਬਹੁਗਿਣਤੀ, ਅਹਿਮ ਅੰਗ ਨੂੰ ਜੁਦਾ ਕਰ ਦੇਣਾ-ਸੌੜੀ ਸਿਆਸੀ ਨੀਤੀ ਦਾ ਨਤੀਜਾ ਹੈ। ਇਹ ਧਰਮ ਪ੍ਰਚਾਰ ਦੀ ਨਾਕਾਮੀ ਦਰਸਾਉਂਦਾ ਹੈ। ਬਜਾਏ ਇਸ ਦੇ ਕਿ ਅਸੀਂ ਆਪਣੇ ਕਿਰਦਾਰ, ਵਿਹਾਰ, ਵਰਤਾਰੇ ਅਤੇ ਕਦਰਾਂ ਕੀਮਤਾਂ ਦੇ ਆਧਾਰ ਉਤੇ ਸਹਿਜਧਾਰੀਆਂ ਨੂੰ ਸਹਿਜੇ ਸਹਿਜੇ ਨੇੜੇ ਲਿਆਈਏ, ਸਾਡੀ ਸੌੜੀ ਸਿਆਸੀ ਨੀਤੀ ਨੇ ਸਹਿਜਧਾਰੀ ਸਿੱਖਾਂ ਨੂੰ ਬੇਦਖਲ ਹੀ ਕਰ ਦਿੱਤਾ ਹੈ।

**ਸਿੱਖ ਧਰਮ ਅਤੇ ਇਨਸਾਨੀ ਭਾਈਚਾਰਾ**

ਸਤਿਗੁਰ ਨਾਨਕ ਦਾ ਧਰਮ ਤਾਂ ਇਨਸਾਨੀ ਭਾਈਚਾਰੇ ਦਾ ਹੈ। ਮਨੁਖਤਾਵਾਦ ਹੀ ਧਰਮ ਹੈ। ਸਤਿਗੁਰ ਨਾਨਕ ਦੀ ਗੁਰਬਾਣੀ ਤਾਂ ਇਕ ਜਗਤ ਜੋਤ ਹੈ। ਇਸ ਦੀ ਲੋਅ ਨੂੰ ਕਿਸੇ ਇਕ ਸੰਪਰਦਾਏ ਜਾਂ ਬਰਾਦਰੀ ਤਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਹ ਤਾਂ, 'ਏਕ ਨੂਰ ਤੇ ਸਭੁ ਜਗੁ ਉਪਜਿਆ' ਦਾ ਹੋਕਾ ਦਿੰਦੀ ਹੈ। 'ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ', 'ਨਾ ਕੋ ਬੈਰੀ ਨਹੀ ਬਿਗਾਨਾ' ਦਾ ਮੰਤਰ ਪੜ੍ਹਾਉਂਦੀ ਹੈ। ਇਹ ਤਾਂ 'ਸਭੈ ਘਟ ਰਾਮੁ ਬੋਲੈ', 'ਸਿਆਮ ਸੁੰਦਰ ਤਜਿ ਨੀਦ ਕਿਉ ਆਈ' ਅਲਾਪਦੀ ਹੈ। ਇਸ ਲਈ ਸਭ ਨਾਲ ਪਿਆਰ, ਹਰ ਪ੍ਰਾਣੀ ਮਾਤਰ ਨੂੰ ਗੁਰਬਾਣੀ ਦੇ ਇਕੋ ਜਿਹੇ ਸਰਬ ਸਾਂਝੇ ਸੰਦੇਸ਼ ਅਨੁਸਾਰ ਆਪਣਾ ਜੀਵਨ ਸਫਲਾ ਕਰਨ ਵਲ ਤੋਰਨਾ ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਹੈ।

ਸਵਾਲ ਹੈ ਕਿ ਕੀ ਨੌਂ ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਸਿੱਖ ਨਹੀਂ ਸਨ? ਦੂਜੇ, ਕੀ ਗੁਰਬਾਣੀ ਵਿਚ ਮੁਸਲਮਾਨ ਫਕੀਰਾਂ, ਸਾਈਆਂ, ਭੱਟਾਂ, ਭਗਤਾਂ ਦੀ ਬਾਣੀ ਨਹੀਂ? ਇਸ ਜਾਗਤ ਜੋਤ ਦਾ ਫੈਲਾਓ ਸਾਰੀ ਦੁਨੀਆਂ ਉਤੇ ਕਿਉਂ ਨਹੀਂ ਹੋਣ ਦਿੱਤਾ ਜਾਂਦਾ? ਅਸੀਂ ਸਤਿਗੁਰੂ ਬਾਬੇ ਨਾਨਕ ਦੀ ਮਨੁੱਖਤਾ ਨੂੰ ਕਿਸੇ ਸੀਮਾ ਵਿਚ ਨਾ ਬੰਨ੍ਹੀਏ, ਸਗੋਂ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਉਪਰਾਲਾ ਕਰੀਏ। ਤ੍ਰਾਸਦੀ ਤਾਂ ਇਹ ਹੈ ਕਿ ਅਸੀਂ ਬਾਬੇ ਨਾਨਕ ਨੂੰ ਤਾਂ ਮੰਨਦੇ ਹਾਂ ਪਰ ਬਾਬੇ ਨਾਨਕ ਦੀ ਨਹੀਂ ਮੰਨਦੇ। ਗੁਰੂ ਗ੍ਰੰਥ ਸਾਹਿਬ ਨੂੰ ਪੂਜਦੇ ਹਾਂ, ਮੱਥੇ ਟੇਕਦੇ ਹਾਂ, ਗੁਰੂ ਦੀ ਬਾਣੀ ਨੂੰ ਪੜ੍ਹਦੇ, ਸੁਣਦੇ ਵਿਚਾਰਦੇ ਹਾਂ, ਪਰ ਜ਼ਿੰਦਗੀ ਵਿਚ ਢਾਲਦੇ ਨਹੀਂ।

ਜੇ ਸਿੱਖ ਧਰਮ, ਜੋ ਇਕ ਸਰਬ ਸੰਸਾਰੀ ਧਰਮ ਹੈ, ਜੋ ਗੁਰੂ ਨਾਨਕ ਦੀ ਮਨੁੱਖਤਾ ਦਾ ਹੋਕਾ ਦਿੰਦਾ ਹੈ, ਨੂੰ ਸਹੀ ਅਰਥਾਂ ਵਿਚ ਸਰਬਵਿਆਪੀ ਜੋਤ ਵਾਂਗ ਜਗਾਉਣਾ ਹੈ ਤਾਂ ਸਿੱਖ ਧਰਮ ਦੇ ਆਗੂਆਂ ਨੂੰ ਇਨ੍ਹਾਂ ਪੱਖਾਂ ਉਤੇ ਵਿਚਾਰ ਕਰਨਾ ਪਵੇਗਾ, ਕਿਉਂਕਿ ਸਤਿਗੁਰ ਨਾਨਕ ਨੇ ਨਾਕਾਰੀ ਪਰੰਪਰਾਵਾਂ ਉਤੇ ਸਵਾਲ ਕਰ ਕਰ ਕੇ ਲੋਕਾਈ ਨੂੰ ਸਿਧਾ ਰਸਤਾ ਦਸਿਆ ਸੀ। 'ਏਕ ਨੂਰ ਤੇ ਸਭੁ ਜਗੁ ਉਪਜਿਆ' ਦਾ ਪਾਠ ਪੜ੍ਹਾਇਆ ਸੀ। ਮੈਂ ਉਸ ਸਤਿਗੁਰੂ ਦਾ ਨਿਮਾਣਾ ਜਿਹਾ ਸ਼ਰਧਾਲੂ ਹੁੰਦਿਆਂ ਅੱਜ ਇਹ ਸੁਆਲ ਕਰਨ ਦਾ ਹੀਆ ਕੀਤਾ ਹੈ। ਕੁਝ ਗਲਤ ਜਾਂ ਸਖਤ ਕਹਿ ਗਿਆ ਹੋਵੇ ਤਾਂ ਮਾਫੀ ਦਾ ਖਾਸਤਗਾਰ ਹਾਂ।

ਵਾਹਿਗੁਰੂ ਜੀ ਕਾ ਖਾਲਸਾ।
ਵਾਗੁਰੂ ਜੀ ਕੀ ਫਤਹਿ।

## *ਹੁਣ ਕਿਤਾਬਾਂ ਤੇ ਤਸਵੀਰਾਂ ਰੱਖਣਾ ਵੀ ਖਤਰਨਾਕ!*

*(ਪਿਛਲੇ ਸਫੇ ਦੀ ਬਾਕੀ)*

ਲੋੜ ਤਾਂ ਇਸ ਗੱਲ ਦੀ ਹੈ ਕਿ ਬਸਤੀਵਾਦੀ ਰਾਜ ਵਲੋਂ ਭਾਰਤ ਦੇ ਲੋਕਾਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਈਜਾਦ ਕੀਤੀ ਬਸਤੀਵਾਦੀ ਕਾਨੂੰਨ ਪ੍ਰਣਾਲੀ ਦੀ ਘਿਨਾਉਣੀ ਵਿਰਾਸਤ ਨੂੰ ਰੱਦ ਕੀਤਾ ਜਾਵੇ। ਇਸ ਦੀ ਬਜਾਏ ਅਦਾਲਤ ਵਲੋਂ 121 ਅਤੇ 121 ਏ ਨੂੰ ਦੁਹਰਾਉਣਾ ਅਤੇ ਫੈਸਲੇ ਦਾ ਆਧਾਰ ਬਣਾਉਣਾ ਦੱਸਦਾ ਹੈ ਕਿ ਸਮੁੱਚੇ ਰਾਜਕੀ ਢਾਂਚੇ ਸਮੇਤ ਅਦਾਲਤੀ ਪ੍ਰਣਾਲੀ ਦੇ ਅੰਦਰ ਬਸਤੀਵਾਦੀ ਜ਼ਹਿਨੀਅਤ ਮਜ਼ਬੂਤੀ ਨਾਲ ਜੜ੍ਹਾਂ ਜਮਾਈ ਬੈਠੀ ਹੈ। ਅਜਿਹੀ ਸੋਚ ਜਿਥੇ ਆਜ਼ਾਦੀ ਸੰਗਰਾਮ ਦੀ ਮੂਲ ਭਾਵਨਾ, ਜਮਹੂਰੀ ਮੁੱਲਾਂ ਦਾ ਮਖੌਲ ਉਡਾਉਣਾ ਹੈ, ਉਥੇ ਨਾਗਰਿਕਾਂ ਦੇ ਉਨ੍ਹਾਂ ਸੰਵਿਧਾਨਕ ਹੱਕਾਂ ਦਾ ਘਾਣ ਵੀ ਹੈ ਜੋ ਜੰਗੇ-ਆਜ਼ਾਦੀ ਦੌਰਾਨ ਜਾਬਰ ਬਸਤੀਵਾਦੀ ਰਾਜ ਵਿਰੁਧ ਜਾਨ ਹੂਲਵੇਂ ਸੰਘਰਸ਼ਾਂ ਰਾਹੀਂ ਮੰਨਵਾਏ ਗਏ ਸਨ।

# ਰਾਸ਼ਟਰਪਤੀ ਵੱਲੋਂ ਡਾ. ਗੁਰਨਾਮ ਸਿੰਘ ਤੇ ਸਰਵਜੀਤ ਕੌਰ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਡਾ. ਗੁਰਨਾਮ ਸਿੰਘ ਨੂੰ ਗੁਰਮਤਿ ਸੰਗੀਤ ਦੇ ਖੇਤਰ 'ਚ ਪਾਏ ਵਡਮੁੱਲੇ ਯੋਗਦਾਨ ਲਈ ਅਤੇ ਪੰਜਾਬੀ ਲੋਕ ਗਾਇਕਾ ਸਰਵਜੀਤ ਕੌਰ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਰਾਸ਼ਟਰਪਤੀ ਭਵਨ ਵਿਖੇ ਕਰਵਾਏ ਸਮਾਗਮ ਦੌਰਾਨ ਸਾਲ 2017 ਲਈ 42 ਕਲਾਕਾਰਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਦੇ ਮੁਖੀ ਡਾ. ਗੁਰਨਾਮ ਸਿੰਘ (ਗੁਰਮਤਿ ਸੰਗੀਤ) ਅਤੇ 10 ਹੋਰ ਸ਼ਖਸੀਅਤਾਂ ਲਲਿਤ ਜੇ ਰਾਓ (ਹਿੰਦੁਸਤਾਨੀ ਗਾਇਨ), ਗੁਨਦੇਚਾ ਭਰਾ (ਉਮਾਕਾਂਤ ਗੁਨਦੇਚਾ ਤੇ ਰਮਾਕਾਂਤ ਗੁਨਦੇਚਾ), ਯੋਗੇਸ਼ ਸਮਸੀ (ਤਬਲਾ), ਰਾਜੇਂਦਰ ਪ੍ਰਸਾਨਾ (ਸ਼ਹਿਨਾਈ ਤੇ ਬਾਂਸੁਰੀ), ਐਮ.ਐਸ. ਸ਼ੀਲਾ (ਕਰਨਾਟਕ ਗਾਇਨ), ਸੁਮਾ ਸੁਧੋਂਦਰਾ (ਕਰਨਾਟਕ ਵੀਨਾ) ਤਿਰੁਵਾਰੁਰ ਵੈਦਿਆਨਾਥ (ਕਰਨਾਟਕ ਮ੍ਰਿਦੰਗਮ), ਸ਼ਸ਼ਾਂਕ ਸੁਬਰਾਮਾਨਿਅਮ (ਕਰਨਾਟਕ ਬਾਂਸੁਰੀ), ਮਧੁਰਾਣੀ ਤੇ ਹੇਮੰਤ ਸ਼ੁਕਲਾ (ਸੁਗਮ ਸੰਗੀਤ) ਨੂੰ ਪੁਰਸਕਾਰ ਪ੍ਰਦਾਨ ਕੀਤੇ ਗਏ। ਰਵਾਇਤੀ ਲੋਕ ਸੰਗੀਤ, ਕਬਾਇਲੀ ਸੰਗੀਤ, ਨ੍ਰਿਤ ਤੇ ਕਠਪੁਤਲੀ ਕਲਾ ਦੇ ਖੇਤਰ 'ਚ ਪੰਜਾਬੀ ਲੋਕ ਗਾਇਕਾ ਸਰਵਜੀਤ ਕੌਰ, ਅਨਵਰ ਖਾਨ (ਲੋਕ ਸੰਗੀਤ ਰਾਜਸਥਾਨ), ਪ੍ਰਕਾਸ਼ ਖੰਡਗੇ (ਲੋਕ ਕਲਾ ਮਹਾਰਾਸ਼ਟਰ), ਜਗਨਨਾਥ ਬਿਆਨ ਰਵਾਇਤੀ ਸੰਗੀਤ ਖੋਲ (ਆਸਾਮ), ਰਾਮਚੰਦਰ ਮਾਂਜੀ (ਲੋਕ ਸੰਗੀਤ ਬਿਹਾਰ), ਰਾਕੇਸ਼ ਤਿਵਾੜੀ (ਲੋਕ ਨਾਟ ਛੱਤੀਸਗੜ੍ਹ), ਪਾਰਵਤੀ ਬਾਊਲ (ਬਾਊਲ ਸੰਗੀਤ ਪੱਛਮੀ ਬੰਗਾਲ), ਕੇ.ਸੀ. ਰੁਨਰੇਮਸੰਗੀ (ਲੋਕ ਸੰਗੀਤ ਮਿਜ਼ੋਰਮ), ਮੁਕੰਦ ਨਾਇਕ (ਲੋਕ ਸੰਗੀਤ ਝਾਰਖੰਡ) ਅਤੇ ਸੁਦੀਪ ਗੁਪਤਾ (ਕਠਪੁਤਲੀ ਕਲਾ ਪੱਛਮੀ ਬੰਗਾਲ) ਨੂੰ ਸਨਮਾਨਿਤ ਕੀਤਾ ਗਿਆ। ਨ੍ਰਿਤ ਦੇ ਖੇਤਰ 'ਚ 9 ਪ੍ਰਮੁੱਖ ਕਲਾਕਾਰਾਂ ਰਮਾ ਵੈਦਿਆਨਾਥ (ਭਾਰਤ ਨਾਟਿਅਮ), ਸ਼ੋਭਾ ਕੋਸਰ (ਕੱਥਕ), ਮਦੰਬੀ ਸੁਬਰਾਮਾਨਿਅਮ (ਕੱਥਕਲੀ),



ਆਈ.ਐਨ. ਓਇਨਾਮ ਓਗਬੀ ਧੋਨੀ ਦੇਵੀ (ਮਨੀਪੁਰੀ ਨ੍ਰਿਤ), ਦੀਪਕਾ ਰੈਡੀ (ਕੁਚੀਪੁੜੀ), ਸੁਜਾਤਾ ਮਹਾਪਾਤਰ (ਓਡੀਸੀ), ਰਾਮਕ੍ਰਿਸ਼ਨ ਤਾਲੁਕਦਾਰ (ਸਤਰੀਆ), ਜਨਮੇਜੇ ਸਾਈਬਾਬੂ ਨੂੰ ਛਾਊ, ਆਸ਼ਿਤ ਦੇਸਾਈ ਨੂੰ ਨ੍ਰਿਤ ਸੰਗੀਤ ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ। ਰੰਗਮੰਚ (ਨ੍ਰਿਤ ਕਲਾ) ਦੇ ਖੇਤਰ 'ਚ 9 ਪ੍ਰਮੁੱਖ ਕਲਾਕਾਰਾਂ ਅਭਿਰਾਮ ਭਦਕਮਕਰ (ਨਾਟਕ ਲੇਖਣ), ਸੁਨੀਲ ਸ਼ਾਨਬਾਗ ਤੇ ਬਾਪੀ ਬੋਸ (ਨਿਰਦੇਸ਼ਨ), ਹੇਮਾ ਸਿੰਘ, ਦੀਪਕ ਤਿਵਾੜੀ ਤੇ ਅਨਿਲ ਟਿੱਕੂ ਨੂੰ ਅਦਾਕਾਰੀ ਲਈ, ਨੂਰੂਦੀਨ ਅਹਿਮਦ (ਰੰਗਮੰਚ ਸਜਾਵਟ), ਅਵਤਾਰ ਸਾਹਨੀ (ਰੌਸ਼ਨੀ) ਅਤੇ ਸ਼ੋਓਗਰਕਪਮ ਹੇਮੰਤ ਸਿੰਘ ਨੂੰ ਸੁਗਮ ਲੀਲਾ ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਡਾ. ਗੁਰਨਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਸੰਪੂਰਨ ਰਾਗਾਂ 'ਤੇ ਕਈ ਵਰ੍ਹਿਆਂ ਦੀ ਨਿਰੰਤਰ ਖੋਜ ਕਰਕੇ ਸ਼ਬਦ ਕੀਰਤਨ ਰਚਨਾਵਾਂ ਬਣਾਈਆਂ ਅਤੇ ਵਿਸ਼ਵ ਵਿਚ ਪਹਿਲੀ ਵਾਰ ਲਿਖਤੀ ਤੇ ਸੁਰਲਿਪੀਬੱਧ ਰੂਪ ਵਿਚ ਇਨ੍ਹਾਂ ਦੀਆਂ ਰਿਕਾਰਡਿੰਗ ਵੀ ਕਰਵਾਈਆਂ। ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਵਿਸ਼ੇ ਵਜੋਂ ਆਪਣੀ ਖੋਜ, ਅਧਿਐਨ ਅਤੇ ਅਧਿਆਪਨ ਨਾਲ ਵਿਕਸਿਤ ਕਰਦਿਆਂ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਅਤੇ ਅਦਾਰਿਆਂ 'ਚ ਲਾਗੂ ਕਰਵਾਇਆ। ਡਾ. ਗੁਰਨਾਮ ਸਿੰਘ ਨੇ ਸੰਗੀਤ ਤੇ ਗੁਰਮਤਿ ਸੰਗੀਤ ਦੇ ਖੇਤਰ 'ਚ ਵਿਭਿੰਨ ਡਿਕਸ਼ਨਰੀਆਂ ਤੋਂ ਇਲਾਵਾ 18 ਪੁਸਤਕਾਂ, 123 ਖੋਜ ਪੱਤਰ ਤੇ 200 ਤੋਂ ਵੱਧ ਖੋਜ ਆਰਟੀਕਲ ਲਿਖੇ ਹਨ, ਜਿਨ੍ਹਾਂ ਨੂੰ ਆਕਸਫੋਰਡ ਪਬਲੀਕੇਸ਼ਨ ਸਮੇਤ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੇ ਪ੍ਰਕਾਸ਼ਨਾਵਾਂ ਨੇ ਪ੍ਰਕਾਸ਼ਿਤ ਕੀਤਾ ਹੈ। ਇਨ੍ਹਾਂ ਵਿਸ਼ੇਸ਼ ਕਾਰਜਾਂ ਵਿਚ ਯੂ.ਜੀ.ਸੀ. ਪ੍ਰਾਜੈਕਟ ਲਈ 9 ਵੀਡੀਓ ਲੈਕਚਰ, 26 ਆਡੀਓ ਰਿਕਾਰਡਿੰਗ, 4 ਵੀਡੀਓ ਰਿਕਾਰਡਿੰਗ, 5 ਡਾਕੂਮੈਂਟਰੀ ਫਿਲਮਾਂ, 6 ਸਿਗਨੇਚਰ ਟਿਊਨਜ਼ ਆਦਿ ਤਿਆਰ ਕਰਨਾ ਪ੍ਰਮੁੱਖ ਹਨ।

# ਅੰਮ੍ਰਿਤਧਾਰੀ ਵਕੀਲ ਨੂੰ ਕਿਰਪਾਨ ਸਣੇ ਅਦਾਲਤ 'ਚ ਜਾਣ ਤੋਂ ਰੋਕਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅੰਮ੍ਰਿਤਧਾਰੀ ਵਕੀਲ ਨੂੰ ਭਰੋਸਾ ਦਿੱਤਾ ਕਿ ਅਦਾਲਤ ਦੇ ਅੰਦਰ ਕਿਰਪਾਨ ਲੈ ਕੇ ਜਾਣ ਦੀ ਆਗਿਆ ਨਾ ਦੇਣ ਸਬੰਧੀ ਉਸ ਦੀ ਸ਼ਿਕਾਇਤ



'ਤੇ ਸੁਣਵਾਈ ਕੀਤੀ ਜਾਵੇਗੀ। ਵਕੀਲ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਕਿਰਪਾਨ ਦੇ ਨਾਲ ਅਦਾਲਤ ਦੇ ਅੰਦਰ ਦਾਖਲ ਹੋਣ ਤੋਂ ਰੋਕਿਆ ਗਿਆ ਅਤੇ ਇਸ ਕਾਰਨ ਉਸ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਤੇ ਉਹ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕਰਦਾ ਹੈ।

ਉਸ ਨੇ ਦੱਸਿਆ ਕਿ ਛੋਟੀ ਕਿਰਪਾਨ ਅੰਮ੍ਰਿਤਧਾਰੀ ਸਿੱਖਾਂ ਦੇ ਕਕਾਰਾਂ (ਧਾਰਮਿਕ ਚਿੰਨ੍ਹ) 'ਚ ਸ਼ਾਮਲ ਹੈ, ਜਿਸ ਨੂੰ ਉਹ ਆਪਣੇ ਤੋਂ ਅਲੱਗ ਨਹੀਂ ਕਰ ਸਕਦੇ। ਇਸ ਦੇ ਬਾਅਦ ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਉਸ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਸੁਣਵਾਈ ਕੀਤੀ ਜਾਵੇਗੀ। ਖਾਲਸਾ ਨੇ ਦੱਸਿਆ ਕਿ ਇਹ ਸੰਵਿਧਾਨ ਦੀ ਧਾਰਾ 25 ਦੀ ਉਲੰਘਣਾ ਹੈ, ਜੋ ਧਰਮ ਦੀ ਆਜ਼ਾਦੀ ਤੇ ਪ੍ਰਚਾਰ ਅਤੇ ਆਸਥਾ ਨੂੰ ਸੁਤੰਤਰ ਰੂਪ ਨਾਲ ਪ੍ਰਗਟ ਕਰਨ ਦਾ ਅਧਿਕਾਰ ਪ੍ਰਦਾਨ ਕਰਦੀ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੁਪਰੀਮ ਕੋਰਟ ਵਿਚ ਇਕ ਅੰਮ੍ਰਿਤਧਾਰੀ ਵਕੀਲ ਨੂੰ ਕਿਰਪਾਨ ਸਮੇਤ ਦਾਖਲ ਹੋਣ ਤੋਂ ਰੋਕਣ ਦੀ ਨਿੰਦਾ ਕੀਤੀ ਹੈ। ਇਹ ਮਾਮਲਾ ਅੰਮ੍ਰਿਤਪਾਲ ਸਿੰਘ ਨਾਂ ਦੇ ਗੁਰਸਿੱਖ ਵਕੀਲ ਨਾਲ ਸਬੰਧਤ ਹੈ, ਜਿਸ ਨੂੰ ਸੁਰੱਖਿਆ ਕਰਮੀਆਂ ਨੇ ਸੁਪਰੀਮ ਕੋਰਟ ਵਿਚ ਕਿਰਪਾਨ ਪਾ ਕੇ ਦਾਖਲ ਹੋਣ ਤੋਂ ਰੋਕਿਆ। ਗੁਰਸਿੱਖ ਵਕੀਲ ਨੇ ਇਸ ਦੀ ਸ਼ਿਕਾਇਤ ਚੀਫ ਜਸਟਿਸ ਕੋਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ ਵਿਰੁੱਧ ਦੱਸਿਆ ਹੈ। ਉਨ੍ਹਾਂ ਆਖਿਆ ਕਿ ਭਾਰਤ ਦੀ ਆਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨਾਲ ਅਜਿਹਾ ਵਤੀਰਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਚੀਫ ਜਸਟਿਸ ਤੋਂ ਕਾਰਵਾਈ ਮੰਗੀ ਹੈ।

# ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ, ਸਰਕਾਰੀ ਪ੍ਰਬੰਧਾਂ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ ਜਾਰੀ ਹੈ। ਮੌਜੂਦਾ ਸਮੇਂ ਪੰਜਾਬ ਤੋਂ ਇਲਾਵਾ ਰਾਜਸਥਾਨ ਅਤੇ ਗੁਜਰਾਤ ਵਿਚ ਇਸ ਰੋਗ ਦੇ ਲੱਛਣ ਵੱਡੀ ਪੱਧਰ 'ਤੇ ਉਭਰ ਕੇ ਸਾਹਮਣੇ ਆਏ ਹਨ। ਸਵਾਈਨ ਫਲੂ ਦੀ ਲਪੇਟ ਵਿਚ ਆਏ ਹੋਰ ਸੂਬਿਆਂ ਵਿਚ ਦਿੱਲੀ, ਮਹਾਰਾਸ਼ਟਰ, ਕਰਨਾਟਕ, ਹਰਿਆਣਾ ਅਤੇ ਹਿਮਾਚਲ ਵੀ ਸ਼ਾਮਲ ਹਨ। ਪੂਰੇ ਦੇਸ਼ ਵਿਚ ਇਸ ਰੋਗ ਕਾਰਨ ਹੁਣ ਤੱਕ ਕਰੀਬ 226 ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਾਜਸਥਾਨ ਵਿਚ ਇਸ ਮਹੀਨੇ ਦੇ ਪਹਿਲੇ ਹਫਤੇ ਤੱਕ ਸਵਾਈਨ ਫਲੂ ਨਾਲ 96 ਮੌਤਾਂ ਹੋ ਚੁੱਕੀਆਂ ਹਨ, ਜਦਕਿ ਗੁਜਰਾਤ ਵਿਚ ਇਸ ਦਾ ਸ਼ਿਕਾਰ ਹੋਏ ਲੋਕਾਂ ਦੀ ਗਿਣਤੀ 54 ਹੈ।



ਇਸ ਸੂਬੇ ਵਿਚ 1187 ਹੋਰ ਮਾਮਲੇ ਵਿਚ ਵੀ ਹਸਪਤਾਲਾਂ ਵਿਚ ਦਰਜ ਕੀਤੇ ਗਏ ਹਨ। ਹਰਿਆਣਾ ਵਿਚ ਵੀ ਸਵਾਈਨ ਫਲੂ ਕਾਰਨ 8 ਲੋਕਾਂ ਦੀ ਮੌਤ ਦੀ ਸੂਚਨਾ ਹੈ ਜਦਕਿ ਹਿਮਾਚਲ ਸਰਕਾਰ ਦੇ ਦਾਅਵੇ ਅਨੁਸਾਰ ਸੂਬੇ ਵਿਚ ਸਵਾਈਨ ਫਲੂ 'ਤੇ ਕਾਬੂ ਪਾ ਲਿਆ ਗਿਆ ਹੈ। ਪੰਜਾਬ ਵਿਚ ਸਵਾਈਨ ਫਲੂ ਦੀ ਪੁਸ਼ਟੀ ਹੋਣ ਵਾਲੇ ਲੋਕਾਂ ਦੀ ਗਿਣਤੀ 300 ਵਧੇਰੇ ਦੱਸੀ ਜਾਂਦੀ ਹੈ। ਇਸ ਨਾਮੁਰਾਦ ਰੋਗ ਨੇ ਪੰਜਾਬ ਵਿਚ ਹੁਣ ਤੱਕ ਤਕਰੀਬਨ 30 ਲੋਕਾਂ ਦੀ ਜਾਨ ਲੈ ਲਈ ਹੈ, ਜਦਕਿ 6 ਹੋਰ ਮ੍ਰਿਤਕਾਂ ਦੇ ਨਾਂ ਹਸਪਤਾਲਾਂ ਅਧਿਕਾਰੀਆਂ ਵੱਲੋਂ ਬਾਅਦ ਵਿਚ ਜ਼ਾਹਰ ਕੀਤੇ ਗਏ। ਪੰਜਾਬ ਵਿਚ ਸਵਾਈਨ ਫਲੂ ਮਾਲਵਾ ਖੇਤਰ ਵਿਚ ਜ਼ਿਆਦਾ ਸਾਹਮਣੇ ਆਇਆ ਹੈ। ਇਸ ਰੋਗ ਦੀ ਗੰਭੀਰਤਾ ਨੂੰ ਵੇਖਦੇ ਹੋਏ ਕੇਂਦਰ ਸਰਕਾਰ ਵੱਲੋਂ ਪੰਜਾਬ ਅਤੇ ਗੁਜਰਾਤ ਵਿਚ 2 ਵਿਸ਼ੇਸ਼ ਟੀਮਾਂ ਨੂੰ ਭੇਜਿਆ ਗਿਆ ਹੈ, ਜਿਹੜੀਆਂ ਇਸ ਰੋਗ ਦੀ ਸਥਿਤੀ ਅਤੇ ਬਚਾਅ ਸਬੰਧੀ ਜ਼ਰੂਰੀ ਸੂਚਨਾ ਅਤੇ ਜਾਗਰੂਕਤਾ ਅਭਿਆਨ ਚਲਾਉਣਗੀਆਂ। ਸਿਹਤ ਮਾਹਿਰਾਂ ਦੇ ਅਨੁਸਾਰ ਸੁਰੱਖਿਆ ਹੀ ਇਸ ਰੋਗ ਤੋਂ ਬਚਣ ਦਾ ਇਕ ਵਧੀਆ ਉਪਾਅ ਹੈ। ਇਹ ਰੋਗ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਵਧਦਾ ਹੈ ਅਤੇ ਇਸ ਰੋਗ ਦੇ ਫੈਲਣ ਦਾ ਇਕ ਵੱਡਾ ਕਾਰਨ ਗ਼ੈਰ-ਸਿਹਤਮੰਦ ਮਾਹੌਲ ਅਤੇ ਦੂਸ਼ਿਤ ਖਾਧ ਪਦਾਰਥਾਂ ਦੇ ਸੇਵਨ ਨੂੰ ਵੀ ਮੰਨਿਆ ਜਾਂਦਾ ਹੈ।

ਪੰਜਾਬ ਦੇ ਸਿਹਤ ਮੰਤਰਾਲੇ ਨੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਦੇ ਪ੍ਰਬੰਧਕਾਂ ਨੂੰ ਵਿਸ਼ੇਸ਼ ਆਦੇਸ਼ ਵੀ ਜਾਰੀ ਕੀਤੇ ਹਨ। ਸਿਹਤ ਮੰਤਰਾਲੇ ਨੇ ਇਸ ਰੋਗ ਸਬੰਧੀ ਜਾਗਰੂਕਤਾ ਵਧਾਉਣ ਲਈ ਕਈ ਉਪਾਅ ਕੀਤੇ ਜਾਣ ਦਾ ਦਾਅਵਾ ਕੀਤਾ ਹੈ ਪਰ ਜ਼ਮੀਨੀ ਪੱਧਰ 'ਤੇ ਸਥਿਤੀ ਤਸੱਲੀਬਖਸ਼ ਦਿਖਾਈ ਨਹੀਂ ਦੇ ਰਹੀ। ਬਿਨਾਂ ਸ਼ੱਕ ਇਹ ਰੋਗ ਹਰ ਸਾਲ ਹੋਣ ਵਾਲਾ ਮੌਸਮੀ ਰੋਗ ਹੈ, ਪਰ ਕਦੇ ਵੀ ਸਰਕਾਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੇ ਉਦਮ ਨਹੀਂ ਕੀਤੇ ਗਏ, ਜਿਨ੍ਹਾਂ ਨਾਲ ਇਸ ਰੋਗ 'ਤੇ ਕਾਬੂ ਪਾਇਆ ਜਾ ਸਕੇ।

## ਅਬੂ ਧਾਬੀ ਨੇ ਅਦਾਲਤਾਂ 'ਚ ਹਿੰਦੀ ਨੂੰ ਤੀਜੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ

**ਦੁਬਈ:** ਅਬੂ ਧਾਬੀ ਨੇ ਇਤਿਹਾਸਕ ਫੈਸਲਾ ਲੈਂਦਿਆਂ ਅਦਾਲਤਾਂ 'ਚ ਹਿੰਦੀ ਨੂੰ ਤੀਜੀ ਸਰਕਾਰੀ ਭਾਸ਼ਾ ਵਜੋਂ ਵਰਤਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਅਰਬੀ ਅਤੇ ਅੰਗਰੇਜ਼ੀ ਭਾਸ਼ਾ ਅਦਾਲਤਾਂ 'ਚ ਵਰਤੀ ਜਾਂਦੀ ਸੀ। ਲੋਕਾਂ ਨੂੰ ਦੁਕਵਾਂ ਇਨਸਾਫ ਦੇਣ ਦੇ ਮਕਸਦ ਨਾਲ ਇਹ ਕਦਮ ਉਠਾਇਆ ਗਿਆ ਹੈ।

ਅਬੂ ਧਾਬੀ ਜੁਡੀਸ਼ਲ ਵਿਭਾਗ ਨੇ ਕਿਹਾ ਕਿ ਕਿਰਤ ਕੇਸਾਂ 'ਚ ਹਿੰਦੀ ਭਾਸ਼ਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਿੰਦੀ ਬੋਲਣ ਵਾਲਿਆਂ ਨੂੰ ਕੇਸਾਂ ਦੀ ਪ੍ਰਕਿਰਿਆ, ਉਨ੍ਹਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਨੂੰ ਸਮਝਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਯੂਏਈ ਦੀ ਆਬਾਦੀ 90 ਲੱਖ ਦੇ ਕਰੀਬ ਹੈ ਜਿਸ 'ਚੋਂ ਭਾਰਤੀ ਭਾਈਚਾਰੇ ਦੀ ਗਿਣਤੀ 26 ਲੱਖ ਹੈ ਜੋ ਕੁੱਲ ਆਬਾਦੀ ਦਾ 30 ਫੀਸਦੀ ਹੈ।

# ਪਰਵਾਸੀਆਂ ਦੀ ਜ਼ਮੀਨ ਗਹਿਣੇ ਰੱਖ ਕੇ ਠੱਗੀ ਮਾਰਨ ਵਾਲਿਆਂ ਨੂੰ ਕੈਦ

**ਬਰਨਾਲਾ:** ਚੀਫ ਜੁਡੀਸ਼ਲ ਮੈਜਿਸਟਰੇਟ ਅਮਰਿੰਦਰ ਸਿੰਘ ਦੀ ਅਦਾਲਤ ਨੇ ਪਰਵਾਸੀ ਵਿਅਕਤੀਆਂ ਦੀ ਜ਼ਮੀਨ ਗਹਿਣੇ ਰੱਖ ਕੇ ਦੋ ਬੈਂਕਾਂ ਨਾਲ 76 ਲੱਖ ਰੁਪਏ ਦੀ ਧੋਖਾਧੜੀ ਕਰਨ ਵਾਲੇ 9 ਦੋਸ਼ੀਆਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਹ ਕੇਸ ਫਾਸਟ ਟਰੈਕ ਕੋਰਟ 'ਚ ਦੋ ਸਾਲ ਤੋਂ ਵੀ ਘੱਟ ਸਮੇਂ ਤਕ ਚੱਲਿਆ।



ਜਾਣਕਾਰੀ ਅਨੁਸਾਰ 5 ਅਪਰੈਲ 2017 ਨੂੰ ਥਾਣਾ ਸਿਟੀ ਵਿਖੇ ਹਰਪ੍ਰੀਤ ਸਿੰਘ ਵਾਸੀ ਨਾਈਵਾਲਾ ਵੱਲੋਂ ਦਿੱਤੇ ਬਿਆਨ ਅਨੁਸਾਰ ਉਸ ਦਾ ਵੱਡਾ ਭਰਾ ਗੁਰਪ੍ਰੀਤ ਸਿੰਘ ਤੇ ਮਾਤਾ ਅਮਰਜੀਤ ਕੌਰ ਅਮਰੀਕਾ ਵਿਖੇ ਰਹਿੰਦੇ ਹਨ। ਪਿੰਡ ਨਾਈਵਾਲਾ ਵਿਖੇ ਭਰਾ ਗੁਰਪ੍ਰੀਤ ਸਿੰਘ ਦੇ ਨਾਮ 142 ਕਨਾਲ ਅਤੇ ਮਾਤਾ ਅਮਰਜੀਤ ਕੌਰ ਦੇ ਨਾਮ 125 ਕਨਾਲ 18 ਮਰਲੇ ਜ਼ਮੀਨ ਉਨ੍ਹਾਂ ਦੇ ਨਾਮ ਹੈ। ਕੁਝ ਵਿਅਕਤੀਆਂ ਨੇ ਸਾਜ਼ਿਸ਼ ਤਹਿਤ ਨਾਮ ਪਤੇ ਦੇ ਗਲਤ ਕਾਗਜ਼ ਤਿਆਰ ਕਰਕੇ ਉਨ੍ਹਾਂ ਦੀ ਜ਼ਮੀਨ ਨੂੰ ਆਪਣੀ ਜ਼ਮੀਨ ਦੀ ਮਾਲਕੀ ਦੱਸ ਕੇ ਐਕਸਿਸ ਬੈਂਕ ਅਤੇ ਸੈਂਟਰਲ ਬੈਂਕ ਆਫ ਇੰਡੀਆ ਬਰਾਂਚ ਬਰਨਾਲਾ ਤੋਂ 76 ਲੱਖ 50 ਹਜ਼ਾਰ ਰੁਪਏ ਦੀਆਂ ਲਿਮਟਾਂ ਬਣਵਾ ਲਈਆਂ। ਪੁਲਿਸ ਨੇ ਇਸ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ 9 ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਸੀ। ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 18 ਲੱਖ ਰਿਕਵਰੀ ਕਰਵਾਈ ਗਈ ਅਤੇ ਜਾਅਲੀ ਕਾਗਜ਼ ਬਰਾਮਦ ਕੀਤੇ ਗਏ। ਕੇਸ ਦਾ ਸਰਗਨਾ ਗੁਰਜੰਟ ਸਿੰਘ ਪਿੰਡ ਨਾਈਵਾਲਾ ਦਾ ਵਾਸੀ ਹੋਣ ਕਾਰਨ ਉਸ ਨੂੰ ਜ਼ਮੀਨ ਸਬੰਧੀ ਪੂਰੀ ਜਾਣਕਾਰੀ ਸੀ। ਉਸ ਨੇ ਸਾਜ਼ਿਸ਼ ਕਰਕੇ ਦੋਸ਼ੀਆਂ ਨਾਲ ਮਿਲੀਭੁਗਤ ਕਰਕੇ ਮਹਿਲ ਨਗਰ ਬਰਨਾਲਾ ਅਤੇ ਗੁਰੂ ਤੇਗ ਬਹਾਦਰ ਸਿੰਘ ਨਗਰ ਬਰਨਾਲਾ ਵਿਖੇ ਕਿਰਾਏ 'ਤੇ ਮਕਾਨ ਲੈ ਕੇ ਮੁਦਈ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਅਮਰਜੀਤ ਕੌਰ ਦੇ ਨਾਮ ਦੇ ਜਾਅਲੀ ਸ਼ਨਾਖਤੀ ਪਛਾਣ ਪੱਤਰ ਤਿਆਰ ਕੀਤੇ।

ਕਮਲਜੀਤ ਸਿੰਘ ਨੇ ਜਾਅਲੀ ਗੁਰਪ੍ਰੀਤ ਸਿੰਘ ਬਣ ਕੇ ਸੈਂਟਰਲ ਬੈਂਕ ਆਫ ਇੰਡੀਆ ਵਿਚੋਂ 15 ਲੱਖ ਅਤੇ ਐਕਸਿਸ ਬੈਂਕ ਵਿਚ 15 ਲੱਖ ਰੁਪਏ ਦਾ ਕਰਜ਼ਾ ਲਿਆ। ਕਮਲਜੀਤ ਸਿੰਘ ਨੇ ਜਾਅਲੀ ਹਰਪ੍ਰੀਤ ਸਿੰਘ ਬਣ ਕੇ 23 ਲੱਖ ਦੀ ਰੁਪਏ ਐਕਸਿਸ ਬੈਂਕ ਵਿਚੋਂ ਲਿਮਟ ਲਈ ਅਤੇ ਪਰਮਜੀਤ ਕੌਰ ਵਾਸੀ ਬਠਿੰਡਾ ਨੇ ਅਮਰਜੀਤ ਕੌਰ ਦੇ ਨਾਮ 23 ਲੱਖ 50 ਹਜ਼ਾਰ ਰੁਪਏ ਦੀ ਲਿਮਟ ਐਕਸਿਸ ਬੈਂਕ ਵਿਚੋਂ ਬਣਵਾ ਲਈ ਗਈ।

# ਤਿੰਨ ਸਿੱਖ ਨੌਜਵਾਨਾਂ ਨੂੰ ਸਰਕਾਰ ਵਿਰੁੱਧ ਜੰਗ ਛੇੜਨ ਦੇ ਦੋਸ਼ ਹੇਠ ਉਮਰ ਕੈਦ

**ਜਲੰਧਰ :** ਤਿੰਨ ਸਿੱਖ ਨੌਜਵਾਨਾਂ ਨੂੰ ਭਾਰਤ ਸਰਕਾਰ ਵਿਰੁੱਧ ਜੰਗ ਛੇੜਨ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਵਾਂ ਸ਼ਹਿਰ ਦੇ ਵਕੀਲਾਂ ਨੇ ਦੱਸਿਆ ਕਿ ਇਸ ਫੈਸਲੇ ਅਨੁਸਾਰ ਦੋਸ਼ੀਆਂ ਕੋਲੋਂ ਕੋਈ ਹਥਿਆਰ ਨਹੀਂ ਸਗੋਂ ਕੁਝ ਕਿਤਾਬਾਂ ਤੇ ਸਾਹਿਤ ਬਰਾਮਦ ਕੀਤਾ ਗਿਆ ਸੀ। ਇਸ ਕੇਸ ਵਿਚ ਜਿਨ੍ਹਾਂ ਸਿੱਖ ਨੌਜਵਾਨਾਂ ਨੂੰ ਸਜ਼ਾ ਸੁਣਾਈ ਗਈ ਹੈ ਉਨ੍ਹਾਂ ਵਿਚ ਅਰਵਿੰਦਰ ਸਿੰਘ (29) ਵਾਸੀ ਨਵਾਂ ਸ਼ਹਿਰ, ਸੁਰਿੰਦਰਜੀਤ ਸਿੰਘ (27) ਗੁਰਦਾਸਪੁਰ ਅਤੇ ਰਣਜੀਤ ਸਿੰਘ (29) ਕੈਥਲ ਸ਼ਾਮਿਲ ਹਨ। ਨਵਾਂ ਸ਼ਹਿਰ ਦੇ ਵਧੀਕ ਸੈਸ਼ਨ ਜੱਜ ਰਣਧੀਰ ਵਰਮਾ ਨੇ 31 ਜਨਵਰੀ ਨੂੰ ਇਨ੍ਹਾਂ ਨੌਜਵਾਨਾਂ ਨੂੰ ਦੋਸ਼ੀ ਠਹਿਰਾਇਆ ਸੀ ਤੇ 5 ਫਰਵਰੀ 2019 ਨੂੰ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਦੋਸ਼ੀਆਂ ਨੂੰ ਆਈ.ਪੀ.ਸੀ. ਦੀ ਧਾਰਾ 121 ਦੇ ਆਧਾਰ 'ਤੇ ਉਮਰ ਕੈਦ ਅਤੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ। ਇਸੇ ਤਰ੍ਹਾਂ ਧਾਰਾ 121ਏ ਤਹਿਤ ਸਾਜ਼ਿਸ਼ ਰਚਣ ਦੇ ਦੋਸ਼ ਹੇਠ 10 ਸਾਲ ਦੀ ਕੈਦ ਅਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ।

ਕਿਤਾਬਾਂ ਅਤੇ ਹੋਰ ਸਾਹਿਤ ਮਿਲਣ 'ਤੇ ਤਿੰਨੋਂ ਦੋਸ਼ੀਆਂ ਦਾ ਇਕੋ ਮਕਸਦ ਪਤਾ ਲੱਗਿਆ ਹੈ ਕਿ ਉਹ ਵਿਸਾਖੀ ਵਾਲੇ ਦਿਨ ਖਾਲਿਸਤਾਨ ਬਣਾਉਣਾ ਚਾਹੁੰਦੇ ਸਨ। ਉਹ ਇੱਕ ਆਜ਼ਾਦ ਦੇਸ਼ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਭਾਰਤ ਸਰਕਾਰ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ। ਵਕੀਲ ਸਰਬਜੀਤ ਸਿੰਘ ਬੈਂਸ ਨੇ ਦੱਸਿਆ ਕਿ ਅੱਜ ਤੱਕ ਕਿਸੇ ਨੂੰ ਵੀ ਸਾਹਿਤ ਦੇ ਆਧਾਰ 'ਤੇ ਏਨੀ ਸਖਤ ਸਜ਼ਾ ਨਹੀਂ ਸੁਣਾਈ ਗਈ। ਪੁਲੀਸ ਨੇ ਅਜੇ ਤੱਕ ਇਹ ਨਹੀਂ ਦੱਸਿਆ ਕਿ ਜਿਹੜਾ ਸਾਹਿਤ ਇਨ੍ਹਾਂ ਕੋਲੋਂ ਬਰਾਮਦ ਹੋਇਆ ਸੀ, ਉਹ ਪਾਬੰਦੀਸ਼ੁਦਾ ਸੀ ਜਾਂ ਨਹੀਂ। ਇਨ੍ਹਾਂ ਮੁੰਡਿਆਂ ਕੋਲੋਂ ਇੱਕ ਫਲੈਕਸ ਵੀ ਬਰਾਮਦ ਕੀਤੀ ਸੀ ਜਿਸ 'ਤੇ 1978 ਵਿਚ ਮਾਰੇ ਗਏ ਸਿੱਖਾਂ ਦੀਆਂ ਤਸਵੀਰਾਂ ਸਨ ਪਰ ਇਹ ਫਲੈਕਸ ਕਿਸੇ ਵੀ ਜਨਤਕ ਥਾਂ 'ਤੇ ਨਹੀਂ ਸੀ ਲਗਾਈ ਗਈ। ਉਹ ਸਾਹਿਤ ਵੀ ਬਰਾਮਦ ਹੋਇਆ ਜਿਹੜਾ ਗੁਰਬਾਣੀ ਆਧਾਰਤ ਹੈ। ਤਿੰਨੋਂ ਮੁੰਡਿਆਂ 'ਤੇ ਇਹ ਦੋਸ਼ ਵੀ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਪੈਸੇ ਆਏ ਸਨ।

ਪੰਜਾਬ ਹਰਿਆਣਾ ਹਾਈ ਕੋਰਟ ਦੇ ਇੱਕ ਹੋਰ ਸੀਨੀਅਰ ਵਕੀਲ ਨੇ ਕਿਹਾ ਕਿ ਇਹ ਪਹਿਲਾ ਕੇਸ ਹੈ ਜਿਸ ਵਿਚ ਕਿਸੇ ਕੋਲੋਂ ਸਾਹਿਤ ਮਿਲਣ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ ਤੇ ਉਨ੍ਹਾਂ ਤੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ ਸੀ।

# ਗੁਰਦੁਆਰਾ ਗਿਆਨ ਗੋਦੜੀ ਖਾਲਸਾ ਪੰਥ ਦੇ ਹਵਾਲੇ ਕਰਨ ਦੀ ਮੰਗ

**ਫਤਿਹਗੜ੍ਹ ਸਾਹਿਬ:** 1984 ਸਿੱਖ ਕਤਲੇਆਮ ਦੀ ਪੜਤਾਲ ਲਈ ਯੂ.ਪੀ. ਸਰਕਾਰ ਵੱਲੋਂ ਬਣਾਈ ਗਈ 'ਸਿੱਟ' ਦਾ ਸਵਾਗਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਭਾਵੇਂ ਇਹ ਫੈਸਲਾ ਯੂ.ਪੀ. ਸਰਕਾਰ ਵੱਲੋਂ ਦੇਰ ਨਾਲ ਲਿਆ ਗਿਆ ਹੈ, ਫਿਰ ਵੀ ਸਵਾਗਤ ਯੋਗ ਹੈ।

ਉਨ੍ਹਾਂ ਕਿਹਾ ਕਿ ਇਸ ਸਿੱਖ ਕਤਲੇਆਮ ਵਿਚ ਯੂ.ਪੀ. ਦੀਆਂ ਵੱਖ-ਵੱਖ ਥਾਵਾਂ ਤੇ ਤਿੰਨ ਸੌ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਪ੍ਰੋ. ਬਡੂੰਗਰ ਨੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਤੋਂ ਮੰਗ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਗੁਰਦੁਆਰਾ ਸ੍ਰੀ ਗਿਆਨ ਗੋਦੜੀ ਤੋਂ ਵੀ ਨਾਜਾਇਜ਼ ਕਬਜ਼ਾ ਹਟਾ ਕੇ ਖ਼ਾਲਸਾ ਪੰਥ ਦੇ ਹਵਾਲੇ ਕੀਤਾ ਜਾਵੇ। ਉਨ੍ਹਾਂ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਵੀ ਅਪੀਲ ਕੀਤੀ ਕਿ ਉਹ ਸਿੱਕਮ ਦੇ ਗੁਰਦੁਆਰਾ ਸ੍ਰੀ ਡਾਂਗਮਾਰ ਸਾਹਿਬ ਤੋਂ ਵੀ ਨਾਜਾਇਜ਼ ਕਬਜ਼ੇ ਹਟਾ ਕੇ ਖ਼ਾਲਸਾ ਪੰਥ ਦੇ ਹਵਾਲੇ ਕਰਨ।

# ਗੁਰਮਤਿ ਸੰਗੀਤ ਦਾ ਸਿਰਨਾਵਾਂ: ਡਾ. ਗੁਰਨਾਮ ਸਿੰਘ

ਸਮੂਹ ਪੰਜਾਬੀਆਂ ਅਤੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ ਕਿ ਡਾ. ਗੁਰਨਾਮ ਸਿੰਘ ਨੂੰ ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮ ਕੋਵਿੰਦ ਵਲੋਂ ਗੁਰਮਤਿ ਸੰਗੀਤ ਵਿਚ ਪਾਏ ਵਡਮੁੱਲੇ ਤੇ ਇਤਿਹਾਸਕ ਯੋਗਦਾਨ ਲਈ 6 ਫਰਵਰੀ 2019 ਨੂੰ ਸਨਮਾਨਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸੰਗੀਤ ਨਾਟਕ ਅਕੈਡਮੀ ਵਲੋਂ ਭਾਰਤ ਸਰਕਾਰ ਸੰਗੀਤ ਅਤੇ ਕਲਾਵਾਂ ਦੇ ਖੇਤਰ ਵਿਚ ਕਾਰਜਸ਼ੀਲ ਪ੍ਰਮੁੱਖ ਸ਼ਖਸੀਅਤਾਂ ਦਾ ਇਸ ਐਵਾਰਡ ਨਾਲ ਸਨਮਾਨ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਹੋਰ ਵੀ ਸੁਭਾਗ ਹੈ ਕਿ ਭਾਰਤ ਦੀਆਂ ਸੰਗੀਤ, ਨਾਟ ਤੇ ਹੋਰ ਕਲਾ ਪਰੰਪਰਾਵਾਂ ਵਿਚ ਗੁਰਮਿਤ ਸੰਗੀਤ ਦੀ ਸੁਤੰਤਰ ਹਸਤੀ ਨੂੰ ਮਾਨਤਾ ਦਿੰਦਿਆਂ ਇਹ ਸਨਮਾਨ ਡਾ. ਗੁਰਨਾਮ ਸਿੰਘ ਵਰਗੇ ਗੁਰਮਤਿ ਸੰਗੀਤ ਸੇਵੀ ਨੂੰ ਦਿੱਤਾ ਗਿਆ ਹੈ।

ਡਾ. ਗੁਰਨਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਉਤੇ ਕਈ ਵਰ੍ਹਿਆਂ ਦੀ ਨਿਰੰਤਰ ਖੋਜ ਕਰਕੇ ਸ਼ਬਦ ਕੀਰਤਨ ਰਚਨਾਵਾਂ ਬਣਾਈਆਂ ਅਤੇ ਵਿਸ਼ਵ ਵਿਚ ਪਹਿਲੀ ਵਾਰ ਲਿਖਤ ਤੇ ਸੁਰ ਲਿਪੀਬੱਧ ਰੂਪ ਵਿਚ ਕਈ ਵਾਰ ਇਨ੍ਹਾਂ ਦੀ ਰਿਕਾਰਡਿੰਗ ਕਰਵਾਈ। ਉਨ੍ਹਾਂ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਵਿਸ਼ੇ ਵਜੋਂ ਆਪਣੀ ਖੋਜ, ਅਧਿਐਨ, ਅਧਿਆਪਨ ਨਾਲ ਵਿਕਸਿਤ ਕਰਦਿਆਂ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਤੇ ਅਦਾਰਿਆਂ ਵਿਚ ਲਾਗੂ ਕਰਵਾਇਆ। ਸ੍ਰੀ ਦਰਬਾਰ ਸਾਹਿਬ ਤੋਂ ਰਾਗ ਤੇ ਤੰਤੀ ਸਾਜ਼ਾਂ ਦੀ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਵਿਚ ਉਨ੍ਹਾਂ ਦੀ ਪ੍ਰਮੁੱਖ ਭੂਮਿਕਾ ਹੈ।



ਰਾਸ਼ਟਰਪਤੀ ਵਲੋਂ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਨਾਲ ਸਨਮਾਨ ਮੌਕੇ

ਡਾ. ਗੁਰਨਾਮ ਸਿੰਘ ਆਪਣੇ ਪਿਤਾ ਸ਼੍ਰੋਮਣੀ ਰਾਗੀ ਸਵਰਗੀ ਭਾਈ ਉਤਮ ਸਿੰਘ, ਸ਼੍ਰੋਮਣੀ ਰਾਗੀ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ ਤੋਂ ਇਲਾਵਾ ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਤਾਰਾ ਸਿੰਘ, ਆਗਰਾ ਘਰਾਣਾ ਦੇ ਪਦਮਸ਼੍ਰੀ ਉਸਤਾਦ ਸੋਹਣ ਸਿੰਘ, ਪਟਿਆਲਾ ਘਰਾਣਾ ਦੇ ਉਸਤਾਦ ਬਿਕਰ ਹੁਸੈਨਖਾਨ, ਪ੍ਰਿੰ. ਐਸ. ਐਸ. ਕਰੀਰ ਦੇ ਸਮਰਪਿਤ ਸ਼ਾਗਿਰਦ ਰਹੇ ਹਨ। ਉਹ ਗੁਰਮਤਿ ਸੰਗੀਤ, ਸੁਗਮ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਪਾਸਾਰ ਭਾਰਤੀ ਦੇ ਮਾਨਤਾ ਪ੍ਰਾਪਤ ਕਲਾਕਾਰ ਹਨ।

ਡਾ. ਗੁਰਨਾਮ ਸਿੰਘ ਨੇ ਸੰਗੀਤ ਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਭਿੰਨ ਸ਼ਬਦ-ਕੋਸ਼ਾਂ ਤੋਂ ਇਲਾਵਾ 18 ਪੁਸਤਕਾਂ, 123 ਖੋਜ ਪੱਤਰ ਅਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ, ਜਿਨ੍ਹਾਂ ਨੂੰ ਆਕਸਫੋਰਡ ਪਬਲੀਕੇਸ਼ਨ ਸਮੇਤ ਦੇਸ਼ ਦੀਆਂ ਵਿਭਿੰਨ ਯੂਨੀਵਰਸਿਟੀਆਂ ਅਤੇ ਪ੍ਰਕਾਸ਼ ਸੰਸਥਾਵਾਂ ਨੇ ਪ੍ਰਕਾਸ਼ਿਤ ਕੀਤਾ ਹੈ। ਉਨ੍ਹਾਂ ਦੇ ਵਿਸ਼ੇਸ਼ ਕਾਰਜਾਂ ਵਿਚ ਯੂ. ਜੀ. ਸੀ. ਪ੍ਰਾਜੈਕਟ ਲਈ 9 ਵੀਡੀਓ ਲੈਕਚਰ, 26 ਆਡੀਓ ਰਿਕਾਰਡਿੰਗ, 4 ਵੀਡੀਓ ਰਿਕਾਰਡਿੰਗ, 5 ਡਾਕੂਮੈਂਟਰੀ ਫਿਲਮਾਂ, 6 ਸਿਗਨਲ ਟਿਊਨ ਆਦਿ ਤਿਆਰ ਕਰਨਾ ਪ੍ਰਮੁੱਖ ਹਨ। ਸਿੱਖ ਮਿਊਜ਼ੀਕਾਲੋਜੀ, ਵਿਸ਼ੇਸ਼ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਸਬੰਧੀ, ਉਨ੍ਹਾਂ ਦੀ ਖੋਜ ਵਿਸ਼ਵ ਪੱਧਰ 'ਤੇ ਅਕਾਦਮਿਕ ਅਤੇ ਖੋਜ ਖੇਤਰ ਵਿਚ ਉਨ੍ਹਾਂ ਦਾ ਨਿਵੇਕਲਾ ਯੋਗਦਾਨ ਰਿਹਾ ਹੈ।

ਡਾ. ਗੁਰਨਾਮ ਸਿੰਘ ਨੇ ਕਈ ਵਿਭਾਗਾਂ ਤੇ ਸੰਸਥਾਵਾਂ ਦੀ ਸਥਾਪਨਾ ਵੀ ਕੀਤੀ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਿਸਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਿਸਟੀ, ਪਟਿਆਲਾ ਦੇ ਸੰਗੀਤ ਵਿਭਾਗ ਦੇ ਮੁਖੀ ਰਹੇ। ਪੰਜਾਬੀ ਯੂਨੀਵਰਿਸਟੀ ਵਿਖੇ ਬਤੌਰ ਬਾਨੀ ਪ੍ਰੋਫੈਸਰ ਤੇ ਮੁਖੀ ਉਨ੍ਹਾਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਦੇਸ਼-ਵਿਦੇਸ਼ ਵਿਚ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ।

ਗੁਰਮਤਿ ਸੰਗੀਤ ਤੋਂ ਇਲਾਵਾ ਡਾ. ਗੁਰਨਾਮ ਸਿੰਘ ਨੇ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਪ੍ਰਫੁਲਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ ਹੈ। ਪੰਜਾਬੀ ਲੋਕ ਸੰਗੀਤ ਦੇ ਖੇਤਰ ਵਿਚ ਬਤੌਰ ਡਾਇਰੈਕਟਰ ਉਨ੍ਹਾਂ 1997 ਤੋਂ ਪੰਜਾਬ ਦੇ ਲੋਕ ਸੰਗੀਤ ਦੀਆਂ ਦੁਰਲਭ ਵੰਨਗੀਆਂ, ਸਾਜ਼ਾਂ, ਕਲਾਕਾਰਾਂ ਦੀ ਭਾਲ ਲਈ ਪੰਜਾਬੀ ਲੋਕ ਸੰਗੀਤ ਮੇਲੇ ਸ਼ੁਰੂਕਰਵਾਏ, ਜੋ ਨਿਰੰਤਰ ਜਾਰੀ ਹਨ। ਪੰਜਾਬੀ ਲੋਕ ਸੰਗੀਤ ਵਿਰਾਸਤ ਤੇ ਵਡ ਆਕਾਰੀ ਸੁਰ ਲਿਪੀਬੱਧ ਖੋਜ ਕਾਰਜ ਪ੍ਰਕਾਸ਼ਿਤ ਕਰਵਾਉਣ ਤੋਂ ਇਲਾਵਾ ਡਾਕੂਮੈਂਟਰੀ ਫਿਲਮਾਂ ਵੀ ਬਣਾਈਆਂ।

ਤੰਤੀ ਸਾਜ਼ਾਂ ਦੇ ਖੇਤਰ ਵਿਚ ਉਨ੍ਹਾਂ ਗੁਰੂ ਘਰ ਦੇ ਤੰਤੀ ਸਾਜ਼ਾਂ ਦੀ ਸਿਖਲਾਈ ਗੁਰਮਤਿ ਸੰਗੀਤ ਵਿਚ ਲਾਗੂ ਕਰਵਾਈ। ਗੁਰੂ ਨਾਨਕ ਦੇਵ ਜੀ ਦੇ ਪਿਆਰੇ ਸਾਜ਼ ਰਬਾਬ ਉਤੇ ਖੋਜ ਕਰਕੇ ਘਾੜਤ ਘੜਵਾਈ, ਸਿਖਲਾਈ ਵਰਕਸ਼ਾਪਾਂ ਲਵਾਈਆਂ ਅਤੇ ਰਬਾਬ ਉਸਤਾਦਾਂ ਦੀ ਭਾਲ ਕੀਤੀ। ਇਸ ਵੇਲੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਉਨ੍ਹਾਂ ਦੇ ਵਿਦਿਆਰਥੀ ਰਬਾਬ ਨਾਲ ਕੀਰਤਨ ਕਰ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਤਾਊਸ ਵਜਾਉਣਾ ਸ਼ੁਰੂ ਕੀਤਾ ਅਤੇ ਹੋਰ ਅਧਿਆਪਕਾਂ ਦੀ ਮਦਦ ਨਾਲ ਇਸ ਖੇਤਰ ਵਿਚ ਵਿਦਿਆਰਥੀਆਂ ਨੂੰ ਤਿਆਰ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਦੀ ਪਰੰਪਰਾ ਪੁਨਰ ਸੁਰਜੀਤ ਕਰਵਾਈ। ਹੁਣ ਕਈ ਵਿਦਿਆਰਥੀ ਵਿਸ਼ਵ ਭਰ ਵਿਚ ਇਨ੍ਹਾਂ ਸਾਜ਼ਾਂ ਨਾਲ ਕੀਰਤਨ ਕਰ ਰਹੇ ਹਨ।

ਡਾ. ਗੁਰਨਾਮ ਸਿੰਘ ਦੇ ਸ਼ਾਗਿਰਦ-ਮੰਡਲ ਦਾ ਯੋਗ ਵਿਸ਼ਵ ਵਿਆਪੀ ਹੈ, ਜੋ ਦਰਬਾਰ ਸਾਹਿਬ ਤੋਂ ਲੈ ਕੇ ਵ੍ਹਾਈਟ ਹਾਊਸ ਤੀਕ ਪੇਸ਼ਕਾਰੀਆਂ ਕਰ ਰਹੇ ਹਨ। ਉਹ ਬਤੌਰ ਡੀਨ, ਪ੍ਰੋਫੈਸਰ, ਅਧਿਆਪਕ, ਗਾਇਕ, ਕੀਰਤਨੀਏ, ਸੰਗੀਤ ਨਿਰਦੇਸ਼ਕ, ਸੰਗੀਤ ਨਿਰਮਾਤਾ ਵਜੋਂ ਕਾਰਜਸ਼ੀਲ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ, ਭਾਸ਼ਾ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਦੇਸ਼-ਵਿਦੇਸ਼ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁਕਾ ਹੈ।

**-ਡਾ. ਗੁਰਬਖਸ਼ ਸਿੰਘ ਭੰਡਾਲ**

# ਮੇਰਾ ਸਰਪ੍ਰਸਤ, ਮੇਰਾ ਸ਼ਾਗਿਰਦ: ਐਮ. ਐਸ. ਰੰਧਾਵਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਲੋਂ ਮਨਾਏ ਗਏ ਰੰਧਾਵਾ ਉਤਸਵ ਨੇ ਮੈਨੂੰ ਸ. ਐਮ. ਐਸ. ਰੰਧਾਵਾ ਨਾਲ ਨਿੱਜੀ ਸਾਂਝ ਦੀਆਂ ਗੱਲਾਂ ਚੇਤੇ ਕਰਾ ਦਿੱਤੀਆਂ ਹਨ। 1956 ਵਿਚ ਉਨ੍ਹਾਂ ਨਾਲ ਪਈ ਮੇਰੀ ਸਾਂਝ ਇੱਕ ਸਬੱਬ ਦੀ ਗੱਲ ਸੀ, ਜੋ ਤਿੰਨ ਮਾਰਚ 1986 ਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੱਕ ਚਲਦੀ ਰਹੀ। ਮੈਂ ਉਨ੍ਹਾਂ ਨਾਲ ਕੇਂਦਰੀ ਸਰਕਾਰ ਦੇ ਖੇਤੀ ਮੰਤਰਾਲੇ ਵਿਚ ਹੀ ਕੰਮ ਨਹੀਂ ਕੀਤਾ, ਟ੍ਰਿਬਿਊਨ ਟਰਸਟ ਦਾ ਮੈਂਬਰ ਹੁੰਦਿਆਂ ਮੈਨੂੰ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੌਂਪਣ ਵਾਲੇ ਵੀ ਉਹੀਓ ਸਨ। ਮੈਨੂੰ ਵੱਡੀਆਂ ਆਸਾਮੀਆਂ ਲਈ ਚੁਣਨ ਵਾਲੇ ਇਸ ਗੱਲ ਦਾ ਉਚੇਚਾ ਧਿਆਨ ਰੱਖਦੇ ਸਨ ਕਿ ਮੈਂ ਸ. ਰੰਧਾਵਾ ਦਾ ਨਜ਼ਦੀਕੀ ਸਾਂ। ਸੱਚ ਜਾਣੋ, ਮੈਨੂੰ ਇਹ ਦੱਸਣ ਦੀ ਲੋੜ ਵੀ ਨਹੀਂ ਪਈ ਕਿ ਸ. ਰੰਧਾਵਾ ਮੈਨੂੰ ਜਾਣਦੇ ਹਨ। ਪੰਜਾਬੀ ਸਾਹਿਤ ਜਗਤ ਦੇ ਦੋ-ਚਾਰ ਮਹਾਰਥੀ ਮੇਰੇ ਨਾਲ ਇਸ ਲਈ ਬਣਾ ਕੇ ਰੱਖਦੇ ਸਨ ਕਿ ਮੈਂ ਐਮ. ਐਸ. ਰੰਧਾਵਾ ਦਾ ਜਾਣੂ ਸਾਂ।

ਜਿਸ ਗੱਲ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੈ, ਉਹ ਇਹ ਹੈ ਕਿ ਮਹਿੰਦਰ ਸਿੰਘ ਰੰਧਾਵਾ ਮੇਰਾ ਸ਼ਾਗਿਰਦ ਵੀ ਸੀ। 1956 ਤੱਕ ਉਹ ਗੁਰਮੁਖੀ ਦੇ ਅੱਖਰ ਪਛਾਣਦੇ ਸਨ ਤੇ ਲੋੜ ਪੈਣ 'ਤੇ ਪੜ੍ਹ ਵੀ ਲੈਂਦੇ ਸਨ, ਪਰ ਲਿਖਣੇ ਨਹੀਂ ਸਨ ਜਾਣਦੇ। ਮੇਰਾ ਉਨ੍ਹਾਂ ਦੀ ਤੀਨ ਮੂਰਤੀ ਵਾਲੀ ਕੋਠੀ ਆਉਣਾ-ਜਾਣਾ ਆਮ ਸੀ। ਇੱਕ ਐਤਵਾਰ ਮਿਲਣ ਗਿਆ ਤਾਂ ਉਨ੍ਹਾਂ ਨੇ ਇੱਕ ਨਵੀਂ ਕਾਪੀ ਉਤੇ ਰੂਪਮਤੀ ਤੇ ਬਾਜ਼ ਬਹਾਦਰ ਦੀ ਪ੍ਰੇਮ ਕਥਾ ਦੇ ਦੋ ਪੈਰੇ ਲਿਖੇ ਹੋਏ ਸਨ। ਮੈਂ ਗਲਤੀਆਂ ਦੱਸਣੀਆਂ ਸਨ। ਉਨ੍ਹਾਂ ਦੀ ਲਿਖਤ ਪੜ੍ਹਨੀ ਬੜੀ ਔਖੀ ਸੀ। ਮੈਂ ਸਾਰੀਆਂ ਗਲਤੀਆਂ ਹਾਸ਼ੀਏ ਵਿਚ ਲਿਖ ਦਿੱਤੀਆਂ ਤਾਂ ਉਨ੍ਹਾਂ ਨੇ ਆਪਣੀ ਪਤਨੀ ਨੂੰ ਕਰਾਰੀ ਜਿਹੀ ਚਾਹ ਬਣਵਾਉਣ ਲਈ ਕਿਹਾ। "ਮੇਰਾ ਮਾਸਟਰ ਅਮਲੀ ਹੈ, ਪੱਤੀ ਘੱਟ ਨਾ ਪਾਉਣਾ।" ਉਨ੍ਹਾਂ ਦਾ ਵਾਕ ਸੀ। ਮੈਂ ਕਿੰਨਾ ਕੁ ਅਮਲੀ ਸਾਂ, ਮੈਂ ਨਹੀਂ ਜਾਣਦਾ, ਪਰ ਉਨ੍ਹਾਂ ਨੇ ਆਪਣੇ ਉਸਤਾਦ ਨੂੰ ਅਮਲੀਆਂ ਵਾਲੀ ਚਾਹ ਪਿਲਾ ਕੇ ਤੋਰ ਦਿੱਤਾ।

ਮੈਂ ਅਗਲੇ ਐਤਵਾਰ ਗਿਆ ਤਾਂ ਉਨ੍ਹਾਂ ਨੇ ਸਾਰੀਆਂ ਗਲਤੀਆਂ ਪੰਜ ਪੰਜ ਵਾਰੀ ਲਿਖੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਦੋ ਤਿੰਨ ਫੇਰ ਵੀ ਗਲਤ ਸਨ। ਮੈਂ ਗਲਤੀਆਂ ਦੱਸ ਕੇ ਬੇਫਿਕਰ ਹੋ ਗਿਆ। ਉਹ ਪੜ੍ਹਨ ਵਾਲੀ ਮੇਜ਼ ਉਤੇ ਬਹਿ ਕੇ ਇਹੀਓ ਸ਼ਬਦ ਪੰਜ ਪੰਜ ਵਾਰ ਲਿਖ ਕੇ ਫੇਰ ਦਿਖਾਉਣ ਆ ਗਏ ਤੇ ਇਕ ਵਾਕ ਫੇਰ ਬੀਜੀ ਨੂੰ ਅਮਲੀਆਂ ਵਾਲੀ ਚਾਹ ਬਣਵਾਉਣ ਦੀ ਤਾਕੀਦ ਕੀਤੀ। 'ਰੂਪਮਤੀ ਤੇ ਬਾਜ਼ ਬਹਾਦਰ' ਇਕ ਦਰਜਨ ਮੁਲਾਕਾਤਾਂ ਵਿਚ ਸਿਰੇ ਲੱਗੀ।

ਉਨ੍ਹਾਂ ਦੇ ਅਕਾਲ ਚਲਾਣੇ ਤੱਕ ਬਣੀ ਨਿੱਜੀ ਸਾਂਝ ਦਾ ਮੁੱਢ ਸਾਡੀ ਉਸਤਾਦੀ ਸ਼ਾਗਿਰਦੀ ਸਮੇਂ ਬੱਝਾ ਸੀ। ਇਥੋਂ ਤੱਕ ਕਿ ਦਫਤਰੀ ਸਾਂਝ ਦੇ ਖਤਮ ਹੋ ਜਾਣ ਤੋਂ ਪਿਛੋਂ ਵੀ ਉਨ੍ਹਾਂ ਨੇ ਮੇਰੇ ਨਾਲ ਰਾਬਤਾ ਬਣਾਈ ਰੱਖਿਆ। ਉਹ ਮੇਰੇ ਨਾਲ ਦੁਖ-ਸੁਖ ਵੀ



ਐਮ. ਐਸ. ਰੰਧਾਵਾ

ਸਾਂਝੇ ਕਰਦੇ। ਗੱਲਾਂ ਤਾਂ ਬਹੁਤ ਹਨ, ਪਰ ਮੈਂ 5 ਫਰਵਰੀ 1965 ਵਾਲੀ ਮਿਲਣੀ ਦੱਸਣਾ ਚਾਹਾਂਗਾ। ਉਨ੍ਹਾਂ ਵਲੋਂ ਸੱਦਾ ਆਇਆ ਤਾਂ ਮੈਂ ਨੋਟ ਬੁੱਕ ਤੇ ਪੈਨਸਿਲ ਲੈ ਕੇ ਉਨ੍ਹਾਂ ਦੇ ਦਫਤਰ ਚਲਾ ਗਿਆ। ਕੀ ਵੇਖਦਾਂ, ਉਹ ਚੁੱਪ ਚਾਪ ਖਿੜਕੀ ਵੱਲ ਤੱਕੀ ਜਾ ਰਹੇ ਹਨ। ਮੈਨੂੰ ਬੈਠਣ ਦਾ ਇਸ਼ਾਰਾ ਕਰਕੇ ਵੀ ਖਿੜਕੀ ਵੱਲ ਹੀ ਵੇਖੀ ਜਾਣ। ਮੇਰੇ ਲਈ ਉਨ੍ਹਾਂ ਦਾ ਇਹ ਵਤੀਰਾ ਬਿਲਕੁਲ ਓਪਰਾ ਸੀ।

"ਬੜਾ ਮਾੜਾ ਕੀਤਾ ਹੈ ਗਧਿਆਂ ਨੇ।" ਮੇਰੇ ਵੱਲ ਮੂੰਹ ਭੰਵਾ ਕੇ ਉਨ੍ਹਾਂ ਏਨਾ ਹੀ ਕਿਹਾ। ਮੈਨੂੰ ਕੋਈ ਸਮਝ ਨਾ ਪਈ। "ਪਛਤਾਉਣਗੇ ਮੂਰਖ।" ਕਹਿ ਕੇ ਉਨ੍ਹਾਂ ਨੇ ਮਨ ਦੀ ਗੱਲ ਮੇਰੇ ਨਾਲ ਸਾਂਝੀ ਕੀਤੀ। ਪ੍ਰਤਾਪ ਸਿੰਘ ਕੈਰੋਂ ਦਿੱਲੀ ਤੋਂ ਪੰਜਾਬ ਜਾ ਰਹੇ ਸਨ ਤਾਂ ਦਿੱਲੀ ਦਾ ਬਾਰਡਰ ਪਾਰ ਕਰਦੇ ਸਾਰ ਉਨ੍ਹਾਂ ਦਾ ਕਤਲ ਹੋ ਚੁਕਾ ਸੀ, ਜਿਸ ਦਾ ਪੂਰਾ ਵੇਰਵਾ ਸ. ਰੰਧਾਵਾ ਕੋਲ ਪਹੁੰਚ ਚੁਕਾ ਸੀ। ਮੇਰੇ ਵਰਗੇ ਆਮ ਬੰਦਿਆਂ ਨੂੰ ਇਸ ਦੀ ਉਕਾ ਕੋਈ ਖਬਰ ਨਹੀਂ ਸੀ। ਸ. ਰੰਧਾਵਾ ਨੂੰ ਇਕੱਲਿਆਂ ਇਹ ਖਬਰ ਹਜ਼ਮ ਨਹੀਂ ਸੀ ਹੋ ਰਹੀ। ਉਨ੍ਹਾਂ ਨੇ ਸਾਰੀ ਵਾਰਦਾਤ ਦੁਹਰਾਈ ਤੇ ਮੁੜ ਖਿੜਕੀ ਵਿਚੋਂ ਬਾਹਰ ਨੂੰ ਵੇਖਣ ਲੱਗ ਪਏ। ਸ. ਰੰਧਾਵਾ ਸ. ਕੈਰੋਂ ਦੇ ਬੜੇ ਮੱਦਾਹ ਸਨ। ਸ. ਕੈਰੋਂ ਦੇ ਵਿਕਾਸ ਮੰਤਰੀ ਹੁੰਦੇ ਸਮੇਂ ਉਹ ਪੰਜਾਬ ਸਰਕਾਰ ਦਾ ਵਿਕਾਸ ਕਮਿਸ਼ਨਰ ਰਹਿ ਚੁਕੇ ਸਨ। ਉਨ੍ਹਾਂ ਨੇ ਆਪਣਾ ਦੁੱਖ ਸਾਂਝਾ ਕਰਨ ਲਈ ਕੇਵਲ ਤੇ ਕੇਵਲ ਮੈਨੂੰ ਚੁਣਿਆ ਸੀ।

"ਚਲੋ ਘਰ ਚਲਦੇ ਹਾਂ। ਕੰਮ ਕਰਨ ਨੂੰ ਦਿਲ ਨਹੀਂ ਕਰ ਰਿਹਾ।" ਕਹਿ ਕੇ ਉਨ੍ਹਾਂ ਨੇ ਘੰਟੀ ਦੇ ਕੇ ਚਪੜਾਸੀ ਨੂੰ ਹੁਕਮ ਦਿੱਤਾ ਕਿ ਡਰਾਈਵਰ ਨੂੰ ਖਬਰਦਾਰ ਕਰ ਦੇਵੇ। ਅਸੀਂ ਦੋਵੇਂ ਉਨ੍ਹਾਂ ਦੀ ਗੱਡੀ ਵਿਚ ਤੀਨ ਮੂਰਤੀ ਲੇਨ ਪਹੁੰਚ ਗਏ।

ਮੈਨੂੰ ਬਰਾਮਦੇ ਵਿਚ ਬਿਠਾ ਕੇ ਖੁਦ ਅੰਦਰ ਆਪਣੀ ਪਤਨੀ ਕੋਲ ਚਲੇ ਗਏ। ਖਬਰ ਸੁਣ ਕੇ ਬੀਜੀ ਵੀ ਚੁੱਪ ਹੋ ਗਏ। ਅਸੀਂ ਤਿੰਨਾਂ ਨੇ ਚੁੱਪ ਚਾਪ ਖਾਣਾ ਖਾਧਾ ਤੇ ਡਰਾਈਵਰ ਨੂੰ ਹੁਕਮ ਹੋਇਆ ਕਿ ਮੈਨੂੰ ਦਫਤਰ ਛੱਡ ਕੇ ਗੱਡੀ ਵਾਪਸ ਲੈ ਆਵੇ। "ਟਾਈਪ ਬਾਬੂ (ਭਾਵ ਪੀ. ਏ.) ਨੂੰ ਦੱਸ ਆਵੀਂ ਕਿ ਮੈਂ ਅੱਜ ਦਫਤਰ ਦਾ ਕੋਈ ਕੰਮ ਨਹੀਂ ਕਰਨਾ। ਮੈਨੂੰ ਨਾ ਉਡੀਕੇ।"

**ਅੰਤਿਕਾ: ਮਿਰਜ਼ਾ ਗ਼ਾਲਿਬ**

ਨਗਮਾ ਹਾਏ ਗਮ ਕੋ ਭੀ
ਐ ਦਿਲ ਗਨੀਮਤ ਜਾਨੀਏ
ਬੇਸਦਾ ਹੋ ਜਾਏਗਾ
ਯੇਹ ਸਾਜ਼ ਏ ਹਸਤੀ ਏਕ ਦਿਨ।

## ਬਾਤਾਂ ਵਾਲਾ ਬਾਬਾ

ਸੁਰਜਨ ਸਿਹੁੰ ਦੀ ਉਮਰ ਸੱਠਾਂ ਤੋਂ ਟੱਪ ਚੱਲੀ ਸੀ। ਉਹ ਚਾਲੀ ਘੁਮਾਂ ਦਾ ਮਾਲਕ ਸੀ। ਜਵਾਕਾਂ ਨਾਲ ਘਰ ਹਰਿਆ ਭਰਿਆ ਸੀ। ਉਸ ਨੇ ਜਵਾਨੀ ਵੇਲੇ ਜਾਨ ਤੋੜ ਕੇ ਕੰਮ ਕੀਤਾ ਤਾਂ ਹੀ ਦਸ ਘੁਮਾਂ ਤੋਂ ਚਾਲੀ ਘੁਮਾਂ ਜਮੀਨ ਬਣੀ ਸੀ। ਜਵਾਨੀ ਵੇਲੇ ਉਹ ਖੇਤ ਕੰਮ ਕਰਨ ਦੇ ਨਾਲ ਨਾਲ ਮੱਝਾਂ ਵੀ ਚਾਰਦਾ। ਜਦੋਂ ਮੁੰਡੇ ਜਵਾਨ ਹੋ ਗਏ ਤਾਂ ਇਕੱਲੀਆਂ ਮੱਝਾਂ ਚਾਰਨ 'ਤੇ ਹੋ ਗਿਆ। ਸਵੇਰੇ ਸਵੇਰੇ ਨੂੰਹਾਂ ਪੋਣੇ ਵਿਚ ਮਿੱਸੀਆਂ ਰੋਟੀਆਂ ਲਪੇਟ ਕੇ ਦੇ ਦਿੰਦੀਆਂ। ਉਹਨੂੰ ਰੋਟੀ ਇਕ ਡੰਗ ਮਸਾਂ ਮਿਲਦੀ।

ਦੁਪਹਿਰ ਵੇਲੇ ਉਹਦੇ ਮੁੰਡੇ ਜਾਂ ਪੋਤੇ ਕਦੇ ਕਦੇ ਚਾਹ ਦੇ ਆਉਂਦੇ। ਜਿਸ ਦਿਨ ਚਾਹ ਨਾ ਆਉਂਦੀ, ਉਹ ਛੋਟੇ ਕੋਲੋਂ ਪੀਂਦਾ। ਉਹ ਸੁਰਜਨ ਸਿਹੁੰ ਦਾ ਪੱਕਾ ਆੜੀ ਸੀ। ਜਵਾਨੀ ਦੇ ਦਿਨੀਂ ਦੋਹਾਂ ਦੀ ਖੇਤ ਦੀ ਬਿੜ੍ਹੀ ਵੀ ਰਹੀ ਵਾਹਵਾ ਚਿਰ। ਛੋਟੇ ਨੇ ਜਮੀਨ ਠੇਕੇ 'ਤੇ ਦੇ ਦਿੱਤੀ ਕਿਉਂਕਿ ਉਸ ਦੀ ਇਕੋ ਇਕ ਧੀ ਸੀ। ਸੁਰਜਨ ਤੇ ਛੋਟਾ ਪਿੰਡ ਦੇ ਬਾਹਰਵਾਰ ਖੇਤਾਂ ਕੋਲ ਬਣੇ ਰਜਾਦੀਆਣੇ ਟੋਭੇ ਕੋਲ ਬੋਹੜ ਦੀ ਛਾਂਵੇਂ ਮੱਝਾਂ ਤੜਕੇ ਲਿਜਾ ਬਿਠਾਉਂਦੇ ਤੇ ਸ਼ਾਮ ਨੂੰ ਘਰ ਲੈ ਕੇ ਆਉਂਦੇ। ਉਸ ਟੋਭੇ ਵਾਲੇ ਰਾਹ 'ਤੇ ਗੁੱਡੂ ਦਾ ਘਰ ਸੀ। ਉਹ ਪਿੰਡ ਦੇ ਸਕੂਲ 'ਚ ਦਸਵੀਂ ਕਲਾਸ ਵਿਚ ਪੜ੍ਹਦਾ ਸੀ। ਉਹ ਸਕੂਲੋਂ ਮੁੜਦਾ ਗਰਮੀ ਦੇ ਦਿਨਾਂ ਵਿਚ ਬੋਹੜ ਦੀ ਛਾਂਵੇਂ ਸੁਰਜਨ ਸਿਹੁੰ ਕੋਲ ਬੈਠ ਜਾਂਦਾ। ਉਨ੍ਹਾਂ ਨਾਲ ਗੱਲਾਂ ਮਾਰੀ ਜਾਣੀਆਂ। ਛੋਟੇ ਤੇ ਸੁਰਜਨ ਦਾ ਜੀਅ ਲਾਈ ਰੱਖਦਾ।

ਸੁਰਜਨ ਵੀ ਉਹਨੂੰ ਹਰ ਰੋਜ਼ ਕੋਈ ਨਾ ਕੋਈ ਬਾਤ ਸਣਾਉਂਦਾ। ਕਹਿੰਦਾ, ਫਲਾਣਿਆਂ ਦਾ ਇਕ ਬੁੜ੍ਹਾ ਸੀ। ਉਹਨੇ ਆਪਣੇ ਜਵਾਕਾਂ ਨੂੰ ਘਰ ਬਾਰ ਬਣਾ ਕੇ ਦਿੱਤਾ, ਪਰ ਉਹਦੇ ਜਵਾਕ ਉਹਨੂੰ ਰੋਟੀ ਨਾ ਦਿੰਦੇ। ਹੋਰ ਵੀ ਕਈ ਬਾਤਾਂ ਸੁਣਾਉਂਦਾ, ਪਰ ਹੁੰਦੀਆਂ ਸੱਭੇ ਬਜੁਰਗਾਂ ਬਾਰੇ। ਗੁੱਡੂ ਸੁਰਜਨ ਦੀਆਂ ਬਾਤਾਂ ਵਿਚ ਇੰਨਾ ਖੁੱਭ ਜਾਂਦਾ ਕਿ ਉਹ ਕਈ ਵਾਰ ਨੇਰ੍ਹੇ ਘਰ ਵੜਦਾ। ਗੁੱਡੂ ਦੀ ਸੁਰਜਨ ਨਾਲ ਏਨੀ ਗੂੜ੍ਹੀ ਸਾਂਝ ਪਈ ਕਿ ਕਈ ਵਾਰ ਉਹਨੂੰ ਘਰੇ ਵੀ ਮਿਲ ਕੇ ਆਇਆ। ਇਕ ਦਿਨ ਛੋਟੇ ਤੋਂ ਉਹਨੂੰ ਸੁਰਜਨ ਦੀ ਮੌਤ ਦਾ ਪਤਾ ਲੱਗਾ। ਇਕ ਦਿਨ ਗੁੱਡੂ ਛੋਟੇ ਕੋਲ ਟੋਭੇ ਕੋਲ ਰੁਕਿਆ ਤੇ ਉਥੇ ਬੈਠ ਗਿਆ ਜਿੱਥੇ ਸੁਰਜਨ ਬੈਠਦਾ ਸੀ। ਉਸ ਨੇ ਛੋਟੇ ਨੂੰ ਕਿਹਾ, "ਬਾਬਾ, ਤੂੰ ਸੁਣਾ ਕੋਈ ਬਾਤ।"

ਛੋਟਾ ਕਹਿੰਦਾ, "ਓ ਭਾਈ, ਮੈਨੂੰ ਨਹੀਂ ਆਉਂਦੀ ਕੋਈ ਬਾਤ। ਮੇਰੀ ਔਲਾਦ ਤਾਂ ਮੈਨੂੰ ਵਧੀਆ ਰੋਟੀ ਦਿੰਦੀ ਐ। ਪੂਰੀ ਸੇਵਾ ਕਰਦੀ ਐ ਮੇਰੀ। ਉਹ ਤਾਂ ਸੁਰਜਨ ਸਿਹੁੰ ਹੀ ਸੀ ਜਿਹਨੇ ਸਾਰੀ ਉਮਰ ਕਮਾਈ ਕੀਤੀ ਤੇ ਬੁਢਾਪੇ ਵੇਲੇ ਰੋਟੀ ਮਸਾਂ ਜੁੜੀ ਵਿਚਾਰੇ ਨੂੰ। ਉਹ ਤੈਨੂੰ ਬਾਤਾਂ ਰਾਹੀਂ ਆਪ ਬੀਤੀਆਂ ਸੁਣਾਉਂਦਾ ਰਿਹਾ ਤੇ ਦੁੱਖ ਹੌਲਾ ਕਰਦਾ ਰਿਹਾ।"

ਗੁੱਡੂ ਨੇ ਅੱਖਾਂ ਭਰ ਲਈਆਂ ਤੇ ਘਰ ਤੁਰ ਗਿਆ। ਬੇਬੇ ਨੇ ਅੱਜ ਘਰ ਸਦੇਹਾਂ ਆਉਣ ਦਾ ਕਾਰਨ ਪੁੱਛਿਆ ਤਾਂ ਗੁੱਡੂ ਨੇ ਸਿਰਫ ਇੰਨਾ ਹੀ ਆਖਿਆ, "ਮਰ ਗਿਆ ਮੇਰਾ ਬਾਤਾਂ ਵਾਲਾ ਬਾਬਾ।

**-ਬੇਅੰਤ ਸਿੰਘ ਬਾਜਵਾ**
**ਫੋਨ: 91-62393-03434**

---

## ਬੰਦ ਫਾਟਕ

12 ਵਜੇ ਵਾਲੀ ਗੱਡੀ ਦਾ ਟਾਈਮ ਸੀ। ਰੇਲਵੇ ਫਾਟਕ ਦਾ ਚੌਕੀਦਾਰ ਫਾਟਕ ਬੰਦ ਕਰਨ ਪਿਛੋਂ ਆਪਣੇ ਕਮਰੇ 'ਚ ਗਿਆ ਹੀ ਸੀ ਕਿ ਇਕ ਦੋਸਤ ਉਸ ਨੂੰ ਮਿਲਣ ਆ ਗਿਆ। ਚੌਕੀਦਾਰ ਨੇ ਚਾਹ ਮੰਗਵਾ ਲਈ। ਚਾਹ ਪੀਂਦੇ-ਪੀਂਦੇ ਗੱਲਾਂ ਵਿਚ ਏਨਾ ਰੁੱਝ ਗਏ ਕਿ ਚੌਂਕੀਦਾਰ ਨੂੰ ਪਤਾ ਹੀ ਨਾ ਲੱਗਾ ਕਿ ਗੱਡੀ ਕਦੋਂ ਕੋਲ ਦੀ ਲੰਘ ਗਈ। ਉਹ ਆਪਣੀਆਂ ਗੱਲਾਂ ਵਿਚ ਮਸਤ ਹੋ ਕੇ ਬੈਠੇ ਰਹੇ। ਫਾਟਕ ਉਸੇ ਤਰ੍ਹਾਂ ਬੰਦ ਪਿਆ ਸੀ। ਗੱਡੀਆਂ, ਜੀਪਾਂ, ਕਾਰਾਂ ਦਾ ਜੀ. ਟੀ. ਰੋਡ ਤੱਕ ਜਾਮ ਲੱਗ ਗਿਆ। 12 ਵੱਜ ਕੇ 40 ਮਿੰਟ ਹੋ ਗਏ ਹਨ, ਉਸ ਨੇ ਹਾਲੇ ਫਾਟਕ ਨਹੀਂ ਖੋਲ੍ਹਿਆ।

ਚੌਕੀਦਾਰ ਨੇ ਕਿਹਾ, "ਲੈ ਆਪਾਂ ਨੂੰ ਤਾਂ ਗੱਲਾਂ ਕਰਦਿਆਂ ਨੂੰ ਪਤਾ ਹੀ ਨਹੀਂ ਲੱਗਾ ਕਿ ਏਨਾ ਟਾਈਮ ਹੋ ਗਿਆ। ਚੌਕੀਦਾਰ ਫਾਟਕ ਖੋਲ੍ਹਣ ਲਈ ਜਾਣ ਲੱਗਾ ਫਿਰ ਮੰਜੇ 'ਤੇ ਬੈਠ ਗਿਆ ਤੇ ਕਹਿਣ ਲੱਗਾ, "ਚੱਲ ਛੱਡ ਯਾਰ, 1 ਵਜੇ ਵਾਲੀ ਗੱਡੀ ਵੀ ਆਉਣ ਹੀ ਵਾਲੀ ਹੈ। ਹੁਣ ਇਕੱਠਾ ਹੀ ਖੋਲ੍ਹ ਦਿਆਂਗਾ।"

**-ਭਵਨਦੀਪ ਸਿੰਘ ਪੁਰਬਾ**

# ਲਾਹੌਰੀ ਸਾਂਝ

**ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਸਾਂਝ ਅਟੁੱਟ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਪਿਛਲੇ ਸੱਤ ਦਹਾਕਿਆਂ ਦੌਰਾਨ ਭਾਵੇਂ ਕਿੰਨੇ ਵੀ ਉਤਰਾਅ-ਚੜ੍ਹਾ ਆਏ ਹੋਣ ਪਰ ਦੋਹਾਂ ਪੰਜਾਬਾਂ ਦੇ ਲੋਕ ਇਕ-ਦੂਜੇ ਨੂੰ ਧਾ ਗਲਵੱਕੜੀ ਪਾਉਂਦੇ ਰਹੇ ਹਨ। ਉਘੇ ਰੰਗਕਰਮੀ ਕੇਵਲ ਧਾਲੀਵਾਲ ਨੇ ਇਸ ਗਲਵੱਕੜੀ ਦੀ ਕਹਾਣੀ ਆਪਣੇ ਇਸ ਲੇਖ ਵਿਚ ਪਾਈ ਹੈ ਅਤੇ ਉਮੀਦ ਜਾਹਰ ਕੀਤੀ ਹੈ ਕਿ ਇਹ ਗਲਵੱਕੜੀ ਵਕਤ ਬੀਤਣ ਨਾਲ ਹੋਰ ਪੀਡੀ ਹੁੰਦੀ ਜਾਵੇਗੀ। -ਸੰਪਾਦਕ**



**ਕੇਵਲ ਧਾਲੀਵਾਲ**

ਦੁਨੀਆਂ ਦੇ ਕਿਸੇ ਵੀ ਮੁਲਕ, ਲੋਕਾਂ, ਉਥੋਂ ਦੇ ਸਭਿਆਚਾਰ, ਵਿਰਾਸਤ, ਲੋਕਾਂ ਦੀ ਸਾਂਝੀ ਜ਼ੁਬਾਨ, ਸਾਂਝੀ ਤਹਿਜ਼ੀਬ ਨਾਲ ਏਨਾ ਵੱਡਾ ਧੱਕਾ ਨਹੀਂ ਹੋਇਆ ਹੋਣਾ, ਜਿੰਨਾ ਵੱਡਾ ਧੱਕਾ ਮੁਲਕ ਦੀ ਆਜ਼ਾਦੀ ਵੇਲੇ ਪੰਜਾਬੀਆਂ ਨਾਲ ਹੋਇਆ ਤੇ ਲਗਾਤਾਰ ਜਾਰੀ ਹੈ। ਵੰਡ ਵੇਲੇ ਦੇ ਜ਼ਖ਼ਮਾਂ ਉਤੇ ਸਮੇਂ ਸਮੇਂ ਅਦੀਬਾਂ, ਕਲਾਕਾਰਾਂ ਤੇ ਕਲਮਕਾਰਾਂ ਨੇ ਮੱਲ੍ਹਮ ਵੀ ਲਾਈ। ਅਮਨ ਤੇ ਦੋਸਤੀ ਦੀ ਆਵਾਜ਼ ਵੀ ਬੁਲੰਦ ਕੀਤੀ ਹੈ। ਇਸ ਅਮਨ ਤੇ ਦੋਸਤੀ ਲਈ ਹਾਲੇ ਵੀ ਕੋਸ਼ਿਸ਼ਾਂ ਹੋ ਰਹੀਆਂ ਨੇ, ਦੋਵੇਂ ਪਾਸੇ ਸੈਮੀਨਾਰ ਹੋ ਰਹੇ ਨੇ, ਨਾਟਕ ਖੇਡੇ ਜਾ ਰਹੇ ਨੇ, ਮੋਮਬੱਤੀਆਂ ਵੀ ਜਗਾਈਆਂ ਜਾ ਰਹੀਆਂ ਨੇ, ਸਾਹਿਤ ਦਾ ਆਦਾਨ-ਪ੍ਰਦਾਨ ਵੀ ਹੋ ਰਿਹਾ ਹੈ। ਦੋਵਾਂ ਮੁਲਕਾਂ ਦੇ ਲੋਕਾਂ ਲਈ ਕਦੀ-ਕਦੀ ਠੰਢੀਆਂ ਹਵਾਵਾਂ ਦੇ ਬੁੱਲੇ ਵੀ ਆਉਂਦੇ ਨੇ ਅਤੇ ਕਦੀ-ਕਦੀ ਮਾਰੂ ਰਾਜਨੀਤੀ ਦੀਆਂ ਗਰਮ ਹਵਾਵਾਂ ਵੀ ਲੂਹ ਸੁਟਦੀਆਂ ਨੇ। ਮੈਂ ਇਸ ਲੇਖ ਦੇ ਬਹਾਨੇ ਅਜੋਕਾ ਥੀਏਟਰ ਲਾਹੌਰ ਨਾਲ ਅਮਨ ਤੇ ਦੋਸਤੀ ਦੀ ਸਾਂਝ ਨੂੰ ਬਸੰਤ ਤਿਉਹਾਰ ਮੌਕੇ ਇਕ ਲਾਹੌਰ ਫੇਰੀ ਰਾਹੀਂ ਸਾਂਝਾ ਕਰ ਰਿਹਾ ਹਾਂ। ਜਿਵੇਂ ਅੰਮ੍ਰਿਤਸਰ ਤੇ ਲਾਹੌਰ ਦੀਆਂ ਸਭਿਆਚਾਰਕ ਜੜ੍ਹਾਂ ਸਾਂਝੀਆਂ ਨੇ, ਦੋਵਾਂ ਸ਼ਹਿਰਾਂ ਦੇ ਪਾਣੀਆਂ ਦਾ ਸਵਾਦ ਤੇ ਮਿਠਾਸ ਇਕੋ ਜਿਹੀ ਹੈ, ਦੋਵਾਂ ਸ਼ਹਿਰਾਂ ਦੇ ਲੋਕਾਂ ਦੀ ਸ਼ੌਕੀਨੀ ਵੀ ਇਕੋ ਜਿਹੀ ਹੈ, ਉਵੇਂ ਹੀ ਲਾਹੌਰ ਤੇ ਅੰਮ੍ਰਿਤਸਰ ਦੀ ਪਤੰਗਬਾਜ਼ੀ ਤੇ ਬਸੰਤ ਵੀ ਇਕੋ ਜਿਹੀ ਪ੍ਰਸਿਧ ਹੈ।

ਇਹ ਗੱਲ ਪੰਜ ਕੁ ਸਾਲ ਪਹਿਲਾਂ ਦੀ ਹੈ। ਮੇਰੇ ਕੋਲ ਲਾਹੌਰ ਦਾ ਵੀਜ਼ਾ ਸੀ ਤੇ ਉਧਰ ਲਾਹੌਰ ਵਾਲੇ ਪਾਸੇ ਸਾਡੇ ਦੋਸਤ ਸ਼ਾਹਿਦ ਨਦੀਮ ਅਤੇ ਮਦੀਹਾ ਗੌਹਰ ਦੇ ਨਾਟਕ ਗਰੁੱਪ ਦੇ ਤੀਹ ਸਾਲ ਪੂਰੇ ਹੋਏ ਸਨ। ਇਸ ਲਈ ਅਜੋਕਾ ਥੀਏਟਰ ਦੀ 30ਵੀਂ ਵਰ੍ਹੇਗੰਢ ਵੀ ਸੀ। ਉਨ੍ਹਾਂ ਨੇ ਲਾਹੌਰ ਵਿਖੇ ਦਸ ਦਿਨ ਦਾ ਆਪਣੇ ਨਾਟਕਾਂ ਦਾ ਮੇਲਾ ਲਾਇਆ ਤੇ ਮੈਨੂੰ ਵੀ ਉਸ ਵਿਚ ਸ਼ਾਮਿਲ ਹੋਣ ਦਾ ਸੱਦਾ ਮਿਲਿਆ। ਵੀਜ਼ਾ ਮੇਰੇ ਕੋਲ ਪਹਿਲਾਂ ਹੀ ਸੀ ਪਰ ਮੇਰੇ ਏਧਰਲੇ ਰੁਝੇਵਿਆਂ ਕਰਕੇ ਪਹਿਲਾਂ ਤਾਂ ਪ੍ਰੋਗਰਾਮ ਨਾ ਬਣਾ ਸਕਿਆ ਪਰ ਆਖ਼ਰੀ ਦਿਨ ਸਵੇਰੇ ਮੈਂ ਸੋਚਿਆ ਕਿ ਪਾਕਿਸਤਾਨ ਵਿਚ ਕਿਸੇ ਥੀਏਟਰ ਗਰੁੱਪ ਨੂੰ ਕੰਮ ਕਰਦਿਆਂ ਤੀਹ ਸਾਲ ਹੋ ਗਏ ਹੋਣ, ਇਹ ਬਹੁਤ ਵੱਡੀ ਗੱਲ ਹੈ। ਉਹ ਮੁਲਕ ਜਿਥੇ ਹਰ ਪੈਰ 'ਤੇ ਕੱਟੜਤਾ ਤੇ ਮਜ਼ਹਬ ਨੇ ਜਾਲ ਫੈਲਾ ਰੱਖਿਆ ਹੋਵੇ, ਹਰ ਪਾਸੇ ਫ਼ੌਜ ਦੀ ਹਕੂਮਤ ਹੋਵੇ, ਤਾਲਿਬਾਨ ਦਨਦਨਾਉਂਦੇ ਫਿਰਦੇ ਹੋਣ, ਜਿਥੇ ਹੱਕ ਤੇ ਸੱਚ ਲਈ ਬੋਲਣ 'ਤੇ ਮਨਾਹੀ ਹੋਵੇ, ਜੇਕਰ ਉਥੇ ਸਾਡੇ ਥੀਏਟਰ ਵਾਲੇ ਦੋਸਤ, ਵੱਡੀ ਪ੍ਰਤੀਬੱਧਤਾ ਨਾਲ ਥੀਏਟਰ ਰਾਹੀਂ ਮੁੱਲਿਆਂ ਮੁਲਾਨਿਆਂ ਖ਼ਿਲਾਫ਼ ਬੁਰਕਿਆਂ ਦੇ ਵਿਰੋਧ 'ਚ, ਔਰਤਾਂ ਦੇ ਹੱਕ 'ਚ; ਬੱਚਿਆਂ, ਮਜ਼ਦੂਰਾਂ ਤੇ ਸਾਂਝੀ ਤਹਿਜ਼ੀਬ, ਸਾਂਝੀ ਵਿਰਾਸਤ, ਅਮਨ ਤੇ ਦੋਸਤੀ ਲਈ ਹੱਕ ਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਆਪਣੇ ਥੀਏਟਰ ਗਰੁੱਪ ਦੇ 30 ਸਾਲ ਪੂਰੇ ਕਰਦੇ ਨੇ ਤਾਂ ਮੈਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਦੀ ਖ਼ੁਸ਼ੀ ਵਿਚ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ। ਕਿਉਂਕਿ ਮੇਰੀ ਅਜੋਕਾ ਥੀਏਟਰ ਲਾਹੌਰ ਨਾਲ ਤਕਰੀਬਨ ਪੰਦਰਾਂ ਸਾਲਾਂ ਤੋਂ ਨੇੜਤਾ ਹੈ। ਮੈਂ ਆਪਣੇ ਥੀਏਟਰ ਗਰੁੱਪ ਮੰਚ-ਰੰਗਮੰਚ ਦੇ ਬਹੁਤ ਸਾਰੇ ਨਾਟਕ 'ਲੂਣਾ', 'ਲਾਲ ਬੱਤੀ', 'ਸ਼ਾਇਰੀ', 'ਮੱਸਿਆ ਦੀ ਰਾਤ', 'ਗੱਡੀ ਚੜ੍ਹਨ ਦੀ ਕਾਹਲ ਬੜੀ ਸੀ', 'ਝੱਲੀ ਕਿਥੇ ਜਾਵੇ', 'ਧਮਕ ਨਗਾਰੇ ਦੀ', 'ਅੰਦਰ ਬਾਹਰ ਮੰਟੋ', 'ਮੇਰਾ ਰੰਗ ਦੇ ਬਸੰਤੀ ਚੋਲਾ' ਅਤੇ ਹੋਰ ਵੀ ਕਈ ਨਾਟਕ ਲਾਹੌਰ ਵਿਖੇ ਖੇਡੇ ਨੇ। ਅਜੋਕਾ ਥੀਏਟਰ ਲਾਹੌਰ ਦੇ ਕਲਾਕਾਰਾਂ ਨਾਲ ਮੈਂ ਉਥੇ ਜਾ ਕੇ ਥੀਏਟਰ ਵਰਕਸ਼ਾਪ ਵੀ ਕਰਦਾ ਰਿਹਾ ਹਾਂ, ਕਈ ਸੈਮੀਨਾਰਾਂ ਵਿਚ ਜਾਣ ਦਾ ਵੀ ਮੌਕਾ ਮਿਲਿਆ ਹੈ। ਅਜੋਕਾ ਥੀਏਟਰ ਲਾਹੌਰ ਦੇ ਕਲਾਕਾਰ (ਪਾਕਿਸਤਾਨ ਤੋਂ ਕੁਝ ਹੋਰ ਥੀਏਟਰ ਗਰੁੱਪਾਂ ਦੇ ਕਲਾਕਾਰ ਵੀ) ਜੂਨ ਮਹੀਨੇ ਦੀ ਥੀਏਟਰ ਵਰਕਸ਼ਾਪ ਵਿਚ ਮੇਰੇ ਕੋਲ ਥੀਏਟਰ ਦੀ ਟਰੇਨਿੰਗ ਲੈਣ ਆਉਂਦੇ ਰਹੇ ਨੇ। ਇਸ ਕਰਕੇ ਇਸ ਥੀਏਟਰ ਗਰੁੱਪ ਤੇ ਇਸ ਦੇ ਕਲਾਕਾਰਾਂ ਨਾਲ ਮੇਰੀ ਨੇੜਤਾ ਵੀ ਹੈ ਤੇ ਸਾਂਝ ਵੀ। ਅਜੋਕਾ ਥੀਏਟਰ ਲਾਹੌਰ ਦੇ ਮੁਖੀ, ਨਾਟਕਕਾਰ ਸ਼ਾਹਿਦ ਨਦੀਮ ਅਤੇ ਨਿਰਦੇਸ਼ਕਾ ਮਦੀਹਾ ਗੌਹਰ ਨੇ ਆਪਣੀ ਥੀਏਟਰ ਪ੍ਰਤੀਬੱਧਤਾ ਕਰਕੇ ਪਾਕਿਸਤਾਨ ਦੀ ਜੇਲ੍ਹ ਵਿਚ ਵੀ ਦਿਨ ਬਿਤਾਏ ਪਰ ਥੀਏਟਰ ਪ੍ਰਤੀ ਆਪਣੀ ਲਗਨ ਨੂੰ ਡੋਲਣ ਨਹੀਂ ਦਿੱਤਾ। ਪਾਕਿਸਤਾਨ ਵਰਗੇ ਮੁਲਕ ਵਿਚ ਇਨ੍ਹਾਂ ਨੇ ਬੁਰਕੇ ਦੇ ਖ਼ਿਲਾਫ਼ ਨਾਟਕ 'ਬੁਰਕਾਵਗੈਂਜਾ' ਪੇਸ਼ ਕੀਤਾ ਤਾਂ ਸਰਕਾਰ ਨੇ ਕੱਟੜਪੰਥੀਆਂ ਨਾਲ ਮਿਲ ਕੇ ਉਸ 'ਤੇ ਪਾਬੰਦੀ ਲਗਾ ਦਿੱਤੀ ਪਰ ਇਸ ਗਰੁੱਪ ਨੇ ਫਿਰ ਵੀ ਕਰਾਚੀ ਜਾ ਕੇ ਉਹ ਨਾਟਕ ਪੇਸ਼ ਕੀਤਾ। ਤਿੰਨ ਸਾਲ ਪਹਿਲਾਂ ਇਨ੍ਹਾਂ ਨੇ ਲਾਹੌਰ ਵਿਖੇ ਥੀਏਟਰ ਫੈਸਟੀਵਲ ਕੀਤਾ ਤਾਂ ਉਸ ਦਾ ਨਾਮ ਰੱਖਿਆ- 'ਥੀਏਟਰ ਅਗੇਂਸਟ ਤਾਲਿਬਾਨ'। ਪਾਕਿਸਤਾਨ ਵਿਚ ਹੋਰ ਵੀ ਥੀਏਟਰ ਗਰੁੱਪ ਕੰਮ ਕਰਦੇ ਨੇ ਪਰ ਜਿਸ ਤਰ੍ਹਾਂ ਆਪਣੀ ਪੇਸ਼ਕਾਰੀ ਦੇ ਮਿਆਰ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਖ਼ਿਆਲ ਨੂੰ ਆਪਣੇ ਨਾਟਕਾਂ ਰਾਹੀਂ ਇਸ ਗਰੁੱਪ ਨੇ ਬੁਲੰਦ ਆਵਾਜ਼ ਦਿੱਤੀ ਹੈ, ਸ਼ਾਇਦ ਹੀ ਹੋਰ ਕੋਈ ਕਰ ਸਕਿਆ ਹੋਵੇ ਜਾਂ ਕਰ ਰਿਹਾ ਹੋਵੇ।





*ਲਾਹੌਰ ਵਿਚ ਖੇਡੇ ਗਏ ਨਾਟਕ 'ਲੋ ਫਿਰ ਬਸੰਤ ਆਈ' ਦੀਆਂ ਦੋ ਵੱਖ ਵੱਖ ਝਲਕਾਂ*

ਇਹ ਪਹਿਲਾ ਥੀਏਟਰ ਗਰੁੱਪ ਹੈ ਜਿਸ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਨਮ ਭੂਮੀ 'ਤੇ ਜਾ ਕੇ ਨਾਟਕ ਖੇਡਿਆ ਸੀ। ਅਜੋਕਾ ਥੀਏਟਰ ਆਪਣੇ ਇਸ 30 ਸਾਲਾ ਜਸ਼ਨਾਂ ਦੇ ਉਤਸਵ ਦੇ ਆਖ਼ਰੀ ਦਿਨ ਆਪਣਾ ਨਵਾਂ ਨਾਟਕ 'ਲੋ ਫਿਰ ਬਸੰਤ ਆਈ' ਖੇਡ ਰਿਹਾ ਸੀ, ਇਸ ਲਈ ਮੇਰੇ ਮਨ ਵਿਚ ਨਵਾਂ ਨਾਟਕ ਵੇਖਣ ਦਾ ਵੀ ਚਾਅ ਸੀ। ਅਜਿਹੇ ਪ੍ਰਪੱਕ ਇਰਾਦਿਆਂ ਵਾਲੇ ਥੀਏਟਰ ਗਰੁੱਪ ਬਾਰੇ ਗੱਲ ਕਰਨ ਅਤੇ ਉਨ੍ਹਾਂ ਦੀ ਖ਼ੁਸ਼ੀ ਵਿਚ ਸ਼ਾਮਿਲ ਹੋਣ ਲਈ ਮੈਂ ਇਕ ਦਿਨ ਦੀ ਲਾਹੌਰ ਯਾਤਰਾ ਲਈ ਤੁਰ ਪਿਆ। ਦੋਵੇਂ ਮੁਲਕਾਂ ਦੇ ਬਾਰਡਰਾਂ ਤੋਂ ਕਾਗਜ਼ੀ ਕਾਰਵਾਈਆਂ ਨਿਬੇੜਨ ਤੋਂ ਬਾਅਦ ਮੈਂ 11.30 ਵਜੇ ਤੱਕ ਲਾਹੌਰ ਪਹੁੰਚ ਗਿਆ। ਦਿਨੇ ਕੁਝ ਦੋਸਤ, ਕੁਝ ਬਾਜ਼ਾਰ, ਕੁਝ ਖਰੀਦਦਾਰੀ ਤੇ ਫਿਰ ਸ਼ਾਮ ਨੂੰ ਅਲਹਮਰਾ ਦੇ ਖ਼ੂਬਸੂਰਤ ਆਡੀਟੋਰੀਅਮ ਵਿਚ ਨਾਟਕ 'ਲੋ ਫਿਰ ਬਸੰਤ ਆਈ' ਦੀ ਖ਼ੂਬਸੂਰਤ ਪੇਸ਼ਕਾਰੀ। ਇਸ ਨਾਟਕ ਨਾਲ ਮੇਰੀ ਸਾਂਝ ਇਸ ਤਰ੍ਹਾਂ ਵੀ ਹੈ ਕਿ ਇਸ ਨਾਟਕ ਦਾ ਸੈੱਟ ਮੈਂ ਅਤੇ ਮਦੀਹਾ ਗੌਹਰ ਨੇ ਮਿਲ ਕੇ ਡਿਜ਼ਾਈਨ ਕੀਤਾ ਸੀ। ਲਾਹੌਰ ਸ਼ਹਿਰ ਦੇ ਅੰਦਰੂਨੀ ਹਿੱਸੇ ਦੇ ਪੁਰਾਣੇ ਦਰਵਾਜ਼ੇ, ਗਲੀਆਂ ਤੇ ਛੱਤਾਂ ਨੂੰ ਸੈੱਟ ਦਾ ਹਿੱਸਾ ਬਣਾਇਆ ਗਿਆ ਸੀ। ਅਜੋਕਾ ਥੀਏਟਰ ਦੀ ਰਵਾਇਤ ਅਨੁਸਾਰ ਇਹ ਨਾਟਕ ਵੀ ਪਾਕਿਸਤਾਨ ਦੇ ਲੋਕ-ਮਾਰੂ ਕਾਨੂੰਨਾਂ ਦੀ ਖਿੱਲੀ ਉਡਾ ਰਿਹਾ ਸੀ, ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪਾਕਿਸਤਾਨ ਵਿਚ ਬਸੰਤ ਤਿਉਹਾਰ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ। ਜਿਵੇਂ ਸਾਡੇ ਅੰਮ੍ਰਿਤਸਰ ਦੀ ਬਸੰਤ ਵੀ ਮਸ਼ਹੂਰ ਹੈ ਪਰ ਪਾਕਿਸਤਾਨ ਵਿਚ ਲਾਹੌਰ ਦੀ ਬਸੰਤ ਤਾਂ ਦੁਨੀਆਂ ਭਰ ਵਿਚ ਮਸ਼ਹੂਰ ਹੈ। ਕੁਝ ਕੱਟੜਪੰਥੀ ਸਮਝਦੇ ਨੇ ਕਿ ਬਸੰਤ ਤਾਂ ਹਿੰਦੂਆਂ ਦਾ ਤਿਉਹਾਰ ਹੈ, ਇਸ ਨੂੰ ਪਾਕਿਸਤਾਨ ਵਿਚ ਕਿਉਂ ਮਨਾਇਆ ਜਾਵੇ। ਉਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਬਸੰਤ ਦਾ ਤਿਉਹਾਰ ਕਿਸੇ ਮਜ਼ਹਬ ਜਾਂ ਧਰਮ ਨਾਲ ਨਹੀਂ ਜੁੜਿਆ, ਇਹ ਤਾਂ ਸਾਂਝੀ ਵਿਰਾਸਤ, ਸਾਂਝੀ ਤਹਿਜ਼ੀਬ, ਸਾਂਝੀ ਬੋਲੀ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਇਸ ਨਾਟਕ ਨੂੰ ਸ਼ਾਹਿਦ ਨਦੀਮ ਨੇ ਬਹੁਤ ਖ਼ੂਬਸੂਰਤੀ ਤੇ ਬੇਬਾਕੀ ਨਾਲ ਲਿਖਿਆ ਹੈ। ਨਾਟਕ ਵਿਚ 80 ਸਾਲ ਦਾ ਇਕ ਬਜ਼ੁਰਗ ਜੋ ਕਦੀ, ਗੁੱਡੀਆਂ ਤੇ ਪਤੰਗਾਂ ਬਣਾਉਂਦਾ ਸੀ, ਹੁਣ ਪਾਬੰਦੀ ਕਰਕੇ ਵਿਹਲਾ ਬੈਠਾ ਹੈ ਤੇ ਭੋਰੇ 'ਚ ਬੈਠੇ ਦੇ ਉਸ ਦੇ ਖ਼ੁਆਬਾਂ ਵਿਚ ਆ ਕੇ ਪਤੰਗਾਂ ਉਸ ਨਾਲ ਗੱਲਾਂ ਕਰਦੀਆਂ ਨੇ। ਇਕ ਜਗ੍ਹਾ ਉਹ ਕਹਿੰਦਾ ਹੈ ਕਿ "ਇਹ ਬਸੰਤ ਦਾ ਤਿਉਹਾਰ ਤਾਂ ਛੋਟੀਆਂ-ਛੋਟੀਆਂ ਤੇ ਭੀੜੀਆਂ-ਭੀੜੀਆਂ ਗਲੀਆਂ ਵਿਚ ਤੇ ਛੋਟੇ-ਛੋਟੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਚਾਵਾਂ ਤੇ ਉਮੰਗਾਂ ਦਾ ਤਿਉਹਾਰ ਹੈ, ਲੋਕ ਇਨ੍ਹਾਂ ਪਤੰਗਾਂ ਬਹਾਨੇ ਆਪਣੀ ਜ਼ਿੰਦਗੀ ਦੇ ਖੁਰਦੇ ਰੰਗਾਂ ਦੀ ਉਡਾਣ ਭਰਦੇ ਨੇ ਤੇ ਆਪਣੇ ਚਾਵਾਂ ਨੂੰ ਤੁਣਕੇ ਮਾਰ-ਮਾਰ ਕੇ ਆਸਮਾਨ ਦੀਆਂ ਬੁਲੰਦੀਆਂ ਤੱਕ ਲੈ ਜਾਂਦੇ ਨੇ।" ਨਾਟਕ ਵਿਚ ਛੱਤਾਂ 'ਤੇ ਖੜ੍ਹੀਆਂ ਔਰਤਾਂ ਦੀ ਲੜਾਈ, ਬੱਚਿਆਂ 'ਚ ਪਤੰਗਾਂ ਉਡਾਉਣਾ ਤੇ ਲੁੱਟਣਾ ਅਤੇ ਛੱਤਾਂ 'ਤੇ ਖੜ੍ਹੇ ਨੌਜਵਾਨ ਮੁੰਡੇ ਕੁੜੀਆਂ ਦੀ ਪਤੰਗਬਾਜ਼ੀ ਤੇ ਇਸ਼ਕਬਾਜ਼ੀ ਵੀ ਨਾਟਕ ਨੂੰ ਰੌਚਕ ਬਣਾਉਂਦੇ ਨੇ। ਇਸ ਨਾਟਕ ਵਿਚ ਸ਼ਾਹਿਦ ਨਦੀਮ ਨੇ ਬਸੰਤ ਦੇ ਬਹਾਨੇ ਜ਼ਿੰਦਗੀ ਵਿਚ ਮੁੱਲਿਆਂ, ਕੱਟੜਪੰਥੀਆਂ ਅਤੇ ਤਾਲਿਬਾਨ ਦੀ ਹੋ ਰਹੀ ਦਖ਼ਲਅੰਦਾਜ਼ੀ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ। ਸ਼ੋਅ ਤੋਂ ਪਹਿਲਾਂ ਕਲਾਕਾਰਾਂ ਤੇ ਪ੍ਰਬੰਧਕਾਂ ਨੂੰ ਲੱਗ ਰਿਹਾ ਸੀ ਕਿ ਇਸ ਨਾਟਕ ਉਪਰ ਪਾਬੰਦੀ ਵੀ ਲੱਗ ਸਕਦੀ ਹੈ, ਕਿਉਂਕਿ ਲਾਹੌਰ ਵਿਚ ਪਤੰਗ ਉਡਾਉਣੀ ਤਾਂ ਦੂਰ, ਪਤੰਗ ਦੁਕਾਨ 'ਤੇ ਵੀ ਨਹੀਂ ਰੱਖੀ ਜਾ ਸਕਦੀ। ਪਤੰਗ ਉਡਾਉਣ ਦੇ ਦੋਸ਼ ਵਿਚ ਦਸ ਸਾਲ ਦੇ ਬੱਚੇ ਨੂੰ ਵੀ ਉਥੇ ਕੈਦ ਹੋ ਚੁੱਕੀ ਏ। ਪਾਕਿਸਤਾਨ ਦੇ ਕਾਨੂੰਨ, ਮੁਲਾਣਿਆਂ ਦੀ ਕੱਟੜਪੰਥੀ ਦੇ ਨਾਲ-ਨਾਲ, ਚੀਨੀ ਡੋਰ ਨੇ ਵੀ ਬਲਦੀ 'ਤੇ ਤੇਲ ਪਾਇਆ ਹੈ। ਇਸ ਡੋਰ ਨਾਲ ਕਈ ਜਾਨਾਂ ਦਾ ਨੁਕਸਾਨ ਹੋਇਆ ਹੈ। ਨਾਟਕ ਵਿਚ ਮਲਿਕਾ ਪੁਖਰਾਜ ਦੇ ਗੀਤ 'ਲੋ ਫਿਰ ਬਸੰਤ ਆਈ' ਨੂੰ ਸੰਗੀਤ ਦੇ ਤੌਰ 'ਤੇ ਵਰਤ ਕੇ ਨਾਟਕ ਨੂੰ ਰਵਾਨੀ ਦਿੱਤੀ ਗਈ ਹੈ। ਨਾਟਕ ਦੇ ਅਖ਼ੀਰ ਵਿਚ ਪਤੰਗਾਂ ਬਣਾਉਣ ਵਾਲੇ ਮੁਹੱਲੇ ਵਿਚ ਬੰਬ ਫਟਦਾ ਹੈ ਤੇ ਜ਼ਖ਼ਮੀ ਹੋਈਆਂ ਪਤੰਗਾਂ, ਸੜੀਆਂ ਤੇ ਰੰਗ ਵਿਹੂਣੀਆਂ ਪਤੰਗਾਂ ਸਟੇਜ 'ਤੇ ਡਿੱਗਦੀਆਂ ਨੇ। ਇੰਜ ਲੱਗਦਾ ਏ ਜਿਵੇਂ ਸਾਹ-ਸਤ ਮਾਰੇ ਲੋਕ, ਅਧਜਲੇ, ਅਧਮੋਏ, ਤੇ ਰੰਗਾਂ ਨੂੰ ਤਰਸਦੇ ਲੋਕ ਘੁਟ-ਘੁਟ ਕੇ ਮਰ ਰਹੇ ਹੋਣ। ਇਸ ਨਾਟਕ ਦੀ ਸੰਜੀਦਾ ਪੇਸ਼ਕਾਰੀ, ਨਾਟਕੀ ਬਣਤਰ ਨੇ ਅਜੋਕਾ ਥੀਏਟਰ ਦੇ 30 ਸਾਲਾ ਇਤਿਹਾਸ ਦੀ ਰੰਗਮੰਚ ਪ੍ਰਤੀਬੱਧਤਾ ਨੂੰ ਹੋਰ ਵੀ ਪਕੇਰਿਆਂ ਕੀਤਾ, ਕਿਉਂਕਿ ਬਸੰਤ ਉਪਰ ਪਾਬੰਦੀ ਦਾ ਮਤਲਬ ਹੈ ਜ਼ਿੰਦਗੀ ਦੇ ਰੰਗਾਂ, ਮਨੁੱਖ ਦੀਆਂ ਉਮੰਗਾਂ ਉਤੇ ਪਾਬੰਦੀ, ਨਿਮਾਣੇ, ਨਿਤਾਣੇ ਲੋਕਾਂ ਦੇ ਖ਼ੁਆਬਾਂ, ਖ਼ਿਆਲਾਂ ਦੀਆਂ ਉਡਾਣਾਂ ਉਤੇ ਪਾਬੰਦੀ। ਇਹ ਨਾਟਕ ਪਾਬੰਦੀਆਂ ਵਿਚ ਵੀ ਸਾਹ ਲੈ ਰਹੇ ਮੁਲਕ ਦੀ ਗਾਥਾ ਹੈ। ਮੈਨੂੰ ਇਸ ਨਾਟਕ ਨੇ ਝੰਜੋੜਿਆ ਹੈ, ਮੈਂ ਅਜੋਕਾ ਥੀਏਟਰ ਦੇ ਲੰਮੇ ਸੰਘਰਸ਼ ਤੇ ਉਸ ਦੀ ਪ੍ਰਤੀਬੱਧਤਾ ਨੂੰ ਸਲੂਟ ਕਰਦਾ ਹਾਂ। ਮੈਂ ਜਦੋਂ ਇਸ ਇਕ ਰੋਜ਼ਾ ਯਾਤਰਾ ਤੋਂ ਪਰਤਿਆ ਤਾਂ ਮੈਨੂੰ ਚੰਗਾ-ਚੰਗਾ ਇਸ ਲਈ ਲੱਗ ਰਿਹਾ ਸੀ ਕਿ ਮੈਂ ਲਾਹੌਰ ਸਿਰਫ਼ ਨਾਟਕ ਦੇਖਣ ਲਈ ਹੀ ਗਿਆ ਤੇ ਚੰਗਾ ਨਾਟਕ ਵੇਖਣ ਨੂੰ ਮਿਲਿਆ ਤੇ ਅਗਲੇ ਦਿਨ ਸਵੇਰੇ ਵਾਪਸ ਵੀ ਆ ਗਿਆ। ਕੀ ਦੋਵਾਂ ਮੁਲਕਾਂ ਦੇ ਰਹਿਬਰ ਬੈਠ ਕੇ ਵਿਚਾਰ ਨਹੀਂ ਸਕਦੇ ਕਿ ਵੀਜ਼ਾ ਸਿਸਟਮ ਨਰਮ ਹੋਵੇ ਤੇ ਆਮ ਲੋਕ ਵੀ ਲਾਹੌਰ ਤੋਂ ਅੰਮ੍ਰਿਤਸਰ ਤੇ ਅੰਮ੍ਰਿਤਸਰ ਤੋਂ ਲਾਹੌਰ ਆਸਾਨੀ ਨਾਲ ਆ ਜਾ ਸਕਣ, ਇਕ-ਦੂਜੇ ਦੇ ਦੁੱਖ-ਸੁਖ ਵਿਚ ਸ਼ਰੀਕ ਹੋ ਸਕਣ ਤੇ ਆਪੋ-ਆਪਣੇ ਰੰਗਾਂ ਦੀ ਪਕਿਆਈ ਨੂੰ ਸਾਂਭਦੇ ਹੋਏ ਸਾਂਝੀ ਤਹਿਜ਼ੀਬ ਦੇ ਗੀਤ ਗਾ ਸਕਣ। ਕਾਸ਼! ਕਦੀ ਏਦਾਂ ਹੋਵੇ। ਮੈਨੂੰ ਉਮੀਦ ਏ, ਇਕ ਦਿਨ ਏਦਾਂ ਜ਼ਰੂਰ ਹੋਵੇਗਾ।



*'ਅਜੋਕਾ ਥਿਏਟਰ' ਵਾਲੀ ਜੋੜੀ ਮਦੀਹਾ ਗੌਹਰ ਅਤੇ ਸ਼ਾਹਿਦ ਨਦੀਮ।*

## ਰੁਬਾਈਆਂ

### ਤੈਂ ਕੀ ਦਰਦ ਨਾ ਆਇਆ

ਆੜਾਂ ਵਿਚ ਤ੍ਰੇੜਾਂ ਪਈਆਂ,
ਵੱਟਾਂ ਖੰਘਰ ਹੋਈਆਂ।
ਪਾਣੀ ਲਹਿ ਗਿਆ ਵਿਚ ਪਾਤਾਲੀਂ,
ਨਦੀਆਂ ਰੋ-ਰੋ ਮੋਈਆਂ।
ਇਸ ਥਲ ਵਿਚ ਕੋਈ ਮਾਰ ਜੈਕਾਰਾ,
ਬਾਬਰਵਾਣੀ ਗਾਵੇ।
ਬਾਬਾ ਹੁਣ ਇਸ ਧਰਤ 'ਤੇ ਕੂੰਜਾਂ
ਆਣ ਕਦੇ ਨਾ ਰੋਈਆਂ।

---

### ਹੋਣੀ

ਕੱਚੇ ਵਿਹੜੇ, ਨੰਗੇ ਪਿੰਡੇ,
ਮਿੱਠੀਆਂ-ਮਿੱਠੀਆਂ ਕਣੀਆਂ।
ਮਿੱਟੀ ਵਿਚ ਬਨਸਪਤਿ ਮਉਲੇ,
ਵੇਖ ਘਟਾਵਾਂ ਘਣੀਆਂ।
ਅੱਜ ਸੁੰਞੇ ਥਲ 'ਕੱਲਾ ਪੰਛੀ,
ਚੁੰਝ ਵੱਲ ਅਸਮਾਨਾਂ।
ਨਾ ਕੋਈ ਤੁਪਕਾ, ਨਾ ਕੋਈ ਦਾਣਾ,
ਵੇਖ ਹੋਣੀਆਂ ਬਣੀਆਂ।

---

### ਹਿਜਰਤ

ਖੁਰਲੀਆਂ ਦੇ ਵਿਚ ਬਿੱਛੂ ਫਿਰਦੇ,
ਛੱਪੜੀਆਂ ਵਿਚ ਜੋਕਾਂ।
ਪਾਂਡੇ ਢਿੱਡ ਪਸਾਰ ਕੇ ਹੱਸਣ,
ਲਾ ਰਿਜ਼ਕਾਂ ਨੂੰ ਰੋਕਾਂ।
ਅੰਨ੍ਹੀ ਗਹਿਰ, ਸਿਉਂਕ ਦੇ ਲਸ਼ਕਰ,
ਦਿਸੇ ਨਾ ਅੰਨ ਦਾ ਦਾਣਾ।
ਰਿਜ਼ਕ ਢੂੰਡੇਂਦੇ ਬਾਲ ਉਡ ਗਏ,
ਖੇਤ ਸਾਂਭ ਲਏ ਲੋਕਾਂ।

---

### ਵੰਗਾਰ

ਸੁੱਕੇ ਨਲਕੇ, ਖੂਹ ਵੀਰਾਨੇ,
ਗਰਕੇ ਭੋਇੰ ਨਿਮਾਣੀ।
ਦੂਤੀ ਐਸੇ ਬੰਨ੍ਹ ਮਾਰ ਗਏ,
ਵਹਿੰਦੇ ਵਹਿ ਗਏ ਪਾਣੀ।
ਜੋਗੀਆਂ ਵਾਲਾ ਕਾਸਾ ਪਾਂਡੇ,
ਬੰਨ੍ਹਣ ਆ ਗਲ ਮੇਰੇ,
ਅੱਖੀਓ ਭੁੱਲਦੀਆਂ ਭੁੱਲ ਨਾ ਜਾਇਓ,
ਲਿਸ਼ਕੇ ਤੇਗ ਪੁਰਾਣੀ।

**-ਪ੍ਰਭਸ਼ਰਨਦੀਪ ਸਿੰਘ**

---

### ਬਹਾਰਾਂ ਆਈਆਂ

ਤੂੰ ਵੇਖ ਬਹਾਰਾਂ ਆਈਆਂ ਨੇ
ਫੁੱਲਾਂ ਰੁੱਤਾਂ ਮਹਿਕਾਈਆਂ ਨੇ।
ਹਰ ਗਲੀ-ਮੁਹੱਲੇ ਫੁੱਲ ਖਿੜੇ
ਅੱਖਾਂ ਤੇਰੀਆਂ ਕਿਉਂ ਪਥਰਾਈਆਂ ਨੇ?
ਸੁਣ ਤਾਂ ਸਹੀ ਹਵਾ ਦੇ ਗੀਤ
ਇਹ ਰਾਗਨੀਆਂ ਕਿਸ ਗਾਈਆਂ ਨੇ?
ਤੈਨੂੰ ਗੀਤ ਸੁਣਾਵਣ ਲਈ
ਕੂੰਜਾਂ ਉਤਰ ਪਹਾੜੋਂ ਆਈਆਂ ਨੇ।
ਪੀੜਾਂ ਖਿੰਡਾ ਦੇ ਪੌਣਾਂ ਦੇ ਵਿਚ
ਆ ਭਿੱਜ ਲੈ ਕਣੀਆਂ ਆਈਆਂ ਨੇ।

**-ਸ਼ਮਿੰਦਰ ਕੌਰ**
**ਫੋਨ: 91-75268-08047**

# ਬਸੰਤ ਦੀਆਂ ਬਰਕਤਾਂ

## ਦਿਨ ਦਿਹਾਰ

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਲਾਹੌਰ ਵਿਚ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਬਸੰਤ ਰੁੱਤ ਦਾ ਪ੍ਰਾਚੀਨ ਤਿਉਹਾਰ ਬਸੰਤ ਪੰਚਮੀ ਹਰ ਸਾਲ ਬਰ-ਏ-ਸਗੀਰ (ਭਾਰਤੀ ਉਪ-ਮਹਾਂਦੀਪ) ਦੇ ਮੁਸਲਮਾਨਾਂ ਵਲੋਂ ਦਿੱਲੀ ਸਥਿਤ ਹਜ਼ਰਤ ਨਿਜ਼ਾਮੂਦੀਨ ਔਲੀਆ ਦੀ ਦਰਗਾਹ ਵਿਚ ਵੀ ਮਨਾਇਆ ਜਾਂਦਾ ਹੈ। ਇਸ 700 ਸਾਲ ਪੁਰਾਣੀ ਰੰਗ-ਬਰੰਗੀ ਰਵਾਇਤ ਦਾ ਸਿਹਰਾ ਸੂਫੀ ਸੰਤਾਂ ਨੂੰ ਜਾਂਦਾ ਹੈ, ਖਾਸਕਰ ਚਿਸ਼ਤੀ ਸੰਤ ਅਤੇ ਉਨ੍ਹਾਂ ਦੇ ਸ਼ਾਗਿਰਦ ਅਮੀਰ ਖੁਸਰੋ ਨੂੰ, ਜੋ ਸੰਭਵ ਤੌਰ 'ਤੇ ਬਸੰਤ ਦੇ ਜਸ਼ਨਾਂ ਵਿਚ ਸ਼ਿਰਕਤ ਕਰਨ ਵਾਲੇ ਪਹਿਲੇ ਮੁਸਲਮਾਨ ਸਨ।

ਦੱਸਿਆ ਜਾਂਦਾ ਹੈ ਕਿ ਚਿਸ਼ਤੀ ਸੰਤ ਨੇ ਇਕ ਵਾਰ ਲਾਹੌਰ ਸਥਿਤ ਹਜ਼ਰਤ ਦਾਤਾ ਗੰਜ ਬਖਸ਼ ਦੀ ਦਰਗਾਹ ਦੀ ਆਪਣੀ ਫੇਰੀ ਦੌਰਾਨ ਉਥੇ ਬਸੰਤ

**ਮਜੀਦ ਸ਼ੇਖ**

ਦੇ ਜਸ਼ਨ ਦੇਖੇ ਸਨ। ਇਸੇ ਕਾਰਨ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੈਰੋਕਾਰ ਵੀ ਦਿੱਲੀ ਵਿਚ ਜ਼ਿੰਦਗੀ ਤੇ ਬਸੰਤ ਦੇ ਜਸ਼ਨ ਉਸੇ ਜੋਸ਼ ਮਨਾਉਣ। ਇਸ ਦੇ ਬਾਵਜੂਦ ਇਹ ਜਸ਼ਨ ਸੰਤ ਦੀ ਦਰਗਾਹ ਤਕ ਹੀ ਮਹਿਦੂਦ ਰਹੇ। ਉਥੇ ਇਹ ਦਿਨ ਪਤੰਗਬਾਜ਼ੀ, ਖਾਣੇ ਦੀਆਂ ਦਾਅਵਤਾਂ, ਸ਼ਾਸਤਰੀ ਸੰਗੀਤ ਦੀਆਂ ਮਹਿਫਿਲਾਂ, ਖਾਸਕਰ 'ਰਾਗ ਬਸੰਤ' ਤੇ ਹੋਰ ਰਾਗ ਗਾ ਕੇ ਮਨਾਇਆ ਜਾਂਦਾ। ਬਾਅਦ ਵਿਚ ਇਨ੍ਹਾਂ ਸੰਗੀਤਕ ਮਹਿਫਿਲਾਂ ਵਿਚ ਕੱਵਾਲੀਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਇਸ ਤੋਂ ਕਿਆਸ ਲਾਇਆ ਜਾਂਦਾ ਹੈ ਕਿ ਦਰਗਾਹ ਦੇ ਪ੍ਰਬੰਧ 'ਤੇ ਭਾਰੂ ਹੋਏ ਰੂੜ੍ਹੀਵਾਦੀਆਂ ਨੇ ਇਹ ਦਿਨ ਮਨਾਏ ਜਾਣ ਦੀ ਭਾਵਨਾ ਧੁੰਦਲੀ ਪਾ ਦਿੱਤੀ ਸੀ।


ਬੀਤੇ ਸਾਲਾਂ ਦੌਰਾਨ ਲਾਹੌਰ ਅਤੇ ਦਿੱਲੀ ਵਿਚ ਦੋ ਦਿਲਚਸਪ ਤਬਦੀਲੀਆਂ ਆਈਆਂ ਹਨ। ਲਾਹੌਰ ਵਿਚ ਰੂੜੀਵਾਦੀ ਮਜ਼ਹਬੀ ਦਹਿਸ਼ਤਗਰਦੀ, ਜਿਸ ਨੇ ਆਬਾਦੀ ਦੀ ਨੈਤਿਕਤਾ ਉਤੇ ਇਕ ਤਰ੍ਹਾਂ 'ਅਜਾਰੇਦਾਰੀ' ਕਾਇਮ ਕਰ ਲਈ ਜਾਪਦੀ ਹੈ ਅਤੇ ਇਸ ਵਲੋਂ (ਆਪਣੀ ਨਾਪਸੰਦੀ ਕਾਰਨ) ਇਸ ਤਿਉਹਾਰ ਨੂੰ ਇਕ ਤਰ੍ਹਾਂ ਖਤਮ ਕਰਨ ਦਾ ਤਹੱਈਆ ਕਰ ਲਿਆ ਜਾਪਦਾ ਹੈ। ਦੂਜੇ ਪਾਸੇ ਦਿੱਲੀ, ਜਿਸ ਨੇ ਸਦੀਆਂ ਤੋਂ ਰੂੜੀਵਾਦੀ ਹਕੂਮਤਾਂ ਦੌਰਾਨ ਇਕ ਤਰ੍ਹਾਂ ਇਸ ਤਿਉਹਾਰ ਦਾ ਖਾਤਮਾ ਹੀ ਕਰ ਦਿੱਤਾ ਸੀ, ਵਿਖੇ ਹੁਣ ਲੋਹੜੀ ਦੇ ਤਿਉਹਾਰ ਨੂੰ ਵੱਡੇ ਕਮਾਊ ਜਸ਼ਨ ਦਾ ਰੂਪ ਦੇਣ ਵਿਚ ਸਫਲਤਾ ਹਾਸਲ ਕਰ ਲਈ ਹੈ।

ਮੇਰਾ ਅੰਦਾਜ਼ਾ ਹੈ ਕਿ ਅਗਲੇ ਕੁਝ ਸਾਲਾਂ ਦੌਰਾਨ ਬਸੰਤ ਪੰਚਮੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਪੱਖੋਂ ਭਾਰਤ ਦਾ ਮੁੱਖ ਤਿਉਹਾਰ ਬਣ ਜਾਵੇਗੀ। ਇਹ ਤਕਰੀਬਨ ਉਸੇ ਤਰ੍ਹਾਂ ਹੋਵੇਗਾ, ਜਿਵੇਂ ਸਿਆਲਕੋਟ ਦੀ ਸਾਡੀ ਖੇਡ ਸਨਅਤ ਦੀ ਥਾਂ ਭਾਰਤ ਤੋਂ ਆਏ 'ਨਕਲੀ ਸਿਆਲਕੋਟੀਆਂ' ਨੇ ਕਬਜ਼ਾ ਕਰ ਲਿਆ ਹੈ। ਇਸ ਦੇ ਬਾਵਜੂਦ ਬਸੰਤ ਦੇ ਮਾਮਲੇ ਵਿਚ ਮੈਨੂੰ ਪੂਰਾ ਭਰੋਸਾ ਹੈ ਕਿ ਇਹ ਅਜਿਹੀ ਚੀਜ਼ ਹੈ ਜਿਸ ਉਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ।

ਬਸੰਤ ਦੀ ਖੂਬਸੂਰਤੀ ਇਸ ਹਕੀਕਤ ਵਿਚ ਹੈ ਕਿ ਇਹ ਸੱਚਮੁੱਚ ਲੋਕਾਂ ਦਾ ਤਿਉਹਾਰ ਹੈ, ਉਹ ਭਾਵੇਂ ਕਾਲੇ ਹੋਣ ਜਾਂ ਗੋਰੇ, ਤੇ ਭਾਵੇਂ ਉਹ ਕਿਸੇ ਵੀ ਧਾਰਮਕ ਅਕੀਦੇ ਨਾਲ ਸਬੰਧ ਰੱਖਦੇ ਹੋਣ; ਬਸੰਤ ਵਿਚ ਉਹ ਸਮਰੱਥਾ ਹੈ, ਜੋ ਸਾਡੇ ਅੰਦਰਲੇ ਆਸ਼ਾਵਾਦ ਨੂੰ ਬਾਹਰ ਲਿਆ ਸਕਦੀ ਹੈ। ਇਹ ਹੌਲੀ-ਹੌਲੀ ਆਪਣੇ ਆਪ ਹੋਣ ਵਾਲੀ ਪ੍ਰਕਿਰਿਆ ਹੈ। ਕਿਸੇ ਦਾ ਇਸ 'ਤੇ ਕੋਈ ਜ਼ੋਰ ਜ਼ਬਰ ਨਹੀਂ ਚਲਦਾ। ਜ਼ਿੰਦਗੀ ਨੂੰ ਮਨੁੱਖਾਂ ਦੇ ਰੰਗ-ਭੇਦ ਦੇ ਪੱਖ ਤੋਂ ਹੀ ਦੇਖਣ ਸਮਝਣ ਵਾਲੇ ਜੰਗਜੂ ਇੰਤਹਾਪਸੰਦਾਂ ਨੂੰ ਛੱਡ ਕੇ ਇਹ ਸਿਰਫ ਬਰ-ਏ-ਸਗੀਰ ਦੇ ਸੂਫੀ ਸੰਤ ਹੀ ਸਨ ਜਿਨ੍ਹਾਂ ਨੇ ਸਾਫ ਤੌਰ 'ਤੇ ਲੋਕਾਂ, ਖਾਸਕਰ ਗਰੀਬਾਂ ਦੇ ਵੱਖੋ ਵੱਖਰੇ ਰੰਗਾਂ ਨਸਲਾਂ ਤੇ ਲਹਿਜਿਆਂ ਦੇ ਨਜ਼ਰੀਏ ਤੋਂ ਦੇਖਿਆ ਸਮਝਿਆ।

ਦਾਤਾ ਗੰਜ ਬਖਸ਼ ਤੋਂ ਲੈ ਕੇ ਹਜ਼ਰਤ ਨਿਜ਼ਾਮੂਦੀਨ ਔਲੀਆ ਤੋਂ ਬੁੱਲ੍ਹੇ ਸ਼ਾਹ ਤਕ ਸਾਰਿਆਂ ਨੇ ਬਸੰਤ ਦੇ ਬਦਲਦੇ ਰੰਗਾਂ ਵਿਚ ਸਭ ਦੀ ਰੂਹ ਦੀ ਖੂਬਸੂਰਤੀ ਨੂੰ ਦੇਖਿਆ, ਜਿਵੇਂ ਸਰ੍ਹੋਂ ਦੇ ਖੇਤਾਂ ਵਿਚ ਪੀਲੇ ਫੁੱਲਾਂ 'ਚੋਂ ਜ਼ਿੰਦਗੀ ਖਿੜ ਕੇ ਸਾਹਮਣੇ ਆਉਂਦੀ ਹੈ।

ਇਸ ਗੱਲ ਵੱਲ ਧਿਆਨ ਦਿੱਤੇ ਬਿਨਾ ਕਿ ਕੋਈ ਕਿਸ ਨੂੰ ਤੇ ਕਿਵੇਂ ਪੂਜਦਾ ਹੈ, ਬੁਨਿਆਦੀ ਹਕੀਕਤ ਇਹ ਹੈ ਕਿ ਸਾਡੀ ਕਿਸਮਤ ਦੀਆਂ ਜੜ੍ਹਾਂ ਸਾਡੀ ਜ਼ਮੀਨ ਵਿਚ ਮਜ਼ਬੂਤੀ ਨਾਲ ਜੰਮੀਆਂ ਹੋਈਆਂ ਹਨ। ਸ਼ੁਰੂਆਤੀ ਬਿੰਦੂ ਇਹੋ ਤੱਥ ਇਹ ਹੈ ਕਿ ਬਸੰਤ ਦਾ ਸਾਫ ਮਤਲਬ ਹੁੰਦਾ ਹੈ ਕਿ ਛੇਤੀ ਹੀ ਸੂਰਜ ਦੀ ਗਰਮੀ ਨਾਲ ਸਾਡੀ ਕਣਕ ਪੱਕ ਜਾਵੇਗੀ ਅਤੇ ਇਸ ਨਾਲ ਇਕ ਹੋਰ ਸਾਲ ਲਈ ਸਾਡੇ ਵਾਸਤੇ ਅੰਨ ਦਾ ਪ੍ਰਬੰਧ ਹੋ ਜਾਵੇਗਾ। ਇਕੱਲੇ ਪ੍ਰਾਚੀਨ ਧਰਮਾਂ ਨੂੰ ਹੀ ਦੇਖ ਲਓ; ਜਿਵੇਂ ਜੈਨ, ਹਿੰਦੂ ਜਾਂ ਬੋਧੀ, ਇਹ ਸਾਰੇ ਆਪਣੇ ਜ਼ਮਾਨੇ 'ਚ ਲਾਹੌਰ ਵਿਚ ਵਧੇ-ਫੁੱਲੇ ਅਤੇ ਮੁਸਲਮਾਨ ਫਕੀਰਾਂ ਨੇ ਇਸ ਨੂੰ ਨਵੇਂ ਅਰਥ ਦਿੱਤੇ। ਸਿੱਖ ਇਸ ਨੂੰ ਚੰਦ ਆਧਾਰਿਤ ਕੈਲੰਡਰ ਦੇ ਵਿਸਾਖ ਮਹੀਨੇ ਦੇ ਪੰਜਵੇਂ ਦਿਨ ਵਿਸਾਖੀ ਵਜੋਂ ਮਨਾਉਂਦੇ ਹਨ।



*ਲਾਹੌਰ ਵਿਚ ਪਤੰਗ ਉਡਾਉਣ ਦਾ ਨਜ਼ਾਰਾ।*

ਲਹਿੰਦੇ ਪੰਜਾਬ ਵਿਚ ਤਕਰੀਬਨ ਸਾਰਾ ਸਾਲ ਪਤੰਗਬਾਜ਼ੀ ਉਤੇ ਲੱਗੀ ਰਹਿੰਦੀ ਪਾਬੰਦੀ ਨੇ ਇਸ ਪ੍ਰਾਚੀਨ ਤਿਉਹਾਰ ਦਾ ਬਹੁਤ ਨੁਕਸਾਨ ਕੀਤਾ ਹੈ। ਪਾਬੰਦੀ ਦਾ ਕਾਰਨ ਪਤੰਗਬਾਜ਼ੀ ਲਈ ਵਰਤੀ ਜਾਂਦੀ ਪਲਾਸਟਿਕ ਡੋਰ ਹੈ, ਜੋ ਖੁਸ਼ੀਆਂ ਦੀ ਇਸ ਖੇਡ ਵਿਚ ਬਹੁਤ ਹੀ ਗਲਤ ਕਾਰਵਾਈ ਹੈ, ਕਿਉਂਕਿ ਖੇਡ ਵਿਚ ਗਲਤ ਤਰੀਕੇ ਅਪਨਾਉਣ ਵਾਲਾ ਬੰਦਾ ਕਦੇ ਉਸ ਖੇਡ ਤੋਂ ਖੁਸ਼ੀ ਨਹੀਂ ਲੈ ਸਕਦਾ। ਇਸ ਲਈ ਜੇ ਕੋਈ ਅਜਿਹੀ ਡੋਰ ਵਰਤਣ ਵਾਲਿਆਂ ਨੂੰ ਕਾਬੂ ਕਰਨ ਦਾ ਸੱਚਮੁੱਚ ਚਾਹਵਾਨ ਹੋਵੇ ਤਾਂ ਚਾਹੀਦਾ ਹੈ ਕਿ ਅਜਿਹੇ ਲੋਕਾਂ ਨੂੰ ਫੜ ਕੇ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਖੋਤੇ ਉਤੇ ਬਿਠਾ ਕੇ ਘੁਮਾਇਆ ਜਾਵੇ, ਇਸ ਤਰ੍ਹਾਂ ਸ਼ਾਇਦ 'ਕਾਨੂੰਨ' ਲਾਗੂ ਕੀਤਾ ਜਾ ਸਕੇ।

ਇਹ ਹੋਰ ਵੀ ਵਧੀਆ ਹੋ ਸਕਦਾ ਹੈ, ਜੇ ਲੋਕਾਂ ਨੂੰ ਆਖਿਆ ਜਾਵੇ ਕਿ ਉਹ ਅਜਿਹੀ ਡੋਰ ਵਰਤਣ ਵਾਲਿਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰਨ। ਇਸ ਲਈ ਅਧਿਕਾਰੀਆਂ ਨੂੰ ਸਾਰੇ ਲੋਕਾਂ ਦੇ ਸਹਿਯੋਗ ਦੀ ਲੋੜ ਪਵੇਗੀ ਜਦੋਂਕਿ ਪਾਬੰਦੀ ਲਾ ਕੇ ਉਹ ਕਿਸੇ ਸਹਿਯੋਗ ਦੇ ਹੱਕਦਾਰ ਨਹੀਂ ਰਹਿੰਦੇ। ਮਹਿਜ ਕੁਝ ਧੋਖੇਬਾਜ਼ਾਂ ਕਰਕੇ ਸਭ ਦੇ ਪਤੰਗਬਾਜ਼ੀ ਕਰਨ ਉਤੇ ਪਾਬੰਦੀ ਲਾ ਦੇਣਾ ਚੰਗੀ ਗੱਲ ਨਹੀਂ। ਜੇ ਇਹੋ ਦਲੀਲ ਵਰਤਣੀ ਹੈ, ਫਿਰ ਤਾਂ ਹਰ ਖੇਡ, ਭਾਵੇਂ ਉਹ ਸਭ ਤੋਂ ਵਧੀਆ ਤੇ ਮਨੋਰੰਜਕ ਹੀ ਕਿਉਂ ਨਾ ਹੋਵੇ, ਉਤੇ ਪਾਬੰਦੀ ਲੱਗ ਜਾਵੇਗੀ।


ਸਾਡੀ ਜਵਾਨੀ ਵੇਲੇ, ਰਾਤ ਦੀ ਪਤੰਗਬਾਜ਼ੀ ਤੋਂ ਪਹਿਲਾਂ ਅਸੀਂ ਕਾਗਜ਼ ਦੀਆਂ ਲਾਲਟੈਣਾਂ ਬਣਾ ਲੈਂਦੇ ਸਾਂ। ਫਿਰ ਰਾਤ ਨੂੰ ਪਤੰਗਬਾਜ਼ੀ ਹੁੰਦੀ ਤਾਂ ਪੁਰਾਣੇ ਲਾਹੌਰ ਸ਼ਹਿਰ ਦਾ ਅਸਮਾਨ ਅਣਗਿਣਤ ਉਡਦੀਆਂ ਰੰਗ-ਬਰੰਗੀਆਂ ਲਾਲਟੈਣਾਂ ਨਾਲ ਜਗਮਗਾਇਆ ਹੁੰਦਾ। ਇਹ ਬਹੁਤ ਹੀ ਦਿਲਕਸ਼ ਨਜ਼ਾਰਾ ਹੁੰਦਾ। ਬਸੰਤ ਮੌਕੇ ਲਾਹੌਰ ਓਨਾ ਹੀ ਖੂਬਸੂਰਤ ਜਾਂ ਬਦਸੂਰਤ ਹੋ ਸਕਦਾ ਹੈ, ਜਿੰਨਾ ਅਸੀਂ ਇਸ ਨੂੰ ਬਣਾਵਾਂਗੇ। ਮੈਂ ਬਸੰਤ ਨੂੰ ਕਮਾਊ ਤਿਉਹਾਰ ਬਣਾਉਣ ਦੀਆਂ ਭਾਰਤੀ ਕੋਸ਼ਿਸ਼ਾਂ ਨੂੰ ਆਪਣੇ ਵਲੋਂ ਸ਼ੁਭਕਾਮਨਾਵਾਂ ਦਿੰਦਾ ਹਾਂ। ਸਾਡੇ ਲਾਹੌਰੀਆਂ ਲਈ ਵੀ ਜ਼ਰੂਰੀ ਹੈ ਕਿ ਅਜਿਹੇ ਮੌਕਿਆਂ ਨੂੰ ਪਾਬੰਦੀਆਂ ਦੀਆਂ ਜ਼ੰਜੀਰਾਂ ਵਿਚ ਬੰਨ੍ਹਣ ਦੀ ਥਾਂ ਇਨ੍ਹਾਂ ਨੂੰ ਨਵੀਆਂ ਬੁਲੰਦੀਆਂ ਉਤੇ ਲਿਜਾਣਾ ਚਾਹੀਦਾ ਹੈ।


US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ




Financing - Loans
- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us for any Financing Need Nationwide.

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
425-529-6283 (Cell)
630-206-2467 (Fax)
www.ubbchicago.com aj@ubbchicago.com

# ਮੌਲਾਨਾ ਹਸਰਤ ਮੋਹਾਨੀ ਦੀ ਮਹਿਮਾ

ਹਿੰਦੋਸਤਾਨ ਦੀ ਵੰਡ ਪਿਛੋਂ ਹਾਕਮਾਂ ਨੇ ਇਨਕਲਾਬੀ ਤਹਿਰੀਕਾਂ ਨੂੰ ਅਣਡਿੱਠ ਕੀਤਾ ਅਤੇ ਅਕਾਦਮਿਕ ਤੌਰ 'ਤੇ ਵੀ ਇਸ ਦੀ ਅਣਦੇਖੀ ਕੀਤੀ ਗਈ। ਆਜ਼ਾਦੀ ਸੰਗਰਾਮ ਵਿਚ ਮਰ-ਮਿਟਣ ਵਾਲੇ ਮੁਸਲਿਮ ਭਾਈਚਾਰੇ ਦੇ ਇਨਕਲਾਬੀ ਦੇਸ਼ਭਗਤਾਂ ਨੂੰ ਤਾਂ ਮੂਲੋਂ ਹੀ ਨਕਾਰ ਦਿੱਤਾ ਗਿਆ। ਮੌਲਾਨਾ ਹਸਰਤ ਮੋਹਾਨੀ ਵੀ ਇਨ੍ਹਾਂ ਅਣਗੌਲੇ ਦੇਸ਼ਭਗਤਾਂ ਵਿਚੋਂ ਇਕ ਸਨ।

ਸ਼ਾਇਦ ਹੀ ਕੋਈ ਜਾਣਦਾ ਹੋਵੇ ਕਿ ਕਾਂਗਰਸ ਪਾਰਟੀ ਵਿਚ ਸਿਵਲ ਨਾ-ਫੁਰਮਾਨੀ ਅਤੇ ਨਾ-ਮਿਲਵਰਤਣ ਲਹਿਰਾਂ ਦਾ ਖਿਆਲ ਸਭ ਤੋਂ ਪਹਿਲਾਂ ਹਸਰਤ ਮੋਹਾਨੀ ਦੇ ਦਿਮਾਗ਼ ਵਿਚ ਆਇਆ ਸੀ। ਬਰਤਾਨਵੀ ਮਾਲ ਦਾ ਬਾਈਕਾਟ ਤੇ ਦੇਸ਼ ਅੰਦਰ ਬਣੀਆਂ ਚੀਜ਼ਾਂ ਦੀ ਵਰਤੋਂ ਕਰਨ ਦੀ ਰਾਇ ਵੀ ਉਨ੍ਹਾਂ ਨੇ ਦਿਤੀ ਸੀ। ਇਸ ਮੰਤਵ ਲਈ 1913 ਵਿਚ ਉਨ੍ਹਾਂ ਨੇ ਸਵਦੇਸ਼ੀ ਸਟੋਰ


ਚਰੰਜੀ ਲਾਲ ਕੰਗਣੀਵਾਲ
ਫੋਨ: +91-97806-02066

ਵੀ ਖੋਲ੍ਹਿਆ। 1857 ਦੇ ਗ਼ਦਰ ਮਗਰੋਂ ਹਸਰਤ ਮੋਹਾਨੀ ਪਹਿਲੇ ਅਜਿਹੇ ਮੁਸਲਮਾਨ ਤੇ ਬਾਲ ਗੰਗਾਧਰ ਤਿਲਕ ਤੋਂ ਬਾਅਦ ਦੂਜੇ ਅਜਿਹੇ ਹਿੰਦੁਸਤਾਨੀ ਸਨ ਜਿਨ੍ਹਾਂ ਨੂੰ ਹਕੂਮਤ ਨੇ ਸਿਆਸੀ ਸਰਗਰਮੀਆਂ ਕਾਰਨ ਕੈਦ ਕੀਤਾ।

ਹਸਰਤ ਦਾ ਜਨਮ ਯੂ.ਪੀ. ਦੇ ਕਸਬਾ ਮੋਹਾਨ ਵਿਚ 1881 ਨੂੰ ਹੋਇਆ। ਪਿੰਡ ਦੇ ਮਿਡਲ ਸਕੂਲ ਵਿਚੋਂ ਅੱਠਵੀਂ ਪਾਸ ਕਰਕੇ ਉਨ੍ਹਾਂ ਦਸਵੀਂ ਫਤਹਿਪੁਰ ਦੇ ਹਾਈ ਸਕੂਲ ਅਤੇ ਅਲੀਗੜ੍ਹ ਕਾਲਜ ਵਿਚੋਂ ਬੀ.ਏ. ਪਾਸ ਕੀਤੀ। ਕਾਲਜ ਸਮੇਂ ਉਨ੍ਹਾਂ ਨੂੰ ਸਿਆਸੀ ਸਰਗਰਮੀਆਂ ਕਰਕੇ ਅੰਗਰੇਜ਼ ਪ੍ਰਿੰਸੀਪਲ ਨੇ ਤਿੰਨ ਵਾਰ ਕਾਲਜ ਵਿਚੋਂ ਕੱਢਿਆ ਸੀ। 1907 ਵਿਚ ਉਨ੍ਹਾਂ ਨੇ ਇਕ ਰਸਾਲਾ ਸ਼ੁਰੂ ਕੀਤਾ ਜਿਸ ਵਿਚ ਉਘੇ ਦੇਸ਼ਭਗਤਾਂ ਦੇ ਲੇਖ ਛਾਪੇ। ਇਸ ਸਮੇਂ ਉਨ੍ਹਾਂ ਨੇ 'ਸਵਦੇਸ਼ੀ ਤਹਿਰੀਕ ਔਰ ਬਾਈਕਾਟ' ਦੇ ਸਿਰਲੇਖ ਹੇਠ ਲੇਖ ਵੀ ਲਿਖਿਆ। ਇਸ ਤੋਂ ਪਹਿਲਾਂ 1904 ਅਤੇ 1905 ਵਿਚ ਕਾਂਗਰਸ ਪਾਰਟੀ ਦੇ ਇਜਲਾਸਾਂ ਵਿਚ ਸ਼ਾਮਿਲ ਹੋ ਕੇ ਉਨ੍ਹਾਂ ਨੇ ਆਪਣੇ ਭਾਸ਼ਨਾਂ ਵਿਚ ਹਿੰਦੋਸਤਾਨੀ ਮਿੱਲਾਂ ਵਿਚ ਬਣੇ ਮਾਲ ਦੀ ਵਰਤੋਂ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੂੰ ਅਜਿਹੀਆਂ ਸਰਗਰਮੀਆਂ ਲਈ 1908 ਵਿਚ ਧਾਰਾ 124-ਏ ਹੇਠ ਦੋ ਸਾਲ ਕੈਦ ਤੇ 500 ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਜੁਰਮਾਨਾ ਵਸੂਲਣ ਲਈ ਉਨ੍ਹਾਂ ਦੀ ਹਜ਼ਾਰਾਂ ਦੀ ਕੀਮਤ ਦੀ ਲਾਇਬਰੇਰੀ ਨੂੰ ਸਰਕਾਰੀ ਅਧਿਕਾਰੀਆਂ ਨੇ ਸੱਠ ਰੁਪਏ ਵਿਚ ਨਿਲਾਮ ਕਰ ਦਿੱਤਾ। ਉਨ੍ਹਾਂ ਨੂੰ ਬਾਕੀ ਜੁਰਮਾਨਾ ਅਦਾ ਨਾ ਕਰ ਸਕਣ 'ਤੇ ਛੇ ਮਹੀਨੇ ਹੋਰ ਸਜ਼ਾ ਭੁਗਤਣੀ ਪਈ।

ਉਨ੍ਹਾਂ ਨੂੰ ਰਿਹਾਈ ਪਿੱਛੋਂ ਏਨੀਆਂ ਤੰਗੀਆਂ ਦਾ ਸਾਹਮਣਾ ਕਰਨਾ ਪਿਆ ਕਿ ਸਿਰ ਲੁਕਾਉਣ ਲਈ ਡੇਢ ਰੁਪਏ ਮਹੀਨਾ ਕਿਰਾਏ 'ਤੇ ਇਕ ਝੌਂਪੜਾ ਲੈ ਕੇ ਉਹ ਆਪ ਹੱਥ ਨਾਲ ਪ੍ਰੈਸ ਚਲਾ ਕੇ ਰਸਾਲਾ ਕੱਢਦੇ। 1916 ਵਿਚ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਤਾਂ ਗ਼ਦਰ ਲਹਿਰ ਦੀਆਂ ਸਰਗਰਮੀਆਂ ਕਾਰਨ ਪੈਦਾ ਹੋਈ ਚੇਤਨਾ ਕਾਰਨ ਉਨ੍ਹਾਂ ਦੀ ਗ੍ਰਿਫਤਾਰੀ ਵਿਰੁਧ ਰੋਸ ਪ੍ਰਗਟ ਕੀਤਾ ਗਿਆ। ਇਹ ਗ੍ਰਿਫਤਾਰੀ ਮੌਲਵੀ ਬਰਕਤ ਉਲਾ, ਅਬਦੁਲ ਰਬ ਅਤੇ ਉਬੈਦ ਉਲਾ ਸਿੰਧੀ ਨਾਲ ਸਬੰਧ ਹੋਣ ਅਤੇ ਅਧਿਕਾਰੀਆਂ ਦੇ ਹੁਕਮ ਦੀ ਪਰਵਾਹ ਨਾ ਕਰਨ ਦੇ ਦੋਸ਼ਾਂ ਤਹਿਤ ਕੀਤੀ ਗਈ ਸੀ। ਇਸ ਦੇ ਬਾਵਜੂਦ ਹਕੂਮਤ ਇੰਨਾ ਡਰਦੀ ਸੀ ਕਿ ਹਸਰਤ ਮੋਹਾਨੀ ਖਿਲਾਫ ਮੁਕੱਦਮਾ ਅਲੀਗੜ੍ਹ ਦੀ ਬਜਾਏ ਲਲਤਪੁਰ ਚਲਾਇਆ ਗਿਆ ਤਾਂ ਕਿ ਰੋਹ ਵਿਚ ਆ ਕੇ ਲੋਕ ਕੋਈ ਖਲਲ ਨਾ ਪਾ ਸਕਣ। ਮੌਲਾਨਾ ਹਸਰਤ ਮੋਹੀਨੀ ਦੀ ਸ਼ਖਸੀਅਤ ਦਾ ਕਮਾਲ ਹੀ ਸੀ ਕਿ ਅੰਗਰੇਜ਼ੀ ਹਕੂਮਤ ਮੈਜਿਸਟਰੇਟ ਮਿਰਜ਼ਾ ਅਲੀ ਰਜ਼ਾ ਨੂੰ ਉਨ੍ਹਾਂ ਪਾਸ ਭੇਜ ਕੇ ਉਨ੍ਹਾਂ ਨੂੰ ਮਨਾਉਣ ਦਾ ਯਤਨ ਕਰਦੀ ਰਹੀ। ਉਨ੍ਹਾਂ ਨੂੰ ਨਾ ਮੰਨਣ 'ਤੇ ਤਿੰਨ ਜੁਰਮਾਂ ਵਾਸਤੇ ਦੋ ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਅਦਾਲਤ ਵਿਚ ਹਸਰਤ ਮੋਹਾਨੀ ਵਲੋਂ ਦਿਤੇ ਗਏ ਬਿਆਨ ਨੂੰ 23 ਅਗਸਤ 1916 ਦੇ 'ਗ਼ਦਰ' ਅਖਬਾਰ ਨੇ ਇਉਂ ਛਾਪਿਆ: "ਜਿਸ ਨਜ਼ਰਬੰਦੀ ਵਿਚ ਘਰੋਂ ਬਾਹਰ ਨਿਕਲਣ ਦੀ ਇਜਾਜ਼ਤ ਨਾ ਹੋਵੇ; ਆਪਣੇ ਰਿਸ਼ਤੇਦਾਰਾਂ, ਔਰਤਾਂ, ਬੱਚਿਆਂ ਦੀਆਂ ਚਿੱਠੀਆਂ ਤਾਈਂ ਬੇਸ਼ਰਮ ਪੁਲਿਸ ਅਫਸਰਾਂ ਨੂੰ ਦਿਖਾਈਆਂ ਜਾਣ ਅਤੇ ਹਰ ਰੋਜ਼ ਸਵੇਰੇ-ਸ਼ਾਮ ਜ਼ਾਲਮ ਪੁਲਿਸ ਅਫਸਰਾਂ ਨੂੰ ਹਾਜ਼ਰੀ ਦੇ ਕੇ ਉਨ੍ਹਾਂ ਤੋਂ ਗਾਲ੍ਹਾਂ ਖਾਧੀਆਂ ਜਾਣ ਤਾਂ ਇਸ ਨਜ਼ਰਬੰਦੀ ਤੋਂ ਕੈਦ ਹਜ਼ਾਰ ਦਰਜ਼ੇ ਚੰਗੀ ਹੈ।" ਸੈਨ ਫਰਾਂਸਿਸਕੋ ਤੋਂ ਛਪੇ 21 ਜੂਨ 1916 ਦੇ 'ਗ਼ਦਰ' ਅਖਬਾਰ ਮੁਤਾਬਿਕ ਦੋ ਸਾਲ ਦੀ ਕੈਦ ਬਾਰੇ ਸੁਣਨ ਪਿਛੋਂ ਉਨ੍ਹਾਂ ਦੀ ਬੀਵੀ ਨੇ ਉਦਾਸ ਹੋਣ ਦੀ ਥਾਂ ਐਲਾਨ ਕੀਤਾ, "ਮੈਂ ਹਸਰਤ ਜੀ ਨੂੰ ਲਿਖ ਦਿੱਤਾ ਹੈ ਕਿ ਆਪ ਜੀ ਨੂੰ ਕੋਈ ਐਸਾ ਹੁਕਮ ਨਹੀਂ ਮੰਨਣਾ ਚਾਹੀਦਾ ਜੋ ਗ਼ਦਰੀ ਅਸੂਲਾਂ ਦੇ ਵਿਰੁੱਧ ਹੋਵੇ। ਭਾਵੇਂ ਆਪ ਜੀ ਨੂੰ ਕੈਸੇ ਹੀ ਕਸ਼ਟਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਾਵੇ।" ਸੈਨ ਫਰਾਂਸਿਸਕੋ ਤੋਂ ਗ਼ਦਰ ਅਖਬਾਰ 'ਚ ਛਪੀਆਂ ਇਨ੍ਹਾਂ ਟਿੱਪਣੀਆਂ ਤੋਂ ਜ਼ਾਹਿਰ ਹੈ ਕਿ ਦੇਸ਼ ਵਿਚਲੇ ਅਖਬਾਰ ਸਰਕਾਰ ਦੇ ਡਰ ਤੋਂ ਅਜਿਹੀਆਂ ਖਬਰਾਂ ਨੂੰ ਥਾਂ ਨਹੀਂ ਸੀ ਦਿੰਦੇ।

ਉਚੀ ਤਾਲੀਮ ਦੇ ਬਾਵਜੂਦ ਜੇਲ੍ਹ ਅੰਦਰ ਮੌਲਾਨਾ ਹਸਰਤ ਮੋਹਾਨੀ ਨੂੰ ਸਾਧਾਰਨ ਕੈਦੀ ਨਾਲੋਂ ਵੀ ਬੁਰੇ ਹਾਲਾਤ ਵਿਚ ਰੱਖਿਆ ਜਾਂਦਾ। ਜੇਲ੍ਹ ਦੇ ਜੀਵਨ ਬਾਰੇ ਉਨ੍ਹਾਂ ਨੇ 'ਮੁਸਾਹ ਦਾਤੇ-ਜ਼ਿੰਦਾ'



ਨਾਮੀਂ ਕਿਤਾਬ ਲਿਖੀ ਜਿਸ ਨੂੰ ਪੜ੍ਹ ਕੇ ਲੂ ਕੰਡੇ ਖੜ੍ਹੇ ਹੋ ਜਾਂਦੇ ਹਨ। ਜੇਲ੍ਹ ਅੰਦਰ ਚੱਕੀ ਪੀਂਹਦਿਆਂ ਉਹ ਆਪਣਾ ਸ਼ਿਅਰ ਗਾਇਆ ਕਰਦੇ ਸਨ:

ਹੈ ਮਸ਼ਕੇ ਸੁਖਨ ਜਾਰੀ,
ਚੱਕੀ ਕੀ ਮੁਸ਼ੱਕਤ ਭੀ,
ਇਕਤਰਫਾ ਤਮਾਸ਼ਾ ਹੈ,
ਹਸਰਤ ਕੀ ਤਬੀਅਤ ਭੀ।

(ਮੈਂ ਸ਼ਾਇਰੀ ਵੀ ਕਰ ਰਿਹਾ ਹਾਂ ਤੇ ਚੱਕੀ ਵੀ ਪੀਹ ਰਿਹਾ ਹਾਂ)

18 ਸਤੰਬਰ 1918 ਨੂੰ ਰਿਹਾਈ ਹੋਈ ਤਾਂ ਉਹ 12 ਨਵੰਬਰ 1919 ਨੂੰ ਦਿੱਲੀ ਵਿਚ ਹੋਈ ਖਿਲਾਫਤ ਕਾਨਫਰੰਸ 'ਚ ਸ਼ਾਮਲ ਹੋਏ ਜਿਥੇ ਮਹਾਤਮਾ ਗਾਂਧੀ ਵੀ ਹਾਜ਼ਰ ਸਨ। ਇਸ ਮੌਕੇ ਵਾਪਰੀ ਇਕ ਘਟਨਾ ਦਾ ਵਰਣਨ ਮਹਾਤਮਾ ਗਾਂਧੀ ਨੇ ਆਪਣੀ ਆਤਮ-ਕਥਾ ਵਿਚ ਇਉਂ ਕੀਤਾ ਹੈ: "ਮੈਂ ਉਸ ਬਾਰੇ ਸੁਣਿਆ ਤਾਂ ਹੋਇਆ ਸੀ, ਕਾਨਫਰੰਸ 'ਚ ਆ ਕੇ ਪਤਾ ਲੱਗਾ ਕਿ ਉਹ ਕਿੱਡਾ ਵੱਡਾ ਇਨਕਲਾਬੀ ਦੇਸ਼ਭਗਤ ਹੈ! ਅਸੀਂ ਸ਼ੁਰੂ ਤੋਂ ਇਕ ਦੂਜੇ ਦੇ ਵਿਰੋਧੀ ਰਹੇ। ਜਦੋਂ ਮੋਹਾਨੀ ਨੇ ਬਾਈਕਾਟ ਬਾਰੇ ਜੋਸ਼ੀਲੀ ਤਕਰੀਰ ਕੀਤੀ ਤਾਂ ਮੈਂ ਇਕ ਵਾਰ ਡਰਿਆ ਕਿ ਮੈਂ ਇਸ ਦਾ ਉਤਰ ਨਹੀਂ ਦੇ ਸਕਾਂਗਾ ਪਰ ਮੈਂ ਹੌਂਸਲਾ ਫੜਿਆ ਤੇ ਉਸ ਦੀ ਤਕਰੀਰ ਦਾ ਜਵਾਬ ਦਿੱਤਾ। ਪਿਛੋਂ ਦੇ ਬੁਲਾਰਿਆਂ ਨੇ ਮੇਰੀ ਹਮਾਇਤ ਕੀਤੀ ਤਾਂ ਮੈਂ ਸਫਲ ਰਿਹਾ। ਉਸ ਦੀ ਤਕਰੀਰ ਸੁਣ ਕੇ ਮੈਨੂੰ ਨਾ-ਮਿਲਵਰਤਣ ਦੀ ਤਹਿਰੀਕ ਦਾ ਵਿਚਾਰ ਪਨਪਿਆ।"

ਸੁਭਾਸ਼ ਚੰਦਰ ਬੋਸ ਨੇ 1921 ਨੂੰ ਅਹਿਮਦਾਬਾਦ ਵਿਖੇ ਹੋਏ ਕੌਮੀ ਇਜਲਾਸ ਬਾਰੇ ਆਪਣੀ ਕਿਤਾਬ 'ਚ ਲਿਖਿਆ, "ਹਸਰਤ ਮੋਹਾਨੀ ਨੇ ਕਾਂਗਰਸ ਸੈਸ਼ਨ 'ਚ ਮਤਾ ਪੇਸ਼ ਕੀਤਾ ਕਿ ਕਾਂਗਰਸ ਆਪਣੇ ਵਿਧਾਨ ਵਿਚ 'ਹਿੰਦੋਸਤਾਨ ਫੈਡਰਲ ਰਿਪਬਲਿਕ ਹੈ' ਲਿਖੇ। ਉਸ ਨੇ ਇਹ ਵੀ ਮੰਗ ਰੱਖੀ ਕਿ 'ਸਵਰਾਜ' ਦੀ ਸਾਫ-ਸਾਫ ਵਿਆਖਿਆ ਕੀਤੀ ਜਾਵੇ ਕਿ ਇਸ ਦਾ ਅਰਥ ਮੁਕੰਮਲ ਆਜ਼ਾਦੀ ਹੈ। ਉਸ ਦੀ ਤਕਰੀਰ ਏਨੀ ਜੋਸ਼ੀਲੀ ਸੀ ਕਿ ਮੈਨੂੰ ਲੱਗਾ, ਇਹ ਤਜ਼ਵੀਜ਼ ਬਹੁਗਿਣਤੀ ਨਾਲ ਪਾਸ ਹੋਵੇਗੀ ਪਰ ਇਕੱਲੇ ਮਹਾਤਮਾ ਗਾਂਧੀ ਦੇ ਵਿਰੋਧ ਕਰਕੇ ਰੱਦ ਹੋ ਗਈ।"

1921 ਵਿਚ ਅਹਿਮਦਾਬਾਦ ਦੇ ਕਾਂਗਰਸ ਸੈਸ਼ਨ ਸਮੇਂ 'ਮੁਕੰਮਲ ਅਜ਼ਾਦੀ' ਦਾ ਮਤਾ ਵੀ ਪਹਿਲੀ ਵਾਰ ਹਸਰਤ ਮੋਹਾਨੀ ਨੇ ਹੀ ਪੇਸ਼ ਕੀਤਾ ਜਦੋਂਕਿ ਮਹਾਤਮਾ ਗਾਂਧੀ ਨੇ ਇਸ ਦਾ ਵਿਰੋਧ ਕੀਤਾ ਸੀ। ਇਹ ਭੇਤ ਡਾ. ਰਾਜਿੰਦਰ ਪ੍ਰਸਾਦ ਨੇ 'ਬਾਪੂ ਕੇ ਕਦਮੋਂ ਮੇਂ' ਕਿਤਾਬ ਵਿਚ ਖੋਲ੍ਹਿਆ।

ਹਸਰਤ ਮੋਹਾਨੀ ਦੂਜੀ ਵਾਰ ਗ੍ਰਿਫਤਾਰ ਕੀਤੇ ਗਏ ਤਾਂ ਇਸ ਬਾਰੇ ਅਬੁਲ ਕਲਾਮ ਅਜ਼ਾਦ ਨੇ 'ਕਾਰਬਾਨੇ-ਖਿਆਲ' 'ਚ ਲਿਖਿਆ, "ਹਸਰਤ ਦਾ ਇਸ ਮੁਲਕ ਵਿਚ ਕੋਈ ਮੁਕਾਬਲਾ ਨਹੀਂ ਹੈ। ਜੋ ਕੁਝ ਉਹ ਕਰ ਰਿਹਾ ਹੈ ਹਿੰਦੁਸਤਾਨੀ ਉਸ ਨੂੰ 50 ਸਾਲ ਪਿਛੋਂ ਸਮਝਣਗੇ।"

ਬਾਕੀ ਲੀਡਰਾਂ ਵਾਂਗ ਹਸਰਤ ਮੋਹਾਨੀ, ਮਹਾਤਮਾ ਗਾਂਧੀ ਨੂੰ ਲੀਡਰ ਨਹੀਂ ਸੀ ਮੰਨਦੇ। ਉਹ ਉਨ੍ਹਾਂ ਦੇ ਬਰਾਬਰ ਦਾ ਹੋ ਕੇ ਵਿਚਰਦੇ ਸਨ। 1937 ਵਿਚ ਤੁਰਕ ਲੇਖਕਾ ਹਾਲਿਦਾ ਅਦੀਬ ਹਿੰਦੁਸਤਾਨ ਆਈ ਤੇ ਹਸਰਤ ਮੋਹਾਨੀ, ਮਹਾਤਮਾ ਗਾਂਧੀ ਸਮੇਤ ਹੋਰ ਆਗੂਆਂ ਨੂੰ ਮਿਲੀ। ਆਪਣੀ ਕਿਤਾਬ 'ਇਨਸਾਈਡ ਇੰਡੀਆ' ਵਿਚ ਉਸ ਨੇ ਲਿਖਿਆ, "ਮਹਾਤਮਾ ਗਾਂਧੀ ਨੇ ਹਸਰਤ ਮੋਹਾਨੀ ਬਾਰੇ ਮੇਰੇ ਇਕ ਮੁਸਲਿਮ ਦੋਸਤ ਨਾਲ ਗੱਲ ਕਰਦਿਆਂ ਕਿਹਾ ਕਿ ਜਦੋਂ ਵੀ ਮੈਂ ਹਸਰਤ ਨਾਲ ਗੱਲ ਕਰਦਾ ਹਾਂ ਤਾਂ ਉਸ ਰਾਤ ਮੈਨੂੰ ਚੈਨ ਨਾਲ ਨੀਂਦ ਨਹੀਂ ਆਉਂਦੀ।"

1922 ਵਿਚ ਖਿਲਾਫਤ ਕਮੇਟੀ ਦੀ ਮੀਟਿੰਗ ਵਿਚ ਹਸਰਤ ਮੋਹਾਨੀ ਨੇ ਮਤਾ ਪੇਸ਼ ਕੀਤਾ ਜੋ ਮੁਸਲਿਮ ਲੀਗ ਦੇ ਇਜਲਾਸ 'ਚ ਵੀ ਪੜ੍ਹਿਆ ਗਿਆ। ਇਸ 'ਚ ਇਹ ਗੱਲ ਜ਼ੋਰਦਾਰ ਢੰਗ ਨਾਲ ਪੇਸ਼ ਕੀਤੀ ਗਈ ਕਿ "ਸਾਨੂੰ ਪਹਿਲੀ ਜਨਵਰੀ 1922 ਨੂੰ ਇੰਡੀਅਨ ਰਿਪਬਲਿਕ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਅਗਰ ਹਕੂਮਤ ਮਾਰਸ਼ਲ ਲਾਅ ਲਾ ਦੇਵੇ ਤਾਂ ਸਾਨੂੰ ਗੁਰੀਲਾ ਲੜਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ।"

ਦਸੰਬਰ 1925 ਵਿਚ ਕਾਂਗਰਸ ਦੇ ਕਾਨਪੁਰ ਵਾਲੇ ਇਜਲਾਸ ਵਿਚ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਮਜ਼ਦੂਰਾਂ ਦੇ ਜਲੂਸ ਦੀ ਅਗਵਾਈ ਕਰਕੇ ਉਹ ਪੰਡਾਲ ਵਿਚ ਜ਼ਬਰਦਸਤੀ ਦਾਖਲ ਹੋ ਗਏ ਸਨ। ਉਹ ਇਸ ਤੋਂ ਅਗਲੇ ਦਿਨ ਸ਼ੁਰੂ ਹੋਈ ਕਮਿਊਨਿਸਟਾਂ ਦੀ ਪਹਿਲੀ ਕਾਨਫਰੰਸ ਦੇ ਮੁਖੀਆਂ ਵਿਚੋਂ ਸਨ ਜਿਹੜੀ ਸਤਿਆਭਗਤ ਦੇ ਯਤਨਾਂ ਨਾਲ ਹਿੰਦੋਸਤਾਨੀ ਕਮਿਊਨਿਸਟ ਪਾਰਟੀ ਦਾ ਗਠਨ ਕਰਨ ਲਈ ਕਾਨਪੁਰ ਵਿਚ ਹੋਈ। ਹਸਰਤ ਮੋਹਾਨੀ ਉਸ ਕਨਵੈਨਸ਼ਨ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਸਨ।

ਹਸਰਤ ਮੋਹਾਨੀ 1946 ਵਿਚ ਯੂ.ਪੀ. ਅਸੈਂਬਲੀ ਅਤੇ ਉਸੇ ਸਮੇਂ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ। ਉਨ੍ਹਾਂ ਨੇ ਪਾਰਲੀਮੈਂਟ ਦੇ ਮੈਂਬਰ ਵਜੋਂ ਇਕੱਲਿਆਂ ਹੀ ਇਸ ਗੱਲ ਦਾ ਵਿਰੋਧ ਕੀਤਾ ਕਿ ਇਹ ਹਿੰਦੋਸਤਾਨ ਦੇ ਸਮੁੱਚੇ ਲੋਕਾਂ ਦੀ ਠੀਕ ਨੁਮਾਇੰਦਗੀ ਨਹੀਂ ਕਰਦੀ, ਇਸ ਲਈ ਇਸ ਨੂੰ ਦੇਸ਼ ਦਾ ਵਿਧਾਨ ਪਾਸ ਕਰਨ ਦਾ ਹੱਕ ਨਹੀਂ। ਸਾਰੀ ਜ਼ਿੰਦਗੀ ਸਮਾਜਵਾਦ ਦੇ ਨਜ਼ਰੀਏ 'ਤੇ ਅਟੱਲ ਰਹਿਣ ਵਾਲੇ ਇਸ ਮਹਾਨ ਦੇਸ਼ਭਗਤ ਦਾ 13 ਮਈ 1951 ਨੂੰ ਲਖਨਊ ਵਿਚ ਦੇਹਾਂਤ ਹੋ ਗਿਆ।

## ਹਸਰਤ ਮੋਹਾਨੀ ਦੀ ਇਕ ਗਜ਼ਲ

ਚੁਪਕੇ ਚੁਪਕੇ ਰਾਤ ਦਿਨ ਆਂਸੂ ਬਹਾਨਾ ਯਾਦ ਹੈ।
ਹਮਕੋ ਅਬ ਤਕ ਆਸ਼ਿਕੀ ਕਾ ਵੋ ਜ਼ਮਾਨਾ ਯਾਦ ਹੈ।
ਤੁਝ ਸੇ ਕੁਛ ਮਿਲਤੇ ਹੀ ਵੋ ਬੇਬਾਕ ਹੋ ਜਾਨਾ ਮੇਰਾ,
ਔਰ ਤੇਰਾ ਦਾਂਤੋਂ ਮੇਂ ਵੋ ਉਂਗਲੀ ਦਬਾਨਾ ਯਾਦ ਹੈ।
ਖੇਂਚ ਲੇਨਾ ਵੋ ਮੇਰਾ ਪਰਦੇ ਕਾ ਕੋਨਾ ਦਫਾਤਨ,
ਔਰ ਦੁਪੱਟੇ ਸੇ ਤੇਰਾ ਵੋ ਮੂੰਹ ਛੁਪਾਨਾ ਯਾਦ ਹੈ।
ਗ਼ੈਰ ਕੀ ਨਜ਼ਰੋਂ ਸੇ ਬਚ ਕਰ ਸਭ ਕੀ ਮਰਜ਼ੀ ਕੇ ਖਿਲਾਫ,
ਵੋ ਤੇਰਾ ਚੋਰੀ ਛੁਪੇ ਰਾਤੋਂ ਕੋ ਆਨਾ ਯਾਦ ਹੈ।
ਦੋਪਹਰ ਕੀ ਧੂਪ ਮੇਂ ਮੇਰੇ ਬੁਲਾਨੇ ਕੇ ਲੀਏ,
ਵੋ ਤੇਰਾ ਕੋਠੇ ਪੇ ਨੰਗੇ ਪਾਓਂ ਆਨਾ ਯਾਦ ਹੈ।
ਚੋਰੀ ਚੋਰੀ ਹਮ ਸੇ ਤੁਮ ਆ ਕਰ ਮਿਲੇ ਥੇ ਜਿਸ ਜਗਹਾ,
ਮੁੱਦਤੇਂ ਗੁਜ਼ਰੀਂ ਪਰ ਅਬ ਤਕ ਵੋ ਠਿਕਾਨਾ ਯਾਦ ਹੈ।
ਸ਼ੌਕ ਮੇਂ ਮਹਿੰਦੀ ਕੇ ਵੋ ਬੇ ਦਸਤ-ਓ-ਪਾ ਹੋਨਾ ਤੇਰਾ,
ਔਰ ਮੇਰਾ ਵੋ ਛੇੜਨਾ, ਵੋ ਗੁਦਗੁਦਾਨਾ ਯਾਦ ਹੈ।
ਆ ਗਯਾ ਗਰ ਵਸਲ ਕੀ ਸ਼ਬ ਭੀ ਕਹੀਂ ਜ਼ਿਕਰੇ-ਫਿਰਾਕ,
ਵੋ ਤੇਰਾ ਰੋ ਰੋ ਕੇ ਮੁਝਕੋ ਭੀ ਰੁਲਾਨਾ ਯਾਦ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਫਰਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-365



*ਛੱਪੜ ਅਤੇ ਚਰਾਂਦਾਂ ਗੁੰਮੇ, ਘਟ ਗਏ ਮੱਝਾਂ-ਝੋਟੇ।
ਹੋਇਆ ਸਪੈਦਾ ਚਾਰੇ ਪਾਸੇ, ਵੱਢੇ ਪਿੱਪਲ ਬਰੋਟੇ।*

## ਕੈਪਸ਼ਨ ਮੁਕਾਬਲਾ-363



ਧੋ ਸੰਵਾਰ ਕੇ ਪੀਹਣ ਕਰਕੇ
ਕਣਕ ਸੁੱਕਣੀ ਪਾਈ।
ਭੁੱਖੇ ਗੋਲਿਆਂ ਹਮਲਾ ਕੀਤਾ
ਪੂਰੀ ਭੁੱਖ ਮਿਟਾਈ।
ਸੱਦਾ ਤਾਂ ਕੋਈ ਦਿੰਦਾ ਹੈ ਨ੍ਹੀਂ
ਤਾਂ ਹੀ ਸਕੀਮ ਲੜਾਈ।

***-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222***

---

ਧੋ ਕੇ ਕਣਕ ਮੰਜੇ 'ਤੇ ਪਾਈ
ਸਾਰਾ ਟੱਬਰ ਢੌਂਕੇ ਲਾਵੇ।
ਡਾਰ ਤੱਕ ਕੇ ਸੁੰਨਾ ਵਿਹੜਾ
ਬੇਚਿੰਤ ਮੌਜ ਨਾਲ ਖਾਵੇ।
ਬੇਜ਼ੁਬਾਨ ਲਈ ਸਮਝੋ ਦਾਤੇ
ਖੁਸ਼ ਹੋ ਚੋਗ ਖਿਲਾਰੀ।
ਦਾਣੇ ਦਾਣੇ 'ਤੇ ਮੋਹਰ ਲੱਗੀ
ਕੁਦਰਤ ਤੋਂ ਬਲਿਹਾਰੀ।

***-ਸੇਵਾ ਸਿੰਘ ਨੂਰਪੁਰੀ
ਸੈਨ ਹੋਜ਼ੇ, ਕੈਲੀਫੋਰਨੀਆ।***

---

ਕਬੀਲਾ ਕਬੂਤਰਾਂ ਦਾ 'ਕੱਠਾ ਹੋਇਆ
ਧੋਤੇ ਪੀਹਣ 'ਤੇ ਕੀਤਾ ਹੱਲਾ।
ਢਿੱਡ ਭਰ ਕੇ ਚੁਗਣਗੇ ਦਾਣੇ
ਰਿਜ਼ਕ ਤਾਂ ਦਿੰਦਾ ਸਭ ਨੂੰ ਅੱਲਾ।
ਜਿਸ ਦਾ ਲਿਖਿਆ, ਉਸ ਨੇ ਖਾਣਾ
ਨਹੀਂ ਕੌਣ ਫੜਾਉਂਦਾ ਪੱਲਾ।

***-ਦਵਿੰਦਰ ਕੌਰ***

---

ਦਾਣੇ ਦਾਣੇ ਉਤੇ ਹੁੰਦੀ ਮੋਹਰ
ਹੋ ਗਈ ਪੁਰਾਣੀ ਸੋਚ ਇਹੋ।
ਪਹੁੰਚ ਚੁਕੇ ਵਿਗਿਆਨੀ ਚੰਦ 'ਤੇ ਹੁਣ
ਦਿੰਦੇ ਅਰਘ ਅਜੇ ਵੀ
ਰੱਖ ਵਰਤ ਸ਼ਰਧਾਵਾਨ।
'ਹਾਂ ਜੀ, ਲਿਖਿਆ ਹੋਇਆ ਸੀ
ਦਾਣਾ ਪਾਣੀ ਖਿੱਚ ਕੇ ਲਿਆਉਂਦਾ।
ਕੌਣ ਕਿਸੇ ਦਾ ਖਾਂਦਾ ਹੈ।'
ਖਾ ਪੀ ਢਿੱਡ 'ਤੇ ਹੱਥ ਫੇਰਿਆ
ਕੁਝ ਤਾਂ ਕਹਿਣਾ ਬਣਦਾ ਹੀ ਹੈ
ਕਬੂਤਰ ਜਾਂ ਕੋਈ ਵੀ ਜਨੌਰ
ਨੱਚਦੇ, ਟੱਪਦੇ, ਖਾਂਦੇ ਹਰ ਵਕਤ ਰਹਿੰਦੇ।

***-ਦਰਸ਼ਨਪਾਲ ਦੋਸਾਂਝ***

---

ਦਾਣਾ-ਪਾਣੀ ਖਿੱਚਦਾ ਵਿਚ ਪਰਦੇਸਾਂ
ਕੋਈ ਕਿਸੇ ਨੂੰ ਖਵਾਉਂਦਾ ਨਹੀਂ
ਖਾਂਦਾ ਆਪਣੇ ਲੇਖਾਂ।
ਪਰਮਾਤਮਾ ਈ ਮਾਰਦਾ
ਹਰ ਇਕ ਦੇ ਲੇਖਾਂ ਵਿਚ ਮੇਖਾਂ।
ਹਰ ਇਨਸਾਨ ਨੇ ਐਸਾ
ਮਨ ਵਿਚ ਭਰਮ ਬਣਾਇਆ।
ਐਵੇਂ ਗੱਲਾਂ ਕਰਦੇ ਲੋਕੀਂ
ਮੈਂ ਉਸ ਨੂੰ ਖਵਾਇਆ।
ਓਹੀ ਦਿੰਦਾ ਸਭ ਨੂੰ
ਜਿਸ ਨੇ ਜਗਤ ਰਚਾਇਆ।
ਕੋਈ ਨਹੀਂ ਸਮਝ ਸਕਦਾ
ਉਸ ਪਰਮਾਤਮਾ ਦੀ ਮਾਇਆ।

***-ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-690-8403***

## ਗਜ਼ਲ

ਗਜ਼ਲ ਲਿਖਾਂ ਸੂਰਜ ਦੇ ਸੋਹਣੇ ਰੰਗ ਵਰਗੀ
ਜਾਂ ਅੱਲ੍ਹੜ ਮੁਟਿਆਰ ਦੀ ਸੋਹਣੀ ਸੰਗ ਵਰਗੀ।

ਬਾਗਾਂ ਦੇ ਵਿਚ ਆਈ ਨਵੀਂ ਬਹਾਰ ਜਿਹੀ
ਸਾਗਰ ਵਿਚੋਂ ਉਠੀ ਕਿਸੇ ਤਰੰਗ ਵਰਗੀ।

ਬਾਰਸ਼ ਮਗਰੋਂ ਨੀਲ ਗਗਨ ਦੀ ਪੀਂਘ ਜਿਹੀ
ਜਾਂ ਕੋਇਲ ਦੀ ਸੱਧਰਾਂ ਭਰੀ ਉਮੰਗ ਵਰਗੀ।

ਸੁਬਹ ਸਵੇਰੇ ਜਾਂ ਚਿੜੀਆਂ ਦੀ ਚੂਹਕ ਜਿਹੀ
ਜਾਂ ਹੋਵੇ ਸ਼ਾਇਰ ਦੇ ਲਿਖੇ ਵਿਅੰਗ ਵਰਗੀ।

ਜਾਂ ਬ੍ਰਿਹਣ ਦੀ ਬ੍ਰਿਹਾ ਭਰੀ ਉਡੀਕ ਜਿਹੀ
ਜਾਂ ਦੁਲਹਨ ਦੇ ਹੱਥ ਖਣਕਦੀ ਵੰਗ ਵਰਗੀ।

ਜਾਂ ਪਿਆਸੀ ਪਿਆਸੀ ਸ਼ਾਮ ਸੁਰਮਈ ਜਿਹੀ
ਜਾਂ ਬੱਦਲਾਂ ਵਿਚ ਉਡਦੀ ਹੋਈ ਪਤੰਗ ਵਰਗੀ।

ਜਾਂ ਹੋਵੇ 'ਸੁਰਜੀਤ' ਮੇਰੇ ਅਰਮਾਨਾਂ ਜਿਹੀ
ਜਾਂ ਸੋਹਣੇ ਸਾਂਵਲ ਦੇ ਸੋਹਣੇ ਸੰਗ ਵਰਗੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

Visit us on the web:wwwpunjabtimesusa.com

# ਪਾਕਿਸਤਾਨ 'ਚ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਸੰਗਤ ਲਈ ਮੁੜ ਖੋਲ੍ਹਿਆ

**ਜਲੰਧਰ:** ਨਨਕਾਣਾ ਸਾਹਿਬ (ਪਾਕਿਸਤਾਨ) 'ਚ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਦੀ ਮੁੱਖ ਇਮਾਰਤ 10 ਸਾਲ ਦੇ ਨਵੀਨੀਕਰਨ ਮਗਰੋਂ ਸ਼ਰਧਾਲੂਆਂ ਲਈ ਖੋਲ੍ਹ ਦਿੱਤੀ ਗਈ ਹੈ। ਇਹ ਗੁਰਦੁਆਰਾ ਉਸ ਥਾਂ 'ਤੇ ਸੁਸ਼ੋਭਿਤ ਹੈ ਜਿਥੋਂ ਦੇ ਖੇਤਾਂ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਬਚਪਨ 'ਚ ਆਪਣੇ ਦੋਸਤਾਂ ਨਾਲ ਖੇਡਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਪਰਮਾਤਮਾ ਦੀ ਭਗਤੀ ਦਾ ਗਿਆਨ ਦਿੰਦੇ ਸਨ। ਇਹ ਗੁਰਦੁਆਰਾ, ਜਨਮ ਅਸਥਾਨ ਤੋਂ 300 ਮੀਟਰ ਦੱਖਣ-ਪੂਰਬ ਵਿਚ ਪੈਂਦਾ ਹੈ।

1921 ਤੋਂ ਪਹਿਲਾਂ ਗੁਰਦੁਆਰੇ ਦਾ ਪ੍ਰਬੰਧ ਨਿਰਮਲੇ ਸਿੱਖਾਂ ਵੱਲੋਂ ਦੇਖਿਆ ਜਾਂਦਾ ਸੀ। 1921 ਅਤੇ 1947 ਵਿਚਕਾਰ ਗੁਰਦੁਆਰੇ ਦੀ ਦੇਖਭਾਲ ਸਿੱਖਾਂ ਕੋਲ ਆ ਗਈ ਸੀ। ਵੰਡ ਤੋਂ ਬਾਅਦ ਇਸ ਦਾ ਪ੍ਰਬੰਧ ਪਾਕਿਸਤਾਨ ਦੇ ਔਕਾਫ ਬੋਰਡ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਇਮਾਰਤ ਦੀ ਹਾਲਤ ਖਸਤਾ ਹੋਣ ਕਰਕੇ ਸੰਗਤਾਂ ਲਈ ਗੁਰਦੁਆਰਾ ਕਰੀਬ 17 ਸਾਲ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ।

ਗੁਰਦੁਆਰੇ ਦੇ ਗ੍ਰੰਥੀ ਸੁਖਬੀਰ ਸਿੰਘ ਮਾਨ ਨੇ ਦੱਸਿਆ ਕਿ ਹੁਣ ਕਾਰ ਸੇਵਾ ਮੁਕੰਮਲ ਹੋਣ ਮਗਰੋਂ ਗੁਰਦੁਆਰੇ ਨੂੰ ਸੰਗਤ ਦੇ ਦਰਸ਼ਨ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਕਾਰ ਸੇਵਾ ਵਿਚ ਯੂਕੇ ਆਧਾਰਿਤ ਜਥੇ ਗੁਰੂ ਕਾ ਬਾਗ, ਬਾਬਾ ਜਗਤਾਰ ਸਿੰਘ ਤਰਨ ਤਾਰਨ, ਔਕਾਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ 'ਤੇ ਸਹਿਯੋਗ ਕੀਤਾ ਹੈ। ਉਨ੍ਹਾਂ ਕਿਹਾ ਕਿ ਲੰਗਰ ਹਾਲ, ਪ੍ਰਕਾਸ਼ ਅਸਥਾਨ ਅਤੇ ਸੁਖਾਸਨ ਸਥਾਨ ਦਾ ਨਵੀਨੀਕਰਨ ਕੀਤਾ ਗਿਆ ਹੈ। ਮੰਨਿਆ ਜਾਂਦਾ ਹੈ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਨਗਰ ਦਾ ਦੌਰਾ ਕਰਕੇ ਗੁਰਦੁਆਰੇ ਦਾ ਘੇਰਾ ਵਧਾਇਆ ਸੀ। 1748 'ਚ ਮੁਲਤਾਨ 'ਤੇ ਜਿੱਤ ਮਗਰੋਂ ਦੀਵਾਨ ਕੌੜਾ ਮੱਲ ਨੇ ਪਵਿੱਤਰ ਸਰੋਵਰ ਦੀ ਸਫਾਈ ਕਰਵਾ ਕੇ ਉਸ 'ਚ ਇੱਟਾਂ ਲਗਵਾਈਆਂ ਸਨ। ਸਾਲ 1800 ਦੀ ਸ਼ੁਰੂਆਤ ਵਿਚ ਗੁਰਦੁਆਰੇ ਦੇ ਨਵੀਨੀਕਰਨ ਅਤੇ ਸਰੋਵਰ ਨੂੰ ਵੱਡਾ ਕਰਨ 'ਚ ਮਹਾਰਾਜਾ ਰਣਜੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਸੀ।



## ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਦਾ ਐਲਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਕ ਸਮਾਗਮ ਦੌਰਾਨ ਨਨਕਾਣਾ ਸਾਹਿਬ ਵਿਖੇ ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ। ਸ੍ਰੀ ਖਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਾਬਾ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਇਕ ਜੰਗਲੀ ਰੱਖ ਬਣਾਵੇਗੀ ਅਤੇ ਨਨਕਾਣਾ ਸਾਹਿਬ ਵਿਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਵੀ ਕਾਇਮ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਬੱਲੋਕੀ ਵਿਚ ਪੌਦੇ ਲਾਉਣ ਦੀ ਮੁਹਿੰਮ ਵਿਚ ਸ਼ਿਰਕਤ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਜੰਗਲਾਂ ਦੀ ਹਰ ਕੀਮਤ 'ਤੇ ਰਾਖੀ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਲ ਖੇਤਰ ਵਿਚ ਪਟੇ 'ਤੇ ਦਿੱਤੀ ਜੰਗਲੀ ਜ਼ਮੀਨ ਮੁੜ ਹਾਸਲ ਕੀਤੀ ਜਾਵੇਗੀ ਅਤੇ ਪਾਕਿਸਤਾਨ ਵਿਚ ਜੰਗਲ ਹੇਠਲਾ ਇਲਾਕਾ ਖਿੱਤੇ ਦੇ ਹੋਰਨਾਂ ਮੁਲਕਾਂ ਨਾਲੋਂ ਕਾਫੀ ਘੱਟ ਹੈ। ਉਨ੍ਹਾਂ ਧਿਆਨ ਦਿਵਾਇਆ ਕਿ ਚੀਚਾਵਤਨੀ, ਮੀਆਂਵਾਲੀ ਅਤੇ ਚੰਗਾ ਆਦਿ ਵਿਚਲੇ ਜੰਗਲੀ ਇਲਾਕੇ ਖਤਮ ਹੋ ਗਏ ਹਨ।

# ਪਾਕਿਸਤਾਨ ਵਿਚ ਸਿੱਖਾਂ ਦੇ ਮੱਕਾ ਤੇ ਮਦੀਨਾ: ਇਮਰਾਨ ਖਾਨ

ਦੁਬਈ: ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੰਯੁਕਤ ਅਰਬ ਅਮੀਰਾਤ ਵਿਚ ਕਿਹਾ ਕਿ ਪਾਕਿਸਤਾਨ ਵਿਚ ਸਿੱਖਾਂ ਦੇ ਮੱਕਾ ਤੇ ਮਦੀਨਾ ਹਨ ਅਤੇ ਇਨ੍ਹਾਂ ਥਾਵਾਂ ਨੂੰ ਘੱਟ ਗਿਣਤੀਆਂ ਲਈ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਨਵੰਬਰ ਮਹੀਨੇ ਵਿਚ ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਲੈ ਕੇ ਭਾਰਤ ਵਿਚ ਪੈਂਦੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ 'ਚ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਤੱਕ ਲਾਂਘੇ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤਾਂ ਜੋ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਬਿਨਾਂ ਵੀਜ਼ੇ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ।



ਉਹ ਯੂਏਈ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ-ਮਕਤੂਮ ਦੇ ਸੱਦੇ 'ਤੇ ਵਿਸ਼ਵ ਸਰਕਾਰ ਸੰਮੇਲਨ ਵਿਚ ਹਿੱਸਾ ਲੈਣ ਲਈ ਯੂਏਈ ਦੇ ਦੋ ਦਿਨਾਂ ਦੌਰੇ ਉਤੇ ਸਨ। ਸ੍ਰੀ ਖਾਨ ਨੇ ਕਿਹਾ ਕਿ ਉਨ੍ਹਾਂ ਨੇ ਵੀਜ਼ਾ ਵਿਵਸਥਾ ਖੋਲ੍ਹ ਦਿੱਤੀ ਹੈ। ਪਹਿਲੀ ਵਾਰ 70 ਦੇਸ਼ਾਂ ਤੋਂ ਪਾਕਿਸਤਾਨ ਆਉਣ ਵਾਲੇ ਲੋਕ ਹਵਾਈ ਅੱਡੇ ਉਤੇ ਹੀ ਵੀਜ਼ਾ ਹਾਸਲ ਕਰ ਸਕਦੇ ਹਨ। ਪਾਕਿਸਤਾਨ ਵਿਚ 5000 ਸਾਲ ਪੁਰਾਣੀ ਸਿੰਧੂ ਘਾਟੀ ਸਭਿਅਤਾ ਹੈ, ਵਿਸ਼ਵ ਦਾ ਸਭ ਤੋਂ ਪੁਰਾਣਾ 2500 ਸਾਲ ਪੁਰਾਣਾ ਸ਼ਹਿਰ ਪੇਸ਼ਾਵਰ ਹੈ। ਇਸ ਤੋਂ ਇਲਾਵਾ ਕਾਫੀ ਪੁਰਾਣੇ ਸ਼ਹਿਰ ਲਾਹੌਰ ਤੇ ਮੁਲਤਾਨ ਵੀ ਹਨ। ਇਸੇ ਤਰ੍ਹਾਂ ਇਸਲਾਮਾਬਾਦ ਦੇ ਉੱਤਰ ਵਿਚ ਗੰਧਾਰ ਸਭਿਅਤਾ ਹੈ ਜਿਥੋਂ ਬੋਧ ਸਭਿਅਤਾ ਨੂੰ ਵਧਣ-ਫੁੱਲਣ ਦਾ ਮੌਕਾ ਮਿਲਿਆ। ਮਹਾਤਮਾ ਬੁੱਧ ਦੀ ਸੌਂਦੇ ਹੋਏ ਦੀ ਸਭ ਤੋਂ ਵੱਡੀ 40 ਫੁੱਟ ਦੀ ਮੂਰਤੀ ਹਰੀਪੁਰ ਵਿਚ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਦੇਸ਼ ਨੂੰ ਸੈਰ-ਸਪਾਟੇ ਲਈ ਖੋਲ੍ਹਣ ਜਾ ਰਹੇ ਹਨ।

## ਮਹਿਬੂਬਾ ਵੱਲੋਂ ਇਮਰਾਨ ਦੀ ਸ਼ਲਾਘਾ

**ਸ੍ਰੀਨਗਰ:** ਪੀਪਲਜ਼ ਡੈਮੋਕ੍ਰੈਟਿਕ ਪਾਰਟੀ (ਪੀ.ਡੀ.ਪੀ.) ਮੁਖੀ ਮਹਿਬੂਬਾ ਮੁਫ਼ਤੀ ਨੇ ਜੰਗਲੀ ਰੱਖ ਦਾ ਨਾਮ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ ਨਾਮ 'ਤੇ ਰੱਖੇ ਜਾਣ ਦੇ ਫੈਸਲੇ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸ਼ਲਾਘਾ ਕੀਤੀ ਹੈ। ਕੇਂਦਰ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਇੰਜ ਜਾਪਦਾ ਹੈ ਕਿ ਪੁਰਾਣੇ ਸ਼ਹਿਰਾਂ ਦੇ ਨਾਮ ਬਦਲਣ ਅਤੇ ਅਯੁੱਧਿਆ 'ਚ ਰਾਮ ਮੰਦਰ ਉਸਾਰੇ ਜਾਣਾ ਭਾਰਤ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ ਬਣ ਗਿਆ ਹੈ। ਦੂਜੇ ਪਾਸੇ ਇਹ ਦੇਖ ਕੇ ਖੁਸ਼ੀ ਹੋਈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਬਾਲੋਕੀ ਜੰਗਲੀ ਰੱਖ ਦਾ ਨਾਮ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਰੱਖਣ ਅਤੇ ਉਨ੍ਹਾਂ ਦੇ ਨਾਮ ਉਤੇ ਯੂਨੀਵਰਸਿਟੀ ਬਣਾਏ ਜਾਣ ਲਈ ਕਦਮ ਉਠਾਇਆ ਹੈ।

# ਚੌਕੀ 'ਤੇ ਬਰਫ ਦੇ ਤੋਦੇ ਡਿੱਗਣ ਕਾਰਨ 7 ਪੁਲਿਸ ਮੁਲਾਜ਼ਮ ਹਲਾਕ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚ ਸ੍ਰੀਨਗਰ-ਜੰਮੂ ਕੌਮੀ ਸ਼ਾਹਰਾਹ 'ਤੇ ਜਵਾਹਰ ਸੁਰੰਗ ਨੇੜੇ ਬਣੀ ਚੌਕੀ 'ਤੇ ਬਰਫ ਡਿੱਗਣ ਕਾਰਨ ਸੱਤ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਜਦੋਂ ਕਿ ਦੋ ਜਣਿਆਂ ਨੂੰ ਬਾਹਰ ਕੱਢ ਲਿਆ ਗਿਆ ਹੈ ਅਤੇ ਇਕ ਲਾਪਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਸੱਤ ਹੋਰ ਪੁਲਿਸ ਮੁਲਾਜ਼ਮ ਬਰਫ ਹੇਠਾਂ ਦੱਬੇ ਹੋਣ ਦੀ ਸੰਭਾਵਨਾ ਹੈ। ਬਰਫ ਦੇ ਤੋਦਿਆਂ ਨਾਲ ਕਾਜ਼ੀਗੁੰਡ ਵਾਲੇ ਪਾਸੇ ਜਵਾਹਰ ਸੁਰੰਗ ਦਾ ਉੱਤਰੀ ਗੇਟ ਪ੍ਰਭਾਵਿਤ ਹੋਇਆ।

ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਇਕ ਘਰ 'ਤੇ ਬਰਫ ਦੇ ਤੋਦੇ ਡਿੱਗਣ ਪਤੀ-ਪਤਨੀ ਦੀ ਮੌਤ ਹੋ ਗਈ ਜਦੋਂਕਿ ਬਚਾਅ ਦਲ ਵੱਲੋਂ ਦੋ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕੋਕਰਨਾਗ ਖੇਤਰ ਵਿਚ ਬਸ਼ੀਰ ਅਹਿਮਦ ਦੇ ਘਰ 'ਤੇ ਬਰਫ ਦੇ ਤੋਦੇ ਡਿੱਗ ਗਏ। ਇਸ ਦੌਰਾਨ ਘਰ ਵਿਚ ਰਹਿੰਦੇ ਪਰਿਵਾਰ ਦੇ ਚਾਰੋਂ ਜੀਅ ਬਰਫ ਹੇਠ ਦੱਬ ਗਏ। ਬਚਾਅ ਦਲਾਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਕੇ ਦੋ ਬੱਚਿਆਂ ਨੂੰ ਬਰਫ ਵਿਚੋਂ ਜਿਉਂਦਾ ਬਾਹਰ ਕੱਢ ਲਿਆ ਜਦਕਿ ਉਨ੍ਹਾਂ ਦੇ ਮਾਤਾ-ਪਿਤਾ ਦੀ ਮੌਤ ਹੋ ਗਈ।

ਇਸੇ ਤਰ੍ਹਾਂ ਰਾਮਬਨ ਜ਼ਿਲ੍ਹੇ ਵਿਚ ਜੰਮੂ-ਸ੍ਰੀਨਗਰ ਸ਼ਾਹਰਾਹ 'ਤੇ ਢਿੱਗਾਂ ਡਿੱਗਣ ਕਾਰਨ ਸਹਾਇਕ ਅਕਾਊਂਟ ਅਫਸਰ ਸਣੇ ਦੋ ਵਿਅਕਤੀਆਂ ਦੀ ਮੌਤ ਹੋ ਗਈ। ਉਹ ਮਾਰੂਗ ਖੇਤਰ ਵਿਚੋਂ ਪੈਦਲ ਲੰਘ ਰਹੇ ਸਨ। ਇਸ ਦੌਰਾਨ ਢਿੱਗਾਂ ਡਿੱਗ ਗਈਆਂ ਤੇ ਉਹ ਲਪੇਟ 'ਚ ਆ ਗਏ। ਮ੍ਰਿਤਕਾਂ ਦੀ ਪਛਾਣ ਸਹਾਇਕ ਅਕਾਊਂਟ ਅਫਸਰ ਪਰਮੋਦ ਮਾਨਕੋਟੀਆ ਵਾਸੀ ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੇ ਸੰਜੀਤ ਲਕਾਰਾ ਵਜੋਂ ਹੋਈ ਹੈ। ਸ਼ਾਹਰਾਹ 'ਤੇ ਫਸੇ ਲੋਕਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜ਼ਰੂਰੀ ਵਸਤਾਂ ਲੈ ਕੇ ਜਾ ਰਹੇ ਤਕਰੀਬਨ ਟਰੱਕਾਂ ਸਮੇਤ ਤਕਰੀਬਨ 1500 ਵਾਹਨ ਇਸ ਵੇਲੇ ਇਸ ਸ਼ਾਹਰਾਹ 'ਤੇ ਵੱਖ ਵੱਖ ਥਾਵਾਂ 'ਤੇ ਫਸੇ ਖੜ੍ਹੇ ਹਨ। ਜੰਮੂ-ਕਸ਼ਮੀਰ ਦੇ ਰਾਜਪਾਲ ਸੱਤਿਆ ਪਾਲ ਮਲਿਕ ਨੇ ਰਾਜ ਵਿਚ ਵੱਖ ਵੱਖ ਥਾਈਂ ਬਰਫ ਅਤੇ ਢਿੱਗਾਂ ਡਿੱਗਣ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ

# ਮੋਗਾ 'ਚ ਪਰਵਾਸੀ ਪੰਜਾਬੀ ਦਾ ਕਤਲ

**ਮੋਗਾ:** ਮੋਗਾ-ਕੋਟਕਪੂਰਾ ਰੋਡ 'ਤੇ ਸੇਮ ਨਾਲੇ 'ਚੋਂ ਪਰਵਾਸੀ ਪੰਜਾਬੀ ਲਾਸ਼ ਮਿਲੀ ਹੈ। ਉਸ ਦਾ ਰੱਸੀ ਨਾਲ ਗਲ ਘੁੱਟ ਕੇ ਕਤਲ ਕੀਤਾ ਗਿਆ ਹੈ। ਪੁਲਿਸ ਨੇ ਲਾਸ਼ ਦੇ ਨੇੜਿਓਂ ਪਲਾਸਟਿਕ ਦੀ ਚਿੱਟੀ ਰੱਸੀ ਵੀ ਬਰਾਮਦ ਕੀਤੀ ਹੈ। ਮ੍ਰਿਤਕ ਦਾ ਕੋਈ ਧੀ-ਪੁੱਤ ਜਾਂ ਪਤਨੀ ਇਥੇ ਨਹੀਂ ਹੈ। ਮ੍ਰਿਤਕ ਦੀ ਭਰਜਾਈ ਪਰਮਜੀਤ ਕੌਰ ਪਤਨੀ ਗੁਰਦੇਵ ਸਿੰਘ ਉਰਫ ਤਾਰੀ ਪਿੰਡ ਘੱਲ ਕਲਾਂ ਦੇ ਬਿਆਨ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ।


ਪਰਮਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਵਿਦੇਸ਼ ਗਿਆ ਹੋਇਆ ਹੈ। ਉਸ ਦਾ ਜੇਠ ਪਰਵਾਸੀ ਪੰਜਾਬੀ ਸੁਖਦੇਵ ਸਿੰਘ 20/25 ਸਾਲ ਤੋਂ ਇੰਗਲੈਂਡ ਰਹਿੰਦਾ ਸੀ ਤੇ ਉਹ ਕਰੀਬ ਪਿਛਲੇ 3-4 ਮਹੀਨੇ ਪਹਿਲਾਂ ਇੰਗਲੈਂਡ ਤੋਂ ਆ ਕੇ ਪਿੰਡ ਘੱਲ ਕਲਾਂ ਰਹਿ ਰਿਹਾ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਹ ਕੁਝ ਦਿਨ ਤੋਂ ਆਪਣੇ ਪੇਕੇ ਪਿੰਡ ਕੋਕਰੀ ਕਲਾਂ ਗਈ ਹੋਈ ਸੀ, ਜਦ ਉਹ ਵਾਪਸ ਆਈ ਤਾਂ ਉਸ ਨੇ ਦੇਖਿਆ ਕਿ ਉਸ ਦੇ ਜੇਠ ਦੇ ਕਮਰੇ ਨੂੰ ਤਾਲਾ ਲੱਗਿਆ ਹੋਇਆ ਸੀ। ਭਾਲ ਕਰਨ 'ਤੇ ਪਤਾ ਲੱਗਾ ਕਿ ਉਸ ਦੇ ਜੇਠ ਦੀ ਲਾਸ਼ ਪਿੰਡ ਸਿੰਘਾਂਵਾਲਾ ਦੇ ਸੇਮ ਨਾਲੇ ਨੇੜੇ ਕਣਕ ਦੇ ਖੇਤਾਂ ਵਿਚ ਪਈ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਸੁਖਦੇਵ ਸਿੰਘ ਆਪਣੀ ਪਤਨੀ ਨਾਲ ਅਣਬਣ ਹੋਣ ਕਾਰਨ ਇਥੇ ਆ ਕੇ ਰਹਿਣ ਲੱਗਾ ਸੀ। ਉਹ ਸ਼ਰਾਬ ਪੀਣ ਦਾ ਆਦੀ ਸੀ। ਉਸ ਨੇ ਆਪਣੀ ਜ਼ਮੀਨ ਤੇ ਘਰ ਦਾ ਕੁਝ ਹਿੱਸਾ ਵੀ ਵੇਚ ਦਿੱਤਾ ਸੀ ਅਤੇ ਸਿਰਫ ਇਕ ਕਮਰੇ 'ਚ ਰਹਿੰਦਾ ਸੀ।

# ਰਾਜਸਥਾਨ 'ਚ ਗੁੱਜਰਾਂ ਦਾ ਅੰਦੋਲਨ ਹਿੰਸਕ ਹੋਇਆ

**ਜੈਪੁਰ:** ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ 'ਚ ਪੰਜ ਫੀਸਦੀ ਰਾਖਵੇਂਕਰਨ ਦੀ ਮੰਗ ਕਰ ਰਹੇ ਗੁੱਜਰ ਭਾਈਚਾਰੇ ਦਾ ਅੰਦੋਲਨ ਧੌਲਪੁਰ ਜ਼ਿਲ੍ਹੇ 'ਚ ਹਿੰਸਕ ਹੋ ਗਿਆ। ਇਸ ਦੌਰਾਨ ਗੋਲੀਆਂ ਚਲਾਈਆਂ ਗਈਆਂ ਅਤੇ ਤਿੰਨ ਪੁਲਿਸ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ।

ਪੁਲਿਸ ਨੇ ਰਾਜਮਾਰਗ 'ਤੇ ਬੈਠੇ ਧਰਨਾਕਾਰੀਆਂ ਨੂੰ ਖਦੇੜਨ ਲਈ ਅੱਥਰੂ ਗੈਸ ਦੀ ਗੋਲੇ ਛੱਡੇ। ਉਧਰ ਰੇਲ ਪਟੜੀਆਂ 'ਤੇ ਧਰਨਾ ਦੇਣ ਕਾਰਨ ਰੇਲਵੇ ਨੂੰ ਕਈ ਗੱਡੀਆਂ ਰੱਦ ਕਰਨੀਆਂ ਪਈਆਂ ਹਨ।

ਰੇਲ ਅਤੇ ਸੜਕ ਆਵਾਜਾਈ ਰੋਕਣ ਕਰਕੇ ਗੁੱਜਰ ਆਗੂ ਕਿਰੋੜੀ ਸਿੰਘ ਬੈਂਸਲਾ ਦੇ ਘਰ ਬਾਹਰ ਸਰਕਾਰ ਨੇ ਨੋਟਿਸ ਚਿਪਕਾ ਦਿੱਤਾ ਹੈ। ਗੁੱਜਰਾਂ ਵੱਲੋਂ ਸਵਾਈ ਮਾਧੋਪੁਰ ਜ਼ਿਲ੍ਹੇ 'ਚ ਰੇਲ ਪਟੜੀਆਂ 'ਤੇ ਵੀ ਧਰਨਾ ਦਿੱਤਾ ਗਿਆ। ਇਸ ਕਾਰਨ ਅਧਿਕਾਰੀਆਂ ਨੂੰ ਤਿੰਨ ਰੇਲਗੱਡੀਆਂ ਰੱਦ ਕਰਨੀਆਂ ਪਈਆਂ ਅਤੇ ਇਕ ਦਾ ਰਾਹ ਮੋੜਨਾ ਪਿਆ। ਉੱਤਰੀ ਰੇਲਵੇ ਨੂੰ ਵੀ ਵੀਹ ਗੱਡੀਆਂ ਰੱਦ ਕਰਨੀਆਂ ਪਈਆਂ ਅਤੇ ਸੱਤ ਦੇ ਰਾਹ ਬਦਲ ਦਿੱਤੇ ਗਏ।



# ਮਾਇਆਵਤੀ ਨੂੰ ਮੋੜਨਾ ਪਵੇਗਾ ਬੁੱਤਾਂ 'ਤੇ ਖਰਚਿਆ ਪੈਸਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਉਸ ਨੂੰ ਪਹਿਲੀ ਨਜ਼ਰੇ ਇਹੀ ਲਗਦਾ ਹੈ ਕਿ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੂੰ ਲਖਨਊ ਤੇ ਨੋਇਡਾ ਦੇ ਪਾਰਕਾਂ ਵਿਚ ਉਸਾਰੇ ਆਪਣੇ ਅਤੇ ਪਾਰਟੀ ਦੇ ਚੋਣ ਨਿਸ਼ਾਨ ਹਾਥੀ ਦੇ ਬੁੱਤਾਂ 'ਤੇ ਖਰਚ ਕੀਤਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਉਣਾ ਹੋਵੇਗਾ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਇਹ ਟਿੱਪਣੀਆਂ ਇਕ ਐਡਵੋਕੇਟ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀਆਂ ਹਨ। ਐਡਵੋਕੇਟ ਨੇ ਪਟੀਸ਼ਨ ਵਿਚ ਤਰਕ ਦਿੱਤਾ ਸੀ ਕਿ ਸਰਕਾਰੀ ਪੈਸੇ ਨੂੰ ਸਿਆਸੀ ਪਾਰਟੀ ਦੇ ਪ੍ਰਚਾਰ ਪਾਸਾਰ ਅਤੇ ਆਪਣੇ ਹੀ ਬੁੱਤ ਉਸਾਰਨ ਲਈ ਨਹੀਂ ਵਰਤਿਆ ਜਾ ਸਕਦਾ। ਕੇਸ ਦੀ ਅਗਲੀ ਸੁਣਵਾਈ 2 ਅਪ੍ਰੈਲ ਨੂੰ ਹੋਵੇਗੀ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ, 'ਪਹਿਲੀ ਨਜ਼ਰੇ ਸਾਡਾ ਇਹ ਵਿਚਾਰ ਹੈ ਕਿ ਮਾਇਆਵਤੀ ਨੂੰ ਆਪਣੇ ਅਤੇ ਪਾਰਟੀ ਦੇ ਚੋਣ ਨਿਸ਼ਾਨ ਹਾਥੀ ਦੇ ਬੁੱਤਾਂ 'ਤੇ ਖਰਚਿਆ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਉਣਾ ਹੋਵੇਗਾ।' ਬੈਂਚ, ਜਿਸ ਵਿਚ ਜਸਟਿਸ ਦੀਪਕ ਗੁਪਤਾ ਤੇ ਸੰਜੀਵ ਖੰਨਾ ਵੀ ਸ਼ਾਮਲ ਸਨ, ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਅਸਥਾਈ ਹੈ, ਕਿਉਂਕਿ ਕੇਸ ਦੀ ਸੁਣਵਾਈ ਨੂੰ ਅਜੇ ਥੋੜ੍ਹਾ ਸਮਾਂ ਲੱਗੇਗਾ।

ਐਡਵੋਕੇਟ ਰਵੀ ਕਾਂਤ ਨੇ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਸਾਲ 2008-09 ਦੇ ਬਜਟ ਲਈ ਰੱਖੇ ਪੈਸੇ 'ਚੋਂ ਲਖਨਊ ਤੇ ਨੋਇਡਾ ਵਿਚ ਆਪਣੀਆਂ ਮੂਰਤੀਆਂ ਤੇ ਹਾਥੀ ਦੇ ਬੁੱਤਾਂ ਦੀ ਉਸਾਰੀ ਕਰਵਾਈ। ਇਸ ਤੋਂ ਪਹਿਲਾਂ ਅਦਾਲਤ ਨੇ ਇਸ ਮਾਮਲੇ ਵਿਚ ਕਈ ਅੰਤਰਿਮ ਹੁਕਮ ਤੇ ਹਦਾਇਤਾਂ ਜਾਰੀ ਕੀਤੀਆਂ ਸਨ, ਜੋ ਵਾਤਾਵਰਨ ਤੇ ਹੋਰਨਾਂ ਮੁੱਦਿਆਂ ਨਾਲ ਸਬੰਧਤ ਸਨ।

# ਤੇਜਸਵੀ ਨੂੰ ਬੰਗਲਾ ਖਾਲੀ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦੀ ਅਪੀਲ ਨੂੰ ਖਾਰਜ ਕਰਦਿਆਂ" ਉਪ ਮੁੱਖ ਮੰਤਰੀ ਵਾਲਾ ਬੰਗਲਾ ਖਾਲੀ ਕਰ ਕੇ ਵਿਰੋਧੀ ਧਿਰ ਦੇ ਨੇਤਾ ਲਈ ਬਣੇ ਬੰਗਲੇ ਵਿਚ ਜਾਣ ਲਈ ਕਹਿ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਯਾਦਵ ਨੇ ਉਪ ਮੁੱਖ ਮੰਤਰੀ ਲਈ ਬਣਿਆ ਬੰਗਲਾ ਖਾਲੀ ਕਰਨ ਦੇ ਪਟਨਾ ਹਾਈ ਕੋਰਟ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਰਾਸ਼ਟਰੀ ਜਨਤਾ ਦਲ ਦੇ ਆਗੂ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਵਾਲਾ ਬੰਗਲਾ ਖਾਲੀ ਕਰ ਕੇ ਵਿਰੋਧੀ ਧਿਰ ਦੇ ਬੰਗਲੇ 'ਚ ਜਾਣ ਲਈ ਕਿਹਾ ਅਤੇ 50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ।

# ਪਾਣੀ ਦਾ ਕਿੱਸਾ: ਬੁਰਾ ਹਾਲ ਹੋਇਆ ਪੰਜਾਬ ਦਾ...

ਸੈਂਟਰਲ ਗਰਾਊਂਡ ਵਾਟਰ ਬੋਰਡ ਐਂਡ ਦਿ ਸਟੇਟ'ਜ਼ ਵਾਟਰ ਰਿਸੋਰਸਜ਼ ਐਂਡ ਇਨਵਾਇਰਨਮੈਂਟ ਡੈਰੇਕਟੋਰੇਟ ਦੀ ਰਿਪੋਰਟ 'ਗਰਾਊਂਡ ਵਾਟਰ ਰਿਸੋਰਸਜ਼ ਆਫ ਪੰਜਾਬ' ਵਿਚ ਖੁਲਾਸਾ ਕੀਤਾ ਗਿਆ ਹੈ ਕਿ ਹਰ ਸਾਲ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 0.37 ਮੀਟਰ ਥੱਲੇ ਜਾ ਰਿਹਾ ਹੈ। ਪਿਛਲੇ 6 ਸਾਲਾਂ ਵਿਚ ਧਰਤੀ ਹੇਠਲੇ ਪਾਣੀ ਦੀ ਲੋੜੋਂ ਵੱਧ ਵਰਤੋਂ 16 ਫੀਸਦ ਵਧੀ ਹੈ। 2013 ਵਿਚ ਧਰਤੀ ਹੇਠਾਂ ਰੀਚਾਰਜ ਹੋਏ ਪਾਣੀ ਨਾਲੋਂ ਉਸ ਦਾ ਨਿਕਾਲ 149 ਫੀਸਦ ਸੀ ਜਿਹੜਾ ਹੁਣ 165 ਫੀਸਦ ਹੋ ਗਿਆ ਹੈ। ਨਤੀਜੇ ਵਜੋਂ ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਥੱਲੇ ਨੂੰ ਜਾ ਰਿਹਾ ਹੈ।

1984 ਦੇ ਮੁਕਾਬਲੇ 2016 ਦੌਰਾਨ ਪੰਜਾਬ ਦੇ ਕੁੱਲ ਰਕਬੇ ਵਿਚੋ 85 ਫੀਸਦ ਰਕਬੇ

**ਡਾ. ਗਿਆਨ ਸਿੰਘ**
ਫੋਨ: +91-99156-82196

ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਗਿਆ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਮੋਗਾ, ਮੁਹਾਲੀ, ਪਠਾਨਕੋਟ, ਪਟਿਆਲਾ ਤੇ ਸੰਗਰੂਰ ਹਨ ਜਿੱਥੇ ਹਰ ਸਾਲ ਧਰਤੀ ਹੇਠਲਾ ਪਾਣੀ 0.49 ਮੀਟਰ ਦੇ ਕਰੀਬ ਥੱਲੇ ਗਿਆ ਹੈ। ਪੰਜਾਬ ਵਿਚ 60 ਮੀਟਰ ਦੀ ਡੂੰਘਾਈ ਤੱਕ 50-60 ਫੀਸਦ ਪਾਣੀ ਤਾਜ਼ਾ ਅਤੇ ਸਿੰਜਾਈ ਲਈ ਠੀਕ ਹੈ, 20-30 ਫੀਸਦ ਪਾਣੀ ਖਾਰਾ ਅਤੇ ਸਿੰਜਾਈ ਲਈ ਹਾਸ਼ੀਏ ਵਾਲੇ ਮਿਆਰ ਦਾ ਹੈ, ਜਦੋਂ ਕਿ 15-25 ਫੀਸਦ ਦੇ ਕਰੀਬ ਪਾਣੀ ਖਾਰਾ ਤੇ ਸਿੰਜਾਈ ਦੇ ਯੋਗ ਨਹੀਂ ਹੈ।

ਪੰਜਾਬ ਵਿਚ ਧਰਤੀ ਹੇਠਲਾ ਪਾਣੀ ਥੱਲੇ ਜਾਣ ਦੇ ਕਈ ਕਾਰਨ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਪਾਣੀ ਦੀ ਖੇਤੀਬਾੜੀ ਲਈ ਸਿੰਜਾਈ ਹੈ। ਧਰਤੀ ਹੇਠਲੇ ਪਾਣੀ ਦੇ ਥੱਲੇ ਵੱਲ ਜਾਣ ਵਾਲੇ ਉਹ ਵਿਕਾਸ ਖੰਡ ਹਨ ਜਿਨ੍ਹਾਂ ਵਿਚ ਫਸਲਾਂ ਪੈਦਾ ਕਰਨ ਲਈ ਸਿੰਜਾਈ ਵਾਲੇ ਪਾਣੀ ਦੀ ਉਪਲਬਧ ਮਾਤਰਾ ਦੇ ਮੁਕਾਬਲੇ ਕਿਤੇ ਵੱਧ ਵਰਤੋਂ ਹੋ ਰਹੀ ਹੈ। ਫਸਲਾਂ ਦੇ ਜੋੜ ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜ੍ਹਾ ਸਹਿ-ਸਬੰਧ ਹੈ; ਮਸਲਨ, ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਬਹੁਤ ਹੀ ਕਮੀ ਵਾਲੇ ਵਿਕਾਸ ਖੰਡਾਂ ਵਿਚ ਕਣਕ ਤੇ ਝੋਨਾ ਬੀਜਿਆ ਜਾਂਦਾ ਹੈ। ਇਹ ਦੋ ਫਸਲਾਂ ਕੁੱਲ ਬੀਜੇ ਗਏ ਰਕਬੇ ਦਾ ਤਿੰਨ-ਚੌਥਾਈ ਤੋਂ ਵੀ ਜ਼ਿਆਦਾ ਹਿੱਸਾ ਹਨ।

ਪੰਜਾਬ ਵਿਚ ਸਿੰਜਾਈ ਦੇ ਸਾਧਨਾਂ ਵਿਚ ਵਾਧਾ ਹੋਣ ਨਾਲ ਫਸਲਾਂ ਥੱਲੇ ਆਉਣ ਵਾਲੇ ਰਕਬੇ ਦਾ ਵਧਣਾ ਵੀ ਧਰਤੀ ਹੇਠਲੇ ਪਾਣੀ ਦੇ ਥੱਲੇ ਨੂੰ ਜਾਣ ਦਾ ਮਹੱਤਵਪੂਰਨ ਕਾਰਨ ਹੈ। ਅਨੁਮਾਨਾਂ ਤੋਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ, ਉਨ੍ਹਾਂ ਵਿਚ ਸੂਬੇ ਦੀ ਔਸਤਨ ਫਸਲੀ ਘਣਤਾ ਨਾਲੋਂ ਵਧੇਰੇ ਫਸਲੀ ਘਣਤਾ ਹੈ।

ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਥੱਲੇ ਜਾਣ ਦੇ ਮਾਮਲੇ ਵਿਚ ਝੋਨੇ ਦੀ ਬਿਜਾਈ ਹੇਠ ਆਇਆ ਰਕਬਾ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਲਈ ਸਿੰਜਾਈ



ਦੀ ਲੋੜ ਕਣਕ, ਨਰਮਾ, ਮੱਕੀ ਅਤੇ ਹੋਰ ਬਹੁਤ ਸਾਰੀਆਂ ਫਸਲਾਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਹੈ। 1973 ਤੋਂ ਪਿੱਛੋਂ, ਵਿਸ਼ੇਸ਼ ਕਰਕੇ ਪਰੰਪਰਾਗਤ ਤੌਰ ਉਤੇ ਗ਼ੈਰ-ਝੋਨਾ ਖੇਤਰਾਂ ਅਤੇ ਬਹੁਤ ਘੱਟ ਮੀਂਹ ਪੈਣ ਵਾਲੇ ਵਿਕਾਸ ਖੰਡਾਂ/ਇਲਾਕਿਆਂ ਵਿਚ ਝੋਨੇ ਦੀ ਲੁਆਈ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਤਕਰੀਬਨ ਉਹ ਸਾਰੇ ਵਿਕਾਸ ਖੰਡ/ ਇਲਾਕੇ ਜਿਨ੍ਹਾਂ ਵਿਚ ਕੁੱਲ ਬੀਜੇ ਜਾਣ ਵਾਲੇ ਰਕਬੇ ਵਿਚੋਂ ਵਧੇਰੇ ਥਾਂ ਝੋਨੇ ਦੀ ਲਵਾਈ ਨੂੰ ਦਿੱਤੀ ਜਾਂਦੀ ਹੈ, ਉਹ ਵਿਕਾਸ ਖੰਡ/ਇਲਾਕੇ ਹਨ, ਜਿਨ੍ਹਾਂ ਵਿਚ ਧਰਤੀ ਹੇਠਲੇ ਪਾਣੀ ਦਾ ਨਕਾਰਾਤਮਿਕ ਸੰਤੁਲਨ ਹੈ। ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਕਾਮਯਾਬੀ ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੀਆਂ ਹੋਰ ਜਿਣਸਾਂ ਦੇ ਮੁਕਾਬਲੇ ਝੋਨੇ ਦੀ ਮੁਕਾਬਲਤਨ ਜ਼ਿਆਦਾ ਘੱਟੋ-ਘੱਟ ਸਮਰਥਨ ਕੀਮਤ ਮਿਥਣ ਅਤੇ ਉਸ ਕੀਮਤ ਉਪਰ ਉਸ ਦੇ ਖਰੀਦਣ ਨੂੰ ਯਕੀਨੀ ਬਣਾ ਕੇ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਉਪਰ ਮੜ੍ਹ ਦਿੱਤੀ ਗਈ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਤੇਜ਼ੀ ਨਾਲ ਥੱਲੇ ਜਾਣ ਤੋਂ ਪੈਦਾ ਹੋਣ ਵਾਲੀਆਂ ਕੁਝ ਅਹਿਮ ਸਮੱਸਿਆਵਾਂ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਖੇਤੀਬਾੜੀ ਦੀ ਨਵੀਂ ਜੁਗਤ ਅਪਨਾਉਣ ਤੋਂ ਪਹਿਲਾਂ ਆਮ ਤੌਰ ਉਤੇ ਸਿੰਜਾਈ ਖੂਹਾਂ ਅਤੇ ਨਹਿਰਾਂ ਰਾਹੀਂ ਹੁੰਦੀ ਸੀ। ਇਹ ਜੁਗਤ ਅਪਨਾਉਣ ਨਾਲ ਸਿੰਜਾਈ ਦੀਆਂ ਲੋੜਾਂ ਵਧੀਆਂ, ਨਤੀਜੇ ਵਜੋਂ ਸਿੰਜਾਈ ਦਾ ਮੁੱਖ ਸਾਧਨ ਟਿਊਬਵੈੱਲ ਬਣ ਗਏ। ਪੰਜਾਬ ਵਿਚ 1960-61 ਦੌਰਾਨ ਟਿਊਬਵੈੱਲਾਂ ਦੀ ਗਿਣਤੀ 7445 ਸੀ ਜੋ ਹੁਣ 14 ਲੱਖ ਤੋਂ ਅੱਗੇ ਲੰਘ ਗਈ ਹੈ। ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਗਾਈਆਂ ਗਈਆਂ ਹਨ ਅਤੇ ਇਨ੍ਹਾਂ ਦੇ ਬੋਰਾਂ ਨੂੰ ਵੀ ਵਾਰ ਵਾਰ ਡੂੰਘਾ ਕਰਨਾ ਪੈ ਰਿਹਾ ਹੈ। ਸਿੰਜਾਈ ਦਾ ਇਹ ਸਾਧਨ ਬਹੁਤ ਮਹਿੰਗਾ ਹੋਣ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਵੱਸ ਤੋਂ ਬਾਹਰ ਹੋ ਰਿਹਾ ਹੈ ਜਿਸ ਲਈ ਉਹ ਜਾਂ ਤਾਂ ਕਰਜ਼ਾ ਲੈਂਦੇ ਹਨ ਅਤੇ ਜਦੋਂ ਕਰਜ਼ਾ ਵੀ ਨਹੀਂ ਮਿਲਦਾ ਤਾਂ ਆਪਣੀ ਪਹਿਲਾਂ ਤੋਂ ਛੋਟੀ ਜੋਤ ਦਾ ਕੁਝ ਹਿੱਸਾ ਵੇਚ ਦਿੰਦੇ ਹਨ।

1980 ਦੌਰਾਨ ਪੰਜਾਬ ਦੇ 3712 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਸੀ; 2007 ਦੌਰਾਨ ਇਨ੍ਹਾਂ ਪਿੰਡਾਂ ਦੀ ਗਿਣਤੀ 8515 ਹੋ ਗਈ। ਹੁਣ ਇਸ ਸਮੱਸਿਆ ਵਾਲੇ ਪਿੰਡਾਂ ਦੀ ਗਿਣਤੀ ਹੋਰ ਜ਼ਿਆਦਾ ਹੋਣ ਦੇ ਨਾਲ ਨਾਲ ਖੇਤੀਬਾੜੀ ਉਤਪਾਦਨ ਲਈ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ, ਕੀਟਨਾਸ਼ਕ ਤੇ ਨਦੀਨਨਾਸ਼ਕ ਅਤੇ ਹੋਰ ਜ਼ਹਿਰਾਂ ਤੇ ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਅਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ/ਖੂੰਹਦ ਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨਾਲ ਇਹ ਪਦਾਰਥ ਧਰਤੀ ਹੇਠਲੇ ਪਾਣੀ ਵਿਚ ਘੁਲ ਗਏ ਹਨ। ਨਤੀਜੇ ਵਜੋਂ ਬਹੁਤ ਜ਼ਿਆਦਾ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉਤੇ ਪੀਣ ਵਾਲਾ ਨਹੀਂ ਰਿਹਾ।

ਕੇਂਦਰ ਸਰਕਾਰ ਨੂੰ ਮੁਲਕ ਦੀ ਅਨਾਜ ਸੁਰੱਖਿਆ ਲਈ ਕਣਕ ਅਤੇ ਚੌਲ ਚਾਹੀਦੇ ਹਨ, ਉਸ ਨੂੰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਕੀਮਤੀ ਸੋਮੇ ਦਾ ਉਕਾ ਫਿਕਰ ਨਹੀਂ। ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਇੱਥੋਂ ਦੇ ਕਿਸਾਨਾਂ ਨੂੰ ਫਸਲੀ ਵੰਨ-ਸੁਵੰਨਤਾ ਬਾਰੇ ਕਈ ਸਲਾਹਾਂ/ਹਦਾਇਤਾਂ ਦਿੰਦੀ ਰਹਿੰਦੀ ਹੈ, ਪਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਆਪ ਹੀ ਇਸ ਦੇ ਉਲਟ ਚੱਲ ਰਹੀ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਹੋਰ ਰਹੀ ਕਮੀ ਅਜਿਹੀ ਢੁਕਵੀਂ ਨੀਤੀ ਦੀ ਮੰਗ ਕਰਦੀ ਹੈ ਜਿਸ ਨਾਲ ਉਪਯੋਗੀ ਕਦਮ ਚੁੱਕੇ ਜਾਣ। ਉਤਪਾਦਕਤਾ ਦਾ ਵਧੇਰੇ ਹੋਣਾ ਜਾਂ ਖੇਤੀਬਾੜੀ ਜਿਣਸਾਂ ਦੇ ਉਤਪਾਦਨ ਦੇ ਵਧੇਰੇ ਹੋਣ ਲਈ ਢੁਕਵੀਆਂ ਉਤਪਾਦਨ ਕੀਮਤਾਂ ਅਤੇ ਮੰਡੀ ਦੀ ਯਕੀਨੀ ਹੋਣਾ ਹੀ ਕਾਫੀ ਨਹੀ, ਸਗੋਂ ਖੇਤੀਬਾੜੀ ਦਾ ਸਦਾ ਲਈ ਚੱਲਦੇ ਰਹਿਣਾ ਪੰਜਾਬ ਦੇ ਵਿਕਾਸ ਦਾ ਧੁਰਾ ਹੋਣਾ ਚਾਹੀਦਾ ਹੈ। ਫਸਲੀ ਵੰਨ-ਸੁਵੰਨਤਾ ਲਿਆਉਣ ਲਈ ਫਸਲੀ ਚੱਕਰ ਵਿਚ ਕਣਕ-ਝੋਨੇ ਦੀ ਬਿਜਾਈ-ਲੁਆਈ ਦੀ ਬਜਾਏ ਖੇਤੀਬਾੜੀ ਮਾਹਰਾਂ ਦੀ ਰਾਇ ਅਨੁਸਾਰ ਕਣਕ-ਮੱਕੀ, ਕਣਕ-ਨਰਮਾ/ਕਪਾਹ, ਕਣਕ/ਬਾਸਮਤੀ ਝੋਨਾ ਜਾਂ ਹੋਰ ਫਸਾਲਾਂ ਅਪਨਾਈਆਂ ਅਤੇ ਬੀਜੀਆਂ-ਲਾਈਆਂ ਜਾਣ। ਅਜਿਹਾ ਕਰਨ ਲਈ ਇਨ੍ਹਾਂ ਫਸਲਾਂ ਦੀਆਂ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਾਜਬ ਪੱਧਰ ਉਪਰ ਤੈਅ ਕਰਨਾ ਤੇ ਉਨ੍ਹਾਂ ਕੀਮਤਾਂ ਉਪਰ ਸਰਕਾਰ ਦੁਆਰਾ ਉਨ੍ਹਾਂ ਦੀ ਖ਼ਰੀਦਦਾਰੀ ਯਕੀਨੀ ਬਣਾਉਣੀ ਪਵੇਗੀ।

ਸਮਾਂ ਬੀਤਣ ਨਾਲ ਦਰਿਆਵਾਂ ਵਿਚ ਪਾਣੀ ਘਟ ਗਿਆ ਹੈ। ਸੂਬੇ ਵਿਚ ਸਿਰਫ 27 ਫੀਸਦ ਰਕਬਾ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ, ਬਾਕੀ ਦਾ 73 ਫੀਸਦ ਰਕਬਾ ਟਿਊਬਵੈੱਲਾਂ ਉਪਰ ਨਿਰਭਰ ਹੈ। ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਹੁਣ ਸੁਪਰੀਮ ਕੋਰਟ ਵਿਚ ਹੈ। ਇਸ ਲਈ ਦਰਿਆਈ ਪਾਣੀਆਂ ਦੀ ਵੰਡ ਬਾਰੇ ਰਿਪੇਰੀਅਨ ਸਿਧਾਂਤ ਨੂੰ ਆਧਾਰ ਬਣਾਇਆ ਜਾਵੇ। ਸਾਰਾ ਸਾਲ ਚੱਲਣ ਵਾਲੇ ਦਰਿਆਵਾਂ ਅਤੇ ਵਰਖਾ ਦੇ ਮੌਸਮ ਵਿਚ ਚੱਲਣ ਵਾਲੀਆਂ ਨਦੀਆਂ ਉਪਰ ਚੈੱਕ-ਡੈਮ ਬਣਾ ਕੇ ਹੜ੍ਹਾਂ ਤੋਂ ਛੁਟਕਾਰਾ ਦਿਵਾਇਆ ਅਤੇ ਇਸ ਪਾਣੀ ਨੂੰ ਨਹਿਰੀ ਸਿੰਜਾਈ ਲਈ ਵੀ ਵਰਤਿਆ ਜਾ ਸਕਦਾ ਹੈ। ਨਹਿਰੀ ਸਿੰਜਾਈ ਪ੍ਰਬੰਧ ਵਿਚ ਬਹੁਤ ਸੁਧਾਰ ਸੰਭਵ ਹੈ। ਟੋਬਿਆਂ/ਛੱਪੜਾਂ ਉਪਰ ਨਜਾਇਜ਼ ਕਬਜ਼ੇ ਹਟਾਏ ਜਾਣ ਅਤੇ ਉਨ੍ਹਾਂ ਦੀ ਸਾਲਾਨਾ ਸਫਾਈ ਯਕੀਨੀ ਬਣਾਈ ਜਾਵੇ। ਡਰੇਨਾਂ ਦੀ ਸਫਾਈ ਅਤੇ ਉਨ੍ਹਾਂ ਵਿਚ ਥੋੜ੍ਹੀ ਥੋੜ੍ਹੀ ਦੂਰੀ ਉਤੇ ਬੋਰ ਕੀਤੇ ਜਾਣ ਤਾਂ ਕਿ ਵਾਧੂ ਪਾਣੀ ਧਰਤੀ ਵਿਚ ਰਿਸ ਸਕੇ। ਧਰਤੀ ਹੇਠਲਾ ਪਾਣੀ ਵਧਾਉਣ ਲਈ ਰੇਨ-ਹਾਰਵੈਸਟਿੰਗ ਅਤੇ ਪੁਰਾਣੇ-ਨਵੇਂ ਖੂਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੰਜਾਬ ਵਿਚ ਧਰਤੀ ਹੇਠਲਾ ਪਾਣੀ ਥੱਲੇ ਜਾਣ ਤੋਂ ਰੋਕਣ ਲਈ ਉਪਰੋਕਤ ਸੁਝਾਵਾਂ ਬਿਨਾ ਉਦਯੋਗਾਂ, ਸ਼ਹਿਰਾਂ ਅਤੇ ਪਿੰਡਾਂ ਵਿਚ ਪਾਣੀ ਦੀ ਨਜਾਇਜ਼ ਵਰਤੋਂ ਸਖ਼ਤੀ ਨਾਲ ਰੋਕਣ ਦੀ ਲੋੜ ਹੈ। ਇਸ ਬਾਰੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਧਰਤੀ ਹੇਠਲੇ ਪਾਣੀ ਨੂੰ ਪੀਣ ਯੋਗ ਬਣਾਉਣ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਉਤਪਾਦਨ ਲਈ ਰਸਾਇਣਾਂ/ਜ਼ਹਿਰਾਂ ਦੀ ਵਰਤੋਂ ਕੰਟਰੋਲ ਹੋਵੇ। ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ-ਖੂੰਹਦ ਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨੂੰ ਸਖਤੀ ਨਾਲ ਰੋਕਿਆ ਜਾਵੇ ਅਤੇ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਤੇ ਵਿਕਾਸ ਕਾਰਜਾਂ ਲਈ ਲੋੜੀਂਦਾ ਵਿੱਤ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।

---

# ਭਾਜਪਾ ਦਾ ਪਰਿਵਾਰਵਾਦ

ਕਾਂਗਰਸ ਨੇ ਤੈਅ ਕੀਤਾ ਹੈ ਕਿ ਉਹ ਪ੍ਰਿਅੰਕਾ ਗਾਂਧੀ ਨੂੰ ਜ਼ੋਰਦਾਰ ਢੰਗ ਨਾਲ ਚੋਣ ਮੈਦਾਨ ਵਿਚ ਉਤਾਰੇਗੀ। ਲਖਨਊ ਦੇ ਰੋਡ ਸ਼ੋਅ ਤੋਂ ਸਾਫ ਹੋ ਗਿਆ ਹੈ ਕਿ ਪ੍ਰਿਅੰਕਾ ਉਤਰ ਪ੍ਰਦੇਸ਼ ਦੇ ਰਾਜਨੀਤਕ ਥੀਏਟਰ ਵਿਚ ਹੀ ਨਹੀਂ ਸਗੋਂ ਸਾਰੇ ਦੇਸ਼ ਦੇ ਚੋਣ ਥੀਏਟਰ ਵਿਚ ਕਈ ਮੁੱਖ ਭੂਮਿਕਾਵਾਂ ਵਿਚੋਂ ਇਕ ਨਿਭਾਏਗੀ। ਉਨ੍ਹਾਂ ਦਾ ਵੀ ਬਹੁਤ ਕੁਝ ਦਾਅ 'ਤੇ ਲੱਗਾ ਹੋਇਆ ਹੈ। ਉਨ੍ਹਾਂ ਦੇ ਪਤੀ ਭ੍ਰਿਸ਼ਟਾਚਾਰ ਦੇ ਕਈ ਇਲਜ਼ਾਮਾਂ ਵਿਚ ਫਸੇ ਹੋਏ ਹਨ ਅਤੇ ਉਨ੍ਹਾਂ ਦਾ ਸਾਰਾ-ਸਾਰਾ ਦਿਨ ਈ.ਡੀ.

**ਅਭੈ ਕੁਮਾਰ ਦੂਬੇ**

ਦੇ ਅਫਸਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਲੰਘ ਰਿਹਾ ਹੈ। ਪ੍ਰਿਅੰਕਾ ਉਨ੍ਹਾਂ ਨੂੰ ਈ.ਡੀ. ਦੇ ਦਫਤਰ ਛੱਡਣ ਵੀ ਜਾਂਦੀ ਹੈ ਅਤੇ ਲੈਣ ਵੀ। ਇਸ ਮੌਕੇ 'ਤੇ ਉਹ ਆਪਣੇ ਪਤੀ ਤੋਂ ਕੋਈ ਵੀ ਦੂਰੀ ਬਣਾਉਂਦੀ ਹੋਈ ਨਹੀਂ ਦਿਖਣਾ ਚਾਹੁੰਦੀ। ਜ਼ਾਹਰ ਹੈ ਕਿ ਜੇਕਰ ਭਾਜਪਾ ਅਗਲੀ ਚੋਣ ਮੁੜ ਤੋਂ ਜਿੱਤ ਗਈ ਤਾਂ ਗਾਂਧੀ ਅਤੇ ਵਾਡਰਾ ਪਰਿਵਾਰਾਂ ਦੇ ਬੁਰੇ ਦਿਨ ਸ਼ੁਰੂ ਹੋ ਜਾਣਗੇ। ਇਸ ਲਈ ਪ੍ਰਿਅੰਕਾ ਨੇ ਬਿਆਨ ਦਿੱਤਾ ਹੈ ਕਿ ਉਹ ਭਾਜਪਾ ਨੂੰ ਹਰਾਉਣ ਲਈ ਪੂਰਾ ਜ਼ੋਰ ਲਗਾ ਦੇਵੇਗੀ।

ਇਹ ਤਾਂ ਰਿਹਾ ਕਾਂਗਰਸ ਦਾ ਪੱਖ, ਭਾਰਤੀ ਰਾਜਨੀਤੀ ਦੇ ਪ੍ਰਿਅੰਕਾ ਪ੍ਰਸੰਗ 'ਤੇ ਭਾਜਪਾ ਦੇ ਪ੍ਰਤੀਕਰਮ ਨੂੰ ਵੱਖਰੇ ਤੌਰ 'ਤੇ ਪੜ੍ਹਨ ਦੀ ਜ਼ਰੂਰਤ ਹੈ। ਜਿਵੇਂ ਹੀ ਰਾਹੁਲ, ਸੋਨੀਆ ਨੇ ਆਪਣੇ ਭੱਥੇ ਵਿਚੋਂ ਪ੍ਰਿਅੰਕਾ ਗਾਂਧੀ ਨਾਂ ਦਾ ਤੀਰ ਕੱਢਿਆ, ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਬੁਲਾਰਿਆਂ ਨੇ ਇਕ ਵਾਰ ਫਿਰ ਕਾਂਗਰਸ 'ਤੇ ਇਕ ਪਰਿਵਾਰ ਦੇ ਪੂਰੇ ਗਲਬੇ 'ਤੇ ਹਮਲਾ ਬੋਲਿਆ ਅਤੇ ਇਸ ਘਟਨਾ ਨੂੰ ਪਰਿਵਾਰਵਾਦ ਦੀ ਤਾਜ਼ਾ ਮਿਸਾਲ ਦੀ ਤਰ੍ਹਾਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕਿਸੇ ਵੀ ਲੋਕਤੰਤਰ ਵਿਚ ਪਰਿਵਾਰਵਾਦ ਜਾਂ ਵੰਸ਼ਵਾਦ ਦੀ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ ਅਤੇ ਭਾਰਤੀ ਲੋਕਤੰਤਰ ਵਿਚ ਕਾਂਗਰਸ ਪਾਰਟੀ ਨੂੰ ਇਸ ਸਥਿਤੀ ਕਾਰਨ ਠੀਕ ਹੀ ਤਿੱਖੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਵੀ ਨਹਿਰੂ-ਗਾਂਧੀ ਪਰਿਵਾਰ ਦੇ ਕਾਂਗਰਸ 'ਤੇ ਗਲਬੇ ਅਤੇ ਉਸ ਰਾਹੀਂ ਇਸ ਦੇਸ਼ 'ਤੇ ਉਸ ਦੇ ਹਕੂਮਤ ਕਰਨ ਦੇ ਜਨਮ ਸਿੱਧ ਅਧਿਕਾਰ ਦੀ ਦਾਅਵੇਦਾਰੀ ਦਾ ਸਖਤ ਆਲੋਚਕ ਹਾਂ ਪਰ ਜਦੋਂ ਭਾਜਪਾ ਇਸ ਦੀ ਆਲੋਚਨਾ ਕਰਦੀ ਹੈ ਤਾਂ ਉਸ ਨੂੰ ਹਜ਼ਮ ਕਰਨਾ ਮੇਰੇ ਲਈ ਮੁਸ਼ਕਿਲ ਹੋ ਜਾਂਦਾ ਹੈ। ਭਾਵੇਂ ਭਾਜਪਾ ਖੁਦ ਵੰਸ਼ਵਾਦ ਦੀ ਅਗਵਾਈ ਨਾਲ ਚਲਾਈ ਜਾਣ ਵਾਲੀ ਪਾਰਟੀ ਨਾ ਹੋਵੇ (ਹਾਲਾਂਕਿ ਉਸ ਦੇ ਅੰਦਰ ਵੀ ਅਣਗਿਣਤ ਰਾਜਨੀਤਕ ਪਰਿਵਾਰ ਪੀੜ੍ਹੀ-ਦਰ-ਪੀੜ੍ਹੀ ਟਿਕਟ ਅਤੇ ਅਹੁਦਿਆਂ ਦੇ ਰੂਪ ਵਿਚ ਅਹਿਮੀਅਤ ਹਾਸਲ ਕਰਦੇ ਰਹੇ ਹਨ ਅਤੇ ਇਸ ਸਮੇਂ ਵੀ ਹਾਸਲ ਕਰ ਰਹੇ ਹਨ), ਪਰ ਇਕ ਸੰਗਠਨ ਦੇ ਰੂਪ ਵਿਚ ਰਾਜਨੀਤੀ ਵਿਚ ਅੱਗੇ ਵਧਣ ਲਈ ਭਾਰਤੀ ਰਾਜਨੀਤੀ ਦੀ ਇਸ ਨਿੰਦਣਯੋਗ ਪ੍ਰਵਿਰਤੀ ਦੀ ਸਹਾਇਤਾ ਲੈਣ ਵਿਚ ਉਹ ਕਦੇ ਵੀ ਪਿੱਛੇ ਨਹੀਂ ਰਹੀ। ਚਾਹੇ ਸੂਬਿਆਂ ਦੀ ਰਾਜਨੀਤੀ ਹੋਵੇ ਜਾਂ ਦਿੱਲੀ 'ਤੇ ਕਬਜ਼ਾ ਕਰਨ ਦੀ ਰਣਨੀਤੀ ਹੋਵੇ, ਭਾਜਪਾ ਨੇ ਪਰਿਵਾਰਵਾਦ ਦੀ ਅਗਵਾਈ ਦੇ ਵੱਖ-ਵੱਖ ਸੰਸਕਰਨਾਂ ਨਾਲ ਗੱਠਜੋੜ ਤੋਂ ਕਦੇ ਵੀ ਗੁਰੇਜ਼ ਨਹੀਂ ਕੀਤਾ। ਇਸ ਮਾਮਲੇ ਵਿਚ ਉਹ ਕਿਸੇ ਵੀ ਰਾਜਨੀਤਕ ਨੈਤਿਕਤਾ ਨੂੰ ਨਾ ਮੰਨਣ ਵਾਲੀ ਪਾਰਟੀ ਰਹੀ ਹੈ। ਗ਼ਲਤ ਬਿਆਨੀ ਦਾ ਖਤਰਾ ਲਏ ਬਿਨਾਂ ਇਹ ਸਪੱਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਰਾਜਨੀਤੀ ਦੇ ਹਮਾਮ ਵਿਚ ਪਰਿਵਾਰਵਾਦ ਵਾਲੀ ਅਗਵਾਈ ਦਾ ਪਾਣੀ ਭਰਿਆ ਹੋਇਆ ਹੈ ਅਤੇ ਭਾਜਪਾ ਵੀ ਹੋਰ ਪਾਰਟੀਆਂ (ਖੱਬੇ ਪੱਖੀ ਦਲਾਂ ਨੂੰ ਛੱਡ ਕੇ) ਉਸ ਵਿਚ ਨੰਗੇ ਧੜ ਇਸ਼ਨਾਨ ਕਰ ਰਹੀ ਹੈ।

ਅਤੀਤ ਵਿਚ ਜਾਣ ਦੀ ਬਜਾਏ ਸਿਰਫ ਵਰਤਮਾਨ 'ਤੇ ਹੀ ਨਜ਼ਰ ਮਾਰਨ ਨਾਲ ਇਸ ਦੇ ਕਈ ਸਬੂਤ ਮਿਲ ਜਾਂਦੇ ਹਨ। ਕੌਮੀ ਜਮਹੂਰੀ ਗੱਠਜੋੜ ਦੇ ਮੈਂਬਰ ਦੇ ਰੂਪ ਵਿਚ ਸ਼ਿਵ ਸੈਨਾ ਇਕ ਹੀ ਪਰਿਵਾਰ ਦੀਆਂ ਵੱਖ-ਵੱਖ ਪੀੜ੍ਹੀਆਂ ਵਲੋਂ ਚਲਾਈ ਜਾ ਰਹੀ ਪਾਰਟੀ ਹੈ। ਉਂਜ ਅੱਜ ਕਲ੍ਹ ਤਾਂ ਉਸ ਦੇ ਭਾਜਪਾ ਨਾਲ ਮੱਤਭੇਦ ਚੱਲ ਰਹੇ ਹਨ ਪਰ ਮਹਾਰਾਸ਼ਟਰ ਦੀ ਰਾਜਨੀਤੀ ਵਿਚ 90 ਦੇ ਦਹਾਕੇ ਤੋਂ ਲੈ ਕੇ ਅੱਜ ਤੱਕ ਕੇਂਦਰੀ ਰਾਜਨੀਤੀ ਵਿਚ ਇਸ ਪਰਿਵਾਰਵਾਦ ਦੀ ਅਗਵਾਈ ਵਾਲੀ ਪਾਰਟੀ ਨੂੰ ਭਾਜਪਾ ਨੇ ਆਪਣੇ ਲਈ ਸੁਭਾਵਿਕ ਦੋਸਤ ਹੀ ਮੰਨਿਆ ਹੈ। ਅੱਜ ਵੀ ਜੇਕਰ ਸ਼ਿਵ ਸੈਨਾ ਮੰਨ ਜਾਵੇ ਤਾਂ ਭਾਜਪਾ ਉਸ ਦੇ ਪਰਿਵਾਰਵਾਦ ਵਾਲੇ ਕਿਰਦਾਰ ਨੂੰ ਭੁੱਲ ਕੇ ਉਸ ਦੇ ਨਾਲ ਤੁਰੰਤ ਗੱਠਜੋੜ ਕਰ ਲਵੇਗੀ। ਇਸੇ ਤਰ੍ਹਾਂ ਪੰਜਾਬ ਵਿਚ ਉਸ ਦੀ ਦੂਸਰੀ ਸਭ ਤੋਂ ਪੁਰਾਣੀ ਅਤੇ ਵਿਸ਼ਵਾਸਯੋਗ ਸਹਿਯੋਗੀ ਪਾਰਟੀ ਅਕਾਲੀ ਦਲ ਹੈ, ਜਿਸ ਦੀ ਵਾਗਡੋਰ ਸਿਰਫ ਬਾਦਲ ਪਰਿਵਾਰ ਕੋਲ ਰਹਿੰਦੀ ਹੈ ਅਤੇ ਭਾਜਪਾ ਨੂੰ ਉਸ ਨਾਲ ਲਗਾਤਾਰ ਜੁੜੇ ਰਹਿਣ ਵਿਚ ਕੋਈ ਇਤਰਾਜ਼ ਨਹੀਂ ਹੁੰਦਾ। ਧਿਆਨ ਰਹੇ ਸ਼ਿਵ ਸੈਨਾ ਅਤੇ ਅਕਾਲੀ ਦਲ ਨਾਲ ਭਾਜਪਾ ਦਾ ਗੱਠਜੋੜ ਛੇਤੀ-ਛੇਤੀ ਟੁੱਟਣ ਜਾਂ ਬਣਨ ਵਾਲੇ ਗੱਠਜੋੜਾਂ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ। ਇਹ ਸਥਾਈ ਕਿਸਮ ਦਾ ਗੱਠਜੋੜ ਹੈ, ਜਿਹੜਾ ਦਹਾਕਿਆਂ ਤੋਂ ਜਾਰੀ ਹੈ। ਉਤਰ ਪ੍ਰਦੇਸ਼ ਵਿਚ ਭਾਜਪਾ ਦਾ ਅਪਨਾ ਦਲ ਦੇ ਨਾਲ ਸਮਝੌਤਾ ਹੈ ਅਤੇ ਕੁਰਮੀ ਵੋਟਰਾਂ ਵਿਚ ਪ੍ਰਭਾਵ ਰੱਖਣ ਵਾਲੀ ਇਹ ਛੋਟੀ ਜਿਹੀ ਪਾਰਟੀ ਵੀ ਇਕ ਪਰਿਵਾਰ ਦੇ ਗਲਬੇ ਦਾ ਰਾਜਨੀਤਕ ਸੰਦ ਹੈ। ਆਂਧਰਾ ਪ੍ਰਦੇਸ਼ ਵਿਚ ਭਾਜਪਾ ਜਗਨਮੋਹਨ ਰੈਡੀ ਨਾਲ ਚੋਣ ਤਾਲਮੇਲ ਕਰਨ ਦੇ ਜੁਗਾੜ ਵਿਚ ਹੈ। ਉਹ ਜਗਨਮੋਹਨ, ਜੋ ਵਾਈ.ਐਸ. ਰਾਜਸ਼ੇਖਰ ਰੈਡੀ ਦੇ ਪੁੱਤਰ ਹਨ, ਜਿਨ੍ਹਾਂ ਨੂੰ ਇਸੇ ਹੈਸੀਅਤ ਕਾਰਨ ਪਾਰਟੀ ਦੀ ਅਗਵਾਈ ਪ੍ਰਾਪਤ ਹੋਈ ਹੈ। ਕਸ਼ਮੀਰ ਵਿਚ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਅਗਵਾਈ ਮੁਫਤੀ ਪਰਿਵਾਰ ਦੇ ਹੱਥਾਂ ਵਿਚ ਰਹੀ ਹੈ ਅਤੇ ਇਸ ਨਾਤੇ ਭਾਜਪਾ ਨੇ ਉਸ ਨਾਲ ਸਰਕਾਰ ਬਣਾਉਣ ਵਿਚ ਥੋੜ੍ਹੀ ਜਿਹੀ ਵੀ ਝਿਜਕ ਦਾ ਪ੍ਰਦਰਸ਼ਨ ਨਹੀਂ ਸੀ ਕੀਤਾ।

ਭਾਜਪਾ ਦਾ ਅਤੀਤ ਵੀ ਇਸੇ ਤਰ੍ਹਾਂ ਦੀਆਂ ਉਦਾਹਰਨਾਂ ਨਾਲ ਭਰਿਆ ਪਿਆ ਹੈ। ਪੀ.ਡੀ.ਪੀ. ਤੋਂ ਪਹਿਲਾਂ ਅਬਦੁੱਲਾ ਪਰਿਵਾਰ ਦੀ ਪਾਰਟੀ ਨੈਸ਼ਨਲ ਕਾਨਫਰੰਸ ਅਤੇ ਭਾਜਪਾ ਵਿਚਕਾਰ ਗੱਠਜੋੜ ਰਹਿ ਚੁੱਕਾ ਹੈ। ਤਾਮਿਲਨਾਡੂ ਵਿਚ ਦ੍ਰਾਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਭਾਜਪਾ ਦੀ ਸਹਿਯੋਗੀ ਰਹਿ ਚੁੱਕੀ ਹੈ। 1999 ਵਿਚ ਪ੍ਰਮੋਦ ਮਹਾਜਨ ਦੀਆਂ ਕੋਸ਼ਿਸ਼ਾਂ ਨਾਲ ਡੀ.ਐਮ.ਕੇ. ਅਤੇ ਭਾਜਪਾ ਦੀ ਦੋਸਤੀ ਹੋਈ ਸੀ, ਜਿਹੜੀ 2014 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਤੱਕ ਚੱਲੀ। ਇਸ ਪਾਰਟੀ 'ਤੇ ਐਮ. ਕਰੁਣਾਨਿਧੀ ਦੇ ਪਰਿਵਾਰ ਦਾ ਕਬਜ਼ਾ ਸੀ ਅਤੇ ਅੱਜ ਵੀ ਹੈ। ਇਸ ਪਰਿਵਾਰ ਦੇ ਬਿਨਾਂ ਇਸ ਪਾਰਟੀ ਦਾ ਭਵਿੱਖ ਕਲਪਨਾਯੋਗ ਹੀ ਹੈ। ਅੱਜ ਇਹ ਪਾਰਟੀ ਕਾਂਗਰਸ ਦੇ ਪਾਲੇ ਵਿਚ ਹੈ ਪਰ ਜੇਕਰ ਸਥਿਤੀਆਂ ਦੇ ਬਦਲਣ ਨਾਲ ਕਿਤੇ ਇਹ ਭਾਜਪਾ ਨਾਲ ਗੱਠਜੋੜ ਕਰਨ 'ਤੇ ਰਾਜ਼ੀ ਹੋ ਜਾਂਦੀ ਹੈ ਤਾਂ ਭਾਜਪਾ ਪੂਰੀ ਤਤਪਰਤਾ ਨਾਲ ਉਸ ਦਾ ਪੱਲਾ ਫੜ ਲਵੇਗੀ। ਹਰਿਆਣਾ ਵਿਚ ਭਾਜਪਾ ਪੂਰਨ ਬਹੁਮਤ ਪ੍ਰਾਪਤ ਕਰਨ ਤੋਂ ਪਹਿਲਾਂ ਚੌਟਾਲਾ ਪਰਿਵਾਰ ਵਲੋਂ ਚਲਾਈ ਜਾ ਰਹੀ ਇੰਡੀਅਨ ਨੈਸ਼ਨਲ ਲੋਕ ਦਲ ਨਾਲ ਗੱਠਜੋੜ ਵਿਚ ਰਹੀ ਤੇ ਕਦੇ ਭਜਨ ਲਾਲ ਦੇ ਬੇਟੇ ਕੁਲਦੀਪ ਬਿਸ਼ਨੋਈ ਦੀ ਜਨਹਿਤ ਕਾਂਗਰਸ ਦੇ ਨਾਲ। ਇਕ ਵਾਰ ਤਾਂ ਭਾਜਪਾ ਨੇ ਬਿਸ਼ਨੋਈ ਨੂੰ ਆਪਣੇ ਵਲੋਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਤੱਕ ਐਲਾਨ ਦਿੱਤਾ ਸੀ।

ਦਰਅਸਲ, ਭਾਜਪਾ ਹਰ ਹੀਲੇ ਕਾਂਗਰਸ ਦੀ ਪਰਿਵਾਰਵਾਦ ਪ੍ਰਵਿਰਤੀ ਦਾ ਹਵਾਲਾ ਦੇ ਕੇ ਖੁਦ ਨੂੰ ਜ਼ਿਆਦਾ ਲੋਕਤੰਤਰਿਕ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਅਜਿਹਾ ਦਾਅਵਾ ਕਰਨ ਤੋਂ ਪਹਿਲਾਂ ਭਾਜਪਾ ਅਤੇ ਉਸ ਦੇ ਪੈਰੋਕਾਰਾਂ ਨੂੰ ਘੱਟੋ-ਘੱਟ ਇਕ ਉਦਾਹਰਨ ਤਾਂ ਇਸ ਗੱਲ ਦੀ ਵੀ ਦਿਖਾਉਣੀ ਚਾਹੀਦੀ ਹੈ, ਜਦੋਂ ਇਸ ਪਾਰਟੀ ਦੇ ਕੌਮੀ ਪ੍ਰਧਾਨ ਦੀ ਚੋਣ ਹੋਈ। ਜਨਸੰਘ ਦੇ ਜ਼ਮਾਨੇ ਤੋਂ ਹੀ ਭਾਜਪਾ ਵਿਚ ਕੌਮੀ ਪ੍ਰਧਾਨ ਪਿੱਠਭੂਮੀ ਤੋਂ ਅਚਾਨਕ ਪ੍ਰਗਟ ਕਰਕੇ ਨਿਯੁਕਤ ਕਰ ਦਿੱਤਾ ਜਾਂਦਾ ਹੈ। ਹਾਲ ਹੀ ਵਿਚ ਪਹਿਲਾਂ ਗਡਕਰੀ, ਫਿਰ ਰਾਜਨਾਥ ਸਿੰਘ ਅਤੇ ਉਸ ਤੋਂ ਬਾਅਦ ਅਮਿਤ ਸ਼ਾਹ ਪ੍ਰਧਾਨ ਬਣੇ ਹਨ ਪਰ ਉਨ੍ਹਾਂ ਨੂੰ ਹਮੇਸ਼ਾ ਦੀ ਤਰ੍ਹਾਂ ਸੰਘ ਪਰਿਵਾਰ ਵਲੋਂ ਨਾਮਜ਼ਦ ਕੀਤਾ ਗਿਆ ਹੈ, ਉਹ ਚੁਣੇ ਨਹੀਂ ਗਏ। ਇਸ ਲਿਹਾਜ਼ ਨਾਲ ਭਾਜਪਾ ਇਕ ਖਾਸ ਤਰ੍ਹਾਂ ਦੇ ਪਰਿਵਾਰਵਾਦ ਦੀ ਜਕੜ ਵਿਚ ਹੈ। ਇਹ ਸੰਘ ਪਰਿਵਾਰ ਦੀ ਜਕੜ ਹੈ, ਜੋ ਭਾਵੇਂ ਹੀ ਜੈਵਿਕ ਪਰਿਵਾਰ ਨਾ ਹੋਵੇ ਪਰ ਵਿਚਾਰਾਤਮਕ ਪਰਿਵਾਰ ਜ਼ਰੂਰ ਹੈ, ਜਿਹੜਾ ਆਪਣੇ ਪੈਦਾ ਕੀਤੇ ਹੋਏ ਸੰਗਠਨਾਂ 'ਤੇ ਕਿਸੇ ਵੀ ਜੈਵਿਕ ਪਰਿਵਾਰ ਤੋਂ ਵੀ ਜ਼ਿਆਦਾ ਸਖਤ ਕੰਟਰੋਲ ਰੱਖਦਾ ਹੈ।

# ਅਣਲਿਖੀ ਕਾਵਿ-ਬੰਧਨਾ


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜ਼ਮੀਰ ਦੀ ਬਾਤ ਪਾਈ ਸੀ, "ਜ਼ਮੀਰ ਵਾਲੇ ਲੋਕਾਂ ਦੇ ਪਿਆਰ, ਪਾਕੀਜ਼ਗੀ ਤੇ ਪੁਖਤਗੀ ਦੇ ਪੱਲੇ ਸੱਚਾਈ, ਸਿਆਣਪ, ਸੁੰਦਰਤਾ, ਸਾਦਗੀ, ਸੁਹਜ ਤੇ ਸਹਿਜ ਹੁੰਦਾ, ਜੋ ਚਹਿਕ-ਚੇਤਨਾ, ਚਾਨਣ-ਚਿੰਗਾਰੀ ਤੇ ਚਾਅ-ਚੰਦੋਏ ਨਾਲ ਆਭਾ-ਮੰਡਲ ਸਿਰਜਦਾ, ਜਿਸ ਦੀਆਂ ਬਰਕਤਾਂ ਕਾਰਨ ਮਨੁੱਖ ਨੂੰ ਮਾਨਵੀ ਹੋਣ ਦਾ ਫਖਰ ਹੁੰਦਾ।" ਜਿਵੇਂ ਕਿ ਉਪਰ ਜ਼ਿਕਰ ਆਇਆ ਹੈ, ਡਾ. ਭੰਡਾਲ ਦੀ ਵਾਰਤਕ ਵੀ ਕਵਿਤਾ ਹੀ ਹੁੰਦੀ ਹੈ, ਹਥਲੇ ਲੇਖ ਵਿਚ ਉਨ੍ਹਾਂ ਆਪਣੀ ਕਾਵਿ ਸੰਵੇਦਨਾ ਅਤੇ ਕਾਵਿ ਰੀਝਾਂ ਦਾ ਪਾਠਕਾਂ ਦੇ ਸਨਮੁੱਖ ਖੁਲਾਸਾ ਕੀਤਾ ਹੈ। ਉਨ੍ਹਾਂ ਦੀ ਤਮੰਨਾ ਹੈ, ਇਕ ਕਵਿਤਾ ਉਜੜੇ ਖੂਹਾਂ, ਮੌਤ ਨਾਲ ਮਣਸੀਆਂ ਮੌਣਾਂ, ਔਂਤਰੇ ਔਲੂਆਂ, ਗੁਆਚੀਆਂ ਗਾਟੀਆਂ ਅਤੇ ਚੇਤਿਆਂ ਵਿਚ ਵੱਸੇ ਬੋਹੜਾਂ ਤੇ ਪਿੱਪਲਾਂ ਬਾਰੇ ਲਿਖਣਾ ਚਾਹੁੰਨਾਂ, ਜਿਨ੍ਹਾਂ ਦੀ ਮਿੱਠੜੀ ਯਾਦ ਹੁਣ ਵੀ ਚੇਤਿਆਂ ਨੂੰ ਤਰੋਤਾਜ਼ਾ ਕਰ ਜਾਂਦੀ। ਉਨ੍ਹਾਂ ਦੀ ਇਕ ਹੋਰ ਤਮੰਨਾ ਹੈ, ਕਵਿਤਾ, ਉਨ੍ਹਾਂ ਬਾਲ ਮਨਾਂ ਬਾਰੇ ਜਰੂਰ ਲਿਖਾਂਗਾ, ਜਿਨ੍ਹਾਂ ਦੇ ਬਸਤੇ ਚੋਰੀ ਹੋ ਗਏ; ਜਿਨ੍ਹਾਂ ਤੋਂ ਫੱਟੀ, ਕਲਮ, ਦੁਆਤ, ਪਹਾੜੇ, ਪੂਰਨੇ ਅਤੇ ਮੁਹਾਰਨੀ ਰੁੱਸ ਗਈ; ਜਿਨ੍ਹਾਂ ਦੇ ਹੋਠਾਂ 'ਤੇ ਬੁਰਕੀ-ਰਾਗ ਗੂੰਜਦਾ; ਜਿਨ੍ਹਾਂ ਦੇ ਤਨ ਦੇ ਲੰਗਾਰ ਨੂੰ ਕੋਈ ਨਹੀਂ ਸਿਉਂਦਾ। -ਸੰਪਾਦਕ*

ਬਹੁਤ ਸਾਰੀਆਂ ਕਵਿਤਾਵਾਂ ਦਿੰਦੀਆਂ ਨੇ ਮਨ-ਬਰੂਹੀਂ ਦਸਤਕ। ਭਾਵਨਾਵਾਂ ਦੀ ਤਸ਼ਬੀਹ ਬਣਨ ਨੂੰ ਤਿਆਰ। ਸੁੱਚੀਆਂ ਸੱਧਰਾਂ 'ਚ ਸਮੋਈ ਸੰਵੇਦਨਾ ਨੂੰ ਉਕਰਨ ਲਈ ਕਾਹਲੀਆਂ। ਯਾਦਾਂ ਦੀ ਫੁਲਕਾਰੀ ਕੱਢਣ ਲਈ ਬੇਚੈਨ। ਬੀਤੇ ਨੂੰ ਫਿਰ ਪਰਤ ਆਉਣ ਲਈ ਹਾਕ ਮਾਰਨ ਲਈ ਉਤਾਵਲੀਆਂ। ਕਵਿਤਾ-ਕਵਿਤਾ ਹੋਇਆ ਮਨ, ਹਰਫਾਂ ਦੀ ਦਰਗਾਹ 'ਚ ਨਤਮਸਤਕ ਹੋ, ਖੁਦ ਨੂੰ ਵਰਕਿਆਂ ਦੇ ਹਵਾਲੇ ਕਰਨ ਲਈ ਤਤਪਰ।

ਸਭ ਤੋਂ ਪਹਿਲਾਂ ਇਕ ਕਵਿਤਾ ਉਸ ਪੁਰਾਣੀ ਕਾਪੀ ਨੂੰ ਅਰਪਿਤ ਕਰਾਂਗਾ, ਜਿਸ ਦੀ ਜ਼ਰਜ਼ਰੀ ਇਬਾਰਤ ਦੇ ਰੰਗ ਸਮਿਆਂ ਦੀਆਂ ਧੁੱਪਾਂ ਨੇ ਮੱਧਮ ਕਰ ਦਿੱਤੇ, ਪਰ ਉਨ੍ਹਾਂ ਵਿਚੋਂ ਮੇਰਾ ਬਚਪਨ ਹੁਣ ਵੀ ਝਲਕਦਾ ਏ, ਪਲੇਠੀਆਂ ਰਾਹਾਂ ਦੀ ਨਿਸ਼ਾਨਦੇਹੀ ਹੁੰਦੀ ਏ ਅਤੇ ਸੁਪਨਿਆਂ ਦੀ ਪਰਤਵੀਂ ਝਲਕ ਵੀ ਮਿਲਦੀ ਏ, ਜਿਸ ਨੇ ਸਿਰੜ, ਸਾਧਨਾ, ਸਮਰਪਣ ਅਤੇ ਸਖਤ ਮਿਹਨਤ ਵਿਚੋਂ ਹੀ ਸਫਲਤਾ ਦੇ ਗੁਰ ਨੂੰ ਪਛਾਣਿਆ ਸੀ। ਉਨ੍ਹਾਂ ਅੱਖਰਾਂ 'ਚ ਪੱਕੇ ਕਾਨੇ ਦੀ ਕਲਮ, ਜੀ ਦੀ ਨਿੱਬ ਅਤੇ ਸਿਆਹੀ ਵਾਲੇ ਪੈਨ ਦੀ ਯਾਦ ਆਉਂਦੀ ਏ, ਜਿਸ ਨਾਲ ਲਿਬੜੇ ਹੱਥਾਂ ਨੇ ਕਿਸਮਤ ਦੀ ਕਲਾ-ਨਕਾਸ਼ੀ ਕੀਤੀ ਸੀ।

ਇਕ ਕਵਿਤਾ ਉਸ ਕਦਮ ਨੂੰ ਮੁਖਾਤਬ ਕਰਾਂਗਾ, ਜੋ ਮੇਰੇ ਸਫਰ ਦਾ ਮੁਢਲਾ ਉਦਮ ਬਣਿਆ। ਫਿਰ ਕਦਮ-ਦਰ-ਕਦਮ ਰਾਹਾਂ ਨੂੰ ਮੰਜ਼ਿਲਾਂ ਤੇ ਮੰਜ਼ਿਲਾਂ ਨੂੰ ਸਿਰਨਾਂਵੇਂ ਮਿਲਦੇ ਰਹੇ। ਪਹਿਲਾ ਕਦਮ ਹੀ ਹੁੰਦਾ, ਜੋ ਸਫਰ ਦੇ ਅਖੀਰ ਤੱਕ ਵੀ ਤੁਹਾਡੇ ਚੇਤਿਆਂ ਦੀ ਅਮਾਨਤ ਹੁੰਦਾ।

ਇਕ ਕਵਿਤਾ ਉਸ ਵਕਤ ਬਾਰੇ ਲਿਖਾਂਗਾ, ਜਦ ਮੁੜ੍ਹਕੇ 'ਚ ਗੜੁੱਚ ਪਿਤਾ ਦੇ ਸੁਪਨੇ 'ਚ ਆਈ ਝਰੀਟ ਨੇ ਤ੍ਰਾਹ ਕੱਢਿਆ ਸੀ। ਇਸ ਤ੍ਰਾਹ ਨੇ ਹੀ ਕੁਝ ਅਜਿਹਾ ਕਰਨ ਦੀ ਤਾਂਘ ਪੈਦਾ ਕੀਤੀ ਕਿ ਸੁਪਨਿਆਂ ਦੀ ਸੁਲਘਣ ਮੁਲਤਵੀ ਹੋ ਗਈ। ਸੁਪਨਿਆਂ ਦੀ ਚੀਸ ਤੋਂ ਚਾਹਤ ਤੀਕ ਦਾ ਸਫਰ ਜਦ ਕਵਿਤਾ ਵਿਚ ਉਲਥਾਇਆ ਤਾਂ ਕਈ ਵਾਰ ਹਰਫ ਵੀ ਛੋਟੇ ਰਹਿ ਜਾਣੇ, ਪਰ ਅਰਥ-ਅਸੀਮਤ ਦੀ ਅਰਦਾਸ ਫਿਜ਼ਾ ਵਿਚ ਗੂੰਜਣੀ।

ਇਕ ਕਵਿਤਾ 'ਚ ਪੁੰਗਰਦੇ ਹਰਫਾਂ 'ਤੇ ਹੋਈ ਪਹਿਲੀ ਗੜੇਮਾਰੀ ਨੂੰ ਵੀ ਚਿੱਤਰਾਂਗਾ, ਜਿਸ ਦੀ ਮਾਰ ਹੇਠ ਆਈਆਂ ਅਬੋਲ ਭਾਵਨਾਵਾਂ ਦੀ ਅੱਖ ਚੁੱਭੀ ਸੀ, ਤੇ ਫਿਰ ਇਨ੍ਹਾਂ ਭਾਵਨਾਵਾਂ ਨੂੰ ਹਰਫੀ ਲਿਬਾਸ ਪਾਉਣ ਲਈ ਕਈ ਸਾਲ ਲੱਗ ਗਏ ਸਨ। ਜ਼ਿੰਦਗੀ ਦੇ ਉਨ੍ਹਾਂ ਬਿਖੜੇ ਪੈਂਡਿਆਂ ਦੀ ਨਿਸ਼ਾਨਦੇਹੀ ਜਰੂਰ ਕਰਾਂਗਾ, ਜਿਨ੍ਹਾਂ ਦੀ ਪੀੜਾ ਹੁਣ ਵੀ ਪੈਰਾਂ ਦੀਆਂ ਮਿਟ ਚੁਕੀਆਂ ਬਿਆਈਆਂ ਵਿਚੋਂ ਰਿਸਣ ਲੱਗ ਪੈਂਦੀ ਏ।

ਉਹ ਕਵਿਤਾ ਵੀ ਲਿਖਾਂਗਾ, ਜੋ ਕੁਦਰਤ ਸਿਰਜ ਰਹੀ ਏ। ਫੁੱਲਾਂ ਦੀ ਮੁਸਕਰਾਹਟ, ਪੱਤਿਆਂ ਦੀ ਰੁਮਕਣੀ, ਪੰਛੀਆਂ ਦਾ ਚਹਿਚਾਉਣਾ, ਪਰਿੰਦਾ-ਪਰਵਾਜ਼, ਪਾਣੀਆਂ ਦਾ ਕਲਕਲੀ ਸੰਗੀਤ, ਬਿਰਖ-ਗਲਵਕੜੀ ਵਿਚੋਂ ਰਿਸਦੀ ਅਰਦਾਸ, ਬਦਲੋਟੀਆਂ ਦਾ ਆਵਾਗੌਣ, ਕਣੀਆਂ ਦੀ ਕਿਣਮਿਣ, ਛੱਤ 'ਤੇ ਪੈਂਦੇ ਛੱਰਾਟਿਆਂ ਦਾ ਛਣਕਾਟਾ, ਤਿਤਲੀਆਂ ਦੀ ਉਡਾਣ, ਭੌਰਿਆਂ ਦੀ ਮਧੁਰਤਾ, ਵਛੇਰੂਆਂ ਦਾ ਅੜਿੰਗਣਾ ਅਤੇ ਚਿੜੀਆਂ ਦਾ ਚਹਿਕਣਾ। ਕੁਦਰਤੀ ਕਵਿਤਾ ਵਿਚੋਂ ਚੋਂਦਾ ਕਾਵਿ-ਰਸ ਕਿੰਜ ਸ਼ਬਦਾਂ ਵਿਚ ਪਰੋਵਾਂਗਾ ਅਤੇ ਇਸ ਦੀ ਵਿਸ਼ਾਲਤਾ ਨੂੰ ਅਰਥਾਂ ਵਿਚ ਸਮੋਵਾਂਗਾ? ਕਾਵਿ-ਰੂਪ ਦੇ ਇਹ ਕਿੰਜ ਮੇਚ ਆਵੇਗਾ, ਸੋਚਦਿਆਂ ਕਾਵਿ-ਪਲ ਮੇਰੇ ਆਗੋਸ਼ ਵਿਚ ਬਹਿ ਜਾਂਦੇ?

ਇਕ ਕਵਿਤਾ ਗੁੰਮ ਚੁਕੇ ਅੰਤਰੀਵ ਦੇ ਨਾਮ ਲਿਖਣੀ ਚਾਹੁੰਨਾਂ, ਜੋ ਖੁਦ ਵਿਚੋਂ ਖੁਦੀ ਦੀ ਤਲਾਸ਼ ਕਰਦਾ ਆਪਣੇ ਆਪ ਤੋਂ ਹੀ ਬੇਮੁਖ ਹੋ ਚੁਕਾ ਏ। ਇਸ ਬੇਮੁਖਤਾ ਨੇ ਮੈਨੂੰ ਮੇਰੇ ਨਾਲੋਂ ਹੀ ਨਿਖੇੜ ਦਿੱਤਾ ਏ। ਇਕ ਕਵਿਤਾ ਰਾਹੀਂ ਉਨ੍ਹਾਂ ਬੰਦ ਦਰਾਂ ਨੂੰ ਮੁਖਾਤਬ ਹੋਣਾ ਚਾਹੁੰਨਾਂ, ਜਿਨ੍ਹਾਂ ਨੂੰ ਖੋਲ੍ਹਣ ਲੱਗਿਆਂ ਮਨ ਵਿਚ ਚਾਅ ਹੁੰਦਾ ਸੀ। ਜਿਨ੍ਹਾਂ ਹੱਥਾਂ ਨੇ ਜੰਦਰਾ ਲਾਇਆ ਸੀ, ਪਤਾ ਨਹੀਂ ਕਿਉਂ ਉਹ ਹੱਥ ਜੰਗਾਲੇ ਜਿੰਦਰੇ ਨੂੰ ਖੋਲ੍ਹਣਾ ਹੀ ਭੁੱਲ ਗਏ।

ਇਕ ਕਵਿਤਾ ਉਸ ਘਰ ਦੀ ਸਾਜਿਸ਼ੀ ਚੁੱਪ ਦੇ ਨਾਮ ਉਕਰਨਾ ਚਾਹੁੰਨਾਂ, ਜਿਸ ਵਿਚ ਮੇਰਾ ਬਚਪਨ ਮੌਲਿਆ ਤੇ ਜਿਸ ਨੇ ਸੁਪਨੇ ਦਿੱਤੇ। ਪਰ ਸੁਪਨਿਆਂ ਦੀ ਪੂਰਤੀ 'ਤੇ, ਸੁਪਨੇ ਦੇਣ ਵਾਲੇ ਹੀ ਸੁਪਨਿਆਂ ਨੂੰ ਚੁਰਾਉਣ ਦੀ ਸਾਜਿਸ਼ ਵਿਚ ਸ਼ਾਮਲ ਹੋ ਗਏ। ਭਲਾ ਸੁਪਨਿਆਂ ਨੂੰ ਕੋਈ ਕਿੰਜ ਛੁਪਾਏ? ਕਿਸ ਦਰ ਫਰਿਆਦ ਲਾਏ ਕਿ ਸੁਪਨਿਆਂ ਨੂੰ ਆਂਚ ਨਾ ਆਏ? ਅਜਿਹੀ ਦੁਖਿਆਰੀ ਕਵਿਤਾ, ਖੁਦ ਵੀ ਕਵਿਤਾ ਬਣਨ ਤੋਂ ਤ੍ਰਹਿੰਦੀ।

ਇਕ ਕਵਿਤਾ ਉਨ੍ਹਾਂ ਖੇਤਾਂ ਵਿਚ ਉਗਾਉਣਾ ਚਾਹੁੰਨਾਂ, ਜਿਸ ਵਿਚੋਂ ਰਹਿਮਤਾਂ ਤੇ ਰੱਜ ਨੂੰ ਵਿਗਸਣ ਦਾ ਵਰ ਮਿਲਦਾ ਸੀ। ਉਨ੍ਹਾਂ ਖੇਤਾਂ ਵਿਚ ਜਦ ਖੁਦਕੁਸ਼ੀਆਂ ਉਗਣ ਜਾਂ ਖੇਤਾਂ ਦੇ ਆਡਾਂ-ਬੰਨਿਆਂ 'ਤੇ ਆਪਣਿਆਂ ਦੇ ਖੂਨ ਦਾ ਰੰਗ ਚੜ੍ਹ ਜਾਵੇ ਤਾਂ ਖੇਤਾਂ ਵਿਚੋਂ ਖੁਸ਼ੀਆਂ ਨਹੀਂ ਪੁੰਗਰਨਗੀਆਂ। ਮਾਪਿਆਂ ਵਰਗੇ ਖੇਤਾਂ ਵਿਚ ਉਗ ਰਹੀ ਬੇਗਾਨਗੀ ਅਤੇ ਲਾਲਚ ਨੇ ਸਬੰਧਾਂ ਨੂੰ ਲਹੂ-ਲੁਹਾਣ ਕਰ ਦਿੱਤਾ ਏ। ਹੁਣ ਤਾਂ ਪਿੰਡ ਜਾ ਕੇ ਖੇਤਾਂ ਵੰਨੀਂ ਗੇੜਾ ਲਾਉਣ ਤੋਂ ਵੀ ਮਨ ਡਰਦਾ।

ਇਕ ਕਵਿਤਾ, ਉਜੜੇ ਖੂਹਾਂ, ਮੌਤ ਨਾਲ ਮਣਸੀਆਂ ਮੌਣਾਂ, ਔਂਤਰੇ ਔਲੂਆਂ, ਗੁਆਚੀਆਂ ਗਾਟੀਆਂ ਅਤੇ ਚੇਤਿਆਂ ਵਿਚ ਵੱਸੇ ਬੋਹੜਾਂ ਤੇ ਪਿੱਪਲਾਂ ਬਾਰੇ ਲਿਖਣਾ ਚਾਹੁੰਨਾਂ, ਜਿਨ੍ਹਾਂ ਦੀ ਮਿੱਠੜੀ ਯਾਦ ਹੁਣ ਵੀ ਚੇਤਿਆਂ ਨੂੰ ਤਰੋਤਾਜ਼ਾ ਕਰ ਜਾਂਦੀ।

ਇਕ ਕਵਿਤਾ, ਉਸ ਅਣਲਿਖੀ ਕਵਿਤਾ ਬਾਰੇ ਨਾਜ਼ਲ ਹੋਣਾ ਚਾਹੁੰਦੀ, ਜੋ ਹਰਫਾਂ ਨੂੰ ਹੰਝੂਆਂ ਸੰਗ ਖਾਰਾ ਕਰ, ਅਰਥਾਂ ਦੀ ਮੰਮਟੀ 'ਤੇ ਵੀ ਚਿਰਾਗ ਧਰਨ ਲਈ ਕਾਹਲੀ ਏ। ਇਸ ਨੇ ਕਬਰਾਂ ਨੂੰ ਚਿਰਾਗਾਂ ਦੀ ਬਸਤੀ ਬਣਾਉਣਾ ਏ ਅਤੇ ਵਰਕਿਆਂ ਨੂੰ ਵਕਤ ਦੀ ਤਹਿਜ਼ੀਬ ਦਾ ਲਕਬ ਮਿਲਣਾ ਏ।

ਇਕ ਕਵਿਤਾ ਬਰੇਤਾ ਬਣੇ ਦਰਿਆ, ਮੌਤ ਵਣਜਦੀਆਂ ਨਦੀਆਂ ਅਤੇ ਨਰਕ ਭੋਗਦੇ ਨਾਲਿਆਂ ਦੀ ਤ੍ਰਾਸਦੀ ਬਾਰੇ ਮਨ ਨੂੰ ਕੁਰੇਦਦੀ ਏ, ਜਿਨ੍ਹਾਂ ਦੀ ਤਾਸੀਰ ਵਿਚ ਜਿਉਣ ਦਾ ਵਰਦਾਨ ਮੌਤ ਦਾ ਮਰਸੀਆ ਬਣ ਗਿਆ। ਰੋਂਦੇ ਦਰਿਆਵਾਂ ਦੇ ਕੀਰਨੇ, ਨਹਿਰਾਂ ਦੀਆਂ ਲੇਰਾਂ ਅਤੇ ਪੱਤਣਾਂ ਦੇ ਉਜਾੜ ਨੂੰ ਕਿਹੜੇ ਅੱਖਰਾਂ ਨਾਲ ਮੁਖਾਤਬ ਹੋਵਾਂ ਕਿ ਉਨ੍ਹਾਂ ਦੀਆਂ ਚੀਸਾਂ ਸਮੇਂ ਦੇ ਹਾਕਮਾਂ ਦੀ ਨੀਂਦ ਨੂੰ ਹੰਗਾਲਣ।

ਇਕ ਕਵਿਤਾ ਉਨ੍ਹਾਂ ਪਤਝੜੀ ਪਲਾਂ 'ਤੇ ਲਿਖਣਾ ਚਾਹੁਨਾਂ, ਜਿਨ੍ਹਾਂ ਨੂੰ ਸੰਧੂਰੀ ਵਕਤਾਂ ਦਾ ਚੇਤਾ ਭੁੱਲ ਗਿਆ ਸੀ। ਉਹ ਡੁਸਕਦੇ ਰਹੇ ਅਤੇ ਸਾਹਾਂ ਦੀ ਸਾਰੰਗੀ ਨੂੰ ਉਦਾਸ ਸੁਰਾਂ ਨਾਲ ਵਰਚਾਉਂਦੇ ਰਹੇ। ਹਮੇਸ਼ਾ ਕਬਰ ਬਣਨ ਲਈ ਕਾਹਲੇ ਪਏ ਰਹੇ। ਬੀਤੇ ਪਲ ਕਦੇ ਨਹੀਂ ਪਰਤਦੇ। ਪਲ ਪਕੜਨ ਵਾਲੇ ਹੀ ਪਲਾਂ ਦੀ ਪਹਿਲੀ ਪਸੰਦ ਵਿਚੋਂ ਨਵੀਂ ਪਛਾਣ ਅਤੇ ਪਹਿਲ-ਕਦਮੀਆਂ ਦਾ ਸਿਰਲੇਖ ਹੁੰਦੇ।

ਕਵਿਤਾ ਤਾਂ ਉਸ ਬਚਪਨੀ ਗਲਵੱਕੜੀ ਬਾਰੇ ਵੀ ਲਿਖਣ ਲਈ ਕਾਹਲਾ ਹਾਂ, ਜੋ ਫੱਟੀ ਸੁਕਾਉਣ ਤੋਂ ਰੁੱਸ ਜਾਂਦੀ ਅਤੇ ਡੁੱਬਕਾ ਲੈ ਕੇ ਮੰਨਦੀ ਸੀ। ਸੂਰਜ ਨੂੰ ਪੂਰਨੇ ਸੁਕਾਉਣ ਲਈ ਹੁਕਮ ਕਰਦੀ ਅਤੇ ਛੱਪੜ ਦੇ ਪਾਣੀ ਨੂੰ ਫੱਟੀ ਪੋਚਣ ਲਈ ਪ੍ਰੇਰਿਤ ਵੀ ਕਰਦੀ ਸੀ। ਪਤਾ ਨਹੀਂ ਉਹ ਗਲਵੱਕੜੀ ਕਿਧਰ ਗੁੰਮ ਗਈ ਏ? ਹੁਣ ਤਾਂ ਉਸ ਦੇ ਵਿਸਮਾਦ ਵਿਚੋਂ ਹੀ ਅਜੋਕੀ ਜ਼ਿੰਦਗੀ ਨੂੰ ਜਿਉਣ ਦਾ ਅਦਬ ਸਿਖਾਈਦਾ। ਜੇ ਕਿਧਰੇ ਉਹ ਬਚਪਨੀ ਗਲਵੱਕੜੀ, ਮੋਹ-ਮੁਹਾਂਦਰਾ ਅਤੇ ਨਿਰਛੋਹ ਪਿਆਰ ਦਾ ਪੰਘੂੜਾ ਸੁਣਦਾ ਜਾਂ ਪੜ੍ਹਦਾ ਹੋਵੇ ਤਾਂ ਕਹਿਣਾ ਕਿ ਆ ਮੁੜ ਉਸ ਬਚਪਨੀ ਗਲਵੱਕੜੀ ਦਾ ਨਿੱਘ ਬਣੀਏ।

ਇਕ ਕਵਿਤਾ ਬੂਹੇ-ਬਾਰੀਆਂ ਹੀਣ ਚੁਬਾਰੇ ਦੀਆਂ ਬਹਿਸ਼ਤਾਂ ਬਾਰੇ ਮਨ ਦੀ ਬੀਹੀ ਵਿਚ ਸਦਾ ਦਸਤਕ ਦਿੰਦੀ ਏ, ਜਿਸ ਵਿਚ ਪੜ੍ਹਦਿਆਂ, ਸੰਘਣੀ ਧੁੰਦ ਦੇ ਓਹਲੇ ਵਿਚ ਦਿਨ ਚੜ੍ਹਨ ਦਾ ਪਤਾ ਨਹੀਂ ਸੀ ਲੱਗਦਾ। ਲਟਕਦੇ ਬਲਬ ਨਾਲ ਹੱਥ ਨਿੱਘੇ ਕਰਦਿਆਂ ਪੈਨ ਨੂੰ ਤ੍ਰੇਲੀ ਆ ਜਾਂਦੀ ਸੀ। ਸੁਪਨਿਆਂ ਦੀ ਪੂਰਨਤਾ ਦੀ ਲਿਲਕ ਨੀਂਦ ਨੂੰ ਸਦਾ ਦੁਰਕਾਰੀ ਰੱਖਦੀ ਸੀ। ਜਗਦੇ ਬਲਬ ਦੀ ਨਿੰਮੀ ਨਿੰਮੀ ਲੋਅ ਤੋਂ ਗਵਾਂਢੀ ਵੀ ਰਾਤ ਦਾ ਕਿਆਸ ਲਾਉਂਦੇ ਸਨ। ਹੱਡ ਚੀਰਵੀਂ ਠੰਡ ਵਿਚੋਂ ਮਿਹਨਤ ਦੇ ਮੁੜ੍ਹਕੇ ਦੀ ਗੰਧ ਅਤੇ ਕੋਸਾ ਅਹਿਸਾਸ, ਅਨਪੜ੍ਹ ਮਾਪਿਆਂ ਲਈ ਸਹਿਜ ਸਕੂਨ ਹੁੰਦਾ ਸੀ, ਜਿਨ੍ਹਾਂ ਨੂੰ ਪੁੱਤ ਦੇ ਪਾਸ ਹੋਣ ਦਾ ਫਿਕਰ ਜੁ ਹੁੰਦਾ ਸੀ।

ਕਵਿਤਾ ਤਾਂ ਖੁਦ ਹੀ ਕਵਿਤਾ ਵਰਗੇ ਲੋਕਾਂ ਬਾਰੇ ਆਪਹੁਦਰਾਪਨ ਦਿਖਾਉਂਦੀ ਬੋਲ ਪਈ,

ਕਵਿਤਾ ਵਰਗੇ ਲੋਕਾਂ ਪੱਲੇ
ਹੁੰਦਾ ਦੱਸੋ ਕੀ?
ਹਰਫਾਂ ਦੇ ਸੰਗ ਹਰਫ ਬਣਦਿਆਂ
ਹੋਣਾ 'ਹੈ' ਤੋਂ 'ਸੀ।'

ਵਰਕ-ਵਿਹੜੇ 'ਚ ਸੂਰਜ-ਕਲਮਾਂ
ਲਾਉਂਦਿਆਂ ਅਉਧ ਵਿਹਾਵੇ,
ਅੰਬਰ-ਕੁੱਖੇ ਜੰਮਿਆ ਜਾਇਆ
ਅੰਬਰੀ ਧਰਮ ਨਿਭਾਵੇ।

'ਨੇਰ-ਵਿਹੜੇ 'ਚ ਦੀਵਾ ਡੰਗਣਾ
ਉਸ ਦਾ ਸੋਚ-ਸਰੂਪ,
ਅੱਖਰ ਅੱਖਰ ਜੋੜ-ਜੋੜ ਕੇ
ਸਿਰਜੇ ਸਿਧੀ ਸਤੂਪ।

ਉਸ ਦੀ ਮਸਤਕ-ਜੂਹੇ ਹੁੰਦਾ
ਫੁੱਲ-ਪੱਤੀਆਂ ਦਾ ਵਾਸਾ,
ਕੰਡਿਆਂ ਭਰੀ ਫਿਜ਼ਾ ਦੇ ਅੰਦਰ
ਵੰਡੇ ਨਿਰਛੱਲ ਹਾਸਾ।

ਅੱਖਰ ਵਿਹੂਣੀ ਜੂਹੀਂ ਜਾ ਕੇ
ਬੋਧ-ਬਿਰਖ ਨੂੰ ਲਾਉਣਾ,
ਸੁਪਨਹੀਣ ਨੈਣਾਂ ਦੇ ਵਿਚ
ਸੁਪਨ-ਸੁਰਮਚੂ ਪਾਉਣਾ।

ਪਰ
ਰੂਹ ਦਾ ਢਾਰਾ ਤਿੱਪ ਤਿੱਪ ਚੋਵੇ
ਕੌਣ ਬੰਨਾਵੇ ਧੀਰ,
ਕੱਚੀਆਂ ਗਲੀਆਂ ਚਿੱਕੜ ਲੱਧੀਆਂ
ਰਾਹ-ਰਸਤੇ ਦਿਲਗੀਰ।

ਬੋਲ-ਬੀਹੀਏ ਸੁੰਨ ਵਰਤੀ ਏ
ਮੌਤ-ਸੰਨਾਟਾ ਛਾਇਆ,
ਆਪਣਿਆਂ ਨੇ ਆਪਣੇ ਅੰਦਰ
ਦਫਨ ਕੀਤਾ ਹਮਸਾਇਆ।

ਇਕ ਹਰਫ ਤੋਂ 'ਹੋਣੀ' ਬਣਦੀ
ਉਸੇ ਹਰਫ ਤੋਂ 'ਹਾਵੇ'
ਪਰ ਉਸੇ ਹਰਫ ਦੀ ਵੱਖੀ 'ਹਾਸੇ'
ਕਦੇ ਨਾ ਮਨ ਹੰਢਾਵੇ।

ਹਰਫ ਬੁਲਾਵਣ ਵਾਲਾ ਹਰਦਮ
ਹਰਫ ਦੀ ਜੂਨ ਹੰਢਾਵੇ,
ਹਰਫਾਂ ਕੁੱਖੇ ਸੁਖਨ ਟਿਕੇਂਦਾ
ਆਖਰ ਰਾਖ ਹੋ ਜਾਵੇ।

ਇਕ ਕਵਿਤਾ ਜ਼ਿੰਦਗੀ ਦੇ ਉਸ ਮੋੜ 'ਤੇ ਬਹਿ ਕੇ ਲਿਖਣੀ ਚਾਹੁੰਨਾਂ, ਜਦੋਂ ਸੰਧੂਰੀ ਰੁੱਤ ਨੂੰ ਵਰ ਦੇਣ ਤੋਂ ਮੁੱਕਰੇ ਹਾਲਾਤ ਨੇ ਸਰਾਪਣ ਦੀ ਕੋਸ਼ਿਸ਼ ਕੀਤੀ, ਪਰ ਬਦਲਦਾ ਏ ਸਮਾਂ ਤਾਂ ਹਾਲਾਤ ਬਦਲਦੇ ਨੇ। ਇਨ੍ਹਾਂ ਦੇ ਬਦਲਣ ਨਾਲ ਪੱਤਹੀਣ ਬਿਰਖਾਂ 'ਤੇ ਕਰੂੰਬਲਾਂ ਦੀ ਰੁੱਤ ਦੇ ਆਗਮਨ ਦੀ ਆਹਟ ਹੁੰਦੀ। ਫੁੱਟਦੀਆਂ ਕਰੂੰਬਲਾਂ, ਖਿੜਦੀਆਂ ਫੁੱਲਪੱਤੀਆਂ ਅਤੇ ਲਵੀਆਂ ਲਗਰਾਂ ਨੂੰ ਰੋਕਣ ਦੀ ਕੋਸ਼ਿਸ਼ ਵਿਚ ਦਮਨਕਾਰੀ ਖੁਦ ਹੀ ਰਾਖ ਹੋ ਜਾਂਦੇ। ਹਿੰਮਤ, ਹੌਸਲੇ ਅਤੇ ਹਰਬਿਆਂ ਦੀ ਹਮ-ਖਿਆਲੀ ਵਿਚੋਂ ਹੀ ਮੱਥੇ 'ਤੇ ਤਾਰੇ ਉਗਦੇ ਨੇ।

ਇਕ ਕਵਿਤਾ, ਕਵਿਤਾ ਵਰਗੇ ਉਸ ਸੱਜਣ ਲਈ ਲਿਖਣੀ ਚਾਹੁੰਨਾਂ, ਜਿਸ ਨੂੰ ਚਿੱਠੀਆਂ ਲਿਖਣਾ ਹੀ ਯਾਦ ਨਹੀਂ। ਨਿੱਕੇ-ਨਿੱਕੇ ਹੁੰਗਾਰਿਆਂ ਨਾਲ ਉਮਰਾਂ ਜੇਡੀਆਂ ਸਾਂਝਾਂ ਦਾ ਬੇਤਕੱਲਫ ਲੁਤਫ ਮਾਣਨ ਦੀ ਰੁੱਤ ਪਤਾ ਨਹੀਂ ਕਿਧਰ ਉਧਲ ਗਈ ਕਿ ਬੇਰੁਖੀ, ਬੇਲਾਗਤਾ ਅਤੇ ਬੇਗਾਨਗੀ ਨੇ ਬਹਿਸ਼ਤੀ ਬੰਧਨਾਂ ਤੇ ਨਿੱਘੀਆਂ ਮਿਲਣੀਆਂ ਦੀ ਗਰਮਜੋਸ਼ੀ ਨੂੰ ਸੂਲੀ 'ਤੇ ਟੰਗ ਦਿੱਤਾ ਏ। ਕਵਿਤਾ ਰਾਹੀਂ ਉਸ ਸੱਜਣ ਨੂੰ ਹਾਕ ਮਾਰਾਂਗਾ ਕਿ ਐ ਦੋਸਤ! ਮੁੜ, ਪਿਛਾਂਹ ਤੱਕ। ਕੋਈ ਤੈਨੂੰ ਉਡੀਕਦਾ ਏ। ਸੱਜਣ-ਸੰਗ ਦੀ ਰੁੱਤ ਨੂੰ ਬੇਦਾਵਾ ਨਾ ਦੇਹ! ਇਸ ਦੀ ਰਹਿਮਤੀ ਦੁਆ ਨੇ ਹੀ ਸਾਨੂੰ ਜ਼ਿੰਦਗੀ ਦੇ ਮੂਲ ਮੰਤਰ ਨਾਲ ਜੋੜਿਆ ਏ। ਇਸ ਤੋਂ ਰੁਸਵਾਈ ਖੁਦ ਨੂੰ ਸਿਮਟਣ ਦੇ ਰਾਹ ਤੋਰ ਦੇਵੇਗੀ। ਸ਼ਾਇਦ ਕਵਿਤਾ ਦੀ ਹਾਕ ਅਤੇ ਸੰਵੇਦਨਾ ਉਸ ਦੀ ਚੇਤਨਾ ਨੂੰ ਹਲੂਣ ਦੇਵੇ।

ਇਕ ਕਵਿਤਾ, ਕਾਵਿ-ਰੂਪ ਵਰਗੇ ਸੱਜਣ ਨਾਲ ਸੰਵਾਦ ਰਚਾਉਣ ਲਈ ਕਾਹਲੀ ਐ। ਸੱਜਣ, ਜੋ ਇਕੱਲ ਵਿਚ ਸੰਗੀ ਸੀ। ਜੋ ਦੁਨੀਆਂ ਦੀ ਭੀੜ ਤੋਂ ਉਪਰਾਮ ਹੋ, ਖੁਦ ਵਿਚੋਂ ਖੁਦ ਨੂੰ ਮਨਫੀ ਕਰਨ ਦੇ ਰਾਹ ਤੁਰ ਪਿਆ। ਕਵਿਤਾ ਵਰਗੇ ਸੱਜਣ ਨੂੰ ਮਿਲਣ ਦੀ ਤਾਂਘ ਹੀ ਹੁੰਦੀ, ਜਦ ਬੋਲ ਗੂੰਜਦੇ, "ਕਵਿਤਾ ਵਰਗੇ ਸੱਜਣਾ ਵੇ ਤੈਨੂੰ ਸ਼ੋਰ 'ਚ ਪੜ੍ਹਿਆ ਨਹੀਂ ਜਾਣਾ।" ਕਵਿਤਾ ਵਰਗੇ ਮਲੂਕ ਤੇ ਮਾਸੂਮ ਸੱਜਣ ਨੂੰ ਕਵਿਤਾ ਦੀ ਤਸ਼ਬੀਹ ਦੇਣ ਲੱਗਿਆਂ ਮਨ ਵਿਚ ਅਹਿਸਾਸ ਤਾਰੀ ਹੁੰਦਾ, ਜਿਸ ਦੀ ਵਿਸਮਾਦੀ ਲੋਰ ਵਿਚ ਜ਼ਿੰਦਗੀ ਜਿਉਣ ਦਾ ਅਦਬ ਤੇ ਅੰਦਾਜ਼ ਮਿਲਦਾ।

ਇਕ ਕਵਿਤਾ ਝਰੀਟਾਂਗਾ ਆਪਣਿਆਂ ਦੀ ਲਿਬਾਸੀ ਅਪਣੱਤ ਅਤੇ ਅੰਤਰੀਵੀ ਅਕ੍ਰਿਤਘਣਤਾ ਦੇ ਨਾਂ, ਜਿਸ ਦੀ ਮਲੀਨਤਾ ਨੇ ਰੂਹ ਦੀ ਚਾਦਰ 'ਤੇ ਤਰੇੜਾਂ ਦੀਆਂ ਬੂਣਤੀਆਂ ਪਾਈਆਂ। ਇਸ ਦੀ ਚਸਕ ਨੇ ਤਦਬੀਰਾਂ ਤੇ ਤਕਦੀਰਾਂ ਨੂੰ ਤਰਜ਼ੀਹਾਂ 'ਚ ਤਬਦੀਲ ਕੀਤਾ।

ਇਕ ਕਵਿਤਾ ਉਸ ਪੌਣ ਦੇ ਨਾਂ ਲਿਖਾਂਗਾ, ਜੋ ਸੁਗੰਧੀ ਬਣ, ਸਾਹ-ਸੰਗੀਤ ਦੀ ਸੁਰ ਨੂੰ ਹੁਣ ਤੀਕ ਸਮਿਆਂ ਦੇ ਨਾਮ ਲਾਉਂਦੀ ਐ। ਕਵਿਤਾ ਤਾਂ ਜ਼ਿੰਦਗੀ ਦੀ ਕੋਰੀ ਜੂਹ 'ਤੇ ਕਿਰਤਨੀ ਆ, ਜੋ ਸ਼ੁਭ-ਚਿੰਤਨ ਦੇ ਚਿਰਾਗ ਨੂੰ ਹਟਕੋਰਿਆਂ ਤੇ ਹਾਵਿਆਂ ਤੋਂ ਬਚਾਉਂਦੀ, ਜ਼ਿੰਦਗੀ ਦਾ ਨਾਮਕਰਨ ਕਰ ਰਹੀ ਐ।

ਕਵਿਤਾ ਰੁੱਸ ਜਾਵੇ ਤਾਂ ਮਨ ਰੁੱਸਦਾ, ਮਾਨਸਿਕਤਾ ਮਰਨਹਾਰੀ ਹੁੰਦੀ। ਮਨੋ-ਭਾਵਨਾਵਾਂ 'ਤੇ ਮਰਨ-ਰੁੱਤ ਉਤਰਦੀ ਅਤੇ ਮਾਨਵੀ-ਬਿਰਤੀਆਂ 'ਚ ਧੁਖਦੀ ਧੂਣੀ ਦਾ ਧੂੰਆਂ ਫੈਲਦਾ। ਕਵਿਤਾ ਮਰਦੀ ਤਾਂ ਆਦਮੀ ਮਰ ਜਾਂਦਾ, ਆਦਮੀਅਤ ਬੇਵਾ ਹੋ ਜਾਂਦੀ ਅਤੇ ਆਤਮਕ ਅਮੀਰੀ ਨੂੰ ਕੰਗਾਲੀ ਦਾ ਕਹਿਰ ਸਹਿਣਾ ਪੈਂਦਾ। ਕਵਿਤਾ ਕਬਰਾਂ ਵੰਨੀਂ ਤੁਰ ਪਵੇ ਤਾਂ ਉਹ ਕਰਨੀਆਂ, ਕੀਰਤੀਆਂ ਅਤੇ ਕੀਰਤੀਮਾਨਾਂ ਨੂੰ ਕੁਲੱਛਣੇ ਪਲਾਂ ਦੀ ਨਿਸ਼ਾਨਦੇਹੀ ਕਰਨ ਲਈ ਮਜ਼ਬੂਰ ਕਰਦੀ। ਰੁੱਸ ਗਈ ਕਵਿਤਾ ਨੂੰ ਵਾਪਸ ਪਰਤਣ ਲਈ ਕਵਿਤਾ ਨੂੰ ਅਰਜੋਈ ਕਰਾਂਗਾ ਕਿ ਐ ਕਵਿਤਾ! ਆ, ਆਪਾਂ ਇਕ ਦੂਜੇ ਦੇ ਪੂਰਕ ਬਣ, ਕਵਿਤਾ ਵਰਗੇ ਪਲਾਂ ਦਾ ਪਹਿਰ ਬਣੀਏ। ਕਵਿਤਾ ਵਰਗੇ ਲੋਕਾਂ ਨਾਲ ਕਾਵਿ-ਮੁਹਾਵਰੇ 'ਚ ਸੰਵਾਦ ਹੀ ਅਸਲ ਹਾਸਲ ਹੁੰਦਾ। ਅਜਿਹੀ ਕਵਿਤਾ ਅਸੀਂ ਸਭ ਹਾਂ, ਬਸ਼ਰਤੇ ਅਸੀਂ ਕਾਵਿ-ਮਾਰਗ ਨੂੰ ਪਛਾਣੀਏ।

ਕਵਿਤਾ ਦੇ ਨਾਮ ਕਵਿਤਾ ਲਿਖਣ ਤੋਂ ਚੰਗੇਰਾ ਕਾਰਜ ਹੋਰ ਕੀ ਹੋ ਸਕਦਾ! ਅਜਿਹਾ ਕਾਰਜ ਵਿਰਲੇ ਪਰ ਭਾਵੁਕ ਲੋਕ ਹੀ ਕਰਦੇ। ਹਰਫਾਂ ਦੇ ਧੰਨ ਭਾਗ ਕਿ ਉਹ ਕਵਿਤਾ ਬਣਦੇ। ਕਵਿਤਾ 'ਚ ਅੱਖਰਾਂ ਤੋਂ ਬਾਗੀ ਹੋ ਗਏ ਉਨ੍ਹਾਂ ਅਰਥਾਂ ਨੂੰ ਵੀ ਪਰੋਵਾਂਗਾ, ਜਿਨ੍ਹਾਂ ਦਾ ਆਭਾ-ਮੰਡਲ, ਹਰਫੀ-ਹਨੇਰਿਆਂ ਨੂੰ ਹੂੰਝਣਾ ਚਾਹੁੰਦਾ।

ਕਵਿਤਾ, ਉਨ੍ਹਾਂ ਬਾਲ ਮਨਾਂ ਬਾਰੇ ਜਰੂਰ ਲਿਖਾਂਗਾ, ਜਿਨ੍ਹਾਂ ਦੇ ਬਸਤੇ ਚੋਰੀ ਹੋ ਗਏ; ਜਿਨ੍ਹਾਂ ਤੋਂ ਫੱਟੀ, ਕਲਮ, ਦੁਆਤ, ਪਹਾੜੇ, ਪੂਰਨੇ ਅਤੇ ਮੁਹਾਰਨੀ ਰੁੱਸ ਗਈ; ਜਿਨ੍ਹਾਂ ਦੇ ਹੋਠਾਂ 'ਤੇ ਬੁਰਕੀ-ਰਾਗ ਗੂੰਜਦਾ; ਜਿਨ੍ਹਾਂ ਦੇ ਤਨ ਦੇ ਲੰਗਾਰ ਨੂੰ ਕੋਈ ਨਹੀਂ ਸਿਉਂਦਾ। ਜਿਨ੍ਹਾਂ ਦੇ ਮਨ ਦੀ ਕੋਰੀ ਸਲੇਟ 'ਤੇ ਕਾਲੇ ਲੇਖ ਝਰੀਟਣ ਵਿਚ ਰੁੱਝੀ ਏ, ਵਕਤ ਦੀ ਅਸਾਂਵੀ ਸੋਚ।

ਕਵਿਤਾ ਤਾਂ ਉਸ ਕਤਰੇ ਬਾਰੇ ਜਰੂਰ ਲਿਖਾਂਗਾ, ਜੋ ਸਮੁੰਦਰ ਨੂੰ ਹੰਗਾਲਣ ਪਿਛੋਂ ਨਸੀਬ ਹੋਇਆ। ਫਿਰ ਇਸ ਕਤਰੇ ਨੇ ਸਮੁੰਦਰ ਨੂੰ ਵੀ ਆਪਣੇ ਵਿਚ ਸਮਾ ਲਿਆ। ਕਤਰਾ-ਕਤਰਾ ਹੋ ਕੇ ਕਵਿਤਾ ਬਣਨ ਵਾਲੇ ਪਲ ਹੀ ਕਾਵਿ-ਸਮੂਹ ਹੁੰਦੇ।

ਇਕ ਕਵਿਤਾ ਉਸ ਕੈਨਵਸ ਬਾਰੇ ਲਿਖਾਂਗਾ, ਜੋ ਅਮੂਰਤ ਹੁੰਦਿਆਂ ਵੀ ਪੂਰਨ ਕਵਿਤਾ ਏ। ਇਸ ਦੇ ਬਿੰਬਾਂ ਵਿਚੋਂ ਮਨੁੱਖੀ ਸਰੋਕਾਰਾਂ ਅਤੇ ਸੰਭਾਵਨਾਵਾਂ ਨੂੰ ਸਮਝਿਆ ਜਾ ਸਕਦਾ, ਬਸ਼ਰਤੇ ਤੁਹਾਡੀ ਨੀਝ 'ਚ ਅਮੂਰਤ ਨੂੰ ਮੂਰਤ ਬਣਾਉਣ ਦੀ ਕਲਾ ਹੋਵੇ।

ਕਵਿਤਾ ਤਾਂ ਉਸ ਮਾਨਸਿਕ ਦਸ਼ਾ ਬਾਰੇ ਉਕਰਾਂਗਾ, ਜਦ ਮਨ ਨੱਚਦਾ, ਲੁੱਡੀਆਂ ਪਾਉਂਦਾ, ਆਵੇਸ਼ ਅਤੇ ਆਲਮੀ ਲੋਰ 'ਚ ਅੰਬਰ ਨੂੰ ਕਲਾਵੇ 'ਚ ਲੈਣ, ਧਰਤੀਆਂ ਨੂੰ ਗਾਹੁਣ, ਹਵਾ 'ਚ ਉਡਣ ਅਤੇ ਬੱਦਲਾਂ ਦੇ ਬਸਤਰ ਪਹਿਨਣ ਲਈ ਉਮਡਦਾ। ਅਜਿਹੀ ਮਾਨਸਿਕਤਾ ਨੂੰ ਕਵਿਤਾ ਦੇ ਹਵਾਲੇ ਕਰਦਿਆਂ, ਖੁਦ ਹੀ ਕਵਿਤਾ ਵਿਚ ਸਮਾ ਜਾਵਾਂਗਾ।

ਇਕ ਅਜਿਹੀ ਕਵਿਤਾ ਜਰੂਰ ਲਿਖਾਂਗਾ, ਜੋ ਲੋਹੇ ਵਰਗੀ ਮਜਬੂਤ ਪਰ ਫੁੱਲਾਂ ਵਰਗੀ ਕੋਮਲ ਹੋਵੇ। ਸਮਾਜਕ ਦੁਰਗੰਧ ਨਾਲ ਭਰੀ ਹੋਵੇ ਪਰ ਫਿਜ਼ਾ ਦੇ ਨਾਮ ਸੁਗੰਧੀਆਂ ਕਰੇ। ਪਿਲੱਤਣਾਂ ਦੀ ਬਾਤ ਪਾਉਂਦਿਆਂ ਵੀ ਰਾਂਗਲੇ ਵਕਤਾਂ ਦੀ ਆਮਦ ਦਾ ਸੁਨੇਹਾ ਹੋਵੇ। ਰੀੜ੍ਹ-ਹੀਣ ਮਨੁੱਖ ਦੀ ਲਾਚਾਰਗੀ ਨੂੰ ਤ੍ਰਿਸਕਾਰਦੀ, ਤੂਤ ਦਾ ਮੋਛਾ ਬਣਨ ਲਈ ਲਲਕਾਰੇ। ਡੁੱਬਦੇ ਸੂਰਜ ਦਾ ਮਰਸੀਆ ਪੜ੍ਹਦਿਆਂ ਵੀ ਸਰਘੀ ਲਈ ਅਰਦਾਸ ਕਰੇ। ਤਿੱਤਰ-ਖੰਭੀਆਂ ਨੂੰ ਚਿੱਤਰਦਿਆਂ ਮੇਘਲੀ ਰੁੱਤ ਦਾ ਵਰਣਨ ਕਰੇ। ਬੇਪਰੀ ਚਿੜੀ ਲਈ ਹੂਕ ਬਣ ਕੇ ਪਰਿੰਦਿਆਂ ਦੀ ਪਰਵਾਜ਼ ਦੀ ਹਾਮੀ ਭਰੇ ਅਤੇ ਧੁੰਆਂਖੀਆਂ ਮੰਜ਼ਿਲਾਂ ਦੇ ਹੁੰਦਿਆਂ ਵੀ ਪੈਰ-ਹੀਣਾਂ ਲਈ ਸਫਰ ਦਾ ਸਬੱਬ ਬਣੇ।

ਉਸ ਕਵਿਤਾ ਦੀ ਸਿਰਜਣਾ ਵੀ ਮਨ ਦੀ ਤਮੰਨਾ ਏ, ਜਿਸ ਦੇ ਸ਼ਬਦਾਂ ਵਿਚ ਮੂਰਤਾਂ ਦੀ ਸਿਰਜਣਾ ਹੋਵੇ। ਮੂਰਤ ਨੂੰ ਉਲਥਾਉਣ ਲਈ ਸ਼ਬਦ ਸਮਰੱਥ ਹੋਣ ਤਾਂ ਹੀ ਕਵਿਤਾ ਦੀ ਸਾਰਥਕਤਾ ਮਨੁੱਖ ਦੇ ਹਾਣ ਦੀ ਹੋ ਸਕਦੀ।

ਕਵਿਤਾ ਜਰੂਰ ਲਿਖਾਂਗਾ ਦਰ 'ਤੇ ਜੰਮੀ ਉਡੀਕ ਦੇ ਨਾਮ। ਸ਼ਗਨਾਂ ਦੇ ਪਾਣੀ ਅਤੇ ਤੇਲ ਨੂੰ ਤਰਸਦੇ ਦਰਾਂ ਦੀ ਤਵਾਰੀਖ ਤੇ ਘਰ ਦੀਆਂ ਬੋੜੀਆਂ ਸਰਦਲਾਂ ਦੇ ਨਾਂ, ਜੋ ਆਪਣਿਆਂ ਦੀ ਛੋਹ ਲਈ ਤਰਸਦੀਆਂ ਹੀ ਯੁੱਗੋਂ ਵਿਹਾਜ ਚੱਲੀਆਂ ਨੇ।

ਇਕ ਕਵਿਤਾ ਨੂੰ ਉਸ ਤੱਕਣੀ ਦੀ ਤਸ਼ਬੀਹ ਬਣਾਵਾਂਗਾ, ਜਦ ਮਾਂ ਨੇ ਪਹਿਲੀ ਵਾਰ ਅਖਬਾਰ ਦੀ ਲਿਖਤ 'ਚੋਂ ਬੇਟੇ ਨੂੰ ਨਿਹਾਰਿਆ ਸੀ ਤੇ ਨਹੋਰਾ ਵੀ ਮਾਰਿਆ ਸੀ ਕਿ ਅੱਖਰਾਂ ਦੀ ਪਨਾਹ ਵਿਚੋਂ ਮਾਂ ਦੀ ਬੁੱਕਲ ਵਰਗਾ ਨਿੱਘ ਅਤੇ ਅਸੀਸ ਨਹੀਂ ਮਿਲਣੀ। ਪਰ ਮਾਂ ਨੇ ਫਿਰ ਵੀ ਅਸੀਸਾਂ ਅਤੇ ਦੁਆਵਾਂ ਦੀ ਨਿਰੰਤਰਤਾ ਬਰਕਰਾਰ ਰੱਖੀ। ਉਸ ਤੱਕਣੀ ਨੂੰ ਬੀਤੇ ਦੀ ਅੱਖ ਵਿਚੋਂ ਦੇਖਦਿਆਂ ਕਵਿਤਾ ਨੇ ਵੀ ਤਰਲ-ਤਰਲ ਹੋ ਜਾਣਾ।

ਸਭ ਤੋਂ ਆਖਰੀ ਕਵਿਤਾ ਖੁਦ ਨੂੰ ਸੰਬੋਧਨ ਕਰਾਂਗਾ। ਖੁਦ ਦੀ ਜਾਮਾ-ਤਲਾਸ਼ੀ ਵਿਚੋਂ ਖੁਦੀ ਨੂੰ ਮਿਟਾਵਾਂਗਾ, ਤੇ ਫਿਰ ਹਰਫੀ-ਸੰਵੇਦਨਾ ਦੇ ਸੁੱਚੇ-ਸਫਰ ਦਾ ਸ਼ੁਭ-ਅਰੰਭ ਕਰਾਂਗਾ। ਇਹ ਕਵਿਤਾ ਤਾਂ ਜਰੂਰ ਲਿਖਾਂਗਾ।

# ਸਥਾਪਤ-ਸੰਸਥਾਗਤ ਧਰਮ ਬਨਾਮ ਧਰਮ ਅਤੇ ਇਨਸਾਨੀਅਤ-2

***ਦੁਨੀਆਂ ਵਿਚ ਸ਼ਾਇਦ ਹੀ ਕਿਸੇ ਧਰਮ ਦੇ ਬਾਨੀ ਮਹਾਂਪੁਰਖ ਨੇ ਧਰਮ ਨੂੰ ਵਲਗਣਾਂ ਵਿਚ ਕੈਦ ਕਰਨ ਜਾਂ ਦੂਜੇ ਧਰਮਾਂ ਦੇ ਲੋਕਾਂ ਨਾਲ ਨਫਰਤ ਕਰਨ ਦੀ ਗੱਲ ਕੀਤੀ ਹੋਵੇ। ਸ਼ੁਰੂ ਵਿਚ ਹਰ ਧਰਮ ਬੰਧਨਾਂ ਦੀ ਕੈਦ ਤੋਂ ਮੁਕਤ ਹੁੰਦਾ ਹੈ, ਪਰ ਹੌਲੀ ਹੌਲੀ ਸਵਾਰਥੀ ਹਿੱਤ ਉਸ ਨੂੰ ਵਲਗਣਾਂ ਵਿਚ ਕੈਦ ਕਰ ਲੈਂਦੇ ਹਨ। ਇਹੋ ਕੈਦ ਹੀ ਧਰਮ ਨੂੰ ਸਥਾਪਤੀ ਦਾ ਧਰਮ ਬਣਾ ਦਿੰਦੀ ਹੈ। ਇਸ ਲੇਖ ਵਿਚ ਨੰਦ ਸਿੰਘ ਬਰਾੜ ਨੇ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਇਤਿਹਾਸ ਦੀਆਂ ਪਰਤਾਂ ਫਰੋਲਦਿਆਂ ਪੁਣ-ਛਾਣ ਕੀਤੀ ਹੈ ਕਿ ਕਿਵੇਂ ਸਮੁੱਚੇ ਸੰਸਾਰ ਨੂੰ ਬੇਗਮਪੁਰਾ ਬਣਿਆ ਲੋਚਣ ਵਾਲਾ ਸੱਚਾ-ਸੁੱਚਾ ਸਿੱਖ ਧਰਮ ਵੀ ਹੁਣ ਸਥਾਪਤ ਧਰਮ ਬਣ ਕੇ ਰਹਿ ਗਿਆ ਹੈ, ਜਿਸ ਦੀ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਹੋਈ। ਮਹਾਰਾਜਾ ਰਣਜੀਤ ਸਿੰਘ ਸ਼ੁਰੂ ਵਿਚ ਇਕ ਬਹੁਤ ਨਿਰਮਾਣ ਅਤੇ ਸਾਫ-ਸੁਥਰੀ ਆਤਮਾ ਸੀ, ਪਰ ਫਿਰ ਉਸ ਵਿਚ ਉਹ ਸਾਰੀਆਂ ਬੁਰਾਈਆਂ (ਹਉਮੈ, ਤੀਵੀਂਬਾਜ਼ੀ ਆਦਿ) ਆਉਣ ਲੱਗੀਆਂ, ਜੋ ਅਕਸਰ ਰਾਜਿਆਂ-ਮਹਾਰਾਜਿਆਂ ਵਿਚ ਆ ਜਾਂਦੀਆਂ ਹਨ। ਇਸ ਸਭ ਕਾਸੇ ਨੂੰ ਢਕਣ ਲਈ ਉਸ ਨੇ ਸਿੱਖ ਧਰਮ ਦੇ ਪੁਜਾਰੀਆਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣਾ ਸ਼ੁਰੂ ਕਰ ਦਿੱਤਾ ਅਤੇ ਇੰਜ ਸੱਚਾ-ਸੁੱਚਾ ਸਿੱਖ ਧਰਮ ਸਥਾਪਤ ਧਰਮ ਬਣਨ ਦੇ ਰਾਹ ਤੁਰ ਪਿਆ। ਪੇਸ਼ ਹੈ, ਇਸ ਲੰਮੇ ਲੇਖ ਦੀ ਦੂਜੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਪੁਜਾਰੀਆਂ ਦਾ ਬਹੁਤ ਹੀ ਨਾਪਾਕ ਰਿਸ਼ਤਾ ਬਣ ਚੁਕਾ ਸੀ। ਉਹ ਪੁਜਾਰੀਆਂ ਦੀਆਂ 'ਧਰਮ ਪ੍ਰਤੀ' (ਅਸਲ ਵਿਚ ਆਪਣੇ ਪ੍ਰਤੀ) ਵਧੀਆ ਸੇਵਾਵਾਂ ਬਦਲੇ ਸਮੇਂ ਸਮੇਂ ਇਨਾਮ ਦਿੰਦਾ ਅਤੇ ਕੁਝ ਇੱਕ ਨੂੰ ਸੇਵਾਵਾਂ ਦੇ ਰੁਤਬੇ ਅਨੁਸਾਰ ਜਾਗੀਰਾਂ ਨਾਲ ਵੀ ਨਿਵਾਜ਼ਦਾ। ਪੁਜਾਰੀ ਲੋਕ ਵੀ ਮਹਾਰਾਜੇ ਦੇ ਇੱਕ ਪੁਰਖੀ ਰਾਜ ਨੂੰ ਪੱਕਾ ਕਰਨ ਵਾਸਤੇ ਉਸ ਦੇ ਹਰ ਕੰਮ ਦੀ ਪੂਰੀ ਪੂਰੀ ਪ੍ਰਸ਼ੰਸਾ ਕਰਦੇ, ਭਾਵੇਂ ਉਹ ਕੰਮ ਖਾਲਸਾਈ ਕਦਰਾਂ-ਕੀਮਤਾਂ ਦੇ ਉਲਟ ਅਤੇ ਗੈਰ ਇਖਲਾਕੀ ਵੀ ਹੁੰਦਾ। ਹਮੇਸ਼ਾ ਤੋਂ ਹੀ ਆਮ ਜਨਤਾ ਦੀ ਪੁਜਾਰੀਆਂ ਪ੍ਰਤੀ ਪੂਰੀ ਸ਼ਰਧਾ ਰਹੀ ਹੈ। ਇਸ ਲਈ ਜਨਤਾ ਵੀ ਪੁਜਾਰੀਆਂ ਦੇ ਪ੍ਰਵਚਨ ਸੁਣ ਕੇ ਮਹਾਰਾਜੇ ਦੀ ਜੈ ਜੈ ਕਾਰ ਹੀ ਕਰਦੀ।

ਅਜਿਹੀਆਂ ਅਨੇਕਾਂ ਘਟਨਾਵਾਂ ਹੋਈਆਂ ਪਰ ਮਿਸਾਲ ਵਜੋਂ ਦੋ ਤਿੰਨ ਹਵਾਲੇ ਦਿੱਤੇ ਜਾ ਸਕਦੇ

**ਨੰਦ ਸਿੰਘ ਬਰਾੜ**
**ਵਟਸਐਪ: 916-501-3974**
**nandsbrar@gmail.com**

ਹਨ। ਸਾਹਿਬ ਸਿੰਘ ਭੰਗੀ ਮਹਾਰਾਜੇ ਦਾ ਸਕਾ ਫੁੱਫੜ ਸੀ, ਜਿਸ ਦੀ ਮਿਸਲ ਉਸ ਨੇ ਜਬਰਦਸਤੀ ਆਪਣੇ ਨਾਲ ਮਿਲਾ ਲਈ ਸੀ। ਮਹਾਰਾਜੇ ਦੀ ਸਕੀ ਭੂਆ ਤੋਂ ਇਲਾਵਾ ਉਸ ਦੇ ਫੁੱਫੜ ਦੀਆਂ ਦੋ ਪਤਨੀਆਂ ਹੋਰ ਸਨ, ਜੋ ਸਮਾਜਕ ਰਿਸ਼ਤੇ ਅਨੁਸਾਰ ਮਹਾਰਾਜੇ ਦੀਆਂ ਭੂਆ ਹੀ ਲੱਗੀਆਂ। ਦੱਸਦੇ ਨੇ ਕਿ ਉਹ ਸੁਹਣੀਆਂ ਬਹੁਤ ਸਨ, ਇਸ ਕਰਕੇ ਮਹਾਰਾਜੇ ਨੇ ਸਾਹਿਬ ਸਿੰਘ ਦੀ ਮੌਤ ਪਿੱਛੋਂ ਉਨ੍ਹਾਂ ਦੋਹਾਂ 'ਤੇ ਚਾਦਰ ਪਾ ਲਈ। ਕੀ ਇਹ ਇਖਲਾਕੀ ਕੰਮ ਸੀ? ਪਰ ਪੁਜਾਰੀਆਂ ਨੇ ਇਸ ਕੰਮ ਦੀ ਵੀ ਪ੍ਰਸ਼ੰਸਾ ਕੀਤੀ ਕਿ ਨੇਕ ਦਿਲ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਇੱਜਤ ਬਚਾਉਣ ਲਈ ਇਹ ਨੇਕ ਕੰਮ ਕੀਤਾ।

ਦੂਜਾ ਹਵਾਲਾ ਇੱਕ ਘੋੜੀ ਪਿੱਛੇ ਲੜਾਈ ਦਾ ਲੈ ਸਕਦੇ ਹਾਂ। ਇਹ ਘੋੜੀ ਬਰਕਜ਼ਾਈ ਕਬੀਲੇ ਦੇ ਮੁਖੀ ਕੋਲ ਸੀ ਅਤੇ ਉਹ ਉਸ ਨੂੰ ਬਹੁਤ ਪਿਆਰੀ ਸੀ। ਮਹਾਰਾਜਾ ਉਸ ਨੂੰ ਕਿਸੇ ਵੀ ਕੀਮਤ 'ਤੇ ਖਰੀਦਣਾ ਚਾਹੁੰਦਾ ਸੀ, ਪਰ ਉਹ ਵੇਚਣ ਲਈ ਰਜ਼ਾਮੰਦ ਨਾ ਹੋਇਆ। ਮਹਾਰਾਜੇ ਨੇ ਇਸ ਨੂੰ ਆਪਣੀ ਹੱਤਕ ਸਮਝਿਆ ਅਤੇ ਗੁਰੂ ਜੀ ਦੇ ਫੁਰਮਾਨ 'ਹੱਕ ਪਰਾਇਆ ਨਾਨਕਾ' ਨੂੰ ਬਿਲਕੁਲ ਨਜ਼ਰਅੰਦਾਜ਼ ਕਰਕੇ ਘੋੜੀ ਖੋਹਣ ਵਾਸਤੇ ਫੌਜੀ ਚੜ੍ਹਾਈ ਕਰ ਦਿੱਤੀ। ਲਗਭਗ ਦੋ ਸਾਲ ਦੀ ਫੌਜੀ ਲੜਾਈ ਮਗਰੋਂ ਘੋੜੀ ਜਿੱਤ ਲਈ, ਪਰ ਮਹਾਰਾਜੇ ਦੀ ਇਸ ਇੱਛਾ ਅਤੇ ਸ਼ੌਕ ਨੂੰ ਪੂਰਾ ਕਰਨ ਖਾਤਰ ਲਗਭਗ 12000 ਸੈਨਿਕ ਮਾਰੇ ਗਏ ਅਤੇ ਉਸ ਵੇਲੇ ਦਾ 60 ਲੱਖ ਰੁਪਿਆ ਬਰਬਾਦ ਹੋਇਆ, ਪਰ ਪੁਜਾਰੀਆਂ ਨੇ ਮਹਾਰਾਜੇ ਦੇ ਇਸ ਕੰਮ ਨੂੰ ਇਹ ਕਹਿ ਕੇ ਵਡਿਆਇਆ ਕਿ ਮਹਾਰਾਜਾ ਜੋ ਇੱਕ ਵਾਰ ਠਾਣ ਲਵੇ, ਪੂਰਾ ਕਰਕੇ ਹੀ ਦਮ ਲੈਂਦਾ ਹੈ।

***ਸਮੁੱਚੇ ਸੰਸਾਰ ਦਾ ਧਾਰਮਕ ਇਤਿਹਾਸ ਦੇਖਿਆਂ ਇਹੀ ਲੱਗਦਾ ਹੈ ਕਿ ਸੰਸਾਰ ਭਰ ਦੇ ਮਹਾਪੁਰਖਾਂ ਨੇ ਸਮੇਂ ਸਮੇਂ ਲੋਕਾਂ ਨੂੰ ਕਰਾਮਾਤਾਂ, ਅੰਧਵਿਸ਼ਵਾਸਾਂ ਤੇ ਫੋਕੇ ਕਰਮ-ਕਾਂਡ ਦੇ ਜੰਜਾਲ ਵਿਚੋਂ ਕੱਢ ਕੇ ਅਤੇ ਜਾਗ੍ਰਿਤ ਕਰਕੇ ਇਨਸਾਨੀਅਤ ਦੇ ਰਾਹ 'ਤੇ ਚੱਲਣ ਵਾਸਤੇ ਪ੍ਰੇਰਨ ਲਈ ਆਪਣਾ ਪੂਰਾ ਜੀਵਨ ਲਾ ਦਿੱਤਾ, ਪਰ ਸਾਡੀ ਇਹ ਬਦਕਿਸਮਤੀ ਰਹੀ ਕਿ ਉਹ ਲਹਿਰਾਂ ਅੰਤ ਵਿਚ ਸਥਾਪਤ ਧਰਮਾਂ ਵਿਚ ਤਬਦੀਲ ਹੁੰਦੀਆਂ ਰਹੀਆਂ ਅਤੇ ਮਨੁੱਖ ਉਸੇ ਤਰ੍ਹਾਂ ਹਰ ਵਾਰ ਕਰਾਮਾਤਾਂ, ਅੰਧਵਿਸ਼ਵਾਸਾਂ ਤੇ ਫੋਕੇ ਕਰਮ-ਕਾਂਡ ਦੇ ਜਾਲ ਵਿਚ ਫਸਦਾ ਰਿਹਾ ਹੈ।***

ਤੀਹ ਦੇ ਦਹਾਕੇ ਦੌਰਾਨ ਮਹਾਰਾਜੇ ਨੂੰ ਸਟ੍ਰੋਕ ਦਾ ਦੌਰਾ ਪਿਆ ਅਤੇ ਸ਼ਰਾਬ ਦੀ ਜਿਆਦਾ ਆਦਤ ਕਰਕੇ ਉਹ ਪੂਰੀ ਤਰ੍ਹਾਂ ਸਿਹਤਮੰਦ ਨਾ ਰਹੇ। ਫਿਰ ਵੀ 55 ਸਾਲ ਦੀ ਉਮਰ ਵਿਚ ਆਪਣੇ ਤੋਂ ਤੀਜਾ ਹਿੱਸੇ ਤੋਂ ਵੀ ਛੋਟੀ ਸਿਰਫ 17 ਸਾਲਾਂ ਦੀ ਲੜਕੀ ਨਾਲ ਇੱਕ ਹੋਰ ਸ਼ਾਦੀ ਕਰ ਲਈ, ਜੋ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਲਗਦਾ, ਪਰ ਇਸ ਨੂੰ ਵੀ ਮਹਾਰਾਜੇ ਦੀ ਪ੍ਰਸ਼ੰਸਾ ਦੇ ਤੌਰ 'ਤੇ ਪ੍ਰਚਾਰਿਆ ਗਿਆ ਕਿ ਮਹਾਰਾਜੇ ਨੂੰ ਆਪਣੀ ਵਿਰਾਸਤ ਵਾਸਤੇ ਆਪਣੇ ਪੁੱਤਰ ਖੜਕ ਸਿੰਘ ਦੇ ਸਿਹਤ ਪੱਖੋਂ ਕਮਜ਼ੋਰ ਹੋਣ ਦਾ ਫਿਕਰ ਰਹਿੰਦਾ ਸੀ। ਇਸ ਕਰਕੇ ਸਿਹਤਮੰਦ ਪੁੱਤਰ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਅਜਿਹਾ ਕਰਨਾ ਪਿਆ। (ਖੜਕ ਸਿੰਘ ਤੋਂ ਬਿਨਾ ਉਸ ਵੇਲੇ ਮਹਾਰਾਜੇ ਦੇ ਹੋਰ ਪੁੱਤਰ ਵੀ ਸਨ)

ਇਕ ਗੱਲ ਮੇਰੇ ਮਿਡਲ ਸਕੂਲ 'ਚ ਪੜ੍ਹਦੇ ਦੀ 1963-64 ਵੇਲੇ ਦੀ ਹੈ। ਅਸੀਂ ਛੁੱਟੀ ਪਿੱਛੋਂ ਪਿੰਡ ਜਾਣ ਲਈ ਅੱਡੇ 'ਤੇ ਬੈਠੇ ਸਾਂ ਕਿ ਲਾਡਲੀਆਂ ਫੌਜਾਂ ਦਾ ਕਾਫਲਾ ਲੰਘਿਆ। ਇਨ੍ਹਾਂ ਤੋਂ ਸਾਰੇ ਡਰਦੇ ਸਨ। ਉਹ ਜਿਥੋਂ ਮਰਜੀ ਪੱਠੇ ਵੱਢ ਲੈਂਦੇ। ਕੋਈ ਰੋਕਦਾ ਤਾਂ ਉਸ ਦੇ ਖੇਤ ਵਿਚ ਘੋੜੇ ਵੀ ਛੱਡ ਦਿੰਦੇ ਅਤੇ ਕਦੇ ਕਦੇ ਕੁੱਟ ਵੀ ਦਿੰਦੇ। ਉਥੇ ਪਾਕਿਸਤਾਨੋਂ 1947 ਵੇਲੇ ਦਾ ਉਜੜ ਕੇ ਆਇਆ ਇਕ ਬਜੁਰਗ ਬੈਠਾ ਸੀ। ਉਹ ਕਹਿੰਦਾ, ਆਹ ਰੰਜੀਤੇ ਦੇ ਰੋਡੇ ਲਾਏ ਵੇ ਆ। ਸਾਡੇ ਵਿਚੋਂ ਇੱਕ ਕਹਿੰਦਾ, "ਬਾਬਾ ਰੰਜੀਤਾ ਕੌਣ ਹੈ?" ਆਹੰਦਾ, ਅਸਾਡੇ ਪਾਸੇ ਰਾਜ ਸੀਆ, ਉਨੂੰ ਰਣਜੀਤ ਸਿੰਹੋਂ ਵੀ ਆਂਦੇ ਸੀ (ਉਸ ਵੇਲੇ ਸਾਨੂੰ ਉਹਦੀ ਗੱਲ ਬੜੀ ਅਜੀਬ ਲੱਗੀ ਕਿਉਂਕਿ ਸਾਡੀਆਂ ਕਿਤਾਬਾਂ ਵਿਚ ਤਾਂ ਮਹਾਰਾਜਾ ਰਣਜੀਤ ਸਿੰਘ ਬਾਰੇ ਵਧੀਆ ਵਧੀਆ ਹੀ ਲਿਖਿਆ ਸੀ), ਪਰ ਉਹ ਬੋਲਦਾ ਗਿਆ, "ਅਸਾਡਾ ਬਾਪੂ (ਬਾਪੂ ਉਹ ਆਮ ਵੱਡੇ ਬਜੁਰਗ ਨੂੰ ਕਹਿੰਦੇ ਹੁੰਦੇ ਸੀ) ਦਸਦਾ ਹੁੰਦਾ ਸੀ ਕਿ ਓਹਦੇ ਰਾਜ ਵੇਲੇ ਇਹ ਬੜਾ ਹੁੜਦੰਗ ਮਚਾਉਂਦੇ ਸੀਆ।" ਸਾਨੂੰ ਜੁਆਕਾਂ ਨੂੰ ਲੱਗਾ, ਬੁੜ੍ਹਾ ਐਵੇਂ ਕਰੀ ਜਾਂਦਾ ਐ, ਪਰ ਹੁਣ ਲਗਦਾ ਹੈ ਸ਼ਾਇਦ ਉਹ ਬਜੁਰਗ ਸੱਚ ਹੀ ਬੋਲਦਾ ਹੋਵੇ।

ਇਥੇ ਇਹ ਹਵਾਲੇ ਦੇਣ ਤੋਂ ਮੇਰਾ ਮਨੋਰਥ ਮਹਾਰਾਜਾ ਰਣਜੀਤ ਸਿੰਘ ਦੇ ਅਨੇਕਾਂ ਬਹਾਦਰੀ ਭਰੇ ਅਤੇ ਲੋਕ ਪੱਖੀ ਕੰਮਾਂ ਨੂੰ ਮਨਫੀ ਜਾਂ ਨਜ਼ਰਅੰਦਾਜ਼ ਕਰਨ ਦਾ ਬਿਲਕੁਲ ਨਹੀਂ। ਅਨੇਕਾਂ ਲੜਾਈਆਂ ਵਿਚ ਉਹ ਅੱਗੇ ਹੋ ਕੇ ਮੌਤ ਨਾਲ ਅੱਖਾਂ ਚਾਰ ਕਰਕੇ ਲੜੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਖੈਬਰ ਦੇ ਦੱਰੇ ਨੂੰ ਹਮੇਸ਼ਾ ਲਈ ਬੰਦ ਕਰਨ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਸਿਰ ਹੀ ਬੱਝਦਾ ਹੈ, ਜਿਸ ਰਾਹੀਂ ਹਜ਼ਾਰਾਂ ਸਾਲਾਂ ਤੋਂ ਲੁਟੇਰੇ ਅਤੇ ਧਾੜਵੀ ਸਾਡੇ ਮੁਲਕ ਦੇ ਬਾਸ਼ਿੰਦਿਆਂ ਦੇ ਜਾਨ-ਮਾਲ ਅਤੇ ਇੱਜਤ-ਆਬਰੂ ਨਾਲ ਖਿਲਵਾੜ ਕਰਦੇ ਰਹੇ। ਅੰਦਰੂਨੀ ਤੌਰ 'ਤੇ ਵੀ ਉਨ੍ਹਾਂ ਦਾ ਰਾਜ ਇੱਕ ਨਮੂਨੇ ਦਾ ਧਰਮ ਨਿਰਪੱਖ ਰਾਜ ਸੀ, ਪਰ ਅਫਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਕਲਪ ਅਨੁਸਾਰ ਬੇਗਮਪੁਰਾ ਵਸਾ ਕੇ ਹਲੇਮੀ ਰਾਜ ਸਥਾਪਤ ਕਰਨ ਦਾ ਸੁਨਹਿਰੀ ਮੌਕਾ ਹੱਥੋਂ ਗਵਾ ਲਿਆ। ਜੇ ਉਹ ਇਹ ਸੁਨਹਿਰੀ ਮੌਕਾ ਹੱਥੋਂ ਨਾ ਜਾਣ ਦਿੰਦੇ ਅਤੇ ਆਪਣੇ ਦਾਦੇ ਚੜ੍ਹਤ ਸਿੰਘ ਅਤੇ ਬਾਪ ਮਹਾਂ ਸਿੰਘ ਵਾਂਗ ਆਪਣੇ ਅਕੀਦੇ 'ਤੇ ਕਾਇਮ ਰਹਿੰਦੇ ਤਾਂ ਸਮੁੱਚੇ ਭਾਰਤ ਦੀ ਤਸਵੀਰ ਹੀ ਹੋਰ ਹੋਣੀ ਸੀ। ਉਸ ਦੀਆਂ ਤਿੰਨ ਮਿਸਲਾਂ ਵਾਲੇ ਰਾਜ ਨੂੰ ਵੇਖ ਕੇ ਜਿਸ ਤਰ੍ਹਾਂ ਬਾਕੀ ਮਿਸਲਾਂ ਦੀ ਜਨਤਾ ਉਨ੍ਹਾਂ ਵੱਲ ਖਿੱਚੀ ਆਉਂਦੀ ਸੀ। ਜੇ ਉਹ ਉਸੇ ਤਰ੍ਹਾਂ ਖਾਲਸਾਈ ਢੰਗ ਨਾਲ ਹਕੂਮਤ ਚਲਾਉਂਦੇ ਰਹਿੰਦੇ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਹੋਰ ਵੀ ਲੋਕ ਪੱਖੀ ਸੁਧਾਰ ਕਰਦੇ ਰਹਿੰਦੇ ਅਤੇ ਦੂਜੀਆਂ ਮਿਸਲਾਂ ਨੂੰ ਹੜੱਪਣ ਦੀ ਥਾਂ ਉਨ੍ਹਾਂ ਨੂੰ ਨਾਲ ਮਿਲਾ ਕੇ ਇੱਕ ਸੰਘੀ ਢਾਂਚਾ ਬਣਾ ਕੇ ਚਲਦੇ ਤਾਂ ਸਮੁੱਚੇ ਪੰਜਾਬ ਵਿਚ ਖਾਲਸਾਈ ਕਦਰਾਂ-ਕੀਮਤਾਂ ਵਾਲਾ ਹਲੇਮੀ ਰਾਜ ਸਥਾਪਤ ਹੋ ਜਾਣਾ ਸੀ।

ਗੁਰੂ ਸਾਹਿਬਾਨ ਨੇ ਬਾਈ ਮੰਜੀਆਂ ਸਮੁੱਚੇ ਭਾਰਤ ਵਿਚ ਸਥਾਪਤ ਕੀਤੀਆਂ ਸਨ ਅਤੇ ਪੰਜ ਪਿਆਰੇ ਵੀ ਸਾਰੇ ਭਾਰਤ ਦੇ ਵੱਖ ਵੱਖ ਇਲਾਕਿਆਂ ਤੋਂ ਸਨ। ਇਸ ਤਰ੍ਹਾਂ ਸਮੁੱਚੇ ਭਾਰਤ ਦੀ ਜਨਤਾ ਹੀ ਗੁਰੂ ਸਾਹਿਬਾਨ ਦੇ ਸਿਧਾਂਤ ਤੋਂ ਪ੍ਰਭਾਵਿਤ ਸੀ। ਇਸ ਲਈ ਪੰਜਾਬ ਵਿਚਲੇ ਅਜਿਹੇ ਰਾਜ ਦਾ ਪ੍ਰਭਾਵ ਸਾਰੇ ਭਾਰਤ ਦੀ ਜਨਤਾ 'ਤੇ ਪੈਣਾ ਲਾਜ਼ਮੀ ਸੀ ਅਤੇ ਇਸ ਤਰ੍ਹਾਂ ਸਾਰੇ ਭਾਰਤ 'ਚ ਹੀ ਖਾਲਸਾਈ ਕਦਰਾਂ-ਕੀਮਤਾਂ ਵਾਲਾ ਹਲੇਮੀ ਰਾਜ ਹੋਣ ਦੀ ਸੰਭਾਵਨਾ ਬਣ ਜਾਣੀ ਸੀ, ਪਰ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਕੁਝ ਗਲਤ ਇੱਛਾਵਾਂ ਅਤੇ ਵਾਸ਼ਨਾਵਾਂ ਨੂੰ ਕਾਬੂ ਵਿਚ ਨਾ ਰੱਖ ਸਕਿਆ ਅਤੇ ਆਪਣੀਆਂ ਗਲਤੀਆਂ ਲੁਕਾਉਣ ਲਈ ਪੁਜਾਰੀਆਂ ਦੀ ਲੋੜ ਪਈ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਦੇ ਨਿਰਮਲ ਪੰਥ ਨੂੰ ਇੱਕ ਵਰਗ ਦੇ ਸਥਾਪਤ ਧਰਮ ਵਿਚ ਬਦਲਣ ਦਾ ਰਾਹ ਪੱਧਰਾ ਕਰ ਦਿੱਤਾ।

ਇਹ ਗੱਲ ਵੀ ਠੀਕ ਲਗਦੀ ਹੈ ਕਿ ਅੰਗਰੇਜ਼ਾਂ ਦੇ ਪੰਜਾਬ 'ਤੇ ਕਾਬਜ ਹੋਣ ਤੱਕ ਸਿੱਖ ਸਿਧਾਂਤਾਂ 'ਤੇ ਪੁਜਾਰੀ ਭਾਰੂ ਹੋ ਗਏ ਸਨ, ਪਰ ਫਿਰ ਵੀ ਇੱਕ ਵੱਖਰਾ ਸਥਾਪਤ ਸਿੱਖ ਧਰਮ ਪੂਰੀ ਤਰ੍ਹਾਂ ਹੋਂਦ ਵਿਚ ਨਹੀਂ ਸੀ ਆਇਆ। ਇੱਕ ਮਿਸਾਲ ਸ਼ਾਹ ਮੁਹੰਮਦ ਦੀ ਨਜ਼ਮ ਵਿਚੋਂ ਵੇਖ ਸਕਦੇ ਹਾਂ। ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਸ਼ੰਸਕ ਗਿਣਿਆ ਜਾਂਦਾ ਹੈ। ਆਪਣੀ ਜੰਗਨਾਮਾ ਨਜ਼ਮ ਵਿਚ ਉਹ ਲਿਖਦਾ ਹੈ:

ਇਕ ਰੋਜ਼ ਬਡਾਲੀ ਦੇ ਵਿਚ ਬੈਠੇ,
ਚਲੀ ਆਣ ਫਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਤੀਸਰੀ ਜਾਤ ਆਹੀ।

ਇਸ ਨਜ਼ਮ ਵਿਚ ਉਹ ਹਿੰਦੂ ਅਤੇ ਮੁਸਲਮਾਨ ਨਾਂ ਤਾਂ ਵਰਤਦਾ ਹੈ ਪਰ ਸਿੱਖ ਨਾਂ ਨਹੀਂ ਆਉਂਦਾ।

ਦੂਜੀ ਮਿਸਾਲ ਗਰਮੀਆਂ ਦੇ ਮਹੀਨੇ ਸਾਂਝੀਆਂ ਥਾਂਵਾਂ 'ਤੇ ਰੱਖੇ ਪਾਣੀ ਦੇ ਮਟਕਿਆਂ ਦੀ ਲੈ ਸਕਦੇ ਹਾਂ, ਜਿਨ੍ਹਾਂ 'ਚੋਂ ਇੱਕ ਉਤੇ ਹਿੰਦੂ ਪਾਣੀ ਅਤੇ ਦੂਸਰੇ ਉਤੇ ਮੁਸਲਮਾਨ ਪਾਣੀ ਲਿਖਿਆ ਸੁਣਦੇ ਹਾਂ। ਪੁਰਾਣੀਆਂ ਕਿਤਾਬਾਂ ਵਿਚ ਕਿਤੇ ਸਿੱਖ ਪਾਣੀ ਲਿਖਿਆ ਨਹੀਂ ਦੇਖਿਆ।

ਫੇਰ ਵੀ ਇਹ ਗੱਲ ਠੀਕ ਹੈ ਕਿ ਪੁਜਾਰੀ ਉਦੋਂ ਤੱਕ ਐਨੇ ਕਾਬਜ ਹੋ ਗਏ ਸਨ ਕਿ ਉਨ੍ਹਾਂ ਗੁਰਦੁਆਰਿਆਂ ਨੂੰ ਜੱਦੀ ਪੁਸ਼ਤੀ ਜਾਇਦਾਦਾਂ ਹੀ ਬਣਾ ਲਿਆ ਸੀ। ਇਥੇ ਚੜ੍ਹਦੇ ਚੜ੍ਹਾਵੇ ਦੀ ਅਥਾਹ ਦੌਲਤ ਨਾਲ ਉਹ ਮਨਮਾਨੀਆਂ ਕਰਨ ਲੱਗੇ। ਕੁਝ ਗੁਰਦੁਆਰਿਆਂ ਨੂੰ ਤਾਂ ਉਨ੍ਹਾਂ ਅੱਯਾਸ਼ੀ ਦੇ ਅੱਡੇ ਤੱਕ ਬਣਾ ਦਿੱਤਾ ਸੀ। ਗੁਰਦੁਆਰਿਆਂ ਨੂੰ ਇਨ੍ਹਾਂ ਪੁਜਾਰੀਆਂ ਤੋਂ ਆਜ਼ਾਦ ਕਰਵਾਉਣ ਵਾਸਤੇ ਬੁਧੀਜੀਵੀਆਂ, ਸਿਰਲੱਥ ਯੋਧਿਆਂ ਅਤੇ ਆਮ ਲੋਕਾਂ ਨੂੰ ਅਣਗਿਣਤ ਕੁਰਬਾਨੀਆਂ ਦੇਣੀਆਂ ਪਈਆਂ ਤੇ ਤਸੀਹੇ ਝੱਲਣੇ ਪਏ ਤਾਂ ਜਾ ਕੇ ਗੁਰਦੁਆਰੇ ਆਜ਼ਾਦ ਕਰਵਾਏ ਜਾ ਸਕੇ। ਪੁਜਾਰੀਆਂ ਤੋਂ ਆਜ਼ਾਦ ਕਰਵਾਉਣ ਪਿਛੋਂ ਅਗਲਾ ਕਦਮ ਉਨ੍ਹਾਂ ਬਿਪਰਵਾਦੀ ਪੁਸਤਕਾਂ ਅਤੇ ਗ੍ਰੰਥਾਂ ਤੋਂ ਮੁਕਤੀ ਦਾ



*ਮਹਾਰਾਜਾ ਰਣਜੀਤ ਸਿੰਘ ਦਾ ਇਕ ਚਿੱਤਰ*

ਸੀ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਅਤੇ ਸਹੀ ਇਤਿਹਾਸ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇਕ ਸਰਬ ਪ੍ਰਵਾਨਤ ਫੈਸਲਾ ਹੋਇਆ ਕਿ ਪੰਥਕ ਵਿਦਵਾਨਾਂ ਅਤੇ ਬੁਧੀਜੀਵੀਆਂ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ, ਜੋ ਪੂਰੀ ਤਰ੍ਹਾਂ ਘੋਖ ਪੜਤਾਲ ਕਰਕੇ ਸੁਝਾਅ ਦੇਵੇ ਕਿ ਜਿਹੜੇ ਗ੍ਰੰਥ ਅਤੇ ਪੁਸਤਕਾਂ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਗੁਰੂ ਇਤਿਹਾਸ ਅਨੁਸਾਰ ਸਹੀ ਹਨ, ਉਨ੍ਹਾਂ ਨੂੰ ਰੱਖ ਲਿਆ ਜਾਵੇ ਅਤੇ ਬਾਕੀਆਂ ਤੋਂ ਨਿਜਾਤ ਪਾ ਲਈ ਜਾਵੇ। ਅਫਸੋਸ ਕਿ ਅਜਿਹੀ ਕਮੇਟੀ ਕਦੇ ਬਣ ਨਾ ਸਕੀ ਅਤੇ ਹਰ ਤਰ੍ਹਾਂ ਦੇ ਗ੍ਰੰਥ ਅਤੇ ਪੁਸਤਕਾਂ ਉਸੇ ਤਰ੍ਹਾਂ ਚਲਦੇ ਹੀ ਨਹੀਂ ਰਹੇ, ਸਗੋਂ ਸਮੇਂ ਦੇ ਬੀਤਣ ਨਾਲ ਕਈਆਂ ਦਾ ਪ੍ਰਚਾਰ ਤੇ ਪ੍ਰਸਾਰ ਤਾਂ ਅੱਗੇ ਤੋਂ ਵੀ ਵੱਧ ਹੋਣ ਲਗ ਪਿਆ।

ਹੁਣ ਪਤਾ ਲਗਦਾ ਹੈ, ਜੋ ਉਮੀਦ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਨਾਲ ਬੱਝੀ ਸੀ ਕਿ ਅੱਗੇ ਤੋਂ ਗੁਰਦੁਆਰੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਅਨੁਸਾਰ ਸਹੀ ਅਗਵਾਈ ਦੇ ਕੇਂਦਰ ਬਣ ਜਾਣਗੇ, ਉਹ ਸਭ ਭੁਲੇਖਾ ਹੀ ਸੀ, ਕਿਉਂਕਿ ਇਹ ਆਜ਼ਾਦੀ ਅਖੀਰ ਪੁਜਾਰੀਆਂ ਦੀ ਤਬਦੀਲੀ ਹੀ ਹੋ ਨਿਬੜੀ। ਇਉਂ ਲਗਦਾ ਹੈ, ਜਦੋਂ ਅੰਗਰੇਜ਼ਾਂ ਨੂੰ ਲੱਗਾ ਕਿ ਮਹੰਤਾਂ ਨਾਲੋਂ ਹੁਣ ਇਹ ਨਵੇਂ ਆਗੂ ਉਨ੍ਹਾਂ ਦੇ ਵੱਧ ਕੰਮ ਆ ਸਕਦੇ ਹਨ ਤਾਂ ਉਨ੍ਹਾਂ ਮਹੰਤਾਂ ਵਲੋਂ ਹੱਥ ਖਿੱਚ ਲਏ ਤੇ ਇਨ੍ਹਾਂ ਨੂੰ ਆਪਣੇ ਪਾਲੇ ਵਿਚ ਕਰਕੇ ਇਨ੍ਹਾਂ ਦੀ ਸਹਿਮਤੀ ਨਾਲ ਕਾਨੂੰਨੀ ਮਾਨਤਾ ਪ੍ਰਾਪਤ ਇਕ ਸੰਸਥਾ ਬਣਾ ਦਿੱਤੀ।

ਕੁਝ ਹੀ ਸਮੇਂ ਵਿਚ ਇਨ੍ਹਾਂ ਨਵੇਂ ਮੁਖੀਆਂ ਨੇ ਸਿੱਖਾਂ ਵਾਸਤੇ ਰਹਿਤ ਮਰਿਆਦਾਵਾਂ ਸਥਾਪਤ ਕਰ ਦਿਤੀਆਂ। ਭਾਵੇਂ ਇਨ੍ਹਾਂ ਮਰਿਆਦਾਵਾਂ 'ਤੇ ਪੂਰੀ ਸਹਿਮਤੀ ਨਹੀਂ ਹੋ ਸਕੀ ਅਤੇ ਵੱਖ ਵੱਖ ਧੜੇ ਤੇ ਸੰਸਥਾਵਾਂ ਆਪੋ ਆਪਣੀ ਮਰਿਆਦਾ ਅਪਨਾ ਰਹੇ ਹਨ, ਪਰ ਇਨ੍ਹਾਂ ਮਰਿਆਦਾਵਾਂ ਨਾਲ ਇੱਕ ਵੱਖਰਾ ਸਿੱਖ ਧਰਮ ਸਥਾਪਤ ਹੋ ਗਿਆ, ਜੋ ਅੰਗਰੇਜ਼ ਹਕੂਮਤ ਦੀ ਮਿਲੀਭੁਗਤ ਅਤੇ ਕਾਨੂੰਨੀ ਮਾਨਤਾ ਨਾਲ ਇਕ ਸੰਸਥਾਗਤ ਧਰਮ ਬਣ ਗਿਆ। ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਜੋ ਸੰਸਥਾ ਸਰਕਾਰ ਆਪਣੇ ਕਾਨੂੰਨ ਨਾਲ ਸਥਾਪਤ ਕਰਦੀ ਹੈ, ਉਸ ਨੂੰ ਸਰਕਾਰ ਨਾਲ ਮਿਲ ਕੇ ਹੀ ਚਲਣਾ ਪੈਂਦਾ ਹੈ। ਸਰਕਾਰ ਦੇ ਵਿਰੋਧ ਵਿਚ ਉਹ ਲੋਕ ਪੱਖੀ ਕਿਵੇਂ ਹੋ ਸਕਦੀ ਹੈ?

ਇਤਿਹਾਸ ਨੂੰ ਦੇਖਿਆਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਪੁਜਾਰੀ ਲੋਕ, ਜੋ ਰਣਜੀਤ ਸਿੰਘ ਦੇ ਰਾਜ ਵੇਲੇ ਉਸ ਹਕੂਮਤ ਦੀ ਤਰਫਦਾਰੀ ਕਰਦੇ ਸਨ, ਜਦੋਂ ਅੰਗਰੇਜਾਂ ਦੀ ਹਕੂਮਤ ਆਈ ਤਾਂ ਉਹ ਇਨ੍ਹਾਂ ਦੀ ਹਮਾਇਤ ਵਿਚ ਵਧ ਚੜ੍ਹ ਕੇ ਨਿਤਰਦੇ ਰਹੇ। ਇਤਿਹਾਸ ਵਿਚੋਂ ਅਨੇਕਾਂ ਘਟਨਾਵਾਂ ਦੇਖੀਆਂ ਜਾ ਸਕਦੀਆਂ ਹਨ, ਪਰ ਇਥੇ ਸਿਰਫ ਦੋ ਘਟਨਾਵਾਂ ਦਾ ਜ਼ਿਕਰ ਕਰਦਾ ਹਾਂ।

ਪਹਿਲੀ ਗਦਰ ਲਹਿਰ ਵੇਲੇ ਦੀ ਹੈ, ਜਦੋਂ ਗਦਰੀ ਯੋਧੇ ਆਪਣੇ ਸਾਰੇ ਸੁਖ ਅਰਾਮ ਅਤੇ ਕਾਰੋਬਾਰ ਛੱਡ ਕੇ ਦੇਸ਼ ਆਜ਼ਾਦ ਕਰਵਾਉਣ ਲਈ ਇਥੇ ਆਏ। ਸਾਡੇ ਉਸ ਵੇਲੇ ਦੇ ਪੁਜਾਰੀਆਂ ਨੇ ਉਨ੍ਹਾਂ ਦੇਸ਼ ਭਗਤਾਂ ਦੀ ਹਮਾਇਤ ਵਿਚ ਲੋਕਾਂ ਨੂੰ ਪ੍ਰੇਰਨ ਦੀ ਥਾਂ ਫਤਵਾ ਜਾਰੀ ਕਰ ਦਿੱਤਾ, ਜਿਸ ਦਾ ਮੁੱਖ ਉਦੇਸ਼ ਸੀ ਕਿ ਇਹ ਕੋਈ ਸਿੱਖ ਨਹੀਂ ਸਗੋਂ ਡਾਕੂ ਤੇ ਲੁਟੇਰੇ ਲੋਕ ਹਨ। ਇਨ੍ਹਾਂ ਦੇਸ਼ ਵਿਰੋਧੀਆਂ ਦੀ ਕੋਈ ਮਦਦ ਨਾ ਕੀਤੀ ਜਾਵੇ। ਇਨ੍ਹਾਂ ਬਾਗੀ ਲੋਕਾਂ ਨੂੰ ਫੜਾ ਕੇ ਸਰਕਾਰ ਦੀ ਮਦਦ ਕੀਤੀ ਜਾਵੇ ਅਤੇ ਦੇਸ਼ ਭਗਤੀ ਦਾ ਸਬੂਤ ਦਿੱਤਾ ਜਾਵੇ।

ਦੂਜੀ ਜੱਲਿਆਂ ਵਾਲੇ ਬਾਗ ਨਾਲ ਸਬੰਧਤ ਹੈ। ਜੱਲਿਆਂ ਵਾਲੇ ਬਾਗ ਦੇ ਸਾਕੇ ਨਾਲ ਸਮੁੱਚਾ ਦੇਸ਼ ਸੋਗਗ੍ਰਸਤ ਹੋਇਆ ਪਿਆ ਸੀ, ਪਰ ਸਾਡੇ ਪੁਜਾਰੀਆਂ ਨੇ ਉਸ ਖੂਨੀ ਸਾਕੇ ਦੇ ਜ਼ਿੰਮੇਵਾਰ ਨੂੰ ਹਰਿਮੰਦਿਰ ਸਾਹਿਬ ਵਿਚ ਆਓ ਭਗਤ ਕਰਕੇ ਬਹੁਤ ਹੀ ਪਵਿੱਤਰ ਅਤੇ ਆਦਰਯੋਗ ਸਨਮਾਨ, ਸਿਰਪਾਓ ਨਾਲ ਨਿਵਾਜ਼ਿਆ।

ਸੋ, ਹਾਕਮਾਂ ਅਤੇ ਪੁਜਾਰੀਆਂ ਦੀ ਮਿਲੀਭੁਗਤ ਦਾ ਇਹ ਵਰਤਾਰਾ ਹਮੇਸ਼ਾ ਚਲਦਾ ਰਿਹਾ ਸੀ, ਚਲੀ ਜਾਂਦਾ ਹੈ ਅਤੇ ਚਲਦਾ ਰਹੇਗਾ। ਇਹ ਗੱਲ ਇੱਕ ਉਘੇ, ਨਿੱਧੜਕ ਅਤੇ ਨਿਰਪੱਖ ਪੱਤਰਕਾਰ ਜਤਿੰਦਰ ਸਿੰਘ ਪਨੂੰ ਵਲੋਂ 8 ਸਤੰਬਰ ਦੇ 'ਪੰਜਾਬ ਟਾਈਮਜ਼' ਵਿਚ ਲਿਖੇ ਇਕ ਲੇਖ 'ਰਾਜਨੀਤੀ ਦੇ ਤਖਤ ਲਈ ਪੰਜਾਬ ਦੀ ਜਵਾਨੀ ਦਾ ਘਾਣ' ਵਿਚੋਂ ਵੀ ਸਪਸ਼ਟ ਹੁੰਦੀ ਹੈ। ਉਹ ਲਿਖਦੇ ਹਨ ਕਿ ਬਹੁਤ ਸਾਲਾਂ ਤੱਕ ਅਸੀਂ ਸੁਣਦੇ ਆਏ ਹਾਂ ਕਿ ਧਰਮ ਤੇ ਰਾਜਨੀਤੀ ਦੇ ਮੇਲ ਨਾਲ ਰਾਜਨੀਤੀ ਕੁਰਾਹੇ ਪੈਣ ਤੋਂ ਬਚੀ ਰਹੇਗੀ ਤੇ ਧਰਮ ਨੂੰ ਜਦੋਂ ਰਾਜਨੀਤੀ ਦੀ ਧਿਰ ਮਿਲੀ ਤਾਂ ਇਹ ਅੱਗੇ ਵਧੇਗਾ। ਅੱਗੇ ਜਾ ਕੇ ਉਹ ਸਪਸ਼ਟ ਕਰਦੇ ਹਨ ਕਿ ਰਾਜ ਕਦੇ ਵੀ ਧਰਮ ਦੇ ਅਧੀਨ ਹੋ ਕੇ ਨਹੀਂ ਚੱਲ ਸਕਿਆ। ਜਦੋਂ ਵੀ ਧਰਮ ਨਾਲ ਰਾਜਨੀਤੀ ਦਾ ਜੋੜ ਜੋੜਨ ਦਾ ਯਤਨ ਕੀਤਾ ਗਿਆ, ਇਹ ਜੋੜ ਅੰਤ ਵਿਚ ਰਾਜ ਦੇ ਪੱਖ ਵਿਚ ਭੁਗਤਿਆ ਤੇ ਅੱਜ ਵੀ ਏਨਾ ਭੁਗਤ ਰਿਹਾ ਹੈ ਕਿ ਮੁਕਤਸਰ ਤੋਂ ਰਾਜ ਪਰਿਵਾਰ ਦੇ ਤੁਰਦੇ ਸਾਰ ਅੰਮ੍ਰਿਤਸਰ ਦਰਬਾਰ ਸਾਹਿਬ ਅੰਦਰ ਉਨ੍ਹਾਂ ਨੂੰ ਬਿਠਾਉਣ ਲਈ ਉਚੇਚੀ ਥਾਂ ਦਾ ਪ੍ਰਬੰਧ ਕੀਤਾ ਜਾਣ ਲੱਗਦਾ ਹੈ।

ਡਾ. ਨਰਿੰਦਰ ਸਿੰਘ ਕਪੂਰ ਉਘੇ ਵਿਦਵਾਨ ਲੇਖਕ ਹਨ। ਉਨ੍ਹਾਂ ਆਪਣੀ ਇੱਕ ਕਿਤਾਬ 'ਮਾਲਾ

***(ਬਾਕੀ ਅਗਲੇ ਸਫੇ 'ਤੇ )***

# ਗੁਰੂ ਨਾਨਕ ਪਾਤਸ਼ਾਹ ਦੀ ਬਰਕਤ: ੴ

ਗੁਰਮਤਿ

ੴ: ਇਹ ਗੁਰਬਾਣੀ ਵਿਚ ਆਇਆ ਗੁਰਮਤਿ ਦਾ ਪ੍ਰਥਮ ਚਿੰਨ ਹੈ। ਇਹ ਘੱਗਾ ਰਾਰਾ ਘਰ ਦੀ ਤਰ੍ਹਾਂ ਅੱਖਰਾਂ ਦੇ ਜੋੜ ਨਾਲ ਬਣਾਇਆ ਭਾਸ਼ਾਈ ਸ਼ਬਦ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਅੰਕ-ਗਣਿਤ ਦਾ '੧', ਧੁਨੀਆਤਮਕ ਭਾਸ਼ਾਈ ਚਿਨ੍ਹ 'ਓ' ਅਤੇ ਰੇਖਾ-ਗਣਿਤ ਦੀ ਅਰਧ-ਚਾਪ, ਅਰਥਾਤ 'ਆਕਾਰ' ਲੈ ਕੇ 'ੴ' ਦਾ ਨਿਰਮਾਣ ਕੀਤਾ, ਜਿਸ ਦਾ ਉਚਾਰਨ 'ਇੱਕ ਓਅੰਕਾਰ' ਹੈ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਮਾਨਵੀ ਚੇਤਨਾ ਸੱਚ ਸਰੂਪ ਪਾਰਬ੍ਰਹਮ ਨਿਰੰਕਾਰ ਨੂੰ ਤਿੰਨ ਪੱਖਾਂ ਵਿਚ ਸੋਚਦੀ ਅਤੇ ਸਮਝਦੀ ਹੈ; ਜਿਵੇਂ ਕਾਲ ਦੇ ਤਿੰਨ ਪਹਿਲੂ ਭੂਤ, ਵਰਤਮਾਨ ਤੇ ਭਵਿੱਖਤ ਹਨ; ਜਿਵੇਂ ਚੇਤਨਾ ਦੇ ਤਿੰਨ ਧਰਾਤਲ-ਚੇਤਨ, ਅਰਧ ਚੇਤਨ ਤੇ ਅਵਚੇਤਨ ਹਨ; ਜਿਵੇਂ ਸਨਾਤਨ ਮੱਤ ਅਨੁਸਾਰ ਬ੍ਰਹਮ, ਈਸ਼ਵਰ ਅਤੇ ਅਵਤਾਰ ਹਨ; ਜਿਵੇਂ ਸਾਮੀ ਪਰੰਪਰਾ ਵਿਚ ਅੱਲਾਹ, ਫਰਿਸ਼ਤਾ ਅਤੇ ਰਸੂਲ ਹਨ।

ਇਵੇਂ 'ਇੱਕ ਓਅੰਕਾਰ' ਵਿਚ ਵੀ ਸੱਚ ਦੇ ਤਿੰਨ ਪੱਖ-ਇੱਕ, ਓ ਅਤੇ ਆਕਾਰ ਵਿਅਕਤ ਹੋਏ ਹਨ।

'੧' ਸੰਖਿਆ ਦਾ ਪ੍ਰਥਮ ਗੁਰਮੁਖੀ ਅੰਕ ਹੈ। ਜੇ ਇਸ ਨੂੰ ਅੱਖਰਾਂ ਵਿਚ 'ਇੱਕ' ਲਿਖਿਆ ਜਾਵੇ ਤਾਂ ਇਸ ਦਾ ਅਰਥ ਸੰਖਿਆਵਾਚਕ ਵਿਸ਼ੇਸ਼ਣ ਹੋ ਜਾਂਦਾ ਹੈ, ਪਰ ਇੱਥੇ ਇਹ ਵਿਸ਼ੇਸ਼ਣ ਨਹੀਂ ਬਲਕਿ ਨਿਰੰਕਾਰ ਦਾ ਸੰਕੇਤਕ ਭਾਵ ਹੈ, ਜਿਸ ਨੂੰ ਸੁਣਿਆ ਜਾਂ ਦੇਖਿਆ ਨਹੀਂ ਜਾ ਸਕਦਾ। ਸ੍ਰਿਸ਼ਟੀ ਦੀ ਅਨੇਕਤਾ ਦਾ ਆਧਾਰ '੧' ਹੈ, ਜੋ ਸਗਲੀ ਸੰਖਿਆ ਵਿਚ ਰਮਿਆ ਹੋਇਆ ਹੈ। ਹਰ ਸੰਖਿਆ '੧' ਦਾ ਹੀ ਜਮ੍ਹਾਂ, ਗੁਣਾ ਅਤੇ ਵਿਸਥਾਰ ਹੈ। ਅੰਕ '੧' ਨਿਰੰਕਾਰ ਦੀ ਅਦੁੱਤੀ, ਲਾਸਾਨੀ, ਵਾਹਿਦਾਨਾ ਅਤੇ ਸਰਬ ਵਿਆਪਕ ਹਸਤੀ ਦਾ ਸੂਚਕ ਹੈ।

'ਓ' ਹਰੇਕ ਧੁਨੀ ਵਿਚ ਸਮਾਈ ਹੋਈ ਸਹਿਜ, ਸਰਲ ਅਤੇ ਅਨਾਦੀ ਭਾਸ਼ਾਈ ਧੁਨੀ ਹੈ, ਜੋ ਨਿਰੰਕਾਰ ਦੀ ਸਰਬ ਵਿਆਪਕਤਾ ਵੱਲ ਇਸ਼ਾਰਾ ਕਰਦੀ ਹੈ ਅਤੇ ਇਸ ਆਦਿ ਧੁਨੀ ਵਿਚ ਨਿਰੰਕਾਰ ਦਾ ਮਾਨਵੀ ਚੇਤਨਾ ਵਿਚ ਆਉਣ ਅਤੇ ਸਮਾਉਣ ਵਾਲਾ ਪ੍ਰਥਮ ਸਰਵਣੀ ਸੰਕੇਤ ਹੈ। ਮੰਡੂਕ ਉਪਨਿਸ਼ਦ ਵਿਚ ਆਇਆ ਹੈ ਕਿ ਸ੍ਰਿਸ਼ਟੀ ਦਾ ਸਗਲ ਪਸਾਰਾ 'ਓਮ' ਹੈ; ਇੱਥੋਂ ਤੱਕ ਕਿ ਜੋ ਸੀ, ਜੋ ਹੈ ਅਤੇ ਜੋ ਹੋਵੇਗਾ, ਉਹ 'ਓਮ' ਹੈ।

ਇਸ 'ਓ' ਦੇ ਨਾਲ ਹੀ ਰੇਖਾ-ਗਣਿਤ ਦੀ ਅਰਧ-ਚਾਪ ਜੋੜੀ ਗਈ ਹੈ, ਜਿਸ ਨੂੰ 'ਆਕਾਰ' ਕਹੀਦਾ ਹੈ। ਇਹ ਨਿਰੰਕਾਰ ਦਾ ਤੀਸਰਾ ਚੇਤਨਾ ਸਰੂਪ ਹੈ। ਅਰਧ-ਚਾਪ ਦਾ ਤਾਤਪਰਜ ਇਹ ਹੈ ਕਿ ਇਹ ਨਿਰੰਕਾਰ ਦਾ ਆਕਾਰ ਰੂਪ ਹਾਲੇ ਪ੍ਰਗਤੀ ਵਿਚ ਹੈ। ਆਕਾਰ ਦੇ ਗੋਲਾਈਦਾਰ ਚਾਪ-ਸਰੂਪ ਤੋਂ ਇਸ ਦੀ ਦਿਸ਼ਾ ਦਾ ਵੀ ਬੋਧ ਹੁੰਦਾ ਹੈ ਕਿ ਇਸ ਦਾ ਅੰਤਿਮ ਚਰਣ ਇਸ ਦਾ ਆਦਿ ਬਿੰਦੂ ਹੀ ਹੈ; ਇਸ ਦਾ ਆਦ-ਅੰਤ, ਜਨਮ-ਮਰਨ ਅਤੇ ਆਵਾ-ਗਵਣ ਇੱਕ-ਸਾਰ, ਇੱਕੋ ਵੇਲੇ, ਇਕੱਠਾ ਅਤੇ ਇੱਕੋ ਹੈ। ਇਹ ਸ੍ਰਿਸ਼ਟੀ ਦੀ ਫੈਲਾਓ ਅਤੇ ਸਿਮਟਣ, ਉਦਕਰਖ ਅਤੇ ਆਕਰਖ, ਉਤਸਰਪਨ ਅਤੇ ਅਵਸਰਪਨ, ਉਦੈ ਅਤੇ ਅਸਤ ਹੋਣ ਦੀ ਇਕੱਠੀ ਅਤੇ ਇੱਕਸਾਰ ਪ੍ਰਕ੍ਰਿਆ ਹੈ। 'ਓਮ' ਅਤੇ 'ਆਕਾਰ' ਦਾ ਜੁੜਿਆ ਹੋਣਾ ਦੱਸਦਾ ਹੈ ਕਿ 'ਆਕਾਰ' ਵਿਚ 'ਓਮ' ਦੀ ਪ੍ਰਕਿਰਤੀ ਜਾਂ ਸੁਭਾਅ ਦੀ ਹੀ ਸੂਚਨਾ ਹੈ।

ੴ

ਨਿਰੰਕਾਰ ਧੁਨੀ, ਬੋਲ ਜਾਂ ਸ਼ਬਦ ਰਾਹੀਂ ਉਜਾਗਰ ਹੋਇਆ ਹੈ ਅਤੇ ਸ੍ਰਿਸ਼ਟੀ ਰਾਹੀਂ ਸਾਕਾਰ ਅਤੇ ਸਕ੍ਰਿਆ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਸ੍ਰਿਸ਼ਟੀ ਦੇ ਯਥਾਰਥ, ਅਧਿਆਤਮ ਅਤੇ ਮਹਾਤਮ ਦਾ ਸਾਰੰਸ਼ ਸੁੰਦਰ ਅਤੇ ਸੰਖੇਪ ਚਿੰਨ 'ੴ' ਵਿਚ ਉਜਾਗਰ ਕੀਤਾ ਹੈ।

ਹਰਮਨ ਹੈਸ ਨੇ 'ਸਿਧਾਰਥ' ਵਿਚ ਦੱਸਿਆ ਹੈ, "ਓਮ ਕਮਾਨ, ਆਤਮਾ ਤੀਰ ਅਤੇ ਨਿਰੰਕਾਰ ਨਿਸ਼ਾਨਾ ਹੈ, ਜਿਸ ਨੂੰ ਬੇਰੋਕ ਵਿੰਨ੍ਹਦੇ ਰਹਿਣਾ ਹੈ।" 'ੴ' ਵਿਚ ਵੀ ਅਜਿਹੇ ਹੀ ਕਿਸੇ ਤ੍ਰੈਸੂਤਰੀ ਸੱਚ ਅਤੇ ਅਭਿਆਸ ਦਾ ਸੰਕੇਤ ਹੈ।

ਤੀਹ ਭਾਸ਼ਾਵਾਂ ਦੇ ਮਾਹਿਰ, ਜਪਾਨੀ ਪ੍ਰੋਫੈਸਰ ਤੁਸ਼ਾਈਕੋ ਈਜ਼ੁਤਸ ਨੇ ਆਪਣੀ ਪੁਸਤਕ 'ਦਾ ਕਾਨਸੈਪਟ ਐਂਡ ਰੀਐਲਟੀ ਆਫ ਐਗਜਿਸਟੈਂਸ' ਵਿਚ ਸੂਫੀ ਅਨੁਭਵ ਨੂੰ ਬੇਹੱਦ ਸੰਖੇਪ ਅਤੇ ਸਪਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਸੂਫੀਆਨਾ 'ਫਰਕ' ਦੀ ਅਵਸਥਾ ਦੌਰਾਨ ਅਨੇਕਤਾ ਵਿਚ ਏਕਤਾ ਨਹੀਂ ਭਾਸਦੀ। 'ਫਨਾਹ' ਦੀ ਅਵਸਥਾ ਵਿਚ ਏਕਤਾ ਵਿਚੋਂ ਅਨੇਕਤਾ ਭਸਮ ਹੋ ਜਾਂਦੀ ਹੈ। ਇਸ ਤੋਂ ਅੱਗੇ 'ਬਕਾਹ' ਦੀ ਅਵਸਥਾ ਸਮੇਂ ਅਨੇਕਤਾ ਵਿਚ ਏਕਤਾ ਦਿਸ ਆਉਂਦੀ ਹੈ; ਇਹੀ ਅਵਸਥਾ ਸਦੀਵੀ ਖੇੜੇ ਵਾਲੀ ਹੁੰਦੀ ਹੈ।

'ੴ' 'ਫਰਕ' ਤੋਂ 'ਫਨਾਹ' ਅਤੇ 'ਫਨਾਹ' ਤੋਂ 'ਬਕਾਹ' ਤੱਕ ਦੇ ਸਫਰ ਦਾ ਲਖਾਇਕ ਹੈ, ਜਿਸ ਵਿਚ ਨਿਰਾਕਾਰ ਅਤੇ ਆਕਾਰ ਦਾ ਸਾਕਾਰਾਤਮਕ ਸੰਜੋਗ ਹੈ। ਸੱਚ ਸਰੂਪ ਨਿਰਾਕਾਰ ਵਿਚ ਜੇ ਪ੍ਰੇਮ-ਭਾਵ ਸ਼ਾਮਲ ਹੋ ਜਾਵੇ ਤਾਂ ਉਹ ਨਿਰੰਕਾਰ ਹੋ ਜਾਂਦਾ ਹੈ। ਪ੍ਰੇਮ ਦੀ ਹੱਦ ਹੋ ਜਾਵੇ ਤਾਂ ਧੰਨ ਨਿਰੰਕਾਰ ਹੋ ਜਾਂਦਾ ਹੈ।

ਨਿਰੰਕਾਰ ਵਿਚ ਨਿਰਾਕਾਰ ਦਾ ਕੰਨਾ ਟਿੱਪੀ ਵਿਚ ਤਬਦੀਲ ਹੋ ਜਾਂਦਾ ਹੈ। ਨਾਸਕ ਧੁਨੀਆਂ ਪ੍ਰੇਮਵਾਹਕ ਹਨ। ਮਾਂਵਾਂ ਆਪਣੇ ਬੱਚਿਆਂ ਦੇ ਨਾਂਵਾਂ ਨੂੰ ਲਾਡ ਵਿਚ ਨਾਸਕ ਕਰ ਲੈਂਦੀਆਂ ਹਨ। ਨਿਰਾਕਾਰ ਤੇ ਆਕਾਰ ਪ੍ਰੇਮ ਦੇ ਸੰਜੋਗ ਵਿਚ ਬੱਝ ਕੇ 'ਓਮ' ਬਣਦੇ ਹਨ। ਇਸੇ ਕਰਕੇ 'ਓਮ' ਧੁਨੀ ਭਗਤੀ-ਭਾਵ ਨਾਲ ਓਤ-ਪੋਤ ਹੋਈ ਹੋਈ ਹੈ। 'ੴ' ਪ੍ਰੇਮ ਦੇ ਮਹਾਂ ਸੰਜੋਗ ਦਾ ਪਵਿੱਤਰ ਬਿੰਬ ਹੈ।

ਜਿਵੇਂ ਸੂਰਜ, ਸੂਰਜ ਤੋਂ ਆ ਰਹੀ ਲੋਅ ਅਤੇ ਧਰਤੀ 'ਤੇ ਨਜ਼ਰ ਆ ਰਹੀ ਧੁੱਪ ਕਿਸੇ ਇੱਕੋ ਸ਼ੈ ਦੇ ਤਿੰਨ ਪ੍ਰਤੌ ਹਨ। ਜਿਵੇਂ ਧਰਤੀ ਹੇਠਲੇ ਪਾਣੀ, ਖੂਹ 'ਚ ਖੜ੍ਹੇ ਪਾਣੀ ਤੇ ਘੜੇ 'ਚ ਭਰੇ ਹੋਏ ਪਾਣੀ 'ਚ ਕੋਈ ਅੰਤਰ ਨਹੀਂ ਹੈ।

ਇਨਸਾਨੀ ਜਹਾਲਤ ਅਤੇ ਘੋਰ-ਗਰਦੀ ਦੇਖੋ ਕਿ ਅੰਗਰੇਜ਼ੀ ਰਾਜ ਸਮੇਂ ਰੇਲਵੇ ਸਟੇਸ਼ਨਾਂ 'ਤੇ ਯਾਤਰੂਆਂ ਲਈ ਰੱਖੇ ਪਾਣੀ ਦੇ ਘੜਿਆਂ 'ਤੇ 'ਹਿੰਦੂ ਪਾਣੀ' ਅਤੇ 'ਮੁਸਲਿਮ ਪਾਣੀ' ਲਿਖਿਆ ਹੁੰਦਾ ਸੀ।

ਭਗਤ ਕਬੀਰ ਨੇ ਇਸ ਭਿੰਨ-ਭੇਦ ਅਤੇ ਭੇਦ-ਭਾਵ ਨੂੰ ਮੇਟਦਿਆਂ ਲਿਖਿਆ, "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"

ਗੁਰੂ ਨਾਨਕ ਪਾਤਸ਼ਾਹ ਨੇ ਵੀ ਕਿੰਨੀ ਹਲੀਮੀ ਨਾਲ ਆਖਿਆ, "ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥" ਅਰਥਾਤ, ਹੇ ਵਾਹਿਗੁਰੂ! ਅਸੀਂ ਉਚੇ, ਮੱਧਮ ਜਾਂ ਨੀਚ ਨਹੀਂ ਹਾਂ, ਅਸੀਂ ਤਾਂ ਵਾਹਿਗੁਰੂ ਦੀ ਸ਼ਰਣ ਵਿਚ ਰਹਿਣ ਵਾਲੇ ਲੋਕ ਹਾਂ।

'ੴ' ਦਾ ਭਾਵ ਅਤੇ ਰਹੱਸ ਵੀ ਕੁਝ ਇਸੇ ਤਰ੍ਹਾਂ ਦਾ ਹੀ ਸਮਝਣਾ ਚਾਹੀਦਾ ਹੈ।

# ਸਥਾਪਤ-ਸੰਸਥਾਗਤ ਧਰਮ ਬਨਾਮ ਧਰਮ ਅਤੇ ਇਨਸਾਨੀਅਤ-2

(ਪਿਛਲੇ ਸਫੇ ਦੀ ਬਾਕੀ)

ਮਨਕੇ' ਵਿਚ ਧਰਮਾਂ ਬਾਰੇ ਇੱਕ ਟੂਕ ਲਿਖੀ ਹੈ, "ਅੰਤ ਨੂੰ ਹਰ ਧਰਮ ਨੇ ਭ੍ਰਿਸ਼ਟ-ਕਰਮਕਾਂਡ ਦਾ ਰੂਪ ਧਾਰਨਾ ਹੁੰਦਾ ਹੈ।" ਦੁਨੀਆਂ ਦੇ ਪ੍ਰਮੁੱਖ ਸਥਾਪਤ ਧਰਮਾਂ ਅਤੇ ਅਨੇਕਾਂ ਵੱਡੇ-ਛੋਟੇ ਧਾਰਮਕ ਅਦਾਰਿਆਂ ਦੇ ਇਤਿਹਾਸਕ ਵਿਕਾਸ ਦੀ ਕਹਾਣੀ ਉਨ੍ਹਾਂ ਦੀ ਇਸ ਟੂਕ ਨੂੰ ਸੌ ਫੀਸਦੀ ਸਹੀ ਸਾਬਤ ਕਰਦੀ ਹੈ।

ਸੰਸਾਰ ਦੇ ਸਥਾਪਤ ਧਰਮਾਂ ਦੇ ਹੋਂਦ ਵਿਚ ਆਉਣ ਅਤੇ ਵਿਕਾਸ ਕਰਨ ਦੀ ਕਹਾਣੀ ਲਗਭਗ ਮਿਲਦੀ-ਜੁਲਦੀ ਹੈ। ਇਸ ਨੂੰ ਸਮਝਣ ਲਈ ਅਸੀਂ ਪਿਛਲਾ ਇਤਿਹਾਸ ਦੇਖ ਸਕਦੇ ਹਾਂ। ਜਦੋਂ ਜਦੋਂ ਹਾਕਮਾਂ ਤੇ ਪੁਜਾਰੀਆਂ ਦੀ ਨਾਪਾਕ ਮਿਲੀਭੁਗਤ ਨਾਲ ਲੋਕਾਂ 'ਤੇ ਰਾਜਸੀ, ਧਾਰਮਕ, ਸਮਾਜਕ ਤੇ ਆਰਥਕ ਲੁੱਟ ਦੀ ਸਿਖਰ ਹੁੰਦੀ ਰਹੀ ਹੈ ਤਾਂ ਲੋਕਾਈ ਨੂੰ ਉਨ੍ਹਾਂ ਦੀ ਲੁੱਟ ਤੋਂ ਮੁਕਤੀ ਵਾਸਤੇ ਅਨੇਕਾਂ ਧਾਰਮਕ ਤੇ ਸਮਾਜ ਸੁਧਾਰ ਲਹਿਰਾਂ ਹੋਂਦ ਵਿਚ ਆਉਂਦੀਆਂ ਰਹੀਆਂ ਹਨ। ਇਨ੍ਹਾਂ ਲਹਿਰਾਂ ਨੂੰ ਦਬਾਉਣ ਲਈ ਇਨ੍ਹਾਂ ਦੇ ਮੁਖੀਆਂ ਤੇ ਕਾਰਕੁਨਾਂ 'ਤੇ ਅਨੇਕਾਂ ਜ਼ੁਲਮ ਢਾਹੇ ਜਾਂਦੇ ਰਹੇ ਹਨ। ਫਿਰ ਵੀ ਹਾਕਮਾਂ ਅਤੇ ਪੁਜਾਰੀਆਂ ਦੇ ਬੇਇੰਤਹਾ ਜਬਰੋ ਜ਼ੁਲਮ ਦੇ ਬਾਵਜੂਦ ਕੁਝ ਇਕ ਲੋਕ ਲਹਿਰਾਂ ਆਪਣੇ ਲੋਕ ਪੱਖੀ ਅਤੇ ਸਪਸ਼ਟ ਸਿਧਾਂਤਾਂ ਕਰਕੇ ਐਨੀਆਂ ਪ੍ਰਚੰਡ ਹੋ ਜਾਂਦੀਆਂ ਰਹੀਆਂ ਹਨ, ਜੋ ਹਾਕਮਾਂ ਅਤੇ ਪੁਜਾਰੀਆਂ ਦੀਆਂ ਸਭ ਰੋਕਾਂ ਤੋੜ ਕੇ ਰਾਜ ਸੱਤਾ 'ਤੇ ਵੀ ਕਾਬਜ ਹੋ ਜਾਂਦੀਆਂ ਰਹੀਆਂ ਹਨ।

ਪਿਛਲੇ ਸਮੇਂ ਦੌਰਾਨ ਆਏ ਅਜਿਹੇ ਇਨਕਲਾਬਾਂ ਨੇ ਪੁਜਾਰੀਆਂ ਅਤੇ ਹਾਕਮਾਂ ਦੇ ਨਾਪਾਕ ਗਠਜੋੜ ਪੂਰੀ ਤਰ੍ਹਾਂ ਤਬਾਹ ਕਰਨ ਦੇ ਨਾਲ ਨਾਲ ਰਾਜਨੀਤਕ, ਆਰਥਕ ਅਤੇ ਸਮਾਜਕ ਖੇਤਰਾਂ ਵਿਚ ਅਨੇਕਾਂ ਇਨਕਲਾਬੀ ਤਬਦੀਲੀਆਂ ਲਿਆਂਦੀਆਂ, ਪਰ ਅਫਸੋਸ, ਅਣਗਿਣਤ ਅਸਹਿ ਤੇ ਅਕਹਿ ਜ਼ੁਲਮ ਸਹਿ ਕੇ ਅਤੇ ਅਨੇਕਾਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀਆਂ ਇਹ ਆਜ਼ਾਦੀਆਂ ਲੰਬਾ ਸਮਾਂ ਕਾਇਮ ਨਾ ਰਹਿ ਸਕੀਆਂ। ਰਾਜ ਸੱਤਾ 'ਤੇ ਕਬਜੇ ਤੋਂ ਸਿਰਫ ਕੁਝ ਇਕ ਦਹਾਕਿਆਂ ਬਾਅਦ ਹੀ ਅੱਗੇ ਤੋਂ, ਜਾਂ ਅੱਗੇ ਤੋਂ ਅੱਗੇ ਨਵੇਂ ਬਣੇ ਹਾਕਮਾਂ ਨੂੰ ਰਾਜ ਗੱਦੀ ਦੀ ਚਕਾਚੌਂਧ ਅਤੇ ਐਸ਼ੋ ਅਰਾਮ ਨੇ ਲੋਕ ਸੇਵਾ ਦੇ ਸੰਕਲਪ ਤੋਂ ਥਿੜਕਾ ਕੇ ਰਾਜਗੱਦੀ ਨੂੰ ਕਾਇਮ ਰੱਖਣ ਵੱਲ ਪ੍ਰੇਰਿਤ ਕਰ ਦਿੱਤਾ, ਜਿਸ ਵਾਸਤੇ ਉਨ੍ਹਾਂ ਨੂੰ ਫਿਰ ਤੋਂ ਪੁਜਾਰੀਆਂ ਦੀ ਲੋੜ ਪਈ। ਇਸ ਤਰ੍ਹਾਂ ਪੁਰਾਣੇ ਧਰਮ ਦੇ ਪੁਜਾਰੀਆਂ ਅਤੇ ਉਸ ਵੇਲੇ ਦੇ ਹਾਕਮਾਂ ਦੇ ਨਾਪਾਕ ਗੱਠਜੋੜ ਦੇ ਵਿਰੋਧ ਵਿਚ ਆਏ ਇਹ ਇਨਕਲਾਬ ਨਵੇਂ ਹਾਕਮਾਂ ਅਤੇ ਨਵੇਂ ਪੁਜਾਰੀਆਂ ਦੀ ਮਿਲੀਭੁਗਤ ਨਾਲ ਹਰ ਵਾਰ ਇਕ ਨਵੇਂ ਨਾਂ ਵਾਲੇ ਨਵੇਂ ਸਥਾਪਤ ਧਰਮ ਦੇ ਹੋਂਦ 'ਚ ਆਉਣ ਦਾ ਸਬੱਬ ਬਣਦੇ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਕਰਮ-ਕਾਂਡ ਦੇ ਸਖਤ ਵਿਰੋਧ ਵਿਚ ਗੁਰੂ ਸਾਹਿਬਾਨ ਅਤੇ ਹੋਰ ਮਹਾਂਪੁਰਸ਼ਾਂ ਵਲੋਂ ਲੋਕਾਂ ਦੀ ਆਪਣੀ ਭਾਸ਼ਾ ਵਿਚ ਰਚੀ ਤੇ ਸਪਸ਼ਟ ਬਾਣੀ ਹੋਣ ਦੇ ਬਾਵਜੂਦ ਇਹ ਸੱਚਾ-ਸੁੱਚਾ ਅਤੇ ਨਿਰੋਲ ਧਰਮ ਇੱਕ ਸਥਾਪਤ ਧਰਮ ਵਿਚ ਤਬਦੀਲ ਹੋ ਗਿਆ ਹੈ ਤਾਂ ਦੂਜੇ ਸਥਾਪਤ ਧਰਮ ਵੀ ਇਸੇ ਤਰ੍ਹਾਂ ਹੋਂਦ ਵਿਚ ਆਏ ਹੋਣਗੇ, ਜਦਕਿ ਉਨ੍ਹਾਂ ਦੇ ਮਹਾਂਪੁਰਖਾਂ ਦੇ ਰਚੇ ਗ੍ਰੰਥਾਂ ਦੀ ਸਿੱਖਿਆ ਸੱਚੇ-ਸੁੱਚੇ ਧਰਮ ਵਾਲੀ ਹੀ ਹੋਵੇਗੀ। ਭਗਤ ਕਬੀਰ ਦੀ ਬਾਣੀ ਦਾ ਇਕ ਸ਼ਬਦ, 'ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ' ਇਸੇ ਸੱਚਾਈ ਦਾ ਉਪਦੇਸ਼ ਦਿੰਦਾ ਹੈ।

ਜਦੋਂ ਇਕ ਵਾਰ ਨਵਾਂ ਧਰਮ ਸਥਾਪਤ ਹੋ ਗਿਆ, ਫਿਰ ਇਸ ਵਿਚ ਉਹ ਸੱਭੇ ਕੁਰੀਤੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜੋ ਉਸ ਤੋਂ ਪਹਿਲਾਂ ਵਾਲੇ ਧਰਮ ਵਿਚ ਮੌਜੂਦ ਸਨ। ਅਖੀਰ ਇਹ ਨਵਾਂ ਸਥਾਪਤ ਧਰਮ ਵੀ ਭ੍ਰਿਸ਼ਟ ਕਰਮ-ਕਾਂਡ ਦਾ ਰੂਪ ਧਾਰ ਲੈਂਦਾ ਹੈ। ਇਹ ਨਵਾਂ ਸਥਾਪਤ ਧਰਮ ਇਸ ਦੇ ਪੁਜਾਰੀਆਂ ਲਈ ਅੰਤਾਂ ਦੀ ਅੰਨੀ ਕਮਾਈ ਦਾ ਸੋਮਾ ਤਾਂ ਬਣਦਾ ਹੀ ਹੈ, ਹਾਕਮਾਂ ਲਈ ਵੀ ਲੋਕਾਂ ਨੂੰ ਕਾਬੂ ਵਿਚ ਰੱਖ ਕੇ ਲੁੱਟਣ ਤੇ ਕੁੱਟਣ ਦਾ ਵਧੀਆ ਅਤੇ ਸਸਤਾ ਹਥਿਆਰ ਸਾਬਤ ਹੁੰਦਾ ਹੈ। ਪੂਜਾ ਦੀ ਅੰਤਾਂ ਦੀ ਅੰਨੀ ਕਮਾਈ ਕਾਰਨ ਕਾਬਜ ਪੁਜਾਰੀਆਂ ਦਾ ਭ੍ਰਿਸ਼ਟ ਅਤੇ ਆਚਰਣਹੀਣ ਹੋ ਜਾਣਾ ਇਕ ਆਮ ਵਰਤਾਰਾ ਹੈ। ਉਨ੍ਹਾਂ ਦਾ ਠਾਠ ਬਾਠ ਵਾਲਾ ਸ਼ਾਹੀ ਰਹਿਣ-ਸਹਿਣ ਦੂਜੇ ਪੁਜਾਰੀਆਂ ਨੂੰ ਲਲਚਾਉਂਦਾ ਹੈ। ਇਸ ਲਈ ਕਾਬਜ ਪੁਜਾਰੀਆਂ ਦੇ ਭ੍ਰਿਸ਼ਟ ਅਤੇ ਆਚਰਣਹੀਣ ਕਾਰਨਾਮੇ ਪ੍ਰਚਾਰ ਕੇ ਉਨ੍ਹਾਂ ਤੋਂ ਧਾਰਮਕ ਕੇਂਦਰਾਂ ਨੂੰ ਆਜ਼ਾਦ ਕਰਵਾਉਣ ਅਤੇ ਸੁਧਾਰਾਂ ਦੇ ਨਾਂ 'ਤੇ ਆਪਣਾ ਕਬਜਾ ਕਰਨ ਦੇ ਮੁਕਾਬਲੇ ਚਲਦੇ ਹਨ, ਕਦੇ ਉਹ ਅੱਗੇ ਅਤੇ ਕਦੇ ਉਹ, ਭਾਵ ਪੁਜਾਰੀ ਬਦਲਦੇ ਰਹਿੰਦੇ ਹਨ। ਕੁਝ ਪੁਜਾਰੀ ਕਿਸਮ ਦੇ ਲੋਕ, ਜੋ ਪਹਿਲਾਂ ਤੋਂ ਕਾਬਜ ਪੁਜਾਰੀਆਂ ਦਾ ਮੁਕਾਬਲਾ ਕਰਨ ਜੋਗੇ ਨਹੀਂ ਹੁੰਦੇ, ਉਹ ਆਪਣੇ ਆਪਣੇ ਫਿਰਕੇ ਜਾਂ ਸੰਸਥਾਵਾਂ ਬਣਾ ਕੇ ਕੰਮ ਚਲਾ ਲੈਂਦੇ ਹਨ। ਇਸ ਤਰ੍ਹਾਂ ਕਿਸੇ ਵੀ ਧਰਮ ਦੇ ਸਥਾਪਤ ਹੋਣ 'ਤੇ ਛੇਤੀ ਹੀ ਉਸ ਦੇ ਅਨੇਕਾਂ ਧੜੇ ਬਣ ਜਾਂਦੇ ਹਨ ਅਤੇ ਹਰ ਧੜਾ ਆਪਣੇ ਆਪ ਨੂੰ ਧਰਮ ਦਾ ਅਸਲੀ ਵਾਰਸ ਗਰਦਾਨਦਾ ਹੈ।

ਸਥਾਪਤ ਧਰਮਾਂ ਦੀ ਅਖੌਤੀ ਪਵਿੱਤਰਤਾ ਬਰਕਰਾਰ ਰੱਖਣ ਅਤੇ ਸੁਧਾਰ ਲਿਆਉਣ ਦੇ ਨਾਂ 'ਤੇ ਅਣਗਿਣਤ ਕੁਰਬਾਨੀਆਂ ਤਾਂ ਆਮ ਲੋਕਾਂ ਤੇ ਪੈਰੋਕਾਰਾਂ ਨੂੰ ਦੇਣੀਆਂ ਪੈਂਦੀਆਂ ਹਨ, ਪਰ ਇਨ੍ਹਾਂ ਨਾਲ ਉਨ੍ਹਾਂ ਦੇ ਆਪਣੇ ਜੀਵਨ ਪੱਧਰ ਵਿਚ ਕੋਈ ਸੁਧਾਰ ਨਹੀਂ ਹੁੰਦਾ। ਉਹ ਤਾਂ ਸਗੋਂ, ਸਾਨ੍ਹਾਂ ਦੇ ਭੇੜ ਵਿਚ ਵਾੜਾਂ ਦੀ ਕੁਵਖਤੀ ਅਨੁਸਾਰ ਸਿਰਫ ਬਲੀ ਦੇ ਬੱਕਰੇ ਹੀ ਬਣਦੇ ਰਹਿੰਦੇ ਹਨ।

ਸਮੁੱਚੇ ਸੰਸਾਰ ਦਾ ਧਾਰਮਕ ਇਤਿਹਾਸ ਦੇਖਿਆਂ ਇਹੀ ਲੱਗਦਾ ਹੈ ਕਿ ਸੰਸਾਰ ਭਰ ਦੇ ਮਹਾਂਪੁਰਖਾਂ ਨੇ ਸਮੇਂ ਸਮੇਂ ਲੋਕਾਂ ਨੂੰ ਕਰਾਮਾਤਾਂ, ਅੰਧਵਿਸ਼ਵਾਸਾਂ ਤੇ ਫੋਕੇ ਕਰਮ-ਕਾਂਡ ਦੇ ਜੰਜਾਲ ਵਿਚੋਂ ਕੱਢ ਕੇ ਅਤੇ ਜਾਗ੍ਰਿਤ ਕਰਕੇ ਇਨਸਾਨੀਅਤ ਦੇ ਰਾਹ 'ਤੇ ਚੱਲਣ ਵਾਸਤੇ ਪ੍ਰੇਰਨ ਲਈ ਆਪਣਾ ਪੂਰਾ ਜੀਵਨ ਲਾ ਦਿੱਤਾ, ਪਰ ਸਾਡੀ ਇਹ ਬਦਕਿਸਮਤੀ ਰਹੀ ਕਿ ਉਹ ਲਹਿਰਾਂ ਅੰਤ ਵਿਚ ਸਥਾਪਤ ਧਰਮਾਂ ਵਿਚ ਤਬਦੀਲ ਹੁੰਦੀਆਂ ਰਹੀਆਂ ਅਤੇ ਮਨੁੱਖ ਉਸੇ ਤਰ੍ਹਾਂ ਹਰ ਵਾਰ ਕਰਾਮਾਤਾਂ, ਅੰਧਵਿਸ਼ਵਾਸਾਂ ਤੇ ਫੋਕੇ ਕਰਮ-ਕਾਂਡ ਦੇ ਜਾਲ ਵਿਚ ਫਸਦਾ ਰਿਹਾ ਹੈ। ਇਸ ਸਮੇਂ ਸੰਸਾਰ ਵਿਚ ਅਨੇਕਾਂ ਧਰਮ ਹਨ ਅਤੇ ਉਨ੍ਹਾਂ ਦੇ ਅਣਗਿਣਤ ਪੈਰੋਕਾਰ ਹਨ। ਹਰ ਇਕ ਨੂੰ ਆਪੋ-ਆਪਣੀ ਆਸਥਾ ਅਨੁਸਾਰ ਆਪੋ-ਆਪਣਾ ਧਰਮ ਮੰਨਣ ਦਾ ਪੂਰਾ ਪੂਰਾ ਹੱਕ ਹੈ। ਹਰ ਇਕ ਨੂੰ ਇਹ ਹੱਕ ਦੂਜੇ ਧਰਮਾਂ ਵਾਲਿਆਂ ਨੂੰ ਵੀ ਦੇਣਾ ਬਣਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਅਸੀਂ ਮਹਾਂਪੁਰਖਾਂ ਵਲੋਂ ਦਰਸਾਏ ਇਨਸਾਨੀਅਤ ਦੇ ਰਾਹ 'ਤੇ ਚੱਲੀਏ। ਗੁਰੂ ਜੀ ਨੇ ਮੁਸਲਮਾਨ ਨੂੰ ਜਿਸ ਤਰ੍ਹਾਂ ਦੀ ਨਮਾਜ ਅਤੇ ਹਿੰਦੂ ਨੂੰ ਜਿਸ ਤਰ੍ਹਾਂ ਦਾ ਜਨੇਊ ਪਾਉਣ ਦਾ ਉਪਦੇਸ਼ ਦਿੱਤਾ ਹੈ, ਉਹ ਇਨਸਾਨੀਅਤ ਦਾ ਰਾਹ ਦਸੇਰਾ ਹੈ। ਗੁਰੂ ਜੀ ਦੇ ਇਨ੍ਹਾਂ ਉਪਦੇਸ਼ਾਂ ਨੂੰ ਜੇ ਸਮੁੱਚੀ ਮਾਨਵ ਜਾਤੀ ਨੂੰ ਦੇਣਾ ਹੋਵੇ ਤਾਂ ਕਹਿ ਸਕਦੇ ਹਾਂ:

ਹਰ ਮਾਨੁੱਖ ਨੋ ਲੋੜੀਐ
ਪਹਿਲਾ ਸੱਚ ਦੂਜਾ ਹੱਕ ਹਲਾਲ ਕਰੇ।
ਤੀਜਾ ਭਲਾ ਸਰਬੱਤ ਦਾ ਲੋੜੀਐ
ਚੌਥਾ ਨੇਕ ਕਮਾਈ ਪੰਜਵਾਂ ਹਿਰਦੈ ਧਿਆਨ ਧਰੇ।
ਜੋ ਇਹ ਨੇਮ ਕਮਾਵੈ ਤਾਂ ਇਨਸਾਨ ਕਹਾਵੈ
ਨਹੀਂ ਤਾਂ ਕੂੜੋ ਕੂੜੀ ਢੌਂਗ ਫਰੇਬ ਮੱਕਾਰ ਕਰੇ।

ਮੇਰੀ ਬੇਨਤੀ ਹੈ ਕਿ ਅਸੀਂ ਆਪਣੀ ਆਪਣੀ ਆਸਥਾ ਆਪਣੇ ਆਪਣੇ ਅਨੁਸਾਰ ਰੱਖਦਿਆਂ ਇਨਸਾਨ ਬਣਨ ਦਾ ਨਿਸ਼ਚਾ ਕਰੀਏ ਤਾਂ ਕਿ ਅਸੀਂ ਭਰਾ ਮਾਰੂ ਜੰਗਾਂ ਤੋਂ ਬਚ ਸਕੀਏ ਅਤੇ ਇਹ ਸਮੁੱਚਾ ਸੰਸਾਰ ਬੇਗਮਪੁਰਾ ਬਣਨ ਦੇ ਰਾਹ ਪੈ ਜਾਵੇ। ਇਹੀ ਸਾਡੀ ਸੰਸਾਰ ਭਰ ਦੇ ਮਹਾਂਪੁਰਖਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

(ਸਮਾਪਤ)

# ਸੇਵਕੁ ਲਾਇਓ ਅਪੁਨੀ ਸੇਵ

ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫**

ਸੇਵਕੁ ਲਾਇਓ ਅਪੁਨੀ ਸੇਵ॥
ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ॥
ਸਗਲੀ ਚਿੰਤਾ ਆਪਿ ਨਿਵਾਰੀ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ॥
ਕਾਜ ਹਮਾਰੇ ਪੂਰੇ ਸਤਗੁਰ॥
ਬਾਜੇ ਅਨਹਦ ਤੂਰੇ ਸਤਗੁਰ॥ ਰਹਾਉ॥
ਮਹਿਮਾ ਜਾ ਕੀ ਗਹਿਰ ਗੰਭੀਰ॥
ਹੋਇ ਨਿਹਾਲੁ ਦੇਇ ਜਿਸੁ ਧੀਰ॥
ਜਾ ਕੇ ਬੰਧਨ ਕਾਟੇ ਰਾਇ॥
ਸੋ ਨਰੁ ਬਹੁਰਿ ਨ ਜੋਨੀ ਪਾਇ॥
ਜਾ ਕੈ ਅੰਤਰਿ ਪ੍ਰਗਟਿਓ ਆਪ॥
ਤਾ ਕਉ ਨਾਹੀ ਦੂਖ ਸੰਤਾਪ॥
ਲਾਲੁ ਰਤਨੁ ਤਿਸੁ ਪਾਲੈ ਪਰਿਆ॥
ਸਗਲ ਕੁਟੰਬ ਓਹੁ ਜਨੁ ਲੈ ਤਰਿਆ॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ॥
ਏਕੋ ਏਕੁ ਨਿਰੰਜਨ ਪੂਜਾ॥
ਜਤ ਕਤ ਦੇਖਉ ਆਪਿ ਦਇਆਲ॥
ਕਹੁ ਨਾਨਕ ਪ੍ਰਭ ਮਿਲੇ ਰਸਾਲ॥

ਗੁਰੂ ਅਰਜਨ ਦੇਵ ਰਹਾਉ ਦੀ ਪੰਕਤੀ ਵਿਚ ਅਨੰਦ ਦਾ ਇਜ਼ਹਾਰ ਕਰਦੇ ਹਨ, ਹੇ ਮੇਰੇ ਸਤਿਗੁਰ ਜੀਓ, ਤੂੰ ਮੇਰੇ ਸਾਰੇ ਹੀ ਕਾਰਜ ਸਿਰੇ ਚਾੜ੍ਹ ਦਿੱਤੇ ਹਨ, ਤੇਰੀ ਮਿਹਰ ਨਾਲ ਮੈਨੂੰ ਕਿਸੇ ਦੀ ਗਰਜ ਨਹੀਂ ਰਹੀ। ਹੁਣ ਇਵੇਂ ਮਹਿਸੂਸ ਹੁੰਦਾ ਹੈ, ਜਿਵੇਂ ਮੇਰੇ ਅੰਦਰ ਲਗਾਤਾਰ ਖੁਸ਼ੀਆਂ ਦੇ ਵਾਜੇ ਵੱਜ ਰਹੇ ਹੋਣ।

ਸੇਵਕੁ ਲਾਇਓ ਅਪੁਨੀ ਸੇਵ॥
ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ॥
ਸਗਲੀ ਚਿੰਤਾ ਆਪਿ ਨਿਵਾਰੀ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ॥

ਸਤਿਗੁਰੂ ਆਖਦੇ ਹਨ, ਹੇ ਭਾਈ ਆਪਣਾ ਦਾਸ ਬਣਾ ਕੇ ਜਿਸ ਗੁਰੂ ਨੇ ਮੈਨੂੰ ਆਪਣੀ ਸੇਵਾ ਵਿਚ ਲਾਇਆ ਹੈ, ਜਿਸ ਨੇ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਰੂਪੀ ਨਾਮ ਜਪਣ ਵਾਸਤੇ ਮੇਰੇ ਮੂੰਹ ਵਿਚ ਦਿੱਤਾ ਹੈ, ਜਿਸ ਮੇਰੇ ਮਿਹਰਬਾਨ ਗੁਰੂ ਨੇ ਮਿਹਰ ਕਰਕੇ ਮੇਰੇ ਅੰਦਰੋਂ ਸਾਰੀ ਚਿੰਤਾ ਦੂਰ ਕਰ ਦਿੱਤੀ ਹੈ, ਐਸੇ ਗੁਰੂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।

ਮਹਿਮਾ ਜਾ ਕੀ ਗਹਿਰ ਗੰਭੀਰ॥
ਹੋਇ ਨਿਹਾਲੁ ਦੇਇ ਜਿਸੁ ਧੀਰ॥
ਜਾ ਕੇ ਬੰਧਨ ਕਾਟੇ ਰਾਇ॥
ਸੋ ਨਰੁ ਬਹੁਰਿ ਨ ਜੋਨੀ ਪਾਇ॥

ਗੁਰਦੇਵ ਆਖਦੇ ਹਨ, ਜਿਸ ਮਿਹਰਬਾਨ ਪ੍ਰਭੂ ਦੀ ਮਹਿਮਾ, ਵਡਿਆਈ ਬੇਅੰਤ ਹੈ, ਅਥਾਹ ਹੈ, ਉਹ ਨਿਹਾਲ ਭਾਵ ਮਿਹਰ ਵਿਚ ਆ ਕੇ ਜਿਸ ਮਨੁੱਖ ਨੂੰ ਧੀਰਜ, ਸਹਾਰਾ ਬਖਸ਼ਦਾ ਹੈ, ਉਹ ਪ੍ਰਭੂ ਪਾਤਸ਼ਾਹ, ਜਿਸ ਜੀਵ ਦੇ ਮਾਇਆ ਦੇ ਬੰਧਨ ਕੱਟ ਦਿੰਦਾ ਹੈ, ਉਹ ਮਨੱਖ ਫਿਰ ਮੁੜ ਕੇ ਜੰਮਣ ਮਰਨ ਦੇ ਗੇੜ ਵਿਚ ਨਹੀਂ ਪੈਂਦਾ।

ਜਾ ਕੈ ਅੰਤਰਿ ਪ੍ਰਗਟਿਓ ਆਪ॥
ਤਾ ਕਉ ਨਾਹੀ ਦੂਖ ਸੰਤਾਪ॥
ਲਾਲੁ ਰਤਨੁ ਤਿਸੁ ਪਾਲੈ ਪਰਿਆ॥
ਸਗਲ ਕੁਟੰਬ ਓਹੁ ਜਨੁ ਲੈ ਤਰਿਆ॥

ਸਤਿਗੁਰੂ ਆਖਦੇ ਹਨ, ਹੇ ਭਾਈ ਉਹ ਪਰਮਾਤਮਾ ਆਪ ਜਿਸ ਮਨੁੱਖ ਅੰਦਰ ਆਪਣਾ ਪ੍ਰਕਾਸ਼ ਕਰ ਦਿੰਦਾ ਹੈ, ਉਸ ਨੂੰ ਕੋਈ ਦੁੱਖ ਸੰਤਾਪ ਪੋਹ ਨਹੀਂ ਸਕਦਾ। ਉਸ ਮਨੁੱਖ ਨੂੰ ਪ੍ਰਭੂ ਦਾ ਨਾਮ ਰੂਪੀ ਲਾਲ ਮਿਲ ਜਾਂਦਾ ਹੈ, ਨਾਮ ਰਤਨ ਮਿਲ ਜਾਂਦਾ ਹੈ। ਉਹ ਮਨੁੱਖ ਆਪਣੇ ਸਾਰੇ ਪਰਿਵਾਰ ਨੂੰ ਵੀ ਆਪਣੇ ਨਾਲ ਲੈ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਨਾ ਕਿਛੁ ਭਰਮੁ ਨ ਦੁਬਿਧਾ ਦੂਜਾ॥
ਏਕੋ ਏਕੁ ਨਿਰੰਜਨ ਪੂਜਾ॥
ਜਤ ਕਤ ਦੇਖਉ ਆਪਿ ਦਇਆਲ॥
ਕਹੁ ਨਾਨਕ ਪ੍ਰਭ ਮਿਲੇ ਰਸਾਲ॥

ਸਤਿਗੁਰੂ ਆਖਦੇ ਹਨ, ਹੇ ਭਾਈ ਜੋ ਮਨੁੱਖ ਮਾਇਆ ਤੋਂ ਨਿਰਲੇਪ ਸਿਰਫ ਉਸ ਇਕ ਪ੍ਰਭੂ ਦੀ ਬੰਦਗੀ ਕਰਦਾ ਹੈ, ਉਸ ਨੂੰ ਕੋਈ ਭਟਕਣਾ ਨਹੀਂ ਰਹਿੰਦੀ, ਉਸ ਅੰਦਰ ਦੋਚਿਤਾਪਨ ਨਹੀਂ ਰਹਿ ਜਾਂਦਾ, ਕੋਈ ਮੇਰ-ਤੇਰ ਨਹੀਂ ਹੁੰਦੀ। ਨਾਨਕਾ ਆਖਦਾ ਹੈ, ਪ੍ਰਭੂ ਜੀ! ਗੁਰੂ ਦੀ ਮਿਹਰ ਨਾਲ ਅਨੰਦ ਦਾ ਸੋਮਾ ਮੈਨੂੰ ਮਿਲ ਪਿਆ ਹੈ। ਹੁਣ ਮੈਂ ਜਿਧਰ ਵੀ ਵੇਖਦਾ ਹਾਂ, ਮੈਨੂੰ ਉਹ ਦਇਆਲ ਪ੍ਰਭੂ ਹੀ ਦਿਖਾਈ ਦੇ ਰਿਹਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਸ਼ਾਹ ਮੁਹੰਮਦ ਦੇ ਬਹਾਨੇ ਪੰਜਾਬ ਦੀ ਪੀੜ ਨੂੰ ਸਮਝਦਿਆਂ

## ਪੀ. ਕੇ. ਨਿਝਾਵਨ ਹੋਣ ਦੇ ਅਰਥ...

*ਪੀ. ਕੇ. ਨਿਝਾਵਨ 1927 ਵਿਚ ਪੱਛਮੀ ਪੰਜਾਬ ਵਿਚ ਐਮਨਾਬਾਦ ਵਿਖੇ ਜਨਮਿਆ ਸੁਹਿਰਦ ਪੰਜਾਬੀ ਵਿਦਵਾਨ ਹੈ। ਉਹ ਲੰਮਾ ਸਮਾਂ ਪੰਜਾਬ ਅਤੇ ਕੇਂਦਰ ਸਰਕਾਰ ਵਿਚ ਉਚ ਅਹੁਦਿਆਂ 'ਤੇ ਰਿਹਾ ਅਤੇ ਫਿਰ ਬੰਬਈ ਵਿਚ ਅੰਗਰੇਜ਼ੀ ਅਖਬਾਰ 'ਟਾਈਮਜ਼ ਆਫ ਇੰਡੀਆ' ਦਾ ਐਸੋਸੀਏਟ ਸੰਪਾਦਕ ਵੀ ਬਣਿਆ। ਨਿਝਾਵਨ ਧਾਰਮਕ ਪਛਾਣਾਂ ਤੋਂ ਪਾਰ ਸਾਂਝੀ ਪੰਜਾਬੀਅਤ ਦਾ ਮੁੱਦਈ ਹੈ। ਇਸ ਲਈ ਜਦੋਂ ਪੰਜਾਬ ਵਿਚ ਧਾਰਮਕ ਪਛਾਣ ਦੇ ਆਧਾਰ 'ਤੇ ਹਿੰਸਾ-ਪ੍ਰਤੀ-ਹਿੰਸਾ ਦਾ ਦੌਰ ਚੱਲਦਾ ਹੈ ਤਾਂ ਉਹ ਲੋਕਾਂ ਨੂੰ ਸਾਂਝੇ ਪੰਜਾਬ ਦੀ ਪੰਜਾਬੀਅਤ ਦੇ ਤਸੱਵੁਰ ਦਾ ਅਹਿਸਾਸ ਕਰਵਾਉਣ ਦੇ ਮਨਸ਼ੇ ਨਾਲ ਪੰਜਾਬ ਆ ਗਿਆ। ਇਸ ਲਈ ਉਸ ਨੇ ਇਤਿਹਾਸਕ ਤੌਰ 'ਤੇ ਮੁੱਲਵਾਨ ਕਿਤਾਬਾਂ ਦੀ ਰਚਨਾ ਕੀਤੀ।*

*ਨਿਝਾਵਨ ਸ਼ਾਹ ਮੁਹੰਮਦ ਨੂੰ ਵੱਖ-ਵੱਖ ਧਰਮਾਂ ਦੇ ਪੰਜਾਬੀਆਂ ਦੀ ਸਾਂਝੀ ਪੰਜਾਬੀਅਤ ਦਾ ਪ੍ਰਤੀਕ ਸਮਝਦਾ ਹੈ। ਇਸ ਲਈ ਉਹ 'ਦਿ ਫਰਸਟ ਪੰਜਾਬ ਵਾਰ-ਸ਼ਾਹ ਮੁਹੰਮਦ'ਜ਼ ਜੰਗਨਾਮਾ (2001)' ਸਿਰਲੇਖ ਹੇਠ ਨਿਵੇਕਲੀ ਪੁਸਤਕ ਦੀ ਰਚਨਾ ਕਰਦਾ ਹੈ, ਜਿਸ ਵਿਚ ਜੰਗਨਾਮੇ ਦੀ ਗੁਰਮੁਖੀ ਅਤੇ ਸ਼ਾਹਮੁਖੀ ਟੈਕਸਟ ਦੇ ਨਾਲ ਇਸ ਦਾ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਵੀ ਕੀਤਾ ਗਿਆ। ਉਹ ਦਾਅਵਾ ਕਰਦਾ ਹੈ ਕਿ ਇਹ ਜੰਗਨਾਮਾ ਪੰਜਾਬੀ ਸਾਹਿਤ ਅਤੇ ਲੋਕ ਸਾਹਿਤ ਵਿਚ ਅਜਿਹੀ ਵਾਹਦ ਰਚਨਾ ਹੈ, ਜਿਸ ਵਿਚ ਪੰਜਾਬੀ ਇਕਜੁੱਟਤਾ ਤੇ ਸਾਂਝੀ ਪੰਜਾਬੀਅਤ ਭਰਵੇਂ ਰੂਪ ਵਿਚ ਪੇਸ਼ ਹੁੰਦੀ ਹੈ।*

*ਇਸ ਪੁਸਤਕ ਦੀ ਭੂਮਿਕਾ ਵਜੋਂ ਸ਼ਾਮਿਲ ਇਸ ਲੇਖ ਵਿਚ ਉਹ ਇਹ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਇਸ ਰੂਪ ਵਿਚ ਕਿਵੇਂ ਅਤੇ ਕਿਉਂ ਪੈਦਾ ਹੋਈ? ਉਹ 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ' ਵਾਲੇ ਪੰਜਾਬ ਦੀ ਸਾਂਝੀਵਾਲਤਾ ਵਾਲੀ ਜੀਵਨ ਰੌਂਅ ਦਾ, ਅੰਗਰੇਜ਼ੀ ਸ਼ਾਸਨ ਅਤੇ ਆਰੀਆ ਸਮਾਜ ਵਰਗੀਆਂ ਧਰਮ ਸੁਧਾਰ ਲਹਿਰਾਂ ਵਲੋਂ ਕੀਤੇ ਇਤਿਹਾਸਕ ਘਾਣ ਦੀ ਪਛਾਣ ਕਰਦਾ ਹੈ। ਇਸ ਲਈ ਉਹ ਅਲਹਿਦਗੀ ਪੈਦਾ ਕਰਨ ਵਾਲੀ ਆਰੀਆ ਸਮਾਜੀ ਵਿਆਖਿਆ ਦੀ ਥਾਂ ਹਿੰਦੂ ਧਰਮ ਦੀ ਬਹੁਲਤਾਵਾਦੀ ਸਨਾਤਨੀ ਵਿਆਖਿਆ ਕਰਦਿਆਂ ਪੰਜਾਬ ਵਿਚ ਹਿੰਦੂ-ਸਿੱਖਾਂ ਦੀਆਂ ਪੀਡੀਆਂ ਸਾਂਝਾਂ ਨੂੰ ਸਥਾਪਿਤ ਕਰਦਾ ਹੈ।*

*ਸਾਡੇ ਵੇਲਿਆਂ ਵਿਚ ਜਦੋਂ ਫਿਰਕਾਪ੍ਰਸਤ ਤਰਕ ਭਾਰੂ ਤੇ ਸਰਕਾਰੂ ਹੋਇਆ ਲੱਗਦਾ ਹੈ ਤਾਂ ਇਹ ਰਚਨਾ ਹੋਰ ਵੀ ਪ੍ਰਸੰਗਿਕ ਹੈ। ਅਸੀਂ ਇਸ ਲੇਖ ਦਾ ਅਨੁਵਾਦ ਇਸ ਆਸ ਨਾਲ ਛਾਪ ਰਹੇ ਹਾਂ ਕਿ ਬਹੁਪੱਖੀ ਸੰਕਟਾਂ ਵਿਚ ਗ੍ਰਸੇ ਪੰਜਾਬੀਆਂ ਲਈ ਸ਼ਾਹ ਮੁਹੰਮਦ ਦੀ ਸਾਂਝੀ ਪੰਜਾਬੀਅਤ ਭਵਿਖ ਦੀ ਯੋਜਨਾਬੰਦੀ ਦਾ ਰਵਾਨਗੀ ਬਿੰਦੂ ਬਣ ਸਕਦੀ ਹੈ। ਇਸ ਅਹਿਮ ਲਿਖਤ ਦਾ ਅਨੁਵਾਦ ਰਵਿੰਦਰ ਸਿੰਘ ਘੁੰਮਣ ਨੇ ਕੀਤਾ ਹੈ। ਇਸ ਲੰਮੀ ਲਿਖਤ ਦੀ ਪਹਿਲੀ ਕਿਸ਼ਤ ਹਾਜ਼ਿਰ ਹੈ।*

**ਪੀ. ਕੇ. ਨਿਝਾਵਨ**

ਤਰਜ਼ਮਾ: ਰਵਿੰਦਰ ਸਿੰਘ ਘੁੰਮਣ
ਯੂਨੀਵਰਸਿਟੀ ਕਾਲਜ, ਘੁੱਦਾ, ਬਠਿੰਡਾ
ਫੋਨ: 91-81461-56500

*(1)*


ਮੈਨੂੰ ਲੱਗਦਾ ਹੈ ਕਿ ਸਿਰਫ ਮੈਨੂੰ ਹੀ ਇਹ ਸੁਭਾਗ ਪ੍ਰਾਪਤ ਹੈ ਕਿ ਮੈਂ ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਅੰਗਰੇਜ਼ੀ ਅਤੇ ਹਿੰਦੀ ਵਿਚ ਅਨੁਵਾਦ ਕਰਨ ਦੀ ਖੁਸ਼ੀ ਲਈ ਹੈ। ਇਹ ਖਾਲਸਾ ਦਰਬਾਰ ਅਤੇ ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਦਰਮਿਆਨ ਲੜੇ ਗਏ ਪਹਿਲੇ ਹਿੰਦ-ਪੰਜਾਬ ਜੰਗ ਦਾ ਬਿਲਕੁਲ ਤੱਤਕਾਲੀ ਬਿਆਨ ਹੈ, ਜਿਸ ਨੂੰ ਇਤਿਹਾਸ ਦੀਆਂ ਬਹੁਤੀਆਂ ਕਿਤਾਬਾਂ ਵਿਚ ਪਹਿਲੀ ਅੰਗਰੇਜ਼-ਸਿੱਖ ਜੰਗ ਕਿਹਾ ਗਿਆ ਹੈ। ਇਹ ਸ਼ਾਹ ਮੁਹੰਮਦ ਦੇ ਦਿੱਤੇ ਸਿਰਲੇਖ ਦਾ ਹੀ ਅਸਰ ਹੈ ਕਿ ਮੈਂ ਇਸ ਨੂੰ ਪਹਿਲੀ ਪੰਜਾਬ ਜੰਗ ਕਹਿਣ ਦਾ ਲਾਲਚ ਕਰ ਰਿਹਾ ਹਾਂ। ਇਤਿਹਾਸਕਾਰਾਂ ਦੀ ਇਹ (ਐਂਗਲੋ-ਸਿੱਖ ਦੀ) ਨਾਮਾਵਲੀ ਜਾਹਰਾ ਤੌਰ 'ਤੇ ਗਲਤ ਬਿਆਨੀ ਹੈ, ਜੋ ਇਸ ਵਿਲੱਖਣ ਕਾਵਿ ਕਿਰਤ ਦੇ ਪੂਰੇ-ਸੂਰੇ ਪ੍ਰਮਾਣਿਕ ਪੰਜਾਬੀ ਖਾਸੇ ਨੂੰ ਦੂਸ਼ਿਤ ਕਰਨ ਲਈ ਜਾਣ-ਬੁਝ ਕੇ ਘਸੋੜੀ ਗਈ ਲੱਗਦੀ ਹੈ।

ਜੰਗਬੰਦੀ ਤੋਂ ਤੁਰੰਤ ਪਿਛੋਂ ਨਵੇਂ ਸ਼ਾਸਕਾਂ ਨੇ ਪੰਜਾਬੀ ਸਮਾਜ ਵਿਚ ਸੰਭਾਵੀ ਤੀਹਰੀ ਵੰਡ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਅਤੇ ਇਸ ਕੰਮ ਵਿਚ ਉਹ ਬੇਹੱਦ ਸਫਲ ਵੀ ਹੋਏ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਨੂੰ ਜੋ ਸਿਰਲੇਖ 'ਜੰਗ ਹਿੰਦ-ਪੰਜਾਬ' ਦਿੱਤਾ ਹੈ, ਉਹ ਬਹੁਤ ਮੁਨਾਸਿਬ ਹੈ। ਇਹ ਬਿਲਕੁਲ ਉਵੇਂ ਹੈ, ਜਿਵੇਂ ਕਰਨਾਟਕਾ ਜੰਗ ਜਾਂ ਮਰਾਠਾ ਜੰਗ ਵਰਗੇ ਨਾਮ ਹਨ। ਇਹ ਨਾਮ ਇਸ ਨਜ਼ਰੀਏ ਦੀ ਵੀ ਤਾਈਦ ਕਰਦਾ ਹੈ ਕਿ ਕਿਵੇਂ ਇਹ ਜੰਗ ਈਸਟ ਇੰਡੀਆ ਕੰਪਨੀ ਵਲੋਂ ਸਾਮਰਾਜੀ ਵਿਸਥਾਰ ਦੀ ਹੀ ਕਵਾਇਦ ਸੀ। ਸੱਚ ਇਹ ਹੈ ਕਿ ਇਹ ਜੰਗ ਹੋਣ ਤੋਂ ਬਹੁਤ ਪਹਿਲਾਂ ਹੀ ਅੰਗਰੇਜ਼ ਪੰਜਾਬ 'ਤੇ ਕਬਜ਼ੇ ਦੀ ਤਾਕ ਵਿਚ ਸਨ।

ਸ਼ਾਹ ਮੁਹੰਮਦ ਹੋਰ ਕਵੀਆਂ ਨਾਲੋਂ ਬਿਲਕੁਲ ਅੱਡਰਾ ਹੈ। ਉਹ ਜਾਣਦਾ ਹੈ ਕਿ ਤੱਥ ਅਤੇ ਪ੍ਰਤੱਖਣ ਵਿਚਕਾਰ ਕਿਥੇ ਨਿਖੇੜਾ ਕਰਨਾ ਹੈ। ਉਹ ਆਪਣੀ ਕਹਾਣੀ ਵਿਚ ਨਿਆਰਾ ਰਹਿਣ ਦੀ ਕੋਸ਼ਿਸ਼ ਵਿਚ ਹੈ। ਇਸ ਕਵੀ ਦੀ ਵਿਲੱਖਣਤਾ ਉਸ ਦੀ ਤਿੱਖੀ ਨਜ਼ਰ ਵਿਚ ਹੈ। ਉਹ ਪੂਰੇ ਘਟਨਾਕ੍ਰਮ ਨੂੰ ਸ਼ੁਧ ਰੂਪ ਵਿਚ ਗ੍ਰਹਿਣ ਕਰਨ ਲਈ ਇਸ ਨਾਲ ਜੁੜੀ ਹਰ ਛੋਟੀ ਤੋਂ ਛੋਟੀ ਗੱਲ ਦੀ ਬਾਰੀਕੀ ਨੂੰ ਫੜਨ ਦਾ ਯਤਨ ਕਰਦਾ ਹੈ। ਥੋੜ੍ਹੇ ਸ਼ਬਦਾਂ ਵਿਚ ਆਖੀਏ ਤਾਂ ਉਹ ਅਨੂਠੀ ਕਿਸਮ ਦਾ ਕਵੀ ਅਤੇ ਇਤਿਹਾਸਕਾਰ ਹੈ। ਉਹ ਬਹੁਤ ਹੀ ਸਰਲ ਅਤੇ ਰੌਚਕ ਸ਼ੈਲੀ ਵਿਚ ਇਹ ਭੇਤ ਖੋਲ੍ਹਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ, ਜਿਸ ਨੂੰ ਰਈਅਤ ਪਿਆਰ ਨਾਲ 'ਸਰਕਾਰ' ਕਹਿੰਦੀ ਸੀ, ਦੀ ਮੌਤ ਪਿਛੋਂ ਕੀ ਹੋਇਆ? ਇਸ ਤੋਂ ਬਾਅਦ ਦੀਆਂ ਘਟਨਾਵਾਂ ਇੰਨੀ ਤੇਜ਼ੀ ਨਾਲ ਵਾਪਰੀਆਂ ਕਿ ਮੌਲਿਕ ਪ੍ਰਤਿਭਾ ਵਾਲਾ ਕਵੀ ਹੀ ਇਨ੍ਹਾਂ ਨੂੰ ਪੂਰੀ ਸਮੱਗਰਤਾ ਵਿਚ ਫੜ ਸਕਦਾ ਸੀ। ਪੰਜਾਬ ਵਿਚ ਹੋਣੀ ਦੀ ਐਸੀ ਮਾਰ ਵਗੀ ਕਿ ਦਰਬਾਰ ਦਾ ਹਰ ਉਚ ਅਹੁਦੇਦਾਰ (ਅਮੀਰ) ਦਿਨਾਂ ਵਿਚ ਹੀ ਖਤਮ ਹੋ ਗਿਆ ਅਤੇ ਲਾਹੌਰ ਦਰਬਾਰ ਕਰੀਬ 6 ਸਾਲਾਂ ਵਿਚ ਹੀ ਯਤੀਮ ਹੋ ਗਿਆ। ਇਕ ਤਰ੍ਹਾਂ ਦੀ ਇਸ ਇਲਾਹੀ ਕਰੋਪੀ ਨੇ ਨਾਟਕੀ ਢੰਗ ਨਾਲ ਹਰ ਚੀਜ਼ ਨੂੰ ਆਪਣੇ ਦੁਖਾਂਤਕ ਕਲਾਵੇ ਵਿਚ ਲੈ ਲਿਆ। ਇਸ ਗੁੰਝਲਦਾਰ ਮਹਾਂ ਦੁਖਾਂਤ ਨੂੰ ਫੜਨ ਲਈ ਕਵੀ ਦੀ ਸੰਵੇਦਨਾ ਵੀ ਉਨੀ ਹੀ ਸੂਖਮ 'ਤੇ ਵਿਸ਼ਾਲ ਹੋ ਜਾਂਦੀ ਹੈ। ਇਸ ਤੋਂ ਬਿਨਾ ਐਨੀ ਉਤਮ, ਇਤਿਹਾਸਕ ਤੌਰ 'ਤੇ ਮਾਕੂਲ ਅਤੇ ਭਾਵ-ਉਤੇਜਕ ਕਵਿਤਾ ਰਚੀ ਨਹੀਂ ਸੀ ਜਾ ਸਕਦੀ।

ਇਹ ਬਿਰਤਾਂਤ ਸਾਰੇ ਦੁਖਾਂਤ ਦਾ ਸੱਚਾ, ਸੰਵੇਦਨਸ਼ੀਲ ਅਤੇ ਕਿਸੇ ਫਿਲਮ ਵਰਗਾ ਬਿਆਨ ਹੈ, ਜਿਸ ਵਿਚ ਡਾਕੂਮੈਂਟਰੀ ਵਾਂਗ ਇਕ ਤੋਂ ਬਾਅਦ ਦੂਜੀ ਰੀਲ੍ਹ ਚੱਲਦੀ ਹੈ। ਇਸ ਨੂੰ ਪੰਜਾਬ ਦੇ ਢਾਡੀ ਲੋਕਾਂ ਸਾਹਵੇਂ ਗਾਉਂਦੇ ਵੀ ਰਹੇ। ਪੰਜਾਬ ਦੇ ਇਸ ਹਮਦਰਦ ਕਵੀ ਵਿਚ ਹੀ ਇਹ ਸਮਰੱਥਾ ਸੀ ਕਿ ਉਹ ਇਸ ਇਤਿਹਾਸਕ ਦੁਖਾਂਤ ਨੂੰ ਆਪਣੇ ਕਾਵਿਕ ਕਲੇਵਰ ਵਿਚ ਜਿਵੇਂ ਲੈ ਸਕਿਆ ਹੈ, ਕਿਸੇ ਹੋਰ ਕਵੀ ਤੋਂ ਇਹ ਹੋਣਾ ਨਹੀਂ ਸੀ। ਸਭ ਤੋਂ ਵੱਡੀ ਗੱਲ ਹੈ ਕਿ ਉਹ ਇੰਨਾ ਵੱਡਾ ਪੰਜਾਬ ਭਗਤ ਹੈ ਕਿ ਉਹ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਰਦਾ ਕਿ ਨਵੇਂ ਸ਼ਾਸਕ ਉਸ ਦੇ ਇਸ ਬਿਆਨ ਦੇ ਬਦਲੇ ਉਸ ਨਾਲ ਕੀ ਕਰ ਦੇਣਗੇ।

ਸਭ ਤੋਂ ਪਹਿਲਾਂ ਧਿਆਨ ਦੇਣ ਯੋਗ ਜ਼ਰੂਰੀ ਨੁਕਤਾ ਇਹ ਹੈ ਕਿ ਸ਼ਾਹ ਮੁਹੰਮਦ ਕੁਲੀਨ ਮੁਸਲਮਾਨ ਹੈ। ਰਣਜੀਤ ਸਿੰਘ ਕਿਸਾਨੀ ਪਿਛੋਕੜ ਤੋਂ ਆਉਂਦਾ ਹੈ, ਉਹ ਮਹਿਜ ਅੱਧੀ ਸਦੀ ਵਿਚ ਹੀ ਬਹੁਤ ਸਾਰੀਆਂ ਰਿਆਸਤਾਂ ਨੂੰ




*ਸ਼ਾਹ ਮੁਹੰਮਦ*

ਇਕੱਠੀਆਂ ਕਰਕੇ, ਇਸ ਸਲਤਨਤ ਦਾ ਬਾਦਸ਼ਾਹ ਬਣ ਜਾਂਦਾ ਹੈ। ਇਹ ਸਭ ਭਾਰਤ ਵਿਚ ਅੱਠ ਸਦੀਆਂ ਲੰਮੇ ਇਸਲਾਮੀ ਰਾਜ ਪਿਛੋਂ ਵਾਪਰਦਾ ਹੈ, ਪਰ ਸ਼ਾਹ ਮੁਹੰਮਦ ਸਹੀ ਅਰਥਾਂ ਵਿਚ ਸੈਕੂਲਰ ਹੈ, ਉਸ ਦੇ ਮਨ ਵਿਚ ਰੱਤੀ ਭਰ ਵੀ ਫਿਰਕੂ ਸੋਚ ਨਹੀਂ ਦਿਸਦੀ। ਉਹ ਬਿਨਾ ਕਿਸੇ ਜਾਤ-ਨਸਲ/ਗੋਤ ਦੇ ਵਿਤਕਰੇ ਤੋਂ, ਦੋਸ਼ ਉਨ੍ਹਾਂ ਨੂੰ ਦਿੰਦਾ ਹੈ ਜੋ ਦੋਸ਼ੀ ਹਨ; ਸਿਫਤ ਉਸ ਦੀ ਕਰਦਾ ਹੈ, ਜੋ ਇਸ ਦਾ ਹੱਕਦਾਰ ਹੈ। ਥੋੜ੍ਹੇ ਸ਼ਬਦਾਂ ਵਿਚ ਕਹੀਏ ਤਾਂ ਸ਼ਾਹ ਮੁਹੰਮਦ ਉਹ ਤਸਵੀਰ ਹੈ, ਜਿਸ ਵਰਗਾ ਹਰ ਹਿੰਦੂ, ਮੁਸਲਮਾਨ, ਸਿੱਖ ਜਾਂ ਹਰ ਭਾਰਤੀ ਨੂੰ ਹੋਣਾ ਚਾਹੀਦਾ ਹੈ ਤਾਂ ਜੋ ਭਾਰਤ ਮਜ਼ਬੂਤ, ਇਕਸਾਰ ਤੇ ਲੋਕਤੰਤਰੀ ਸਮਾਜ ਬਣ ਸਕੇ।

ਉਹ ਅੱਜ ਦੇ ਤੀਹਰੀ ਵੰਡ ਵਿਚ ਵੰਡੇ ਸਾਡੇ ਇਸ ਪੰਜਾਬੀ ਸਮਾਜ ਲਈ ਬਹੁਤ ਸਾਰਥਕ ਹੈ, ਜਿਸ ਵਿਚੋਂ 1947 ਵਾਲੀ ਵੰਡ ਨਿਕਲੀ। ਬਹੁਤੇ ਲੋਕਾਂ ਲਈ ਇਹ ਕਿਆਸੋਂ ਬਾਹਰੀ ਗੱਲ ਹੋ ਸਕਦੀ ਹੈ ਕਿ ਕੋਈ ਪੰਜਾਬੀ ਮੁਸਲਮਾਨ ਸਰਕਾਰ-ਏ-ਖਾਲਸਾ ਦੇ ਖਤਮ ਹੋਣ 'ਤੇ ਕਿਵੇਂ ਖੂਨ ਦੇ ਅੱਥਰੂ ਰੋਂਦਾ ਹੈ। ਅਜੋਕੇ ਫਿਰਕੂ ਬਣਦੇ ਜਾ ਰਹੇ ਮਾਹੌਲ ਵਿਚ ਇਸ ਸਭ ਕੁਝ ਨੂੰ ਵਿਚਾਰਨ ਵਿਚ ਹੀ ਉਹ ਨੁਕਤਾ ਪਿਆ ਹੈ, ਜਿਸ ਨੂੰ ਸਮਝਣ ਦੀ ਇਥੇ ਵਧੇਰੇ ਲੋੜ ਹੈ। ਇਸ ਤੱਥ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਕਾਰਨ ਇਹ ਹੈ ਕਿ ਇਹ ਮੇਰੀ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ "ਬਿਹਤਰ ਹਿੰਦੂ ਅਤੇ ਬਿਹਤਰ ਮੁਸਲਮਾਨ ਸ਼ਖਸ, ਆਪਣੇ ਆਪ ਨੂੰ ਨਾਸਤਿਕ ਕਹਿਣ ਵਾਲੇ ਸ਼ਖਸ ਤੋਂ ਵੱਧ ਧਰਮ ਨਿਰਪੇਖ ਹੋਵੇਗਾ। ਇਸੇ ਤਰ੍ਹਾਂ ਕੋਈ ਬਿਹਤਰ ਪੰਜਾਬੀ ਜਾਂ ਬਿਹਤਰ ਬੰਗਾਲੀ ਉਸ ਬੰਦੇ ਨਾਲੋਂ ਚੰਗਾ ਭਾਰਤੀ ਹੋਵੇਗਾ, ਜੋ ਆਪਣੇ ਆਪ ਨੂੰ ਪਹਿਲਾਂ ਭਾਰਤੀ ਕਹਿੰਦਾ ਹੈ।" ਇਸ ਲਈ ਸ਼ਾਹ ਮੁਹੰਮਦ ਨੂੰ ਸਾਰੇ ਪੰਜਾਬੀਆਂ ਦੀ ਇਕਜੁੱਟਤਾ ਦੇ ਸੱਚੇ ਪ੍ਰਤੀਕ ਵਜੋਂ ਦੇਖਿਆ ਜਾ ਸਕਦਾ ਹੈ।


*(2)*

ਸ਼ਾਹ ਮੁਹੰਮਦ ਅਸਲ ਜੰਗ ਨੂੰ ਬਿਆਨ ਕਰਨ ਤੋਂ ਪਹਿਲਾਂ ਉਨ੍ਹਾਂ ਛੇ ਸਾਲਾਂ ਦੀਆਂ ਘਟਨਾਵਾਂ ਦਾ ਵੇਰਵਾ ਦਿੰਦਾ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਵਾਪਰੀਆਂ। ਇਹ ਪਿਛੋਕੜ ਹੀ ਸਾਨੂੰ ਬਾਅਦ ਵਿਚ ਵਾਪਰਨ ਵਾਲੀ ਹੋਣੀ ਦੀ ਬੁਨਿਆਦ ਸਮਝਣ ਵਿਚ ਮਦਦ ਕਰਦਾ ਹੈ। ਉਹ ਖੜਕ ਸਿੰਘ ਨੂੰ ਨਵਾਂ ਰਾਜਾ ਬਣਾਉਂਦਾ ਹੈ। ਇੰਜ ਲੱਗਦਾ ਹੈ, ਜਿਵੇਂ ਉਸ ਦੇ ਦਿਲ ਵਿਚੋਂ ਬਦਦੁਆ ਨਿਕਲਦੀ ਹੈ ਅਤੇ ਰੱਬ ਸੱਚਾ ਉਸ ਬਦਦੁਆ ਨੂੰ ਪੂਰਿਆਂ ਵੀ ਕਰਦਾ ਹੈ। ਦਰਬਾਰ ਵਿਚ ਇਕ ਪਿਛੋਂ ਇਕ, ਚੱਲੀ ਕਤਲਾਂ ਦੀ ਲੜੀ ਬਹੁਤ ਭਿਆਨਕ ਹੈ। ਕੰਵਰ ਨੌਨਿਹਾਲ ਸਿੰਘ, ਅਸਲ ਵਿਚ ਆਪਣੇ ਬਿਮਾਰ ਪਿਉ ਖੜਕ ਸਿੰਘ ਰਾਹੀਂ ਸਰਾਪਿਆ ਗਿਆ ਹੈ, ਜਿਸ ਨੇ ਉਸ ਤੋਂ ਬਾਅਦ ਰਾਜਾ ਬਣਨਾ ਸੀ। ਅਸਲ ਵਿਚ ਉਹ ਜਿਸ ਤਰੀਕੇ ਨਾਲ ਮਰਦਾ ਹੈ, ਉਸ ਨੂੰ ਕਿਸੇ ਤਾਰਕਿਕ ਦਲੀਲ ਨਾਲ ਨਹੀਂ ਸਮਝਿਆ ਜਾ ਸਕਦਾ।

ਕੀ ਕਿਲ੍ਹੇ ਦਾ ਛੱਜਾ ਕਿਸੇ ਦੁਰਘਟਨਾ ਵੱਸ ਡਿੱਗਾ ਜਾਂ ਇਹ ਕੋਈ ਸਾਜ਼ਿਸ਼ ਸੀ, ਜੋ ਉਦੋਂ ਡਿੱਗਾ ਜਦੋਂ ਕੰਵਰ ਨੌਨਿਹਾਲ ਸਿੰਘ ਇਸ ਹੇਠੋਂ ਗੁਜ਼ਰ ਰਿਹਾ ਸੀ? ਇਹ ਸਵਾਲ ਅਜੇ ਤੱਕ ਬਹਿਸ ਦਾ ਮਸਲਾ ਹੈ, ਪਰ ਇਹ ਦੁਰਘਟਨਾ ਬਹੁਤ ਅਲੋਕਾਰ ਨਹੀਂ ਲੱਗਦੀ? ਡਿਓਢੀ ਦੇ ਛੱਜੇ ਤੋਂ ਬਿਨਾ ਕਿਲ੍ਹੇ ਵਿਚ ਹੋਰ ਕਿਤੇ ਕੁਝ ਨਹੀਂ ਹੋਇਆ; ਤੇ ਸਾਜ਼ਿਸ਼ ਸਿਧਾਂਤ ਅਨੁਸਾਰ ਰਾਜਾ ਧਿਆਨ ਸਿੰਘ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਤਖਤ 'ਤੇ ਬਿਠਾਉਣਾ ਚਾਹੁੰਦਾ ਸੀ, ਕੀ ਅਸਲ ਦੋਸ਼ੀ ਸੀ? ਇਹ ਸਵਾਲ ਇਸ ਤੱਥ ਨਾਲ ਹੋਰ ਵੀ ਔਖਾ ਹੋ ਜਾਂਦਾ ਹੈ ਕਿ ਕੰਵਰ ਨੌਨਿਹਾਲ ਸਿੰਘ ਨਾਲ ਮਰਨ ਵਾਲਾ ਨੌਜਵਾਨ ਊਧਮ ਸਿੰਘ, ਉਸ ਦਾ ਸਕਾ ਭਤੀਜਾ ਸੀ। ਫਿਰ ਇਕੋ ਹੀ ਵਿਆਖਿਆ ਬਚਦੀ ਹੈ, ਜਿਵੇਂ ਸ਼ਾਹ ਮੁਹੰਮਦ ਕਹਿੰਦਾ ਹੈ ਕਿ ਮੌਤ ਦਾ ਫਰਿਸ਼ਤਾ ਆਪ ਹੀ ਧਰਮਰਾਜ ਦੇ ਹੁਕਮਾਂ ਦੀ ਪਾਲਣਾ ਲਈ ਉਸ ਛੱਜੇ 'ਤੇ ਬੈਠਾ ਸੀ। ਸਿਰਫ ਇਕ ਸ਼ਬਦ ਧਰਮਰਾਜ ਦੇ ਆਉਣ ਨਾਲ ਹੀ ਇਹ ਇਲਾਹੀ ਕਰੋਪੀ ਦੀ ਮਿਸਾਲ ਬਣ ਜਾਂਦੀ ਹੈ।

ਇਨ੍ਹਾਂ ਛੇ ਸਾਲਾਂ ਵਿਚ ਮਰਨ ਵਾਲਿਆਂ ਦੀ ਫਹਿਰਿਸਤ ਦੇਖ ਕੇ ਹੀ ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਅਸਲ ਵਿਚ ਕੀ ਹੋਣ ਵਾਲਾ ਸੀ? ਇਹ ਫਹਿਰਿਸਤ ਇਸ ਤਰ੍ਹਾਂ ਹੈ:

1. ਮਹਾਰਾਜਾ ਖੜਕ ਸਿੰਘ ਦਾ ਕਰੀਬੀ




*ਪੀ.ਕੇ. ਨਿਝਾਵਨ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ 'ਦਿ ਫਰਸਟ ਪੰਜਾਬ ਵਾਰ - ਸ਼ਾਹ ਮੁਹੰਮਦ'ਜ਼ ਜੰਗਨਾਮਾ' ਦਾ ਮੁਖੜਾ।*

ਮਿੱਤਰ ਚੇਤ ਸਿੰਘ, ਉਸ ਦੀ ਹਾਜ਼ਰੀ ਵਿਚ ਹੀ ਉਦੋਂ ਮਾਰਿਆ ਜਾਂਦਾ ਹੈ, ਜਦੋਂ ਉਹ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੀਆਂ ਅੰਤਮ ਰਸਮਾਂ ਵਿਚ ਸ਼ਾਮਿਲ ਹੋ ਰਿਹਾ ਸੀ। ਅਭਿਲਾਸ਼ੀ ਨੌਜਵਾਨ ਰਾਜਕੁਮਾਰ ਆਪਣੀ ਸੱਤਾ ਕਿਸੇ ਨਾਲ ਵੀ ਵੰਡਣੀ ਨਹੀਂ ਚਾਹੁੰਦਾ ਸੀ।

2. ਨੌਨਿਹਾਲ ਸਿੰਘ ਅਤੇ ਊਧਮ ਸਿੰਘ ਡਿਓਢੀ ਦੇ ਛੱਜੇ ਹੇਠੋਂ ਗੁਜ਼ਰਦਿਆਂ ਮਾਰੇ ਗਏ। ਇਹ ਖੜਕ ਸਿੰਘ ਦੇ ਸਸਕਾਰ ਦੇ ਤੁਰਤ ਪਿਛੋਂ ਹੀ ਵਾਪਰਿਆ।

3. ਨਵੇਂ ਮਹਾਰਾਜਾ ਸ਼ੇਰ ਸਿੰਘ ਦੀ ਮਿਲੀਭੁਗਤ ਨਾਲ ਖੜਕ ਸਿੰਘ ਦੀ ਵਿਧਵਾ ਰਾਣੀ ਚੰਦ ਕੌਰ ਅਤੇ ਉਸ ਦੀ ਗੋਲੀ ਦਾ ਕਤਲ।

4. ਸੰਧਾਵਾਲੀਆ ਸਰਦਾਰਾਂ ਵਲੋਂ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਪੁੱਤਰ ਪਰਤਾਪ ਸਿੰਘ ਦਾ ਕਤਲ। ਉਸੇ ਦਿਨ ਉਨ੍ਹਾਂ ਧਿਆਨ ਸਿੰਘ ਨੂੰ ਵੀ ਮਾਰਿਆ।

5. ਧਿਆਨ ਸਿੰਘ ਦੇ ਪੁੱਤਰ ਅਤੇ ਨਵੇਂ ਪ੍ਰਧਾਨ ਮੰਤਰੀ ਹੀਰਾ ਸਿੰਘ ਵਲੋਂ ਸੰਧਾਵਾਲੀਆ ਸਰਦਾਰਾਂ-ਲਹਿਣਾ ਸਿੰਘ ਤੇ ਅਜੀਤ ਸਿੰਘ ਦਾ ਕਤਲ। ਇਸ ਦੌਰ ਵਿਚ ਖਾਲਸਾ ਦਰਬਾਰ ਦੋ ਧੜਿਆਂ ਵਿਚ ਵੰਡਿਆ ਗਿਆ। ਇਸ ਖੁੱਲ੍ਹੀ ਖੇਡ ਵਿਚ ਕਿੰਨੇ ਹੀ ਮੋਹਤਬਰ ਮਾਰੇ ਗਏ ਤੇ ਦਰਬਾਰ ਕੋਲ ਕੋਈ ਆਗੂ ਨਾ ਰਿਹਾ।

6. ਜੱਲਾ ਅਤੇ ਹੀਰਾ ਸਿੰਘ ਨੂੰ ਜੰਮੂ ਦੇ ਰਸਤਿਉਂ ਨਿਕਲਦਿਆ ਖਾਲਸਾ ਫੌਜ ਨੇ ਮਾਰ ਦਿੱਤਾ।

7. ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦਾ ਕਤਲ, ਜਿਸ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ।

ਇਹ ਸਾਰਾ ਕੁਝ ਉਸ ਸਮੇਂ ਦੀ ਹਵਾ ਵਿਚ ਮੌਜੂਦ ਅਜੀਬੋ-ਗਰੀਬ ਅਤੇ ਸਮੂਹਕ ਮੌਤ ਦੀ ਪ੍ਰਵਿਰਤੀ ਕਾਰਨ ਹੋਇਆ। ਨਤੀਜੇ ਵਜੋਂ ਤਿੰਨ ਚੀਜ਼ਾਂ ਹੋਈਆਂ: ਇਕ, ਦਰਬਾਰ ਦੇ ਸਰਦਾਰਾਂ ਤੇ ਸਿਆਣੇ ਬੰਦਿਆਂ ਦਾ ਪਤਨ ਹੋਇਆ, ਜਿਨ੍ਹਾਂ ਨੇ ਕਿਸੇ ਨਾ ਕਿਸੇ ਬਹਾਨੇ ਦਰਬਾਰ ਨੂੰ ਛੱਡ ਦਿੱਤਾ। ਦੂਜਾ, ਦਰਬਾਰ ਦੀ ਫੌਜ ਆਪਮੁਹਾਰੀ ਹੋ ਕੇ ਲੁਟੇਰੀ ਬਣਨ ਲੱਗੀ ਜਿਸ ਨੂੰ ਰੋਕਿਆ ਨਹੀਂ ਜਾ ਸਕਦਾ ਸੀ, ਇਸ ਲਈ ਸ਼ਾਹ ਮੁਹੰਮਦ ਇਨ੍ਹਾਂ ਨੂੰ 'ਬੁਰਛੇ' ਸੱਦਦਾ ਹੈ। ਤੀਜਾ, ਮਹਾਰਾਣੀ ਜਿਸ ਨੇ ਫੌਜ ਦਾ ਗਲਬਾ ਤੋੜਨ ਲਈ, ਉਨ੍ਹਾਂ ਨੂੰ ਅੰਗੇਰਜ਼ਾਂ ਨਾਲ ਲੱਗੀ ਜੰਗ ਵਿਚ ਖਤਮ ਕਰਨ ਦਾ ਫੈਸਲਾ ਕਰ ਲਿਆ।

ਇੰਜ ਲੱਗਦਾ ਹੈ ਕਿ ਦਿਆਲੂ ਤੇ ਖੁਦਮੁਖਤਿਆਰ ਰਣਜੀਤ ਸਿੰਘ ਕੋਈ ਅਜਿਹਾ ਸੰਸਥਾਗਤ ਪ੍ਰਬੰਧ ਨਾ ਉਸਾਰ ਸਕਿਆ, ਜੋ ਰਾਜ ਨੂੰ ਜਾਰੀ ਰੱਖ ਸਕਦਾ। ਲਾਜ਼ਮੀ ਤੌਰ 'ਤੇ ਅੰਗਰੇਜ਼ਾਂ ਨੇ ਵੀ ਦਰਬਾਰ ਵਿਚ ਰਾਜਨੀਤਕ ਨਾਤਸੱਲੀ ਦੇ ਬੀਜ ਬੀਜ ਕੇ, ਤੇ ਵੱਖ-ਵੱਖ ਪੱਧਰਾਂ 'ਤੇ ਅਰਾਜਕਤਾ ਫੈਲਾ ਕੇ, ਆਪਣੀ ਸਾਜ਼ਿਸ਼ੀ ਸਾਮਰਾਜੀ ਖੇਡ ਬਾਖੂਬੀ ਖੇਡੀ ਪਰ ਇਹ ਪੂਰੀ ਵਿਆਖਿਆ ਨਹੀਂ ਹੋ ਸਕਦੀ। ਇਸ ਲਈ ਬਹੁਤ ਸਾਰੇ ਪੱਖ ਜ਼ਿੰਮੇਵਾਰ ਹਨ। ਦਰਬਾਰ ਵਿਚ ਕਿਸੇ ਸੰਸਥਾਗਤ ਢਾਂਚੇ ਦੀ ਅਣਹੋਂਦ ਰਹੀ, ਜੋ ਇਨ੍ਹਾਂ ਹਾਲਤਾਂ ਵਿਚ ਪੈਦਾ ਹੋਏ ਖਲਾਅ ਨੂੰ ਭਰ ਦਿੰਦਾ। ਨਹੀਂ ਤਾਂ ਇਹ ਕਿਵੇਂ ਸੰਭਵ ਹੋਇਆ ਕਿ ਇਹੀ ਬੁਰਛੇ ਜਦੋਂ ਜੰਗ ਵਿਚ ਅੰਗਰੇਜ਼ਾਂ ਨਾਲ ਤੇਗਾਂ ਖੜਕਾਉਂਦੇ ਤੇ ਖਾਲਸੇ ਦੀ ਮਾਣਮੱਤੀ ਪਰੰਪਰਾ ਅਨੁਸਾਰ ਆਪਣੀਆਂ ਜਾਨਾਂ ਵਾਰ ਦਿੰਦੇ ਹਨ, ਉਦੋਂ ਉਹੀ ਕਵੀ ਉਨ੍ਹਾਂ ਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ। ਅਸਲ ਵਿਚ ਉਨ੍ਹਾਂ ਦੀ ਨਿਡਰਤਾ 'ਤੇ ਬਹਾਦਰੀ ਦੀਆਂ ਸਿਫਤਾਂ ਅੰਗਰੇਜ਼ ਕਮਾਂਡਰ ਵੀ ਲੰਮਾ ਸਮਾਂ ਕਰਦੇ ਰਹੇ ਹਨ। ਸ਼ਾਹ ਮੁਹੰਮਦ ਇਸ ਸਾਰੀ ਲੜਾਈ ਨੂੰ, ਬੰਦ 92ਵੇਂ ਦੀ ਇਕ ਸਤਰ ਵਿਚ ਸਮੇਟ ਦਿੰਦਾ ਹੈ:

ਸ਼ਾਹ ਮੁਹੰਮਦਾ ਇਕ ਸਰਦਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

(ਜੰਗਨਾਮੇ ਦੇ ਪਹਿਲੇ ਪ੍ਰਕਾਸ਼ਿਤ ਪਾਠ ਵਿਚ ਕਵੀ ਨੇ 'ਸਰਕਾਰ' ਨਹੀਂ ਸਗੋਂ 'ਸਰਦਾਰ' ਸ਼ਬਦ ਵਰਤਿਆ ਹੈ ਜਿਸ ਦੀ ਅਸਲੀ ਕਾਪੀ ਪ੍ਰੋ. ਗੁਰਭੇਜ ਸਿੰਘ ਚੰਡੀਗੜ੍ਹ ਕੋਲ ਪਈ ਹੈ)।

ਇਸੇ ਤਰ੍ਹਾਂ ਸਾਨੂੰ ਮਹਾਰਾਣੀ ਜਿੰਦਾਂ ਬਾਰੇ ਵੀ ਆਪਣੀ ਧਾਰਨਾ ਨੂੰ ਮੁੜ ਵਾਚਣਾ ਚਾਹੀਦਾ ਹੈ। ਮਿਸਾਲ ਵਜੋਂ ਸਾਰੇ ਕੁਝ ਤੋਂ ਵਾਂਝਿਆਂ ਹੋ ਕੇ, ਇਥੋਂ ਤੱਕ ਕਿ ਆਪਣੇ ਪੁੱਤਰ ਦੀ ਨੇੜਤਾ ਤੋਂ ਵੀ, ਉਸ ਨੇ ਨਾ ਸਿਰਫ ਬਰਤਾਨਵੀ ਖੇਡ ਨੂੰ ਸਮਝ ਲਿਆ ਸਗੋਂ ਉਨ੍ਹਾਂ ਨੂੰ ਔਖਾ ਵੀ ਕਰੀ ਰੱਖਿਆ। ਅਨੁਸ਼ਾਸਨਹੀਣ ਫੌਜ ਅਤੇ ਬਦਲੇ ਦੀ ਅੱਗ ਵਿਚ ਭੁੱਜਦੀ ਮਹਾਰਾਣੀ ਹੀ ਅੰਗਰੇਜ਼ਾਂ ਸਾਹਵੇਂ ਸਿੱਖ ਫੌਜ ਦੀ ਹਾਰ ਦੇ ਤੱਤਕਾਲੀ ਕਾਰਨ ਬਣਦੇ ਲੱਗਦੇ ਹਨ। ਅੰਗਰੇਜ਼ ਆਪਣੇ ਸਾਮਰਾਜੀ ਲੋਭ ਹੇਠ ਬੜੇ ਗਿਣੇ-ਮਿਥੇ ਢੰਗ ਨਾਲ ਇਸ ਲੜਾਈ ਵਿਚ ਉਤਰੇ ਸਨ। ਸ਼ਾਹ ਮੁਹੰਮਦ ਦੀ ਇਸ ਰਚਨਾ ਦਾ ਸਭ ਤੋਂ ਅਹਿਮ ਹਿੱਸਾ ਇਸ ਦੇ ਅੰਤਲੇ 6 ਬੰਦ ਹਨ, ਜਿਨ੍ਹਾਂ 'ਚ ਉਹ ਸਾਰੀ ਕਹਾਣੀ ਸਮੇਟਦਾ ਹੈ।

ਸਾਧਾਰਨ ਸਿਰਜਣ ਸਮਰੱਥਾ ਵਾਲਾ 'ਸਿਆਣਾ' 'ਲੇਖਕ' ਬਹੁਤ ਆਰਾਮ ਨਾਲ ਨਵੇਂ ਜੇਤੂ ਸ਼ਾਸਕਾਂ ਨੂੰ ਖੁਸ਼ ਕਰਨ ਲਈ, ਉਨ੍ਹਾਂ ਦੀ ਖੁਸ਼ਾਮਦ ਵਿਚ ਸੋਹਿਲੇ ਗਾਉਣ ਵਾਲਾ ਜੀ ਹਜ਼ੂਰੀਆ ਬਣਨ ਲਈ ਤੱਤਪਰ ਹੋ ਸਕਦਾ ਸੀ। ਅਜਿਹਾ ਸਾਡਾ ਮਹਾਨ ਸ਼ਾਇਰ ਮਿਰਜ਼ਾ ਗਾਲਿਬ ਹੈ, ਜਿਸ ਨੇ ਇਸ ਜੰਗ ਦੀ ਇਕ ਲੜਾਈ ਬਾਰੇ ਆਪਣੀ ਰਚਨਾ 'ਫਤਿਹਨਾਮਾ' ਵਿਚ ਫਾਰਸੀ ਦੇ 42 ਬੰਦ ਲਿਖ ਮਾਰੇ। ਇਸ ਬਾਰੇ ਅਸੀਂ ਕਦੀ ਫਿਰ ਗੱਲ ਕਰਾਂਗੇ ਪਰ ਇਥੇ ਇਹ ਮਹੱਤਵਪੂਰਨ

*(ਅਗਲੇ ਸਫੇ 'ਤੇ ਜਾਰੀ)*

ਹੈ ਕਿ ਸ਼ਾਹ ਮੁਹੰਮਦ ਦਾ ਇਨ੍ਹਾਂ ਨਵੇਂ ਸ਼ਾਸਕਾਂ ਲਈ ਕੀ ਨਜ਼ਰੀਆ ਹੈ? ਇਸ ਲਈ ਬੰਦ 98 ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ:

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈ ਛਾਵਣੀ ਵਿਚ ਲਾਹੌਰ ਦੇ ਜੀ।
ਰੋਕ ਮਾਲਵਾ ਪਾਰ ਦਾ ਮੁਲਕ ਸਾਰਾ,
ਠਾਣਾ ਘੱਤਿਆ ਵਿਚ ਫਿਲੌਰ ਦੇ ਜੀ।
ਲਿਆ ਸ਼ਹਿਰ ਹੁਸ਼ਿਆਰ ਪੁਰ ਤਲਕ ਸਾਰਾ,
ਜਿਹੜੇ ਟਕੇ ਆਵਣ ਨੰਦਾ ਚੌਰ ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮਾਰ ਬੈਠਾ,
ਸੱਭੇ ਕੰਮ ਗਏ ਉਸ ਦੇ ਸੌਰਦੇ ਜੀ।

ਸੰਖੇਪ ਵਿਚ ਕਹਿਣਾ ਹੋਵੇ ਤਾਂ ਉਨ੍ਹਾਂ ਨੇ ਉਹ ਸਭ ਕੁਝ ਕੀਤਾ, ਜੋ ਕੋਈ ਚੋਰ ਕਰਦਾ ਹੈ। ਇਸ ਬੰਦ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਸ਼ਾਹ ਮੁਹੰਮਦ ਕਿਸ ਦਲੇਰੀ ਨਾਲ ਅੰਗਰੇਜ਼ਾਂ ਨੂੰ ਚੋਰ ਕਹਿੰਦਾ ਹੈ! ਸਿਰਫ ਇਹੀ ਨਹੀਂ, ਅਗਲੇ ਬੰਦ ਵਿਚ ਉਹ ਕਹਿੰਦਾ ਹੈ:

ਪਿਛੋਂ ਸਾਂਭ ਲਿਆ ਮੁਲਕ ਕਾਰਦਾਰਾਂ,
ਬਖਤਾਵਰਾਂ ਨੇਕ ਸਤਾਰਿਆਂ ਨੇ।

ਇਸੇ ਤਰ੍ਹਾਂ ਦੀ ਭਾਵਨਾ ਦਾ ਇਜ਼ਹਾਰ ਬੰਦ 103 ਦੇ ਇਨ੍ਹਾਂ ਸ਼ਬਦਾਂ ਵਿਚ ਹੈ:

ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ।

ਨਿਮਨ ਮੱਧ ਵਰਗ ਦੇ ਫਰਜ਼ੰਦ ਕਿਸ ਤਰ੍ਹਾਂ ਕੁਝ ਅਗਰੇਜ਼ੀ ਦੇ ਸ਼ਬਦ ਅਤੇ ਕੁਝ ਖੁਸ਼ਾਮਦੀ ਜੁਗਤਾਂ ਸਿੱਖ ਕੇ ਕੰਪਨੀ ਅਫਸਰਾਂ ਦੇ ਚਾਕਰ ਬਣੇ, ਇਸ ਵਰਤਾਰੇ ਦਾ ਇਸ ਤੋਂ ਬਿਹਤਰ ਕੋਈ ਬਿਆਨ ਨਹੀਂ ਹੋ ਸਕਦਾ। ਇਹ ਬਿਆਨ ਸਪਸ਼ਟ ਕਰਦਾ ਹੈ ਕਿ ਕਿਵੇਂ ਪੰਜਾਬ ਵਰਗਾ ਅਮੀਰ ਖਿੱਤਾ ਕੁਝ ਕੁ ਸਾਲਾਂ ਵਿਚ ਹੀ ਗਰੀਬ ਹੋ ਗਿਆ। ਇਸ ਤਰ੍ਹਾਂ ਦੀ ਪ੍ਰਤੱਖਣ ਸ਼ਕਤੀ ਕਿਸੇ ਉਚ ਪ੍ਰਤਿਭਾਵਾਨ ਬੰਦੇ ਵਿਚ ਹੀ ਸੰਭਵ ਹੈ। ਸ਼ਾਹ ਮੁਹੰਮਦ ਬਹੁਤ ਸਾਰੇ ਮਜਮੂਨਾਂ ਜਿਵੇਂ ਅਰਥ ਸ਼ਾਸਤਰ ਅਤੇ ਇਤਿਹਾਸ ਤੋਂ ਅਣਜਾਣ ਹੋਣ ਦੇ ਬਾਵਜੂਦ ਇਨ੍ਹਾਂ ਦਾ ਡੂੰਘਾ ਮੁਤਾਲਿਆ ਕਰਦਾ ਹੈ। ਇਸ ਗੱਲ ਨੇ ਉਸ ਨੂੰ ਡੂੰਘੀ ਪੀੜ ਦਿੱਤੀ ਹੋਵੇਗੀ ਕਿ ਕਿਵੇਂ ਕਾਬਜ਼ ਫੌਜਾਂ ਦੇ ਰੂਪ ਵਿਚ ਜੇਤੂਆਂ ਨੇ ਪੇਂਡੂ ਇਲਾਕਿਆਂ ਨੂੰ ਤਬਾਹ ਕਰ ਦਿੱਤਾ, ਅਤੇ ਫਿਰੋਜ਼ਪੁਰ ਤੇ ਲਾਹੌਰ ਵਿਚਾਲੇ ਦੇ ਵੱਡੇ ਇਲਾਕੇ 'ਤੇ ਕਬਜ਼ਾ ਕਰਕੇ ਜਾਇਦਾਦ ਦੀ ਲੁੱਟ ਮਚਾਈ। ਅਜਿਹਾ ਕਦੇ ਕਿਸੇ ਭਾਰਤੀ ਰਾਜੇ ਨੇ ਨਹੀਂ ਸੀ ਕੀਤਾ। ਰਣਜੀਤ ਸਿੰਘ ਨੇ ਲਗਾਤਾਰ ਜਿੱਤਾਂ ਨਾਲ ਆਪਣੀ ਸਲਤਨਤ ਕਾਇਮ ਕੀਤੀ ਪਰ ਅਜਿਹਾ ਹਾਰੇ ਹੋਇਆਂ ਵਿਚ ਸੁਲਹ-ਸਹਿਮਤੀ ਨਾਲ ਵੀ ਕੀਤਾ ਗਿਆ। ਉਂਜ ਭਾਰਤੀ ਰਾਜਿਆਂ ਵਿਚਾਲੇ ਖਿੱਚੋਤਾਣ ਲਗਾਤਾਰ ਚੱਲਦੀ ਰਹਿੰਦੀ ਸੀ, ਪਰ ਜੇ ਇਕ ਵਾਰ ਫੈਸਲਾ ਹੋ ਗਿਆ ਤਾਂ ਸਾਰੀ ਦੁਸ਼ਮਣੀ ਸਮਾਪਤ ਹੋ ਜਾਂਦੀ ਸੀ।


*(3)*

ਇਹ ਇਕ ਬੀਰ ਰਸੀ ਕਵਿਤਾ ਹੈ। ਭਾਰਤ ਵਿਚ ਬੀਰ ਰਸੀ ਕਵਿਤਾ ਦੀ ਲੰਮੀ ਪਰੰਪਰਾ ਰਹੀ ਹੈ। ਬੀਰਤਾ ਜਾਂ ਬਹਾਦਰੀ ਨੌਂ ਰਸਾਂ ਵਿਚੋਂ ਅਹਿਮ ਰਸ ਹੈ। ਕਵੀ ਨੂੰ ਬੀਰਤਾ ਜਾਂ ਬਹਾਦਰੀ ਨੂੰ ਜਗਾਉਣ ਦੀ ਕਲਾ ਆਉਣੀ ਲਾਜ਼ਮੀ ਹੈ। ਇਸ ਲਈ ਇਸ ਵਿਧਾ 'ਤੇ ਹੱਥ ਅਜ਼ਮਾਉਣ ਵਾਲੇ ਕਵੀਆਂ ਦੀ ਕਮੀ ਨਹੀਂ ਰਹੀ, ਪਰ ਕਲਾਸੀਕਲ ਬੀਰ ਰਸੀ ਪਰੰਪਰਾ ਬਿਲਕੁਲ ਵੱਖਰਾ ਵਰਗ ਹੈ। ਇਸ ਵਿਚ ਗੱਲ ਆਮ ਤੌਰ 'ਤੇ ਵਧਾ ਚੜ੍ਹਾ ਕੇ ਕੀਤੀ ਜਾਂਦੀ ਸੀ; ਮਸਲਨ, ਮਹਾਂਭਾਰਤ ਅਤੇ ਰਾਮਾਇਣ ਦੇ ਯੁੱਧ ਦੇ ਦ੍ਰਿਸ਼। ਇਸੇ ਤਰ੍ਹਾਂ ਰਾਜਪੂਤਾਂ ਦੇ ਸਮੇਂ ਵਿਚ ਬੀਰ ਰਸੀ ਕਵਿਤਾ ਗਾਉਣ ਵਾਲੀ ਵਿਸ਼ੇਸ਼ ਜਾਤ ਜਾਂ ਸ਼੍ਰੇਣੀ ਸੀ, ਇਨ੍ਹਾਂ ਨੂੰ ਭੱਟ ਜਾਂ ਚਰਨ ਕਿਹਾ ਜਾਂਦਾ ਸੀ। ਇਨ੍ਹਾਂ ਦਾ ਮੁਖ ਕੰਮ ਸੀ, ਆਪਣੇ ਸਰਪ੍ਰਸਤ ਰਾਜਪੂਤਾਂ ਦੀਆਂ ਬਹਾਦਰੀਆਂ ਦੇ ਗੁਣਗਾਨ ਕਰਨਾ, ਭਾਵੇਂ ਉਹ ਬਹੁਤ ਡਰਪੋਕ ਹੀ ਸਾਬਿਤ ਹੋਏ ਹੋਣ। ਇਸੇ ਦਾ ਉਨ੍ਹਾਂ ਨੂੰ ਇਨਾਮ ਮਿਲਦਾ ਸੀ। ਕਈ ਵਾਰ ਸੰਕਟਕਾਲੀ ਹਾਲਤਾਂ ਵਿਚ ਇਨ੍ਹਾਂ ਭੱਟਾਂ ਜਾਂ ਚਰਨਾਂ ਦੀ ਡਿਊਟੀ ਸੈਨਾ ਦੀ ਭਰਤੀ ਵਿਚ ਵੀ ਲਾਈ ਜਾਂਦੀ ਸੀ। ਆਮ ਤੌਰ 'ਤੇ ਉਹ ਆਪਣੇ ਗੀਤ ਤੱਤਕਾਲੀ ਲੋੜ ਅਨੁਸਾਰ ਘੜ ਲੈਂਦੇ ਅਤੇ ਉਨ੍ਹਾਂ ਦੀ ਕਵਿਤਾ ਵਿਚਲਾ ਬੀਰ ਰਸ ਮਨੋਵਿਗਿਆਨਕ ਤੌਰ 'ਤੇ ਅਜਿਹਾ ਪ੍ਰਭਾਵ ਸਿਰਜ ਲੈਂਦਾ ਕਿ ਨੌਜਵਾਨ ਇਸ ਪ੍ਰਭਾਵ ਵਿਚ ਹੀ ਜੰਗ ਵਿਚ ਲੜਨ ਲਈ ਭਰਤੀ ਹੋ ਜਾਂਦੇ।

ਸ਼ਾਹ ਮੁਹੰਮਦ ਇਸ ਵਿਧਾ ਦਾ ਕਵੀ ਨਹੀਂ ਹੈ। ਉਹ ਇਸ ਗੱਲ ਲਈ ਬਹੁਤ ਸੁਚੇਤ ਹੈ ਕਿ ਉਸ ਨੇ ਸਾਰੀ ਗੱਲ ਨੂੰ ਬਿਆਨ ਕਰਨਾ ਹੈ ਅਤੇ ਇਸ ਲਈ ਉਹ ਕਈ ਵਾਰ ਗੱਲ ਨੂੰ ਵਧਾ ਕੇ ਜਾਂ ਵਧੇਰੇ ਸ਼ਬਦਾਂ ਰਾਹੀਂ ਵੀ ਕਰਦਾ ਹੈ। ਉਹ ਫੌਜਾਂ ਦੇ ਜੋਸ਼ ਦੀ ਵਡਿਆਈ ਤਾਂ ਕਰਦਾ ਹੈ ਪਰ ਉਸ ਬੁਜ਼ਦਿਲੀ ਦੀ ਨਿੰਦਿਆ ਨਹੀਂ ਕਰਦਾ, ਜਿਸ ਕਾਰਨ ਉਹ ਮੈਦਾਨ ਛੱਡ ਕੇ ਭੱਜਦੇ ਹਨ। ਸ਼ਾਇਦ ਇਹ ਸਾਰੀਆਂ ਵੱਡੀਆਂ ਜੰਗਾਂ ਵਿਚ ਹੁੰਦਾ ਹੀ ਹੈ। ਉਹ ਕਿਸੇ ਗੱਲ ਨੂੰ ਰਹੱਸਮਈ ਜਾਂ ਮਿੱਥ ਨਹੀਂ ਬਣਾਉਂਦਾ। ਉਹ ਇਨ੍ਹਾਂ ਲੜਾਈਆਂ ਦਾ ਬਿਆਨ ਅਜਿਹੀਆਂ ਮਾਕੂਲ ਤਸ਼ਬੀਹਾਂ ਰਾਹੀਂ ਸਮਾਪਤ ਕਰਦਾ ਹੈ ਕਿ ਇਨ੍ਹਾਂ ਦਾ ਅਸਰ ਪਾਠਕ ਦੇ ਮਨ ਮਸਤਕ 'ਤੇ ਲੰਮਾ ਸਮਾਂ ਰਹਿੰਦਾ ਹੈ।

ਇਸ ਰਚਨਾ ਦਾ ਇਕ ਮੀਰੀ ਗੁਣ ਇਹ ਵੀ ਹੈ ਕਿ ਇਹ ਪੰਜਾਬੀ ਲੋਕ ਛੰਦਾਂ ਦੇ ਸਰਤਾਜ ਬੈਂਤ ਛੰਦ ਵਿਚ ਲਿਖੀ ਗਈ ਹੈ, ਜਿਸ ਨੂੰ ਵਾਰਿਸ ਸ਼ਾਹ ਨੇ ਬਾਖੂਬੀ ਸਿਖਰ 'ਤੇ ਪਹੁੰਚਾਇਆ। ਮੈਨੂੰ ਯਕੀਨ ਹੈ ਕਿ ਜਿਨ੍ਹਾਂ ਨੇ ਹੀਰ ਦੇ ਬੰਦ ਸੁਣੇ ਹਨ, ਉਹ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਜਦੋਂ ਇਸ ਛੰਦ ਨੂੰ ਬੁਲੰਦ ਆਵਾਜ਼ ਵਿਚ ਗਾਇਆ ਜਾਂਦਾ ਹੈ ਤਾਂ ਇਸ ਦਾ ਪੰਜਾਬੀ ਸਰੋਤਿਆਂ 'ਤੇ ਕਿਹੋ ਜਿਹਾ ਅਸਰ ਹੁੰਦਾ ਹੈ। ਸਿਰਫ ਜਾਨਦਾਰ ਬੁਲੰਦ ਆਵਾਜ਼ ਵਾਲਾ ਗਾਇਕ ਹੀ ਇਸ ਨੂੰ ਗਾ ਸਕਦਾ ਹੈ, ਪਰ ਜਦੋਂ ਇਹ ਛੰਦ ਇਸ ਬੁਲੰਦੀ ਨਾਲ ਗਾਇਆ ਜਾਂਦਾ ਹੈ ਤਾਂ ਸਰੋਤੇ ਦਾ ਦਿਲ ਕਰਦਾ ਹੈ ਕਿ ਗਾਏ ਜਾ ਰਹੇ ਬਿਰਤਾਂਤ ਵਿਚ ਹੁਣੇ ਸ਼ਾਮਿਲ ਹੋ ਜਾਵੇ। ਸ਼ਾਹ ਮੁਹੰਮਦ ਵੀ ਬੈਂਤ ਛੰਦ ਦਾ ਘੱਟ ਮਾਹਿਰ ਨਹੀਂ ਹੈ ਅਤੇ ਇਸ ਲਈ ਇਹ ਜੰਗਨਾਮਾ ਵੀ ਹੀਰ ਵਾਲੇ ਜਲੌਅ ਵਿਚ ਗਾਇਆ ਜਾਂਦਾ ਹੈ, ਭਾਵੇਂ ਇਸ ਦਾ ਵਿਸ਼ਾ-ਵਸਤੂ ਤੇ ਪੈਟਰਨ ਬਿਲਕੁਲ ਵੱਖਰਾ ਹੈ।

ਇਸ ਦਾ ਸਮੁੱਚਾ ਪ੍ਰਭਾਵ ਉਤਸ਼ਾਹੀ ਨਹੀਂ ਸਗੋਂ ਨਿਰਾਸ਼ਾ ਵਾਲਾ ਹੈ। ਇਸ ਵਿਚੋਂ ਬੇਵੱਸੀ ਅਤੇ ਦੁਖਾਂਤ ਦਾ ਭਾਵ ਪੈਦਾ ਹੁੰਦਾ ਹੈ। ਇਹ ਕਵਿਤਾ ਕਿਉਂਕਿ ਹਾਰ ਦੀ ਕਵਿਤਾ ਹੈ, ਇਹ ਹਾਰ ਸਿਰਫ ਮੈਦਾਨ-ਏ-ਜੰਗ ਦੀ ਫੌਜੀ ਹਾਰ ਨਹੀਂ ਸਗੋਂ ਇਹ ਇਸ ਤੋਂ ਵੀ ਵੱਡੀ ਕੋਈ ਹੋਰ ਹਾਰ ਹੈ। ਫਿਰ ਵੀ ਇਸ ਰਚਨਾ ਵਿਚਲੀ ਨਿਰਾਸ਼ਾ ਵਿਚ ਵੀ ਅਜਿਹੀ ਦੇਸ਼ ਭਗਤੀ ਹੈ ਕਿ ਬੰਦੇ ਦਾ ਦਿਲ ਕਰਦਾ ਹੈ ਕਿ ਉਹ ਉਸ ਦੌਰ ਵਿਚ ਹੁੰਦਾ ਅਤੇ ਉਸ ਸਮੇਂ ਦੇ ਐਕਸ਼ਨਾਂ ਵਿਚ ਸ਼ਾਮਿਲ ਹੁੰਦਾ। ਇਥੋਂ ਤੱਕ ਕਿ ਮੇਰੇ ਵਰਗਾ ਬੰਦਾ ਜੋ ਆਪਣੀ ਜ਼ਿੰਦਗੀ ਵਿਚ ਲੰਮਾ ਸਮਾਂ ਆਪਣੀਆਂ ਪੰਜਾਬੀ ਜੜ੍ਹਾਂ ਤੋਂ ਦੂਰ ਰਿਹਾ ਹੈ, ਬਹੁਤ ਪਹਿਲਾਂ ਬਚਪਨ ਵਿਚ ਸੁਣੀਆਂ ਇਸ ਰਚਨਾ ਦੀਆਂ ਸਤਰਾਂ ਤੋਂ ਹੀ ਆਪਣੀ ਜ਼ਮੀਨ ਦੇ ਪਿਆਰ ਨਾਲ ਭਰ ਜਾਂਦਾ ਹੈ। ਇਸ ਤੋਂ ਬਿਨਾ ਮੇਰੇ ਲਈ ਇਸ ਰਚਨਾ ਦੀ ਵਿਲੱਖਣਤਾ ਕਿਤੇ ਹੋਰ ਵੀ ਹੈ। ਇਹ ਸਾਹਿਤ ਜਾਂ ਲੋਕ ਸਾਹਿਤ ਦੀ ਵਾਹਦ ਇਕੋ ਇਕ ਅਜਿਹੀ ਰਚਨਾ ਹੈ, ਜੋ ਪੰਜਾਬੀ ਇਕਜੁੱਟਤਾ ਅਤੇ ਪੰਜਾਬੀ ਕੌਮਵਾਦ (ਲੇਖਕ ਇਥੇ ਰਾਸ਼ਟਰਵਾਦ ਸੰਕਲਪ ਉਸ ਪ੍ਰਸੰਗ ਵਿਚ ਵਰਤ ਰਿਹਾ ਸੀ, ਜਦੋਂ ਪੰਜਾਬ ਵਿਚ ਇਕ ਧਰਮ ਦੇ ਆਧਾਰ 'ਤੇ ਵੱਖਰੇ ਰਾਸ਼ਟਰ ਦੀ ਮੰਗ ਕੀਤੀ ਜਾ ਰਹੀ ਸੀ। ਅਜੋਕੇ ਪ੍ਰਸੰਗ ਵਿਚ ਪੰਜਾਬੀ ਰਾਸ਼ਟਰਵਾਦ ਦੀ ਥਾਂ ਪੰਜਾਬੀਅਤ ਵਧੇਰੇ ਮਾਕੂਲ ਸ਼ਬਦ ਹੈ। -ਅਨੁਵਾਦਕ) ਨਾਲ ਭਰੀ ਪਈ ਹੈ। ਇੰਜ ਲੱਗਦਾ ਹੈ ਜਿਵੇਂ ਕਵੀ ਅਤੇ ਉਸ ਦੇ ਸਰੋਤੇ ਖਾਲਸਾ ਦਰਬਾਰ ਨਾਲ ਇਸ ਹੱਦ ਤੱਕ ਇਕਮਿਕ ਹੋਇਆ ਮਹਿਸੂਸ ਕਰਦੇ ਹਨ ਕਿ ਉਸ ਦੀ ਕਵਿਤਾ ਵਿਚ ਪੰਜ ਪਾਣੀਆਂ ਦੀ ਧਰਤੀ 'ਤੇ ਰਹਿਣ ਵਾਲੇ, ਹਿੰਦੂ ਅਤੇ ਮੁਸਲਮਾਨਾਂ-ਦੋਹਾਂ ਦੇ ਖੁਆਬਾਂ-ਖਿਆਲਾਂ ਦੀ ਪੂਰੀ ਝਲਕ ਮਿਲਦੀ ਹੈ। ਮੇਰਾ ਜਨਮ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਵਿਚ ਹੋਇਆ ਹੈ, ਤੇ ਮੈਂ ਆਪਣੀ ਸਾਰੀ ਜ਼ਿੰਦਗੀ ਵੀਹਵੀਂ ਸਦੀ ਦੇ ਅੱਧ ਦੇ ਫਿਰਕੂ ਵਾਤਾਵਰਣ ਵਿਚ ਗੁਜ਼ਾਰੀ ਹੈ। ਮੈਨੂੰ ਇਹ ਇਕਬਾਲ ਕਰਨ ਵਿਚ ਕੋਈ ਝਿਜਕ ਨਹੀਂ ਕਿ ਪੰਜਾਬੀ ਇਕਜੁਟਤਾ ਅਤੇ ਇਕਮਿਕਤਾ ਦਾ ਅਜਿਹਾ ਪ੍ਰਗਟਾਵਾ ਅੱਜ ਤੱਕ ਹੋਰ ਕਿਤੇ ਵੀ ਨਹੀਂ ਦੇਖਿਆ। ਇਹ ਰਚਨਾ ਜਿਵੇਂ ਮੇਰੇ ਕੰਨਾਂ ਲਈ ਸੰਗੀਤ ਹੈ ਪਰ ਨਾਲ ਹੀ ਇਹ ਸਾਡੇ ਅੱਜ ਦੇ ਯਥਾਰਥ ਬਾਰੇ ਕਈ ਬੜੇ ਜ਼ਰੂਰੀ ਸਵਾਲ ਖੜ੍ਹੇ ਕਰਦੀ ਹੈ। ਮਸਲਨ, ਫਿਰਕੂ ਸਵਾਲ ਉਪਰ ਕਿਸ ਤਰ੍ਹਾਂ ਦੀਆਂ ਗਲਤ ਜਾਣਕਾਰੀਆਂ ਸਾਡੀਆਂ ਇਤਿਹਾਸ ਦੀਆਂ ਪੁਸਤਕਾਂ ਸਾਡੇ ਸਾਹਵੇਂ ਪਰੋਸਦੀਆਂ ਹਨ। ਸਾਡੇ ਕੰਨਾਂ ਵਿਚ ਲਗਾਤਾਰ ਇਹੀ ਚੋਇਆ ਜਾਂਦਾ ਰਿਹਾ ਹੈ ਕਿ ਹਿੰਦੂ ਤੇ ਮੁਸਲਮਾਨ ਹਮੇਸ਼ਾ ਇਕ ਦੂਜੇ ਦੇ ਵਿਰੋਧੀ ਅਤੇ ਵੈਰੀ ਹੀ ਰਹੇ ਹਨ ਅਤੇ 'ਪਾਣੀਪਤ' ਹੀ ਸ਼ਾਇਦ ਉਨ੍ਹਾਂ ਦੇ ਮਿਲਣ ਦੀ ਇਕੋ ਇਕ ਸੰਭਵ ਥਾਂ ਸੀ। ਇਹੀ ਕਹਾਣੀ ਸਾਨੂੰ 'ਦੋ ਰਾਸ਼ਟਰ' ਸਿਧਾਂਤ ਵੱਲ ਲੈ ਕੇ ਗਈ, ਜੋ ਭਾਰਤ ਦੀ ਵੰਡ ਦਾ ਆਧਾਰ ਬਣੀ।




*ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦਾ ਨਕਸ਼ਾ।*

ਸਿਰਫ ਇੰਨਾ ਹੀ ਨਹੀਂ, ਸਗੋਂ ਇਹੀ ਉਹ ਅਬਦਲ ਫਿਰਕੂ ਤਰਕ ਹੈ ਜੋ ਪੰਜਾਬੀ ਸਮਾਜ ਦੀ ਤੀਹਰੀ ਵੰਡ ਲਈ ਰਾਹ ਬਣਾ ਰਿਹਾ ਹੈ, ਜਿਸ ਵਿਚ ਅੱਜ ਪੰਜਾਬ ਦੇ ਸਿੱਖ ਅਤੇ ਹਿੰਦੂ ਦੋ ਅੱਡ-ਅੱਡ ਰਾਸ਼ਟਰ ਬਣਾਉਣ ਦੀ ਕਵਾਇਦ ਵਿਚ ਹਨ। ਮਸਲਨ, ਪੰਜਾਬ ਵਿਚ ਪਾਕਿਸਤਾਨ ਦੀ ਤਰਜ਼ 'ਤੇ ਵੱਖਰੀ ਸਿੱਖ ਸਟੇਟ ਬਣਾਉਣ ਲਈ 80ਵਿਆਂ ਵਿਚ ਖਾੜਕੂ ਲਹਿਰ ਚੱਲੀ, ਜਿਸ ਨੇ ਅਥਾਹ ਲਹੂ ਅਤੇ ਹੰਝੂ ਵਹਾਏ; ਤੇ ਜੇ ਫਿਲਹਾਲ ਇਹ ਦੁਖਾਂਤ ਟਲਿਆ ਹੈ ਤਾਂ ਇਹ ਵੀ ਇਸ ਕਾਰਨ ਕਿ ਹਿੰਦੂ-ਸਿੱਖ ਇਕਮਿਕਤਾ ਦੀ ਕੋਮਲ ਰੇਸ਼ਮੀ ਤੰਦ ਪੂਰੀ ਤਰ੍ਹਾਂ ਖਤਮ ਨਹੀਂ ਹੋਈ, ਭਾਵੇਂ ਇਸ ਨੂੰ ਖਤਮ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਵੱਖ-ਵੱਖ ਧੜਿਆਂ ਵਲੋਂ ਦਿਸਦੇ-ਅਣਦਿਸਦੇ ਪੱਧਰ 'ਤੇ ਅਨੇਕਾਂ ਹੱਲੇ ਕੀਤੇ ਗਏ ਹਨ। ਫਿਰ ਵੀ, ਘੱਟੋ-ਘੱਟ ਮੇਰੀ ਪੀੜ੍ਹੀ ਦੇ ਮਰਦ-ਔਰਤਾਂ ਲਈ ਇਹ ਪੰਜਾਬ 'ਚ ਵਾਪਰਿਆ ਸਭ ਤੋਂ ਮਾਰੂ ਦੁਖਾਂਤ ਹੈ।

ਇਸ ਨੁਕਤੇ ਉਪਰ ਇਕ ਵਾਰ ਮੈਨੂੰ ਡਾ. ਐਮ. ਐਸ. ਰੰਧਾਵਾ ਦੇ ਸੁਘੜ ਵਿਚਾਰ ਸੁਣਨ ਨੂੰ ਮਿਲੇ। ਉਨ੍ਹਾਂ ਨੇ ਮੈਨੂੰ ਕਿਹਾ ਕਿ ਅਸੀਂ ਆਪ ਹੀ ਪੰਜਾਬ ਦੇ ਮਨੁੱਖੀ ਵਾਤਾਵਰਣ ਨੂੰ ਤਬਾਹ ਕੀਤਾ ਹੈ ਅਤੇ ਇਸ ਲਈ ਸਾਨੂੰ ਹੁਣ ਕੀਮਤ ਅਦਾ ਕਰਨੀ ਪਵੇਗੀ। ਜਦੋਂ ਮੈਂ ਉਨ੍ਹਾਂ ਨੂੰ ਇਸ ਗੱਲ ਦਾ ਵਿਸਥਾਰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਕਦੇ ਵੀ ਅਜਿਹੇ ਪੰਜਾਬ ਦੀ ਕਲਪਨਾ ਨਹੀਂ ਕਰ ਸਕਦੇ, ਜਿਸ ਵਿਚ ਪੰਜਾਬੀ ਫਿਰਕੂ ਤੌਰ 'ਤੇ ਵੰਡੇ ਹੋਏ ਹੋਣ। ਉਨ੍ਹਾਂ ਅਨੁਸਾਰ ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੇ ਸੁਮੇਲ ਤੋਂ ਬਿਨਾ ਪੰਜਾਬ ਦਾ ਕੋਈ ਵਿਕਸਿਤ ਅਤੇ ਖੁਸ਼ਹਾਲ ਤਸੱਵਰ ਨਹੀਂ ਹੋ ਸਕਦਾ। ਮੈਂ ਆਪ ਵੀ ਇਸ ਤਰ੍ਹਾਂ ਦੀ ਇਕਮਿਕਤਾ ਵਾਲੀ ਸਥਿਤੀ ਲਈ ਦ੍ਰਿੜ ਨਹੀਂ ਹੋ ਸਕਿਆ ਸੀ, ਜਦੋਂ ਤੱਕ ਕਿ ਮੈਂ 1995 ਵਿਚ ਸ਼ਾਹ ਮੁਹੰਮਦ ਨਹੀਂ ਸੀ ਪੜ੍ਹਿਆ।

ਇਹ ਸਮਝਣ ਲਈ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਇਸ ਰੂਪ ਵਿਚ ਕਿਵੇਂ ਅਤੇ ਕਿਉਂ ਪੈਦਾ ਹੋਈ, ਮੈਂ ਆਪਣੀ ਪੂਰੀ ਹਿੰਦੂ ਪਛਾਣ ਨੂੰ ਸਾਣ 'ਤੇ ਲਾਇਆ। ਪੰਜਾਬੀ ਹਿੰਦੂ ਦੁਆਰਾ ਆਪਣੇ ਆਪ ਨੂੰ ਸਾਂਝੀ ਪੰਜਾਬੀ ਪਛਾਣ ਤੋਂ ਬੇਗਾਨਾ ਮਹਿਸੂਸ ਕਰਨ ਦੀ ਪ੍ਰਕ੍ਰਿਆ ਮਹਾਰਾਜਾ ਰਣਜੀਤ ਸਿੰਘ ਤੋਂ ਸ਼ੁਰੂ ਹੋਈ। ਰਣਜੀਤ ਸਿੰਘ ਆਪਣੀਆਂ ਜੀਵੰਤ (ਆਰਗੈਨਿਕ) ਜੜ੍ਹਾਂ ਤੋਂ ਪਾਸੇ ਹੋ ਗਿਆ ਅਤੇ ਉਸੇ ਤੋਂ ਹੀ ਉਹ ਥੜ੍ਹਾ ਬੱਝਿਆ, ਜਿਸ ਤੋਂ ਭਵਿਖ ਵਿਚ ਫਿਰਕਾਪ੍ਰਸਤੀ ਨਾਲ ਲਬਰੇਜ਼ ਕ੍ਰਿਆ-ਪ੍ਰਤਿਕ੍ਰਿਆ ਦੀ ਅਰੁਕ ਲੜੀ ਚੱਲੀ।

ਪੰਜਾਬੀ ਹਿੰਦੂਆਂ ਦੇ ਬਾਕੀ ਪੰਜਾਬੀ ਭਾਈਚਾਰੇ ਤੋਂ ਰਾਜਨੀਤਕ, ਆਰਥਕ, ਸਮਾਜਕ, ਸਭਿਆਚਾਰਕ ਅਤੇ ਭਾਸ਼ਾਈ ਅਲਗਾਓ ਦੀ ਸਮੁੱਚੀ ਪ੍ਰਕ੍ਰਿਆ ਨੂੰ ਸਮਝਦਿਆਂ, ਮੈਂ ਜਾਣਿਆ ਕਿ ਪੰਜਾਬੀ ਹਿੰਦੂਆਂ ਨੇ ਵੀ ਪੰਜਾਬ ਵਿਚ ਫਿਰਕਾਪ੍ਰਸਤੀ ਪੈਦਾ ਕਰਨ ਅਤੇ ਫੈਲਾਉਣ ਵਿਚ ਕਾਫੀ ਕੁਝ ਕੀਤਾ ਹੈ। ਅਸਲ ਵਿਚ, ਇਸ ਵਰਗ ਨੇ ਹੋਰ ਵਰਗਾਂ ਵਿਚ ਵੀ ਆਪਣੇ ਆਪ ਨੂੰ ਪ੍ਰਾਜੈਕਟ ਕਰਨ ਲਈ ਸੰਪਰਦਾਇਕ ਤਰਕ ਨੂੰ ਬਾਦਲੀਲ ਅਤੇ ਪ੍ਰਚਲਿਤ ਢੰਗ ਵਜੋਂ ਫੈਲਾਇਆ। ਇਸੇ ਪ੍ਰਕ੍ਰਿਆ ਵਿਚ ਤੀਜੀ ਧਿਰ ਬੇਸ਼ੱਕ ਬਰਤਾਨਵੀ ਸ਼ਾਸਕ ਸਨ, ਉਨ੍ਹਾਂ ਨੇ ਵੀ ਇਹ ਜ਼ਹਿਰ ਬੀਜਣ ਵਿਚ ਕੋਈ ਘੱਟ ਨਹੀਂ ਗੁਜ਼ਾਰੀ। ਇਸ ਲਈ ਮੈਂ ਸੁਧਾਰਵਾਦੀ ਲਹਿਰਾਂ ਨੂੰ ਜ਼ਿੰਮੇਵਾਰ ਸਮਝਦਾ ਹਾਂ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਹਿੰਦੂਆਂ ਨੂੰ ਪ੍ਰਭਾਵਿਤ ਕੀਤਾ, ਜਿਸ ਵਿਚੋਂ ਉਨ੍ਹਾਂ ਇਸ ਕਿਸਮ ਦਾ ਦੁਖਾਂਤ ਸਿਰਜਿਆ।

ਮੇਰੇ ਵਿਸ਼ਲੇਸ਼ਣ ਢੰਗ ਅਨੁਸਾਰ ਇਹ ਉਹ ਭੱਦਰ ਲੋਕ ਭਾਵ 'ਅੰਗਰੇਜ਼ੀ ਹਿੰਦੂ' ਸਨ, ਜੋ ਅੰਗਰੇਜ਼ੀ ਢੰਗ ਨਾਲ ਜਿਉਂਦੇ ਸਨ। ਇਨ੍ਹਾਂ ਨੇ ਆਪਣੇ ਆਪ ਨੂੰ ਸਮਾਜਕ ਜੀਵਨ ਦੀ ਪੌੜੀ ਵਿਚ ਉਪਰ ਚੁੱਕਣ ਲਈ 'ਸਫੈਦ ਸਾਹਬ' ਲੋਕਾਂ ਦੀ ਨਕਲ ਨੂੰ ਪਰਮਾਤਮਾ ਵਲੋਂ ਭੇਜਿਆ ਮੌਕਾ ਸਮਝਿਆ। ਦੂਜੇ ਪਾਸੇ ਨਵੇਂ ਸ਼ਾਸਕਾਂ ਨੇ ਸਜ਼ਾ ਅਤੇ ਇਨਾਮ ਦੀ ਸਿੱਧੀ ਸਪਸ਼ਟ ਨੀਤੀ ਲਾਗੂ ਕੀਤੀ। ਇਹ ਉਹੀ ਲੋਕ ਸਨ, ਜਿਨ੍ਹਾਂ ਨੇ ਵਿਕਾਸ ਲਈ ਪੁਨਰ-ਜਾਗਰਣ ਅਤੇ ਧਰਮ ਸੁਧਾਰ ਵਾਲੇ ਯੂਰਪੀ ਮਾਡਲ ਨੂੰ ਬੁਨਿਆਦ ਵਜੋਂ ਅਪਨਾਇਆ ਪਰ ਛੇਤੀ ਹੀ ਉਹ ਦਾਬੇ ਅਤੇ ਦਬਾਉਣ ਦੀ ਨੀਤੀ 'ਤੇ ਆ ਗਏ। ਇਸ ਦੇ ਉਲਟ ਜਿਨ੍ਹਾਂ ਨੇ ਇਸ ਤਬਦੀਲੀ ਦਾ ਵਿਰੋਧ ਕੀਤਾ, ਉਨ੍ਹਾਂ ਨੂੰ ਸਮਾਜਕ ਅਤੇ ਆਰਥਕ ਤੌਰ 'ਤੇ ਹੇਠਲੇ ਦਰਜਿਆਂ 'ਤੇ ਧੱਕ ਦਿੱਤਾ ਗਿਆ। ਇਸ ਲਈ 'ਅੰਗਰੇਜ਼ੀ ਹਿੰਦੂਆਂ' ਨੇ ਇਸ ਨੂੰ ਮੁਕਾਬਲੇ ਦਾ ਧਰਮ ਬਣਾਉਣ ਲਈ ਤੁਰੰਤ ਹਿੰਦੂ ਧਾਰਮਕ ਪਰੰਪਰਾਵਾਂ ਵਿਚ 'ਸੁਧਾਰ' ਕਰਨਾ ਸ਼ੁਰੂ ਕਰ ਦਿੱਤਾ। ਪਰੰਪਰਕ ਹਿੰਦੂ ਧਰਮ ਦੀ 'ਚਰਚਹੀਣਤਾ' ਹੁਣ ਇਸ ਦੇ ਪਿਛੜੇ ਹੋਏ ਹੋਣ ਦਾ ਚਿੰਨ੍ਹ ਲੱਗਣ ਲੱਗ ਪਈ। ਇਸ ਨੇ ਹਿੰਦੂ ਬਹੁਲਤਾਵਾਦ ਨੂੰ ਜੋੜਨ ਵਾਲੇ ਉਸ ਤੱਤ ਨੂੰ ਹਟਾ ਦਿੱਤਾ, ਜਿਸ ਨੇ ਪੰਜਾਬੀ ਸਮਾਜ ਨੂੰ ਲੰਮੇ ਸਮੇਂ ਤੋਂ ਇਸਲਾਮੀ ਹਕੂਮਤ ਦੇ ਅਨੇਕਾਂ ਦਬਾਵਾਂ ਦੇ ਬਾਵਜੂਦ ਜੋੜਿਆ ਹੋਇਆ ਸੀ।

ਸ਼ਾਹ ਮੁਹੰਮਦ ਵਲੋਂ ਦਿਖਾਈ ਗਈ ਪੰਜਾਬੀ ਸਮਾਜ ਦੀ ਤਸਵੀਰ ਨੂੰ ਸਮਝਣ ਪਿਛੋਂ ਲੱਗਦਾ ਹੈ ਕਿ ਪੰਜਾਬੀ ਸਮਾਜ ਨੇ ਉਹ ਇਕਸਾਰਤਾ ਹਾਸਿਲ ਕਰ ਲਈ ਸੀ, ਜਿਸ ਵਿਚੋਂ ਪੰਜਾਬੀ ਰਾਸ਼ਟਰ ਸੰਭਵ ਹੋ ਸਕਦਾ ਸੀ; ਤੇ ਇਸ ਰਾਸ਼ਟਰ ਲਈ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬਰਾਬਰ ਦਾ ਉਤਸ਼ਾਹ ਹੋਣਾ ਸੀ। ਮੈਂ ਪੰਜਾਬੀ ਸਮਾਜ ਦੀ ਤੀਹਰੀ ਵੰਡ ਲਈ ਪੁਨਰ-ਜਾਗਰਣ ਅਤੇ ਧਰਮ ਸੁਧਾਰ ਦੀਆਂ ਉਨ੍ਹਾਂ ਲਹਿਰਾਂ ਨੂੰ ਵੀ ਜ਼ਿੰਮੇਵਾਰ ਮੰਨਦਾ ਹਾਂ, ਜੋ ਰਾਜਾ ਰਾਮ ਮੋਹਨ ਰਾਇ ਅਤੇ ਸਵਾਮੀ ਦਯਾਨੰਦ ਰਾਹੀਂ ਫੈਲੀਆਂ।

ਹਿੰਦੂਆਂ ਦਾ ਸਨਾਤਨੀ ਖਾਸਾ ਅਤੇ ਵੈਸ਼ਨਵਵਾਦ ਮੂਲ ਰੂਪ ਵਿਚ ਪਿਆਰ ਦਾ ਧਰਮ ਸੀ, ਹੁਣ ਇਨ੍ਹਾਂ ਦੋਹਾਂ 'ਤੇ ਸੁਧਾਰਕ ਹਿੰਦੂਆਂ ਵਲੋਂ ਲਗਾਤਾਰ ਤਿੱਖੇ ਹਮਲੇ ਹੋਣ ਲੱਗੇ। ਇਥੋਂ ਤੱਕ ਕਿ ਇਹ ਨਵੇਂ ਹਿੰਦੂ, ਜਿਨ੍ਹਾਂ ਨੂੰ ਮੈਂ 'ਨਮਸਤੇ ਜੀ ਹਿੰਦੂ' ਕਹਿੰਦਾ ਹਾਂ, ਚਾਹੁਣ ਲੱਗੇ ਕਿ ਮੁਸਲਮਾਨ ਅਤੇ ਅਗਲੇ ਪੱਧਰ 'ਤੇ ਸਿੱਖ ਵੀ ਉਨ੍ਹਾਂ ਦੀਆਂ ਸ਼ਰਤਾਂ ਅਨੁਸਾਰ ਹੀ ਉਨ੍ਹਾਂ ਨਾਲ ਚੱਲਣ। ਇਸ ਦੇ ਜਵਾਬ ਵਿਚ ਉਹੀ ਹੋਇਆ, ਜਿਸ ਦਾ ਅੱਗੇ ਜਾ ਕੇ ਭਿਅੰਕਰ ਨਤੀਜਾ ਨਿਕਲਿਆ। ਇਸ ਦੇ ਪ੍ਰਤੀਕਰਮ ਵਿਚ ਮੁਸਲਮਾਨ ਜਾਂ ਹੋਰ ਧਿਰਾਂ ਨੇ ਇਹ ਦੁਜੈਲਾਪਣ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ, ਖਾਸ ਤੌਰ 'ਤੇ ਉਦੋਂ ਜਦੋਂ ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਹਿੰਦੂਆਂ ਦੇ ਮੁਕਾਬਲੇ ਵਧੇਰੇ ਭਾਅ ਦੇਣਾ ਸ਼ੁਰੂ ਕਰ ਦਿੱਤਾ।

ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਇਕ ਵੀ ਹਿੰਦੂ, ਕੰਧ 'ਤੇ ਲਿਖੀ ਇਬਾਰਤ ਨਾ ਪੜ੍ਹ ਸਕਿਆ। ਇਸੇ ਕਾਰਨ ਮੈਂ ਕਹਿੰਦਾ ਹਾਂ ਕਿ ਪੰਜਾਬੀ ਹਿੰਦੂਆਂ ਨੇ ਹਰ ਖੇਤਰ ਦੇ ਮਾਹਰ ਪੈਦਾ ਕੀਤੇ ਪਰ ਇਕ ਵੀ ਅਜਿਹਾ ਬਸ਼ਰ ਪੈਦਾ ਨਹੀਂ ਕੀਤਾ, ਜੋ ਦੂਰ-ਦ੍ਰਿਸ਼ਟੀ ਵਾਲਾ ਹੋਵੇ ਜਾਂ ਭਾਵੀ ਹੋਣੀ ਨੂੰ ਦੇਖ ਸਕਦਾ ਹੋਵੇ। ਇਹੀ ਉਹ 'ਬੇਵਫਾ ਹਿੰਦੂ' ਸੀ, ਜੋ ਇਸ ਇਤਿਹਾਸਕ ਦਬਾਅ ਦੇ ਪ੍ਰਤੀਕਰਮ ਵਿਚ ਭਾਰਤ ਦਾ ਪਹਿਲਾ ਰਾਸ਼ਟਰਵਾਦੀ ਬਣਿਆ ਅਤੇ ਇਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਸਾਰੀਆਂ ਸਫਾਂ ਭਰ ਦਿੱਤੀਆਂ। ਇਸ ਪ੍ਰਕ੍ਰਿਆ ਨੇ ਮੁਸਲਮਾਨਾਂ, ਤੇ ਫਿਰ ਸਿੱਖਾਂ ਨੂੰ ਕਾਂਗਰਸੀ ਰਾਸ਼ਟਰਵਾਦ ਤੋਂ ਦੂਰ ਕਰ ਦਿੱਤਾ।

*(ਚਲਦਾ)*

## ਜੰਗਨਾਮਾ

**ਸ਼ਾਹ ਮੁਹੰਮਦ**

*1*

ਅੱਵਲ ਹਮਦ ਜਨਾਬ ਅੱਲਾਹ ਦੀ ਨੂੰ,
ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ ਨਿਗਾਰ ਕਰਕੇ,
ਰੰਗਾ ਰੰਗ ਦੇ ਭੇਖ ਰਚਾਵੰਦਾ ਈ।
ਸਫਾਂ ਪਿਛਲੀਆਂ ਸਭ ਸਮੇਟ ਲੈਂਦਾ,
ਅੱਗੇ ਹੋਰ ਹੀ ਹੋਰ ਵਿਛਾਂਵਦਾ ਈ।
ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਥੀਂ ਭੀਖ ਮੰਗਾਵਦਾ ਈ।

*2*

ਇਹ ਤੇ ਜੀਆਂ ਨੂੰ ਪਕੜ ਕੇ ਮੋਹ ਲੈਂਦੀ,
ਦੁਨੀਆਂ ਵੇਸਵਾ ਦਾ ਰੱਖੇ ਭੇਸ ਮੀਆਂ।
ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
ਸ਼ਾਹ ਮੁਹੰਮਦਾ ਸਦਾ ਨਹੀਂ ਰੂਪ ਦੁਨੀਆਂ,
ਸਦਾ ਨਹੀਂ ਜੇ ਕਾਲੜੇ ਕੇਸ ਮੀਆਂ।

*3*

ਇਕ ਰੋਜ਼ ਬਡਾਲੇ ਦੇ ਵਿਚ ਬੈਠੇ,
ਚਲੀ ਆਣ ਫਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਦੂਸਰੀ ਜ਼ਾਤ ਆਹੀ।

*4*

ਏਹੁ ਜੱਗ ਸਰਾਂ ਏ ਮੁਸਾਫਿਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ਿਦਾਦ, ਨਮਰੂਦ, ਫਿਰਊਨ ਜੇਹੇ,
ਦਾਅਵੇ ਬੰਨ੍ਹ ਖੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਆਏ ਵਿਚ ਦਿੱਲੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।

*5*

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

*6*

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ-ਕਰਾਰ ਮੀਆਂ।

# 'ਮੇਰੇ ਅਗਲੇ ਵੀ ਨਹੀਂ ਲਿਖਣਗੇ'

***ਗੁਰਚਰਨ ਸਿੰਘ ਸਹਿੰਸਰਾ ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਦਾ ਇਨਕਲਾਬੀ ਯੋਧਾ ਸੀ। ਉਨ੍ਹਾਂ 'ਇਤਿਹਾਸ ਸਬ ਕਮੇਟੀ' ਦੀ ਰਹਿਨੁਮਾਈ ਹੇਠ ਗਦਰ ਪਾਰਟੀ ਦਾ ਸ਼ਾਨਾਂਮੱਤਾ ਇਤਿਹਾਸ ਵੀ ਲਿਖਿਆ। ਉਨ੍ਹਾਂ ਦੀਆਂ ਦੋ ਜਾਣਕਾਰੀ ਭਰਪੂਰ ਇਤਿਹਾਸਕ ਕਿਤਾਬਾਂ ਹਨ- 'ਕਦੇ ਉਹ ਵੀ ਦਿਨ ਸਨ' ਅਤੇ 'ਅੱਖੀਂ ਡਿੱਠੇ ਸੁਣੇ ਪਠਾਣ।' ਇਥੇ ਛਾਪਿਆ ਜਾ ਰਿਹਾ ਉਨ੍ਹਾਂ ਦਾ ਲੇਖ 'ਮੇਰੇ ਅਗਲੇ ਵੀ ਨਹੀਂ ਲਿਖਣਗੇ' ਪਿਛਲੀ ਸਦੀ ਦੇ ਚੌਥੇ ਦਹਾਕੇ ਦੌਰਾਨ ਗਦਰੀਆਂ ਦੀਆਂ ਸਰਗਰਮੀਆਂ ਨਾਲ ਸਬੰਧਤ ਹੈ। ਲੇਖ ਵਿਚ ਅਸਲ ਸ਼ਬਦਾਵਲੀ ਉਸੇ ਤਰ੍ਹਾਂ ਰਹਿਣ ਦਿੱਤੀ ਗਈ ਹੈ। ਇਹ ਲੇਖ ਸਾਨੂੰ ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ, ਫੋਨ: 661-331-5651) ਰਾਹੀਂ ਹਾਸਲ ਹੋਇਆ ਹੈ। -ਸੰਪਾਦਕ***

ਮਾਰਚ 1934 ਦੇ ਆਖਰੀ ਦਿਨਾਂ ਦਾ ਲਹੁਡਾ ਵੇਲਾ ਸੀ, ਅੰਮ੍ਰਿਤਸਰ ਮਲਵਈ ਬੁੰਗੇ ਦੀ ਗੱਲ ਹੈ। ਬੁੰਗੇ ਦੀਆਂ ਬਾਜ਼ਾਰਾਂ ਦੀਆਂ ਦੁਕਾਨਾਂ ਦੇ ਪਿਛੇ ਵਿਹੜੇ ਵਿਚ ਦੋਂਹ ਪੱਖਿਆਂ ਦੀ ਇਕ ਪੁਰਾਣੀ, ਢੱਠਣ ਕਿਨਾਰੇ ਕੋਠੜੀ ਵਿਚ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਦਫਤਰ ਸੀ। ਮੀਂਹਾਂ ਨਾਲ ਛੱਤ ਤੋਂ ਖੁਰ ਖੁਰ ਬਾਹਰ ਕੰਧਾਂ 'ਤੇ ਮਿੱਟੀ ਦੀ ਕਾਲਿਤਣ ਤੋਂ ਪਤਾ ਨਹੀਂ ਸੀ ਲੱਗਦਾ ਕਿ ਪੁਰਾਣੀਆਂ ਤੇ ਬੋਦੀਆਂ ਪੈ ਚੁਕੀਆਂ ਇੱਟਾਂ ਚੂਨੇ ਨਾਲ ਚਿਣੀਆਂ ਹੋਈਆਂ ਸਨ ਜਾਂ ਗਾਰੇ ਨਾਲ। ਨੀਂਹ ਲਾਗਿਉਂ ਤਿੰਨਾਂ ਚਹੁੰ ਵਾਰਾਂ ਦੀਆਂ ਇੱਟਾਂ ਦੇ ਪਿੰਡੇ ਕੱਲਰ ਨੇ ਖੋਰ ਛੱਡੇ ਸਨ। ਬੂਹੇ ਦੀ ਚੁਗਾਠ ਅਤੇ ਤਖਤੇ ਹਵਾ, ਪਾਣੀ ਤੇ ਧੁੱਪ ਦੀ ਮਾਰ ਨਾਲ ਮੈਲੇ ਤੇ ਖੱਖਰ ਖਾਧੇ ਹੋ ਕੇ ਕਾਲੇ ਪਏ ਹੋਏ ਸਨ।

ਅੰਦਰ ਕੱਚੇ ਫਰਸ਼ ਦੀ ਝਾੜੂ-ਬਹਾਰੀ ਤੋਂ ਬਿਨਾ ਹੋਰ ਕੋਈ ਸਫਾਈ ਨਹੀਂ ਸੀ। ਕੰਧਾਂ ਉਤੇ ਬਹੁਤ ਸਾਲਾਂ ਤੋਂ ਹੋਈ ਕਲੀ ਦੀਆਂ ਕਈ ਥਾਂਵਾਂ 'ਤੇ ਟਾਕੀਆਂ ਪਈਆਂ ਹੋਈਆਂ ਸਨ ਤੇ ਗਾਰੇ ਦੀ ਲਿਪਾਈ ਦੀਆਂ ਟਾਕੀਆਂ ਦਿਸ ਰਹੀਆਂ ਸਨ। ਹੇਠਲੇ ਕੁਝ ਵਾਰ ਸਲਾਬ ਨਾਲ ਖੁਰ ਕੇ ਇੱਟਾਂ ਦੀ



ਗੁਰਚਰਨ ਸਿੰਘ ਸਹਿੰਸਰਾ

ਸੁਰਖੀ ਡੇਗ ਰਹੇ ਸਨ। ਇਕ ਬੋਦੀ ਜਿਹੀ ਸ਼ਤੀਰੀ ਉਤੇ ਅਨਘੜਤ ਕੜੀਆਂ ਤੇ ਸਿਰਕੀਆਂ ਦੀ ਧੁਆਂਖੀ ਹੋਈ ਛੱਤ ਇਸ ਤਰ੍ਹਾਂ ਜਾਪਦੀ ਸੀ ਜਿਵੇਂ ਕਾਲੋਂ ਦਾ ਲੇਪਣ ਫੇਰਿਆ ਹੋਵੇ।

ਧੁਆਂਖੀਆਂ ਕੜੀਆਂ ਦੀਆਂ ਸਿਰਕੀਆਂ ਨਾਲ ਲੱਗੀਆਂ ਵੱਖੀਆਂ ਤੇ ਕੰਧਾਂ ਦੀਆਂ ਨੁਕਰਾਂ ਵਿਚ ਥਾਂ-ਥਾਂ ਕਕਹਿਣੀਆਂ ਦੇ ਬਣਾਏ ਹੋਏ ਚਿੱਟੇ-ਚਿੱਟੇ ਘਰ ਕਾਲੀ ਪੈ ਚੁਕੀ ਛੱਤ ਤੇ ਕਮਰੇ ਦੇ ਹਨੇਰੇ ਵਿਚ ਰਾਤ ਦੇ ਤਾਰਿਆਂ ਵਾਂਗ ਚਮਕਦੇ ਨਜ਼ਰ ਆਉਂਦੇ ਸਨ।

ਪਿਛਲੀ ਕੰਧ ਨਾਲ ਖੜ੍ਹੀ ਕੀਤੀ ਲੱਕੜ ਦੀ ਪੰਜ ਫੁੱਟੀ ਪੁਰਾਣੀ ਅਲਮਾਰੀ ਵਿਚ ਦਫਤਰ ਦੇ ਰਜਿਸਟਰ ਤੇ ਕਾਗਜ਼ ਪੱਤਰ ਸਨ, ਜਿਸ ਦੇ ਅੱਗੇ ਇਕ ਟੁੱਟਣ ਲਾਗੇ ਆਈ ਕੁਰਸੀ ਤੇ ਇਕ ਪੁਰਾਣਾ ਮੇਜ਼ ਰੱਖੇ ਹੋਏ ਸਨ। ਮੇਜ਼ ਉਤੇ ਲਾਲ ਤੇ ਨੀਲੀ ਦਵਾਤ ਵਾਲੇ ਲੱਕੜ ਦੇ ਕਲਮਦਾਨ ਵਿਚ ਦੋ ਨੀਲੇ ਤੇ ਇਕ ਲਾਲ ਡੰਕ ਪਏ ਸਨ। ਇਸ ਤੋਂ ਇਲਾਵਾ ਮੇਜ਼ ਉਤੇ ਰੱਖ ਕੇ ਲਿਖਣ ਵਾਲਾ ਸਿਆਹੀ ਚੂਸ ਲੱਗਾ ਇਕ ਵੱਡਾ ਸਾਰਾ ਗੱਤਾ, ਪਿੰਨਾਂ ਵਾਲੀ ਪੈਡ ਤੇ ਲੱਕੜ ਦਾ ਫੁੱਟਾ ਸੀ। ਮੈਂ ਮੇਜ਼ ਉਤੇ ਲੱਤਾਂ ਰੱਖੀ ਇਸ ਕੁਰਸੀ ਉਤੇ ਬੈਠਾ ਅਖਬਾਰ ਪੜ੍ਹ ਰਿਹਾ ਸਾਂ। ਮੇਜ਼ ਦੇ ਪਰਲੇ ਪਾਸੇ ਬੂਹੇ ਤੋਂ ਥੋੜ੍ਹਾ ਹੀ ਅੱਗੇ ਇਕ ਹੋਰ ਟੁੱਟੀ ਜਿਹੀ ਕੁਰਸੀ ਪਈ ਸੀ, ਜੋ ਆਇਆਂ ਦੇ ਬੈਠਣ ਲਈ ਰੱਖੀ ਹੋਈ ਸੀ।

ਬਾਹਰ ਇਕ ਝੌਲਾ ਜਿਹਾ ਪਿਆ ਸੀ। ਵੇਖਿਆ ਤਾਂ ਇਕ ਸਮੱਧਰ ਜਿਹਾ ਬੰਦਾ ਬੂਹੇ ਅੱਗੇ ਖਲੋਤਾ ਸੀ।

"ਦੇਸ਼ ਭਗਤਾਂ ਦਾ ਦਫਤਰ ਇਹੀ ਹੈ?" ਉਸ ਨੇ ਓਪਰੇ ਜਿਹੇ ਉਚਾਰਨ ਵਿਚ ਬਾਹਰੋਂ ਹੀ ਪੁਛਿਆ। 'ਹਾਂ', ਮੈਂ ਉਸ ਵੱਲ ਵੇਖੇ ਬਿਨਾ ਹੀ ਜਵਾਬ ਦਿੱਤਾ। ਉਹ ਪਿਛਾਂਹ ਮੁੜਿਆ ਤੇ ਝਟ ਕੁ ਮਗਰੋਂ ਫੇਰ ਅੰਦਰ ਆ ਕੇ ਖਾਲੀ ਕੁਰਸੀ ਲਾਗੇ ਖਲੋ ਗਿਆ। ਉਹ ਬੜਾ ਸਹਿਮਿਆ ਤੇ ਡੌਰ-ਭੌਰ ਜਿਹਾ ਜਾਪਦਾ ਸੀ। ਉਸ ਨੇ ਚੰਗੀਆਂ ਪੜਾਕੂ ਨਜ਼ਰਾਂ ਨਾਲ ਕੋਠੜੀ ਦੀਆਂ ਚਾਰੇ ਪਾਸੇ ਨੁੱਕਰਾਂ ਵੇਖੀਆਂ। ਫੇਰ ਉਸ ਦੀ ਨਿਗਾਹ ਮੇਰੇ ਉਤੇ ਆ ਕੇ ਟਿਕ ਗਈ ਤੇ "ਹਰਨਾਮ ਸਿੰਘ ਟੁੰਡੀਲਾਟ ਇਥੇ ਹੈ?" ਪੁੱਛ ਕੇ ਉਸ ਨੇ ਆਪਣਾ ਆਉਣਾ ਦੱਸ ਦਿੱਤਾ।

"ਉਹ ਤਾਂ ਪਿੰਡ ਗਏ ਹੋਏ ਨੇ।" ਇਹ ਸੁਣਦਿਆਂ ਉਸ ਦੇ ਚਿਹਰੇ 'ਤੇ ਨਿਰਾਸ਼ਾ ਦਾ ਲੇਪਣ ਫਿਰ ਗਿਆ। ਉਹ ਜ਼ਰਾ ਝਕਿਆ ਤੇ ਫੇਰ ਬੋਲਿਆ, "ਤੁਹਾਡਾ ਨਾਂ?"

"ਗੁਰਚਰਨ ਸਿੰਘ।" ਮੇਰਾ ਨਾਂ ਸੁਣ ਕੇ ਉਹ ਸੋਚੀਂ ਪੈ ਗਿਆ, ਜਿਵੇਂ ਕਿਵੇਂ ਕੋਈ ਗੰਭੀਰ ਫੈਸਲਾ ਕਰਨ ਵਿਚ ਲੱਗ ਪਿਆ ਹੋਵੇ।

ਏਨੇ ਵਿਚ ਮੈਂ ਉਸ ਨੂੰ ਚੰਗੀ ਤਰ੍ਹਾਂ ਦੇਖ ਲਿਆ। ਉਹ ਰੰਗੋਂ ਸੌਲਾ ਤੇ ਕੱਦੋਂ ਮਧਰਾ ਪਰ ਗਠਵੇਂ ਸਰੀਰ ਦਾ ਕਾਬਲੀ ਬੰਦਾ ਸੀ। ਕੁੜਤਾ ਤੇ ਸਲਵਾਰ ਚਿੱਟੇ, ਸਿਰ 'ਤੇ ਨਸਵਾਰੀ ਮਸ਼ਹਦੀ ਲੁੰਗੀ ਜਾਕਟ ਦੇ ਪੇਸ਼ ਕਾਲੇ ਸੂਫ ਦੇ, ਤੇ ਅੰਦਰ, ਤੇ ਪਿੱਠ ਲੱਠੇ ਦੀ ਉਸ ਦੇ ਮੈਲੇ ਤੇ ਮਧੋਲੇ ਹੋਏ ਕੱਪੜੇ ਦਸਦੇ ਸਨ ਕਿ ਉਹ ਕਈ ਦਿਨਾਂ ਤੋਂ ਸਾਫ ਨਹੀਂ ਸਨ ਕੀਤੇ ਗਏ। ਅਣਸਾਂਭੀ ਸੁੱਕ-ਭਰੂਲੀ ਅੱਧੀ ਕੁ ਗਿੱਠ ਲੰਮੀ ਦਾਹੜੀ ਬੋਹੜ ਦੀਆਂ ਦਾਹੜਾਂ ਵਾਂਗ ਠੋਡੀ ਤੋਂ ਸਣ ਦੀਆਂ ਰੱਸੀਆਂ ਬਣ ਹੇਠਾਂ ਲਮਕੀ ਹੋਈ ਸੀ। ਵੱਟਾਂ ਵਾਲੀ ਬੱਧੀ ਲੁੰਗੀ ਵਿਚੋਂ ਧੌਣ ਉਤੇ ਕਾਲੇ ਵਾਲਾਂ ਦੀਆਂ ਮੈਲ ਜੰਮੀਆਂ ਲਟਾਂ ਨਿਕਲੀਆਂ ਹੋਈਆਂ ਸਨ। ਉਸ ਦੇ ਮੂੰਹ ਅਤੇ ਹੱਥਾਂ ਦੀ ਖੁਸ਼ਕੀ ਤੋਂ ਦਿਸਦਾ ਸੀ ਕਿ ਪਿਛਲੇ ਦਿਨਾਂ ਵਿਚ ਉਸ ਨੂੰ ਆਪਣੀ ਕਾਇਆ ਸੰਵਾਰਨ ਦਾ ਮੌਕਾ ਨਹੀਂ ਸੀ ਮਿਲਿਆ। ਉਸ ਦਾ ਜੁੱਸਾ ਥਕੇਵੇਂ ਤੇ ਉਨੀਂਦਰੇ ਦਾ ਭੰਨਿਆ ਹੋਇਆ ਮਾਲੂਮ ਹੁੰਦਾ ਸੀ।

ਉਹ ਸੋਚਦਾ-ਸੋਚਦਾ ਖੱਬੇ ਹੱਥ ਨਾਲ ਆਪਣੇ ਕੰਨ ਦੇ ਪਿਛਾੜੀ ਖੁਰਕਣ ਲੱਗ ਪਿਆ। ਫਿਰ ਇਕਦਮ ਪਿਛਾਂਹ ਹਟ ਕੇ ਉਸ ਨੇ ਅੰਦਰੋਂ ਬੂਹਾ ਬੰਦ ਕਰ ਲਿਆ ਤੇ ਮੁੜ ਆਪਣੀ ਥਾਂ ਆ ਖਲੋਤਾ। ਉਸ ਦਾ ਚਿਹਰਾ ਕੁਝ ਕਰ ਲੈਣ ਲਈ ਰੁਮਕਣ ਲੱਗ ਪਿਆ ਸੀ। ਮੈਂ ਡਰ ਗਿਆ- ਮਤਾ ਮੈਨੂੰ ਮਾਰੇ? ਮੈਂ ਵੀ ਅੱਗੋਂ ਸਾਵਧਾਨ ਹੋ ਗਿਆ। ਅਖਬਾਰ ਮੇਜ਼ ਉਤੇ ਰੱਖ ਕੇ ਲੱਤਾਂ ਹੇਠਾਂ ਕਰ ਲਈਆਂ ਤੇ ਹਰ ਆਈ ਦਾ ਮੁਕਾਬਲਾ ਕਰਨ ਲਈ ਬੰਦਿਆਂ ਵਾਂਗ ਹੋ ਬੈਠਾ।

ਉਸ ਨੇ ਨਿਉਂ ਕੇ ਆਪਣੇ ਸੱਜੇ ਪੈਰ ਦੇ ਬੂਟੇ ਨੂੰ ਹੱਥ ਲਾਇਆ। ਮੈਂ ਜਾਤਾ, ਲੱਗੀਆਂ ਪੈਣ। ਮੈਂ ਵੀ ਇਕਦਮ ਉਠ ਕੇ ਕੁਰਸੀ ਪਿਛੇ ਹੋ ਖਲੋਤਾ ਤੇ ਅੱਗੋਂ ਚੁਕ ਕੇ ਮਾਰਨ ਲਈ ਦੋਵੇਂ ਹੱਥ ਕੁਰਸੀ ਦੀਆਂ ਬਾਹੀਆਂ ਨੂੰ ਪਾ ਲਏ।

ਪਰ ਲੜਾਈ ਦੀ ਨੌਬਤ ਨਾ ਆਈ। ਉਸ ਨੇ ਬੂਟ ਲਾਹ ਕੇ ਮੇਜ਼ 'ਤੇ ਰੱਖ ਲਿਆ। ਉਸ ਦਾ ਪਤਾਵਾ ਪੁੱਟਿਆ ਤੇ ਵਿਚੋਂ ਇਕ ਤਹਿ ਕੀਤਾ ਹੋਇਆ ਕਾਗਜ਼ ਖਿੱਚ ਕੇ ਮੈਨੂੰ ਫੜਾ ਦਿੱਤਾ। ਇਹ ਇਕ ਚਿੱਠੀ ਸੀ।

ਮੇਰਾ ਧੁੜਕੂ ਦੂਰ ਹੋਇਆ ਤੇ ਮੇਰੇ ਲੂੰ-ਲੂੰ ਵਿਚ ਖੁਸ਼ੀ ਦੀ ਲਹਿਰ ਫਿਰ ਗਈ ਤੇ ਲੜਾਈ ਵਾਸਤੇ ਤਿਆਰ ਵੱਟਿਆ ਹੋਇਆ ਚਿਹਰਾ ਖੁੱਲ੍ਹ



ਬਾਬਾ ਜਵਾਲਾ ਸਿੰਘ ਠੱਠੀਆਂ

ਗਿਆ।

ਫਿਰ ਉਸ ਨੇ ਦੂਸਰੇ ਬੂਟ ਵਿਚੋਂ ਵੀ ਇਸੇ ਤਰ੍ਹਾਂ ਇਕ ਹੋਰ ਚਿੱਠੀ ਕੱਢੀ। ਉਪਰੰਤ ਉਸ ਨੇ ਜਾਕਟ ਲਾਹੀ ਅਤੇ ਉਸ ਦੀ ਗਰਦਨ ਤੇ ਅੰਦਰਸ ਨੂੰ ਉਧੇੜ ਕੇ ਇਕ ਹੋਰ ਕਾਗਜ਼ ਖਿਚ ਲਿਆ। ਮੈਨੂੰ ਤਾਂ ਖੁਸ਼ੀਆਂ ਚੜ੍ਹ ਗਈਆਂ ਤੇ ਉਸ ਬੰਦੇ ਦੇ, ਜਿਸ ਤੋਂ ਪਹਿਲਾਂ ਬਹੁਤ ਡਰ ਗਿਆ ਸਾਂ, ਮੈਂ ਦਿਲ ਹੀ ਦਿਲ ਵਿਚ ਵਾਰੇ-ਵਾਰੇ ਜਾਣ ਲੱਗ ਪਿਆ।

"ਇਹ ਕਾਬਲੋਂ ਲਿਆਇਆਂ ਹਾਂ", ਉਸ ਨੇ ਪਸ਼ਤੋ ਤਰਜ਼ ਦੀ ਪੰਜਾਬੀ ਬੋਲਦਿਆਂ ਇਨ੍ਹਾਂ ਨੂੰ ਲਿਆਉਣ ਦੀ ਸਾਰੀ ਵਿਥਿਆ ਦੱਸ ਦਿੱਤੀ। ਮੈਂ ਉਸ ਦਾ ਬਹੁਤ ਹੀ ਧੰਨਵਾਦ ਕੀਤਾ ਤੇ ਉਸ ਨੂੰ ਬੈਠਣ ਲਈ ਤੇ ਪਾਣੀ ਪੀਣ ਲਈ ਬੜਾ ਜ਼ੋਰ ਲਾਇਆ ਪਰ ਉਹ ਨਾ ਮੰਨਿਆ ਤੇ ਫੋਕਾ ਹੀ ਚਲਾ ਗਿਆ। ਮੇਰੀ ਧੰਨ-ਧੰਨ ਹੋ ਗਈ। ਬਲਹਾਰੇ ਜਾਈਏ ਉਸ ਸਾਧਾਰਨ ਜਿਹੇ ਅਫਗਾਨੀ ਦੇ, ਜੋ ਆਪਣੇ ਜਾਮੇ ਅੰਦਰ ਸਾਡੀ ਇਨਕਲਾਬੀ ਲਹਿਰ ਦਾ ਬਹੁਤ ਕੁਝ ਲੁਕਾ ਕੇ ਲਿਆਇਆ ਸੀ।

ਮੈਂ ਚਿੱਠੀਆਂ ਵੇਖੀਆਂ, ਇਕ ਉਰਦੂ ਵਿਚ ਸਾਡੇ ਨਾਂ ਸੀ। ਦੂਸਰੀਆਂ ਅੰਗਰੇਜ਼ੀ ਦੀਆਂ ਮਦਰਾਸ ਅਤੇ ਇੰਦੌਰ ਤੇ ਸਾਡੇ ਕਮਿਊਨਿਸਟ ਅੱਡਿਆਂ ਵੱਲ ਲਿਖੀਆਂ ਹੋਈਆਂ ਸਨ। ਦੂਸਰੀਆਂ



ਬਾਬਾ ਗੁਰਮੁਖ ਸਿੰਘ

ਚਿੱਠੀਆਂ ਨੂੰ ਡਾਕ ਰਾਹੀਂ ਭੇਜਣ ਵੇਲੇ ਸੀ. ਆਈ. ਡੀ. ਦੇ ਸੈਂਸਰ ਤੋਂ ਬਚਾਉਣ ਲਈ ਸਾਡੀ ਚਿੱਠੀ ਵਿਚ ਉਨ੍ਹਾਂ ਦੇ ਝੂਠੇ ਪਤੇ ਲਿਖੇ ਹੋਏ ਸਨ। ਮੈਂ ਤਿੰਨੋਂ ਚਿੱਠੀਆਂ ਪੜ੍ਹੀਆਂ। ਮਦਰਾਸ ਵਾਲੀ ਚਿੱਠੀ ਉਥੋਂ ਅਗਾਂਹ ਪੈਰਿਸ ਨੂੰ ਫਰਾਂਸ ਦੀ ਕਮਿਊਨਿਸਟ ਪਾਰਟੀ ਦੇ ਲੁਕਵੇਂ ਪਤੇ ਉਤੇ ਸੀ, ਜਿਸ ਨੇ ਉਸ ਨੂੰ ਕਮਿਊਨਿਸਟ ਕੌਮਾਂਤਰੀ ਪਾਸ ਪਹੁੰਚਾਉਣਾ ਸੀ ਤੇ ਇੰਦੌਰ ਵਾਲੀ ਹਿੰਦੋਸਤਾਨ ਗਦਰ ਪਾਰਟੀ ਦੇ ਕੈਲੀਫੋਰਨੀਆ (ਅਮਰੀਕਾ) ਵਿਚਲੇ ਝੂਠੇ ਐਡਰੈਸ ਉਤੇ ਜਾਣੀ ਸੀ। ਜਿਥੋਂ ਫਿਰ ਉਹ ਗਦਰ ਪਾਰਟੀ ਦੇ ਸੈਨ ਫਰਾਂਸਿਸਕੋ ਵਿਚ ਹੈਡ ਕੁਆਰਟਰ ਪਹੁੰਚਣੀ ਸੀ। ਦੇਸ਼ ਤੋਂ ਪਰਦੇਸ ਦੇ ਇਨਕਲਾਬੀ ਅੱਡਿਆਂ ਤੇ ਬੰਦਿਆਂ ਨਾਲ ਚਿੱਠੀ ਪੱਤਰ ਨੂੰ ਅੰਗਰੇਜ਼ੀ ਸੈਂਸਰ ਤੋਂ ਬਚਾਉਣ ਲਈ ਸਾਨੂੰ ਇਸ ਤਰ੍ਹਾਂ ਦੀ ਖੱਚਰ-ਖੇਡ ਕਰਨੀ ਪੈਂਦੀ ਸੀ।

ਇਹ ਚਿੱਠੀਆਂ ਬਾਬਾ ਗੁਰਮੁੱਖ ਸਿੰਘ ਦੀਆਂ ਸਨ, ਜੋ ਉਸ ਨੇ ਕਾਬਲ ਜੇਲ੍ਹ ਵਿਚੋਂ ਲਿਖ ਕੇ ਭਿਜਵਾਈਆਂ ਸਨ। ਕਾਬਲ ਵਿਚ ਗਦਰ ਪਾਰਟੀ ਦਾ ਇਨਕਲਾਬੀ ਘੋਰਨਾ 1921-1922 ਤੋਂ ਚਲਿਆ ਆ ਰਿਹਾ ਸੀ, ਜਦੋਂ ਤੋਂ ਮਾਸਟਰ ਊਧਮ ਸਿੰਘ ਕਸੇਲ ਮਦਰਾਸ ਦੀਆਂ ਜੇਲ੍ਹਾਂ ਵਿਚੋਂ ਭੱਜ ਕੇ ਅਕਾਲੀ ਲਹਿਰ ਦੇ ਅਸਰ-ਰਸੂਖ ਨਾਲ ਉਥੇ ਪੁੱਜੇ ਸਨ ਤੇ ਤੇਜਾ ਸਿੰਘ ਸੁਤੰਤਰ ਦਾ ਪ੍ਰਚਾਰਕ ਜਥਾ ਅਫਗਾਨਿਸਤਾਨ ਦੇ ਸਿੱਖਾਂ ਵਿਚ ਪ੍ਰਚਾਰ ਕਰਨ ਗਿਆ ਹੋਇਆ ਸੀ। ਉਪਰੰਤ ਬਾਬਾ ਗੁਰਮੁੱਖ ਸਿੰਘ ਜਦੋਂ ਅਕੋਲਾ ਜੇਲ੍ਹ ਵਿਚ ਲਿਆਂਦੇ ਜਾ ਰਹੇ ਸਨ, ਉਹ ਗੱਡੀ ਵਿਚੋਂ ਹੀ ਭੱਜ ਕੇ ਕਾਬਲ ਪਹੁੰਚ ਗਏ ਤਾਂ ਇਹ ਘੋਰਨਾ ਬਹੁਤ ਸਰਗਰਮ ਹੋ ਗਿਆ ਸੀ। ਇਹ ਸਾਡੀ ਹਿੰਦ ਵਿਚ, ਖਾਸ ਕਰ ਪੰਜਾਬ ਅੰਦਰ, ਆਜ਼ਾਦੀ ਦੀ ਇਨਕਲਾਬੀ ਲਹਿਰ ਤੋਂ ਅਮਰੀਕਾ ਵਿਚ ਗਦਰ ਪਾਰਟੀ ਵਿਚਾਲੇ ਜੋੜ ਮੇਲ ਦਾ ਕੰਮ ਦੇਣ ਲੱਗਿਆ। ਅਮਰੀਕਾ ਤੋਂ ਗਦਰ ਪਾਰਟੀ ਦੀ ਸਹਾਇਤਾ ਤੇ ਅਗਵਾਈ ਪਹਿਲਾਂ-ਪਹਿਲਾਂ ਬਹੁਤੀ ਇਸ ਰਸਤੇ ਹੀ ਆਉਣੀ ਸੀ।

ਅਫਗਾਨਿਸਤਾਨ ਦਾ ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਅਮਾਨਉਲਾ ਖਾਨ ਅੰਗਰੇਜ਼ੀ ਸਾਮਰਾਜ ਦਾ ਬੜਾ ਕੱਟੜ ਵਿਰੋਧੀ ਤੇ ਆਜ਼ਾਦੀ-ਪਸੰਦ ਬੰਦਾ ਸੀ। ਉਹ ਅੰਗਰੇਜ਼ਾਂ ਨਾਲ ਖਾਰ ਖਾਂਦਾ ਸੀ ਤੇ ਰੂਸ ਨਾਲ ਯਾਰੀ ਵਧਾ ਰਿਹਾ ਸੀ। ਇਸ ਲਈ ਉਹ ਗਦਰ ਪਾਰਟੀ ਦਾ ਹਮਾਇਤੀ ਤੇ ਸ਼ਰਨਦਾਤਾ ਸੀ। ਉਸ ਨੇ ਗਦਰ ਪਾਰਟੀ ਦੇ ਹਿੰਦੋਸਤਾਨ ਅੰਦਰ ਇਨਕਲਾਬੀ ਲਹਿਰ ਦੇ ਸੰਚਾਲਕਾਂ ਦੀ ਬੜੀ ਮਦਦ ਕੀਤੀ ਰੱਖੀ। ਇਥੋਂ ਤੱਕ ਕਿ ਤੇਜਾ ਸਿੰਘ ਸੁਤੰਤਰ ਨੂੰ ਆਪਣੀ ਸਰਕਾਰ ਵੱਲੋਂ ਤੁਰਕੀ ਦੀ ਫੌਜੀ ਅਕਾਦਮੀ ਵਿਚ ਭੇਜ ਕੇ ਫੌਜੀ ਅਫਸਰੀ ਦੀ ਸਿਖਿਆ ਅਤੇ ਜੰਗੀ ਵਿਦਿਆ ਦਿਵਾਈ। ਜਦ 1925-26 ਵਿਚ ਆ ਕੇ ਹਿੰਦੋਸਤਾਨ ਦੀ ਕੌਮੀ ਲਹਿਰ ਅੰਦਰ ਇਨਕਲਾਬੀ ਪੱਖ ਜ਼ੋਰ ਫੜ ਕੇ ਉਜਾਗਰ ਹੋਣ ਲੱਗ ਪਿਆ ਤਾਂ ਅੰਗਰੇਜ਼ਾਂ ਨੂੰ ਡਰ ਲੱਗਾ ਕਿ ਮਤਾ ਇਨਕਲਾਬੀ ਲਹਿਰ ਅਮਾਨਉਲਾ ਨਾਲ ਜੋੜ ਜੋੜ ਲਵੇ। ਅੰਗਰੇਜ਼ੀ ਸਾਮਰਾਜ ਸਾਡੀ ਕੌਮੀ ਆਜ਼ਾਦੀ ਦੀ ਇਨਕਲਾਬੀ ਲਹਿਰ ਤੇ ਸੋਵੀਅਤ ਦੇਸ਼ ਦੀ ਜਗਤ ਇਨਕਲਾਬੀ ਹਸਤੀ ਵਿਚਕਾਰ ਅਫਗਾਨਿਸਤਾਨ ਦੇ ਰੱਖੇ ਹੋਏ ਇਸ ਤਲਪਟ ਨੂੰ ਕਦੇ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਉਹ ਅੰਗਰੇਜ਼ ਦਾ ਵਿਰੋਧੀ ਤੇ ਉਸ ਦੀ ਦੁਸ਼ਮਣ ਇਨਕਲਾਬੀ ਲਹਿਰ ਦਾ ਸਹਾਇਕ ਤੇ ਹਮਾਇਤੀ ਹੋ ਜਾਵੇ।

ਇਸ ਲਈ ਉਸ ਨੇ ਅਮਾਨਉਲਾ ਖਾਂ ਵਿਰੁਧ ਕਰੋੜਾਂ ਰੁਪਏ ਖਰਚ ਕੇ ਮੁਲਾਣਿਆਂ ਤੋਂ ਫਤਵੇ ਦਿਵਾਏ ਤੇ ਬਗਾਵਤ ਕਰਵਾ ਦਿਤੀ ਅਤੇ ਆਪਣੇ ਲਾਈਲੱਗ ਜਨਰਲ ਨਾਦਰ ਖਾਂ ਨੂੰ ਫੌਜੀ ਸਹਾਇਤਾ ਦੇ ਕੇ ਕਾਬਲ ਦੇ ਤਖਤ 'ਤੇ ਬਿਠਾ ਦਿੱਤਾ।


ਗਦਰ ਪਾਰਟੀ ਖੁਦ ਅੰਗਰੇਜ਼ ਵਿਰੋਧੀ ਹੋਣ ਕਰਕੇ ਅਮਾਨਉਲਾ ਖਾਂ ਦੀ ਹਮਾਇਤੀ, ਅਤੇ ਅੰਗਰੇਜ਼ ਦੇ ਪਿੱਠੂ ਜਨਰਲ ਨਾਦਰ ਖਾਂ ਦੀ ਵਿਰੋਧੀ ਸੀ। ਨਾਦਰ ਖਾਂ ਗਦਰ ਪਾਰਟੀ ਨੂੰ ਉਸੇ ਤਰ੍ਹਾਂ ਆਪਣਾ ਬਾਗੀ ਸਮਝਦਾ ਸੀ, ਜਿਸ ਤਰ੍ਹਾਂ ਅੰਗਰੇਜ਼ ਸਮਝਦੇ ਸਨ। ਇਸ ਲਈ ਉਸ ਨੇ ਸਾਡਾ ਕਾਬਲ ਦਾ ਗਦਰੀ ਅੱਡਾ ਬੰਦ ਕਰਵਾ ਦਿੱਤਾ ਜਿਥੋਂ ਦੇ ਗਦਰੀ ਲੀਡਰ ਜਾਂ ਤਾਂ ਮਾਸਕੋ ਨੂੰ ਨਿਕਲ ਗਏ ਜਾਂ ਹਿੰਦੋਸਤਾਨ ਨੂੰ ਆ ਗਏ ਤੇ ਦੋ-ਚਾਰ ਜੋ ਅਫਗਾਨਿਸਤਾਨ ਦੀ ਸਰਕਾਰ ਦੇ ਹੱਥ ਆਏ, ਉਹ ਜੇਲ੍ਹ ਵਿਚ ਬੰਦ ਕਰ ਦਿੱਤੇ। ਸਾਡਾ ਗਦਰੀਆਂ ਦਾ ਬਾਹਰਲੇ ਦੇਸ਼ਾਂ ਤੋਂ ਲੁਕ-ਛੁਪ ਕੇ ਘਰ ਆਉਣਾ ਤੇ ਘਰੋਂ ਬਾਹਰ ਜਾਣਾ ਬਹੁਤਾ ਅਫਗਾਨਿਸਤਾਨ ਤੇ ਰੂਸ ਵਿਚ ਦੀ ਹੋ ਕੇ ਸੀ। ਸਾਡਾ ਇਹ ਰਾਹ ਬੰਦ ਹੋ ਗਿਆ ਪਰ ਇਸ ਰਾਹ ਦੀਆਂ ਸਾਡੀਆਂ ਲੁਕਵੀਆਂ ਠਾਹਰਾਂ ਤੇ ਸਹਾਇਕ ਵਾਕਫੀਆਂ ਅਜੇ ਵੀ ਅਫਗਾਨਿਸਤਾਨ ਵਿਚ ਮੌਜੂਦ ਸਨ, ਜਿਨ੍ਹਾਂ ਨੂੰ ਹੋਰ ਕੋਈ ਰਾਹ ਨਾ ਲੱਭੇ ਤਾਂ ਵਰਤਣਾ ਪੈਣਾ ਸੀ।

ਉਨ੍ਹਾਂ ਦਿਨਾਂ ਵਿਚ ਇਰਾਨੀ ਤੇ ਅਫਗਾਨੀ ਹਕੂਮਤਾਂ, ਜੋ ਅੰਗਰੇਜ਼ੀ ਸਾਮਰਾਜ ਦੇ ਹੇਠਾਂ ਚਲਦੀਆਂ ਸਨ, ਪਾਸ ਰਾਜ ਕਾਜ ਦੀ ਐਨੀ ਤਕੜੀ, ਵਿਸ਼ਾਲ ਤੇ ਚਾਤਰ ਮਸ਼ੀਨਰੀ ਨਹੀਂ ਸੀ ਹੁੰਦੀ, ਜੋ ਰੂਸ ਨਾਲ ਤੇ ਹਿੰਦੋਸਤਾਨ ਨਾਲ ਲਗਦੀਆਂ ਸਰਹੱਦਾਂ ਦੀ ਨਿਗਰਾਨੀ ਵਾਸਤੇ ਖੁਦ ਆਪਣੇ ਸੂਹੇ (ਸੂਹੀਏ) ਰੱਖ ਸਕਦੀ। ਕਮਿਊਨਿਸਟ ਵਿਚਾਰਾਂ ਦੇ ਬੰਦਿਆਂ ਦੀ ਸਰਹੱਦਾਂ ਉਤੇ ਆਵਾਜਾਈ ਨੂੰ ਤਾੜਨ, ਲੱਭਣ ਤੇ ਰੋਕਣ ਵਾਸਤੇ ਅੰਗਰੇਜ਼ੀ ਸਾਮਰਾਜ ਦਾ ਇਨ੍ਹਾਂ ਦੇਸ਼ਾਂ ਦੀਆਂ ਹੱਦਾਂ ਉਤੇ ਆਪਣਾ ਖੁਫੀਆ ਅਮਲਾ ਕੰਮ ਕਰਦਾ ਸੀ। ਉਸ ਨੇ ਸਰਹੱਦਾਂ ਉਤੇ ਲੱਗੇ ਇਨ੍ਹਾਂ ਦੇਸ਼ਾਂ ਦੀਆਂ ਗਾਰਦਾਂ ਨੂੰ ਪੈਸੇ ਦੇਣੇ ਕਰਕੇ ਭਾੜੇ ਕੀਤਾ ਹੋਇਆ ਸੀ ਤੇ ਇਨ੍ਹਾਂ ਤੋਂ ਇਲਾਵਾ ਵੀ ਆਪਣੇ ਰਾਜਦੂਤ ਤੇ ਮਾਤਹਿਤ ਆਪਣੇ ਲੁਕਵੇਂ ਬੰਦੇ ਤਨਖਾਹਾਂ ਉਤੇ ਲਾਏ ਸਨ। ਸੋ ਐਨਾ ਅਫਗਾਨੀ ਜਾਂ ਇਰਾਨੀ ਹਿੱਤਾਂ ਲਈ ਨਹੀਂ, ਜਿੰਨਾ ਅੰਗਰੇਜ਼ ਦੇ ਸਾਮਰਾਜੀ ਹਿੱਤਾਂ ਲਈ, (ਉਹ) ਹਿੰਦ ਜਾਂ ਰੂਸ ਤੋਂ ਚੋਰੀ ਲੰਘਾਉਣ ਵਾਲੇ ਬੰਦਿਆਂ ਨੂੰ ਤਾੜਦੇ ਤੇ ਉਥੋਂ ਦੀ ਪੁਲਿਸ ਪਾਸੋਂ ਫੜਵਾ ਦਿੰਦੇ। ਸਾਨੂੰ ਅਫਗਾਨਿਸਤਾਨ ਵਿਚ ਨਿਰੋਲ ਅਫਗਾਨਿਸਤਾਨ ਦੀ ਪੁਲਿਸ ਪਾਸੋਂ ਕੋਈ ਡਰ ਜਾਂ ਖਤਰਾ ਨਹੀਂ ਸੀ ਹੁੰਦਾ। ਸਾਨੂੰ ਅੰਗਰੇਜ਼ੀ ਜਾਸੂਸਾਂ ਦਾ ਬੜਾ ਧਿਆਨ ਤੇ ਖਿਆਲ ਰੱਖਣਾ ਪੈਂਦਾ ਸੀ, ਜੋ ਨਾਦਰ ਖਾਂ ਦੀ ਹਕੂਮਤ ਵਿਚ ਸਾਡੇ ਬਹੁਤ ਸਿਰ ਹੋ ਗਏ ਸਨ।

ਇਨ੍ਹਾਂ ਚਿੱਠੀਆਂ ਵਿਚ ਲਿਖਿਆ ਸੀ ਕਿ ਬਾਬਾ ਗੁਰਮੁੱਖ ਸਿੰਘ ਤੇ ਬਾਬਾ ਪ੍ਰਿਥੀ ਸਿੰਘ ਨੂੰ ਪਹਿਲੀ ਜੂਨ 1933 ਨੂੰ ਰੂਸ ਦੀ ਸਰਹੱਦ ਤੋਂ ਅਫਗਾਨਿਸਤਾਨ ਵਿਚ ਵੜਦਿਆਂ ਹੀ ਬਦੱਖਸ਼ਾ ਦੇ ਇਲਾਕੇ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਕਈ ਦਿਨ ਬਾਅਦ ਸਰਹੱਦ ਦੀ ਚੌਕੀ ਵਿਚ ਬੰਦ ਕਰਕੇ ਉਨ੍ਹਾਂ ਨੂੰ ਪੈਦਲ ਤੋਰ ਕੇ ਕਾਬਲ ਲਿਜਾਇਆ ਜਾ ਰਿਹਾ ਸੀ ਤਾਂ ਇਕ ਰਾਤ ਉਹ ਗਾਰਦ ਨੂੰ ਸੁੱਤੀ ਛੱਡ ਕੇ ਭੱਜ ਗਏ। ਉਹ ਹਿੰਦੋਸਤਾਨ ਦੀ ਸਰਹੱਦ ਵੱਲ ਤੁਰ ਪਏ। ਇਸ ਤਰ੍ਹਾਂ ਲੁਕ-ਛੁਪ ਕੇ ਤੁਰੇ ਜਾਂਦਿਆਂ ਉਨ੍ਹਾਂ ਨੂੰ ਮਹੀਨਾ ਹੋ ਗਿਆ। ਅਖੀਰ ਜੁਲਾਈ ਵਿਚ ਜਦ ਉਹ ਅਫਗਾਨਿਸਤਾਨ ਤੋਂ ਹਿੰਦੋਸਤਾਨ ਦੇ ਪਠਾਣਾਂ ਦੇ ਆਜ਼ਾਦ ਇਲਾਕੇ ਵਿਚ ਦਾਖਲ ਹੋਣੋਂ ਕੇਵਲ ਦੋ ਮੀਲ ਰਹਿ ਗਏ ਤਾਂ ਫੇਰ ਫੜੇ ਗਏ। ਹੁਣ ਤਾਂ ਤਕੜੀ ਗਾਰਦ ਲਾ ਕੇ ਉਨ੍ਹਾਂ ਨੂੰ ਕਾਬਲ ਲਿਜਾਇਆ ਤੇ ਉਥੇ ਜੇਲ੍ਹ ਵਿਚ ਬੰਦ ਕਰ ਦਿਤਾ ਗਿਆ।

ਇਨ੍ਹਾਂ ਚਿੱਠੀਆਂ ਵਿਚ ਇਹ ਵੀ ਕਿਹਾ ਗਿਆ ਸੀ ਕਿ ਕਾਬਲ ਸਰਕਾਰ ਕੈਦੀਆਂ ਨੂੰ ਆਪਣੇ ਪਾਸੋਂ ਰੋਟੀ, ਕੱਪੜਾ ਨਹੀਂ ਦਿੰਦੀ। ਕੈਦੀ ਜਾਂ ਤਾਂ ਆਪਣੇ ਘਰਦਿਆਂ ਤੋਂ ਮੰਗਵਾ ਕੇ ਖਾਣ ਹੰਡਾਉਣ, ਨਹੀਂ ਤਾਂ ਉਨ੍ਹਾਂ ਨੂੰ ਬੇੜੀਆਂ ਲਾ ਕੇ ਸਵੇਰੇ ਸ਼ਾਮ ਸ਼ਹਿਰ ਦੇ ਗਲੀਆਂ, ਬਾਜ਼ਾਰਾਂ ਵਿਚ ਦਰ-ਦਰ ਫੇਰਿਆ ਤੇ ਰੋਟੀ-ਕੱਪੜਾ ਮੰਗਵਾਇਆ ਜਾਂਦਾ। ਉਨ੍ਹਾਂ ਨੇ ਇਸ ਮਨੁੱਖਹੀਣਤਾ ਵਿਰੁਧ ਸਿੱਡਾ ਬੰਨ੍ਹ ਲਿਆ ਤੇ ਸਰਕਾਰ ਪਾਸੋਂ ਰੋਟੀ, ਕੱਪੜਾ ਲੈਣ ਵਾਸਤੇ ਭੁੱਖ ਹੜਤਾਲ ਕਰ ਦਿੱਤੀ।

ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਬਗਾਵਤ ਕਰਨ ਦੇ ਦੋਸ਼ ਵਿਚ 1915-16 ਵਿਚ ਉਮਰ ਕੈਦ ਕੀਤੇ ਤੇ 19-19 ਸਾਲ ਕੈਦ ਕੱਟ ਕੇ ਰਿਹਾ ਹੋਏ ਤੇ ਹੋ ਰਹੇ ਸੂਰਬੀਰ ਦੇਸ਼ ਭਗਤਾਂ ਨੂੰ ਪੰਜਾਬ ਵਿਚ ਸਤਿਕਾਰ ਨਾਲ ਬਾਬੇ ਆਖਿਆ ਜਾਣ ਲੱਗਾ। ਸੰਤ ਬਾਬਾ ਵਸਾਖਾ ਸਿੰਘ ਦਦੇਹਰ ਦੇ ਉਦਮ ਤੇ ਪ੍ਰਧਾਨਗੀ ਹੇਠ ਗਦਰ ਪਾਰਟੀ ਵਾਲਿਆਂ ਨੇ ਰਾਜਸੀ ਕੈਦੀਆਂ ਦੇ ਦੁਖੀ ਤੇ ਗਰੀਬ ਪਰਿਵਾਰਾਂ ਦੀ ਮਦਦ ਕਰਨ (ਲਈ) 1921 ਵਿਚ ਹੀ ਅੰਮ੍ਰਿਤਸਰ ਵਿਖੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾ ਲਈ ਸੀ। ਪਿਛੋਂ ਅਮਰੀਕਾ ਤੋਂ ਆਏ ਇਨ੍ਹਾਂ ਬਾਬਿਆਂ ਦੇ ਨਾਲ ਦੇ ਗਦਰੀਆਂ ਨੇ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਤੇ ਇਸ ਉਪਰੰਤ ਸੋਸ਼ਲਿਜ਼ਮ ਦੀ ਸਥਾਪਨਾ ਕਰਨ ਵੱਲ ਵਧਣ ਦਾ ਘੋਲ ਲੜਨ ਲਈ ਪੰਜਾਬ ਵਿਚ 'ਕਿਰਤੀ' ਨਾਂ ਦਾ ਮਾਹਵਾਰੀ ਪਰਚਾ 1926 ਵਿਚ ਜਾਰੀ



ਬਾਬਾ ਹਰਨਾਮ ਸਿੰਘ ਟੁੰਡੀਲਾਟ

ਕੀਤਾ ਤੇ ਕਿਰਤੀ ਕਿਸਾਨ ਪਾਰਟੀ ਬਣਾਈ। ਇਸ ਲਈ ਇਸ ਪਾਰਟੀ ਦੇ ਵਰਕਰਾਂ ਨੂੰ 'ਕਿਰਤੀ' ਆਖਿਆ ਜਾਂਦਾ ਤੇ ਪਰਿਵਾਰ ਸਹਾਇਕ ਕਮੇਟੀ ਦੇ ਪੁਰਾਣੇ ਗਦਰੀਆਂ ਨੂੰ ਬਾਬੇ। ਅਸੀਂ ਕਿਰਤੀ ਤੇ ਬਾਬੇ ਉਤੋਂ ਭਾਵੇਂ ਦੋ ਸਾਂ, ਪਰ ਵਿਚੋਂ ਇਕ ਸਾਂ।

ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਸਕੱਤਰ ਸੀ ਤੇ ਮੈਂ ਉਦੋਂ ਹਫਤਾਵਾਰ 'ਕਿਰਤੀ' ਦਾ ਐਡੀਟਰ ਤੇ ਕਿਰਤੀ ਕਿਸਾਨ ਪਾਰਟੀ ਦਾ ਸਹਾਇਕ ਸਕੱਤਰ। ਬਾਬੇ ਦੇ ਪਿੰਡ ਗਏ ਹੋਣ ਕਰਕੇ ਮੈਂ ਉਸ ਦਫਤਰ ਵਿਚ ਬੈਠਾ ਸਾਂ। ਉਸ ਦਿਨ ਬਾਬਾ ਜਵਾਲਾ ਸਿੰਘ ਠੱਠੀਆਂ ਇਥੇ ਗੁਰੂ ਰਾਮਦਾਸ ਸਰਾਂ ਵਿਚ ਸਨ। ਮੈਂ ਇਹ ਚਿੱਠੀਆ ਜਾ ਕੇ ਉਨ੍ਹਾਂ ਨੂੰ ਪੜ੍ਹ ਕੇ ਸੁਣਾਈਆਂ ਤੇ ਅਸਾਂ ਮੌਕੇ 'ਤੇ ਮੌਜੂਦ ਹੋਰਨਾਂ ਸਾਥੀਆਂ ਨਾਲ ਸਲਾਹ-ਮਸ਼ਵਰਾ ਕਰਕੇ ਅੰਗਰੇਜ਼ੀ ਦੀਆਂ ਚਿੱਠੀਆਂ ਸੀ. ਆਈ. ਡੀ. ਦੀਆਂ ਨਜ਼ਰਾਂ ਤੋਂ ਬਚਾ ਕੇ ਉਨ੍ਹਾਂ ਵਿਚ ਦਿਤੇ ਪਤਿਆਂ ਉਤੇ ਡਾਕ ਪਾ ਦਿੱਤੀਆਂ। ਅਖਬਾਰਾਂ ਨੂੰ ਉਨ੍ਹਾਂ ਦੀ ਗ੍ਰਿਫਤਾਰੀ ਤੇ ਭੁੱਖ ਹੜਤਾਲ ਦੀ ਖਬਰ ਦੇ ਦਿੱਤੀ। ਫਿਰ ਭੱਜ ਦੌੜ ਕਰਕੇ ਸਰਕਾਰ ਵੱਲੋਂ ਪਿੰਡਾਂ ਵਿਚ ਬੰਦ ਕੀਤੇ ਹੋਏ ਹੋਰਨਾਂ ਬਾਬਿਆਂ ਤੇ ਕਿਰਤੀ ਆਗੂਆਂ ਨਾਲ ਸਲਾਹ ਕੀਤੀ ਤੇ ਇਨ੍ਹਾਂ ਦੀ ਰਿਹਾਈ ਵਾਸਤੇ ਐਜੀਟੇਸ਼ਨ ਦੇ ਹੋਰ ਜਤਨ ਕਰਨ ਦਾ ਪ੍ਰੋਗਰਾਮ ਬਣਾਇਆ।

ਅਸਾਂ ਦੇਸ਼ ਭਗਤ ਪਰਿਵਾਰ ਸਹਾਇਕ

*(ਅਗਲੇ ਸਫੇ 'ਤੇ ਜਾਰੀ)*

ਕਮੇਟੀ ਵਲੋਂ ਕਾਂਗਰਸ, ਅਕਾਲੀ, ਅਹਿਰਾਰੀ, ਨੌਜਵਾਨ ਭਾਰਤ ਸਭਾਈ ਤੇ ਕਿਰਤੀ ਲੀਡਰਾਂ ਤੋਂ ਇਨ੍ਹਾਂ ਗਦਰੀ ਬਾਬਿਆਂ ਦੀ ਰਿਹਾਈ ਦੀ ਮੰਗ ਤੇ ਇਨ੍ਹਾਂ ਨੂੰ ਅੰਗੇਰਜ਼ੀ ਹਕੂਮਤ ਦੇ ਹਵਾਲੇ ਨਾ ਕਰਨ ਦੇ ਮੁਤਾਲਬੇ ਕਰਨ ਦੇ ਬਿਆਨ ਦਿਵਾਉਣੇ ਅਰੰਭ ਕਰ ਦਿੱਤੇ। ਕਾਂਗਰਸੀ, ਅਕਾਲੀ, ਅਹਿਰਾਰੀ ਤੇ ਕਿਰਤੀ ਕਿਸਾਨ ਪਾਰਟੀ ਦੇ ਜਲਸਿਆਂ ਵਿਚ ਰਿਹਾਈ ਦੀਆਂ ਮੰਗਾਂ ਗੂੰਜਣ ਲੱਗ ਪਈਆਂ। ਅਫਗਾਨ ਸਰਕਾਰ ਨੂੰ ਬੁਰਾ ਭਲਾ ਆਖਿਆ ਜਾਣਾ ਸ਼ੁਰੂ ਹੋ ਗਿਆ ਤੇ ਉਸ ਨੂੰ ਅੰਗਰੇਜ਼ੀ ਸਾਮਰਾਜ ਦੀ ਕਠਪੁਤਲੀ ਨਾ ਬਣਨ ਲਈ ਮੱਤਾਂ ਦਿੱਤੀਆਂ ਜਾਣ ਲੱਗੀਆਂ। ਦੇਸੀ ਅਖ਼ਬਾਰਾਂ ਵਿਚ ਨੋਟ ਤੇ ਐਡੀਟੋਰੀਅਲ ਲਿਖਣੇ ਸ਼ੁਰੂ ਹੋ ਗਏ। ਗੱਲ ਕੀ, ਪੰਜਾਬ ਤੇ ਦਿੱਲੀ ਵਿਚ ਤਾਂ ਚੰਗੀ ਐਜੀਟੇਸ਼ਨ ਚੱਲ ਪਈ, ਉਪਰੰਤ ਬੰਗਾਲ, ਬੰਬਈ ਤੇ ਮਦਰਾਸ ਵਿਚੋਂ ਵੀ ਆਵਾਜ਼ ਉਠਣ ਲੱਗ ਪਈ। ਅਸੀਂ ਇਸ ਐਜੀਟੇਸ਼ਨ ਦੀਆਂ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਤੇ ਲੇਖਾਂ ਦੀਆਂ ਕਾਤਰਾਂ ਕੱਟ-ਕੱਟ ਕਾਬਲ ਵਲੋਂ ਸ਼ਿਮਲੇ ਵਿਚ ਬੈਠੇ ਰਾਜਦੂਤ ਨੂੰ ਭੇਜਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਮੁਹਿੰਮ ਵਿਚ ਅਹਿਰਾਰੀ ਲੀਡਰਾਂ ਨੇ ਸਾਨੂੰ ਬੜਾ ਕੰਮ ਦਿੱਤਾ। ਮੌਲਾਨਾ ਅਤਾਉਲਾ ਸ਼ਾਹ ਬੁਖਾਰੀ, ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਲੈ ਕੇ ਦੋ ਵਾਰੀ ਸ਼ਿਮਲੇ ਗਏ ਤੇ ਲੁਕਵੇਂ ਤੌਰ 'ਤੇ ਕਾਬਲ ਦੇ ਰਾਜਦੂਤ ਨੂੰ ਮਿਲੇ। ਇਨ੍ਹਾਂ ਗਦਰੀਆਂ ਦੀ ਰਿਹਾਈ ਦੀ ਮੰਗ ਕੀਤੀ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਾਬਲ ਸਰਕਾਰ ਕਿਸੇ ਕੀਮਤ 'ਤੇ ਵੀ ਇਨ੍ਹਾਂ ਨੂੰ ਹਿੰਦੋਸਤਾਨ ਦੀ ਅੰਗਰੇਜ਼ੀ ਹਕੂਮਤ ਦੇ ਹਵਾਲੇ ਨਾ ਕਰੇ। ਰਾਜਦੂਤ ਨੇ ਆਪਣੀ ਸਰਕਾਰ ਨੂੰ ਇਨ੍ਹਾਂ ਦੀ ਰਿਹਾਈ ਦੀ ਸਿਫਾਰਸ਼ ਦਾ ਯਕੀਨ ਦਿਵਾਇਆ ਤੇ ਦੱਸਿਆ ਕਿ ਕਾਬਲ ਸਰਕਾਰ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਪੜ੍ਹਦਿਆਂ ਹੀ ਉਨ੍ਹਾਂ ਨੂੰ ਚੰਗੀ ਰੋਟੀ ਤੇ ਕੱਪੜਾ ਦੇਣਾ ਸ਼ੁਰੂ ਕਰ ਦਿੱਤਾ ਸੀ ਤੇ ਉਨ੍ਹਾਂ ਭੁੱਖ ਹੜਤਾਲ ਛੱਡ ਦਿੱਤੀ ਸੀ।

ਇਸ ਐਜੀਟੇਸ਼ਨ ਨੇ ਕਾਬਲ ਤੇ ਅੰਗਰੇਜ਼ ਦੀਆਂ ਸਰਕਾਰਾਂ ਨੂੰ ਲੋਕ ਰਾਏ ਅੱਗੇ ਜਵਾਬੀਆ ਕਰ ਦਿੱਤਾ। ਇਨ੍ਹਾਂ ਦੋਹਾਂ ਧਿਰਾਂ ਨੇ ਆਪਣੀ ਸਫਾਈ ਲਈ ਹਿੰਦੋਸਤਾਨ ਵਿਚ ਆਪਣੇ ਨੀਮ ਸਰਕਾਰੀ ਅਖ਼ਬਾਰਾਂ ਵਿਚ ਗਦਰ ਪਾਰਟੀ ਦੀਆਂ ਇਨਕਲਾਬੀ ਕਰਨੀਆਂ ਨੂੰ ਖ਼ੂਨ ਖ਼ਰਾਬੇ ਦਾ ਨਾਂ ਦੇ ਕੇ ਬੜੇ ਭਿਆਨਕ ਨਕਸ਼ੇ ਖਿਚਵਾਉਣੇ ਸ਼ੁਰੂ ਕੀਤੇ ਤੇ ਦੁਹਾਈ ਪਾ ਦਿੱਤੀ ਕਿ "ਇਹ ਗਦਰੀ ਬੜੇ ਖ਼ੂਨੀ ਤੇ ਡਾਕੂ ਹਨ ਤੇ ਹਿੰਦੋਸਤਾਨ ਵਿਚ ਬੀਜਣ ਲਈ ਰੂਸ ਅਤੇ ਕਮਿਊਨਿਜ਼ਮ ਦੇ ਬੀਆਂ ਦੀ ਪੰਡ ਚੁੱਕੀ ਆਉਂਦੇ ਕਾਬਲ ਸਰਕਾਰ ਨੇ ਗ੍ਰਿਫਤਾਰ ਕਰ ਲਏ ਸਨ। ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਉਸ ਨੇ ਹਿੰਦੋਸਤਾਨ ਨੂੰ ਖ਼ੂਨ ਖ਼ਰਾਬੇ ਤੋਂ ਬਚਾਅ ਲਿਆ।" ਕਲਕੱਤੇ ਦੇ (ਅਖ਼ਬਾਰ) 'ਸਟੇਟਸਮੈਨ' ਤੋਂ ਲਾਹੌਰ ਦੇ 'ਸਿਵਲ ਐਂਡ ਮਿਲਟਰੀ ਗਜ਼ਟ' ਨਾਂ ਦੇ ਗੋਰੇ ਅਖ਼ਬਾਰਾਂ ਨੇ ਅਜਿਹਾ ਬਹੁਤ ਬਕਵਾਸ ਛਾਪਿਆ। ਗੁਪਾਲ ਸਿੰਘ ਖਾਲਸਾ ਨੇ 'ਸਟੇਟਸਮੈਨ' ਵਿਚ ਗਦਰ ਪਾਰਟੀ ਵਿਰੁਧ ਅਮਰੀਕਾ ਵਿਚ ਕਤਲਾਂ ਦੀਆਂ ਉਜਾਂ ਦੇ ਲਗਾਤਾਰ ਲੇਖ ਛਪਵਾਏ।

ਲਾਹੌਰੋਂ ਬਖਸ਼ੀਸ਼ ਸਿੰਘ ਨੇ ਆਪਣੇ 'ਖਾਲਸਾ' ਨਾਮੀ ਅੰਗਰੇਜ਼ੀ ਹਫਤਾਵਾਰੀ ਪਰਚੇ ਅਤੇ ਕਰਮ ਚੰਦ ਨੇ ਆਪਣੇ 'ਪਾਰਸ' ਨਾਂ ਦੇ ਉਰਦੂ ਹਫਤਾਵਾਰੀ ਵਿਚ ਕਾਬਲ ਸਰਕਾਰ ਦੀ ਹਮਾਇਤ ਅਤੇ ਗਦਰ ਪਾਰਟੀ ਦੇ ਇਨ੍ਹਾਂ ਸੂਰਬੀਰਾਂ 'ਤੇ ਅਮਾਨਉਲਾ ਖਾਂ ਦੇ ਹੱਕ ਵਿਚ ਕਾਬਲ ਵਿਚ ਬਾਗਵਤ ਕਰਾਉਣ ਦੇ ਦੋਸ਼ ਲਾਉਣੇ ਅਰੰਭ ਕਰ ਦਿੱਤੇ ਤੇ ਇਨ੍ਹਾਂ ਨੂੰ ਕਾਬਲ ਤੇ ਦਿੱਲੀ ਦੀਆਂ ਸਰਕਾਰਾਂ ਨੂੰ ਨਾਜਾਇਜ਼ ਤੌਰ 'ਤੇ ਉਲਟਾਉਣ ਵਾਲੇ ਦੱਸਿਆ। ਸਾਨੂੰ ਕਾਬਲ ਦੇ ਰਾਜ ਨਿਵਾਸ ਤੋਂ ਪਤਾ ਲੱਗਾ ਕਿ ਬਖਸ਼ੀਸ਼ ਸਿੰਘ 'ਖਾਲਸਾ' ਅਤੇ ਕਰਮ ਚੰਦ 'ਪਾਰਸ' ਕਾਬਲ ਸਰਕਾਰ ਨੂੰ ਪੰਜਾਬ ਦੀ ਰਾਜਸੀ ਹਵਾ ਦਾ ਪਤਾ ਸੁਰ ਦੱਸੀ ਰੱਖਣ ਲਈ ਉਸ ਦੇ ਤਨਖਾਹਦਾਰ ਬੰਦੇ ਸਨ।

ਸਾਨੂੰ ਇਨ੍ਹਾਂ ਅਖ਼ਬਾਰਾਂ ਤੇ ਇਨ੍ਹਾਂ ਵਿਚ ਲਿਖਣ ਵਾਲਿਆਂ ਵਿਰੁਧ ਬਹੁਤ ਗੁੱਸਾ ਸੀ। ਗੋਰੇ ਅਖ਼ਬਾਰਾਂ ਅੱਗੇ ਤਾਂ ਅਸੀਂ ਤਰਲੇ ਕਰਦੇ ਰਹੇ ਪਰ 'ਖਾਲਸਾ' ਤੇ 'ਪਾਰਸ' ਨੂੰ ਰੋਕਣ ਲਈ ਅਸੀਂ ਪੱਕੀ ਸਲਾਹ ਕਰ ਲਈ ਤੇ ਮਤਾ ਪਕਾਇਆ ਕਿ ਉਨ੍ਹਾਂ ਦੀ ਜਾ ਕੇ ਮਿੰਨਤ-ਸਮਾਜਤ ਕੀਤੀ ਜਾਏ ਕਿ ਉਹ ਗਦਰੀਆਂ ਵਿਰੁਧ ਲਿਖਣੋਂ ਹਟ ਜਾਣ।

ਬਾਬਾ ਜਵਾਲਾ ਸਿੰਘ ਤੇ ਮੈਂ ਲਾਹੌਰੋਂ ਸਰਦੂਲ ਸਿੰਘ ਵਕੀਲ ਨੂੰ ਲੈ ਕੇ ਬਖਸ਼ੀਸ਼ ਸਿੰਘ 'ਖਾਲਸਾ' ਨੂੰ ਸ਼ਾਹੀ ਮੁਹੱਲੇ ਵਿਚ ਉਸ ਦੇ ਘਰ ਮਿਲੇ। ਉਹ ਬੜਾ ਬੀਬਾ ਨਿਕਲਿਆ ਤੇ ਨਾ ਲਿਖਣਾ ਮੰਨ ਗਿਆ। ਉਪਰੰਤ ਉਸ ਨੇ ਗਦਰੀਆਂ ਵਿਰੁਧ ਨਾ ਕੇਵਲ ਲਿਖਣਾ ਹੀ ਬੰਦ ਕਰ ਦਿੱਤਾ, ਸਗੋਂ ਆਪਣੇ ਪਰਚੇ ਵਿਚ ਲਿਖਿਆ ਕਿ ਇਨ੍ਹਾਂ ਗਦਰੀ ਬਾਬਿਆਂ ਦੀ ਅੰਗਰੇਜ਼ ਦੇ ਆਖੇ ਲੱਗ ਕੇ ਕੀਤੀ ਗ੍ਰਿਫਤਾਰੀ ਉਤੇ ਪੰਜਾਬ ਦੇ ਗੈਰ ਸਰਕਾਰੀ ਲੋਕ ਖੇਤਰ ਵਿਚ ਕਾਬਲ ਸਰਕਾਰ ਵਿਰੁਧ ਬੜੀ ਘ੍ਰਿਣਾ ਪੈਦਾ ਹੋ ਰਹੀ ਹੈ ਤੇ ਸਭ ਹਿੰਦੂ, ਮੁਸਲਮਾਨ ਉਸ ਨੂੰ ਲਾਹਨਤਾਂ ਪਾ ਰਹੇ ਹਨ।

ਉਸ ਨੇ ਕਾਬਲ ਸਰਕਾਰ ਨੂੰ ਇਹ ਸਲਾਹ ਵੀ ਦਿੱਤੀ ਕਿ ਉਸ ਨੂੰ ਸਤ ਬਿਗਾਨੀ ਹਕੂਮਤ ਦੇ ਲਾਭਾਂ ਲਈ ਗਵਾਂਢ ਦੇ ਰਾਜਸੀ ਖੇਤਰ ਨਾਲ ਨਹੀਂ ਵਿਗਾੜਨੀ ਚਾਹੀਦੀ ਤੇ ਇਨ੍ਹਾਂ ਗਦਰੀਆਂ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ।

ਫਿਰ ਇਕ ਦਿਨ ਬਾਬਾ ਜਵਾਲਾ ਸਿੰਘ, ਹਜ਼ਾਰਾ ਸਿੰਘ ਸਿੰਗਰ ਤੇ ਮੈਂ, ਕਰਮ ਚੰਦ 'ਪਾਰਸ' ਨੂੰ ਮਿਲਣ ਲਾਹੌਰ ਗਏ। ਇਸ ਦਾ ਦਫਤਰ 'ਟਰਬਿਊਨ (ਟ੍ਰਿਬਿਊਨ) ਵਾਲੀ ਸੜਕ' (ਫਲੈਮਿੰਗ ਰੋਡ) 'ਤੇ ਇਕ ਚੁਬਾਰੇ 'ਤੇ ਸੀ। ਉਹ ਮੋਟੇ ਸਾਰੇ ਰੋਡੇ ਸਿਰ ਵਾਲਾ ਭਾਰੀ ਸਰੀਰ ਦਾ ਆਰੀਆ ਸਮਾਜੀ ਮਹਾਸ਼ਾ ਸੀ। ਉਹ ਕੰਧ ਨਾਲ ਲਾ ਕੇ ਡਾਹੀ ਹੋਈ ਵੱਡੀ ਮੇਜ਼ ਮੂਹਰੇ ਕੁਰਸੀ 'ਤੇ ਬੈਠਾ ਸੀ। ਅਸਾਂ ਜਾ ਨਮਸਤੇ ਕੀਤਾ। ਉਸ ਨੇ ਬੜਾ ਆਦਰ ਮਾਣ ਕੀਤਾ। ਸਾਨੂੰ ਚਾਹ-ਪਾਣੀ ਵੀ ਪੁਛਿਆ ਤੇ ਸਾਡੇ ਬੈਠਣ ਲਈ ਆਪਣੇ ਪਾਸੇ ਹੀ ਤਿੰਨ ਕੁਰਸੀਆਂ ਡਾਹ ਲਈਆਂ, ਅਸੀਂ ਬੈਠ ਗਏ। ਹਜ਼ਾਰਾ ਸਿੰਘ ਦੀ ਕੁਰਸੀ ਸਾਥੋਂ ਪਿੱਛੇ ਸੀ।

ਉਸ ਦੀ 'ਆਉ ਬਹਿ ਜਾਓ' ਤੋਂ ਅਸੀਂ ਆਪਣੇ ਕੰਮ ਨੂੰ ਬੜਾ ਸੌਖਾ ਜਾਤਾ ਪਰ ਜਦ ਅਸਾਂ ਗੱਲ ਚਲਾਈ ਤਾਂ ਉਸ ਦੀਆਂ ਹਵਾਵਾਂ ਹੀ ਹੋਰ ਸਨ। ਅਸਾਂ ਆਜ਼ਾਦੀ ਦੀ ਲਹਿਰ ਤੇ ਹਿੱਤਾਂ, ਗਦਰ ਪਾਰਟੀ ਦੀਆਂ ਕਰਨੀਆਂ ਤੇ ਕੁਰਬਾਨੀਆਂ, ਦੇਸ਼ ਭਗਤੀ ਤੇ ਮਨੁੱਖੀ ਪਿਆਰ ਦੇ ਬੜੇ ਵਾਸਤੇ ਪਾਏ, ਤਰਲੇ ਕੀਤੇ ਪਰ ਉਹ ਨਾ ਮੰਨਿਆ। ਅਖੀਰ ਬਾਬਾ ਜਵਾਲਾ ਸਿੰਘ ਨੇ ਅੱਖਾਂ ਵਿਚ ਅੱਥਰੂ ਲਿਆਉਂਦਿਆਂ ਆਪਣੀ ਪੱਗ ਲਾਹ ਕੇ ਉਹਦੇ ਪੈਰਾਂ ਉਤੇ ਰੱਖ ਦਿੱਤੀ ਪਰ ਉਹ ਔਤਰਾਂ ਫੇਰ ਵੀ ਨਾ ਪਿਘਲਿਆ। ਅੰਤ ਮੈਂ ਗਰਮ ਹੋ ਪਿਆ ਤੇ ਬਜ਼ੁਰਗ ਦੀ ਪੱਤ ਨਾ ਰੱਖਣ ਉਤੇ ਉਸ ਨੂੰ ਮੰਦਾ ਚੰਗਾ ਆਖਣ ਲੱਗਾ। ਇਸ 'ਤੇ ਉਹ ਸਗੋਂ ਆਪੇ ਤੋਂ ਬਾਹਰ ਹੋ ਗਿਆ ਤੇ ਡਹਿ ਪਿਆ ਗਦਰ ਪਾਰਟੀ ਨੂੰ ਅਬਾ-ਤਬਾ ਬਕਣ।

ਮੈਂ ਤੇ ਬਾਬਾ ਹਾਰ ਹੰਭ ਕੇ ਉਠਣ ਹੀ ਵਾਲੇ ਸਾਂ ਕਿ ਪਿਛਲੀ ਕੁਰਸੀ ਤੋਂ ਹਜ਼ਾਰਾ ਸਿੰਗਰ ਦੀ ਸਾਡੇ ਮੋਢਿਆਂ ਉਤੋਂ ਦੀ ਆਈ ਕੜਕਵੀਂ ਧਮਕੀ 'ਲਿਖੇਂਗਾ?' ਨੇ ਸਾਰਾ ਚੁਬਾਰਾ ਗੂੰਜਾ ਦਿੱਤਾ।

ਮੈਂ ਤੇ ਬਾਬਾ ਤਬ੍ਰਕ (ਤ੍ਰਬਕ) ਪਏ। ਵੇਖਿਆ ਤਾਂ ਲਾਲੇ ਨੂੰ ਕੁਝ ਹੋ ਗਿਆ ਸੀ। ਉਸ ਦੇ ਸਰੀਰ ਨੂੰ ਚੜ੍ਹੀ ਹੋਈ ਕੁੜੱਤਣ ਦੀ ਸਾਰੀ ਭੁੱਖ ਪਤਾ ਨਹੀਂ ਕਿਧਰ ਉਡ ਗਈ ਤੇ ਇਕਦਮ ਪੀਲਾ ਪੈ ਗਿਆ ਸੀ। ਉਸ ਦਾ ਮੂੰਹ ਅੱਡਿਆ ਗਿਆ, ਅੱਖਾਂ ਟੱਡੀਆਂ ਗਈਆਂ ਤੇ ਸਰੀਰ ਇਸ ਤਰ੍ਹਾਂ ਸਿਥਲ ਹੋ ਗਿਆ, ਜਿਵੇਂ ਉਸ ਦੇ ਸਰੀਰ ਦੀ ਕੇਵਲ ਹਰਕਤ ਹੀ ਨਹੀਂ ਸਗੋਂ ਜੋਤ ਵੀ ਖਲੋ ਗਈ ਹੋਵੇ। ਉਹ ਮੋਮ ਦਾ ਨਿਰਜੀਵ ਬੁਤ ਦਿਸ ਰਿਹਾ ਸੀ।

ਜਦ ਇਹ ਜਾਣਨ ਲਈ ਅਸਾਂ ਪਿਛੇ ਹਜ਼ਾਰਾ ਸਿੰਘ ਵੱਲ ਵੇਖਿਆ ਕਿ ਉਸ ਨੇ 'ਲਿਖੇਂਗਾ' ਦੀ ਕੜਕ ਵਿਚ ਲਾਲੇ ਨੂੰ ਕੀ ਕੱਢ ਮਾਰਿਆ ਸੀ, ਤਾਂ ਉਹ ਕੁਰਸੀ ਤੋਂ ਉਠ ਕੇ ਲਾਲੇ ਵੱਲ ਪਿਸਤੌਲ ਸਿਧਾ ਕਰੀ ਖਲੋਤਾ ਸੀ।

"ਓਏ! ਇਹ ਕੀ" ਕਹਿੰਦਾ ਹੋਇਆ ਬਾਬਾ ਜਵਾਲਾ ਸਿੰਘ, ਹਜ਼ਾਰਾ ਸਿੰਘ ਨੂੰ ਹਟਕਣ ਲਈ ਉਠ ਖਲੋਤਾ ਪਰ ਇਧਰ ਲਾਲੇ ਦੇ ਦੋਵੇਂ ਹੱਥ ਹਿੱਲੇ ਤੇ ਹੌਲੀ-ਹੌਲੀ ਛਾਤੀ ਕੋਲ ਆ ਕੇ ਜੁੜ ਗਏ ਤੇ ਉਹ ਅਹਿਸਤਾ-ਅਹਿਸਤਾ ਢਿਗ ਵਾਂਗ ਬਾਬਾ ਜਵਾਲਾ ਸਿੰਘ ਦੇ ਪੈਰੀਂ ਡਿੱਗ ਪਿਆ।

"ਬਾਬਾ ਜੀ! ਬ-ਖ਼-ਸ਼, ਲ-ਓ। ਮੇ-ਰੇ ਅ-ਗ-ਲੇ- ਵੀ - ਨ-ਹੀਂ- ਲਿ-ਖ-ਣ-ਗੇ।" ਉਹ ਬੜੀ ਕੰਬਵੀਂ ਤੇ ਉਖੜਵੀਂ ਲੰਮੇਰੀ ਆਵਾਜ਼ ਵਿਚ ਇਕੱਲਾ-ਇਕੱਲਾ ਅੱਖਰ ਡੜਿਆ ਰਿਹਾ ਸੀ ਅਤੇ ਬਾਲਾਂ ਵਾਂਗ ਡਡੇਲਿਕਾ ਹੋ ਕੇ ਮਾਫੀਆਂ ਮੰਗਣ ਲੱਗ ਪਿਆ ਸੀ।

ਮੈਂ ਲਾਲੇ ਨੂੰ ਬਾਬੇ ਦੇ ਪੈਰਾਂ ਤੋਂ ਚੁੱਕ ਕੇ ਸਿੱਧਾ ਕੀਤਾ ਤੇ ਕੁਰਸੀ 'ਤੇ ਬਿਠਾ ਦਿੱਤਾ। ਉਹ ਬੱਗਾ ਪੂਣੀ ਹੋਇਆ ਅਜੇ ਰੋਈ ਤੇ ਹੱਥ ਜੋੜੀ ਪਿਛਲੇ ਲਿਖੇ ਦੀਆਂ ਮਾਫੀਆਂ ਮੰਗੀ ਤੇ ਅਗਾਂਹ ਤੋਂ ਨਾ ਲਿਖਣ ਦੇ ਕਲਮੇ ਪੜ੍ਹੀ ਜਾ ਰਿਹਾ ਸੀ।



ਅਫਗਾਨ ਬਾਦਸ਼ਾਹ ਅਮਾਨਉਲਾ ਖਾਨ ਜਿਸ ਨੇ ਗਦਰੀਆਂ ਦੀ ਇਮਦਾਦ ਕੀਤੀ ਸੀ

ਹਜ਼ਾਰਾ ਸਿੰਘ ਪਿਸਤੌਲ ਜੇਬ ਵਿਚ ਪਾ ਚੁਕਾ ਸੀ ਪਰ ਲਾਲੇ ਦੀਆਂ ਅੱਖਾਂ ਅੱਥਰੂ ਸੁੱਟੀ ਉਸ ਵਲ ਇਸ ਤਰ੍ਹਾਂ ਇਕ ਟੱਕ ਵੇਖੀ ਜਾ ਰਹੀਆਂ ਸਨ, ਜਿਸ ਤਰ੍ਹਾਂ ਪਿਉ ਤੋਂ ਮਾਰ ਖਾ ਕੇ ਬੱਚਾ ਮਾਫੀ ਮਿਲਣ ਦੀ ਤਾਂਘ ਤੇ ਹੋਰ ਕੁੱਟ ਨਾ ਪੈਣ ਦੀ ਲੋਚਣਾ ਵਿਚ ਰੋਂਦਾ-ਰੋਂਦਾ ਉਸ ਵੱਲ ਵੇਖਦਾ ਰਹਿੰਦਾ ਹੈ।

ਅਸੀਂ ਉਸ ਨੂੰ ਚੁੱਪ ਕਰਵਾਇਆ, ਦਿਲਾਸਾ ਦਿੱਤਾ ਤੇ ਉਠ ਕੇ ਤੁਰ ਪਏ। ਹਜ਼ਾਰਾ ਸਿੰਘ ਨੇ ਕਸਾਈਆਂ ਵਰਗੀਆਂ ਕਹਿਰਵਾਨ ਅੱਖਾਂ ਨਾਲ ਲਾਲੇ ਵੱਲ ਫੇਰ ਤਕਦਿਆਂ ਦਬਕਾ ਮਾਰਿਆ, "ਵੇਖੀਂ?"

"ਖਾਤਰ ਜਮਾਂ ਰੱਖੋ। ਮੈਂ ਮੁੜ ਕੇ ਕਦੀ ਨਹੀਂ ਲਿਖਾਂਗਾ।" ਸਾਨੂੰ ਪੌੜੀਆਂ ਉਤਰਦਿਆਂ ਨੂੰ ਲਾਲੇ ਦੀ ਤੌਬਾ ਸੁਣੀ ਗਈ।

ਬਾਹਰ ਆ ਕੇ ਅਸੀਂ ਹਜ਼ਾਰਾ ਸਿੰਘ ਨੂੰ ਬੜੇ ਗੁੱਸੇ ਹੋਏ ਕਿ ਉਸ ਨੇ ਪਿਸਤੌਲ ਲਿਆਂਦਾ ਤੇ ਇਹ ਤਮਾਸ਼ਾ ਕੀਤਾ ਹੀ ਕਿਉਂ? ਸਾਨੂੰ ਦੋਹਾਂ ਨੂੰ ਕੋਈ ਪਤਾ ਨਹੀਂ ਕਿ ਉਹ ਨਾਮਾਨੀਮ ਪਿਸਤੌਲ ਲਿਆਇਆ ਸੀ। ਅਸੀਂ ਹੁਣ ਸਮਝੇ ਕਿ ਉਹ ਭਰ ਗਰਮੀਆਂ ਵਿਚ ਓਵਰਕੋਟ ਪਾ ਕੇ ਕਿਉਂ ਆਇਆ ਸੀ।

"ਬਾਬਾ ਜੀ! ਤੁਹਾਨੂੰ ਨਹੀਂ ਪਤਾ, ਇਹੋ ਜਿਹੇ ਕਿਸ ਤਰ੍ਹਾਂ ਸਿੱਧੇ ਕਰੀਦੇ ਨੇ।" ਅਸੀਂ ਚੁੱਪ ਕਰ ਗਏ। ਕਿਸੇ ਪੁਆੜੇ ਵਿਚ ਨਾ ਪੈਣ ਤੇ ਆਪਣਾ ਕੰਮ ਹੋ ਜਾਣ ਦੀ ਖ਼ੁਸ਼ੀ ਵਿਚ ਗੱਲ ਆਈ ਗਈ ਕਰ ਛੱਡੀ।

ਸਾਡਾ ਇਹ ਦਾਅ ਫੁਰ ਗਿਆ। 'ਪਾਰਸ' ਦੇ ਅਗਲੇ ਪਰਚੇ ਵਿਚ ਇਨ੍ਹਾਂ ਗਦਰੀਆਂ ਦੇ ਹੱਕ ਵਿਚ ਲਿਖਿਆ ਤੇ ਰਿਹਾਈ ਦੀ ਮੰਗ ਕੀਤੀ ਸੀ।

ਇਸ ਤੋਂ ਪਹਿਲਾਂ ਅਸਾਂ ਲਾਲੇ ਨੂੰ ਵੱਡੇ-ਵੱਡੇ ਕਾਂਗਰਸੀ ਲੀਡਰਾਂ ਕੋਲੋਂ ਅਖਵਾਇਆ ਸੀ। ਨੌਜਵਾਨ ਭਾਰਤ ਸਭਾ ਵਾਲਿਆਂ ਨੇ 'ਪਾਰਸ' ਵਿਰੁਧ ਮੁਜਾਹਰਿਆਂ ਵਿਚ ਇਸ ਦੀ ਅਰਥੀ ਕੱਢੀ ਤੇ 'ਪਾਰਸ' ਦੇ ਪਰਚੇ ਬਾਜ਼ਾਰ ਵਿਚ ਸਾੜੇ ਸਨ, ਪਰ ਉਹ ਬੰਦੇ ਦਾ ਪੁੱਤਰ ਨਹੀਂ ਸੀ ਬਣਿਆ।

ਸਾਡੀ ਐਜੀਟੇਸ਼ਨ ਬਹੁਤ ਚੜ੍ਹ ਗਈ। ਕਾਬਲ ਦੇ ਹਿੰਦ ਵਿਚ ਆਪਣੇ ਹਮਾਇਤੀ ਅਖ਼ਬਾਰਾਂ ਨੇ ਇਸ ਦੀ ਹਮਾਇਤ ਕਰਨੀ ਅਰੰਭ ਕਰ ਦਿੱਤੀ। ਪੈਰਿਸ ਨੂੰ ਭੇਜੀ ਚਿੱਠੀ ਦੇ ਵੀ ਫੁੱਲ ਖਿੜਨ ਲੱਗ ਪਏ। ਯੂਰਪ ਅਤੇ ਅਮਰੀਕਾ ਦੀਆਂ ਨਾ ਕੇਵਲ ਕਮਿਊਨਿਸਟ ਸਗੋਂ ਸਾਮਰਾਜ ਵਿਰੋਧੀ ਜਮਹੂਰੀ ਅਖ਼ਬਾਰਾਂ ਨੇ ਵੀ ਕਾਬਲ ਸਰਕਾਰ ਦੀ ਨਿੰਦਾ ਕਰਕੇ ਇਨ੍ਹਾਂ ਗਦਰੀਆਂ ਦੀ ਰਿਹਾਈ ਦੀਆਂ ਮੰਗਾਂ ਅਰੰਭ ਕਰ ਦਿੱਤੀਆਂ। ਇਸ ਜਗਤ ਲੋਕ ਰੌਲੇ ਦਾ ਕਾਬਲ ਸਰਕਾਰ ਉਤੇ ਅਸਰ ਪੈਣ ਲੱਗ ਪਿਆ।

ਮੌਲਾਣਾ ਅਤਾਉਲਾ ਸ਼ਾਹ ਬੁਖਾਰੀ ਦੇ ਹੱਥੀਂ ਕਾਬਲ ਰਾਜਦੂਤ ਨੇ ਸਾਨੂੰ ਸੁਨੇਹਾ ਭੇਜਿਆ ਕਿ ਕਾਬਲ ਸਰਕਾਰ ਗੁਰਮੁੱਖ ਸਿੰਘ ਤੇ ਪ੍ਰਿਥੀ ਸਿੰਘ ਨੂੰ ਇਸ ਸ਼ਰਤ 'ਤੇ ਰਿਹਾ ਕਰਨ ਲਈ ਤਿਆਰ ਹੈ ਕਿ ਉਹ ਅਫਗਾਨਿਸਤਾਨ ਦੀ ਧਰਤੀ ਛੱਡ ਜਾਣ ਤੇ ਮੁੜ ਕੇ ਕਦੇ ਇਥੇ ਨਾ ਆਉਣ।

ਅਸੀਂ ਮੰਨ ਗਏ ਪਰ ਮੁਹਲਤ ਮੰਗੀ ਕਿ ਸਾਨੂੰ ਉਨ੍ਹਾਂ ਦਾ ਅਫਗਾਨਿਸਤਾਨ ਵਿਚ ਕਿਧਰੇ ਲੈ ਜਾਣ ਦਾ ਬੰਦੋਬਸਤ ਕਰ ਲੈਣ ਦਿੱਤਾ ਜਾਏ।

ਉਸ ਵੇਲੇ ਉਨ੍ਹਾਂ ਦੇ ਸਿੱਧਾ ਨਿੱਤਰ ਕੇ ਹਿੰਦੋਸਤਾਨ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਥੇ ਅੰਗਰੇਜ਼ੀ ਹਕੂਮਤ ਉਨ੍ਹਾਂ ਨੂੰ ਡੈਣ ਵਾਂਗ ਕੱਫਣ ਲਈ ਮੂੰਹ ਖੋਲ੍ਹੀ ਤਿਆਰ ਖੜ੍ਹੀ ਸੀ, ਕਿਉਂਕਿ ਉਹ ਦੋਵੇਂ ਅੰਗਰੇਜ਼ੀ ਰਾਜ ਦੀਆਂ ਜੇਲ੍ਹਾਂ ਵਿਚੋਂ ਭੱਜੇ ਹੋਏ ਸਨ। ਇਰਾਨ ਜਾਣ ਤਾਂ ਉਥੇ ਫੇਰ ਗ੍ਰਿਫਤਾਰੀ ਪੱਕੀ ਸੀ। ਇਰਾਨ ਹਕੂਮਤ ਤਾਂ ਅਫਗਾਨਿਸਤਾਨ ਨਾਲੋਂ ਵੀ ਜ਼ਿਆਦਾ ਅੰਗਰੇਜ਼ਾਂ ਹੇਠ ਲੱਗੀ ਹੋਈ ਸੀ।

ਅਸਾਂ ਮੁੜ ਪੈਰਿਸ ਦੀ ਕਮਿਊਨਿਸਟ ਪਾਰਟੀ ਨੂੰ ਚਿੱਠੀ ਲਿਖੀ ਤੇ ਉਨ੍ਹਾਂ ਅਗਾਂਹ ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਨੂੰ ਲਿਖਿਆ। ਇਸ 'ਤੇ ਸੋਵੀਅਤ (ਰੂਸ) ਨੇ ਉਨ੍ਹਾਂ ਨੂੰ ਸੋਵੀਅਤ ਦੇਸ਼ ਦੇ ਵਸਨੀਕੀ ਹੱਕ ਦੇ ਕੇ ਕਾਬਲ ਤੋਂ ਰੂਸ ਵਿਚ ਲਿਆਂਦਾ। ਉਥੋਂ ਉਹ ਉਸੇ ਸਾਲ ਦੇ ਅਖੀਰ 'ਤੇ ਮੁੜ ਚੋਰੀ-ਚੋਰੀ ਹਿੰਦੋਸਤਾਨ ਆ ਗਏ।

###

> **ਮੈਂ ਤੇ ਬਾਬਾ ਤਬ੍ਰਕ (ਤ੍ਰਬਕ) ਪਏ। ਵੇਖਿਆ ਤਾਂ ਲਾਲੇ ਨੂੰ ਕੁਝ ਹੋ ਗਿਆ ਸੀ। ਉਸ ਦੇ ਸਰੀਰ ਨੂੰ ਚੜ੍ਹੀ ਹੋਈ ਕੁੜੱਤਣ ਦੀ ਸਾਰੀ ਭੁੱਖ ਪਤਾ ਨਹੀਂ ਕਿਧਰ ਉਡ ਗਈ ਤੇ ਇਕਦਮ ਪੀਲਾ ਪੈ ਗਿਆ ਸੀ। ਉਸ ਦਾ ਮੂੰਹ ਅੱਡਿਆ ਗਿਆ, ਅੱਖਾਂ ਟੱਡੀਆਂ ਗਈਆਂ ਤੇ ਸਰੀਰ ਇਸ ਤਰ੍ਹਾਂ ਸਿਥਲ ਹੋ ਗਿਆ, ਜਿਵੇਂ ਉਸ ਦੇ ਸਰੀਰ ਦੀ ਕੇਵਲ ਹਰਕਤ ਹੀ ਨਹੀਂ ਸਗੋਂ ਜੋਤ ਵੀ ਖਲੋ ਗਈ ਹੋਵੇ। ਉਹ ਮੋਮ ਦਾ ਨਿਰਜੀਵ ਬੁਤ ਦਿਸ ਰਿਹਾ ਸੀ।**
> **ਜਦ ਇਹ ਜਾਣਨ ਲਈ ਅਸਾਂ ਪਿਛੇ ਹਜ਼ਾਰਾ ਸਿੰਘ ਵੱਲ ਵੇਖਿਆ ਕਿ ਉਸ ਨੇ 'ਲਿਖੇਂਗਾ' ਦੀ ਕੜਕ ਵਿਚ ਲਾਲੇ ਨੂੰ ਕੀ ਕੱਢ ਮਾਰਿਆ ਸੀ, ਤਾਂ ਉਹ ਕੁਰਸੀ ਤੋਂ ਉਠ ਕੇ ਲਾਲੇ ਵੱਲ ਪਿਸਤੌਲ ਸਿਧਾ ਕਰੀ ਖਲੋਤਾ ਸੀ।**

**ਵਾਰਤਾ**

# ਪੇਟ ਵਾਲਾ ਲੌਂਗੋਵਾਲ



ਬਲਦੇਵ ਸਿੰਘ (ਸੜਕਨਾਮਾ)
ਫੋਨ: 91-98147-83069

ਕਲਕੱਤਾ ਵਿਚ 1982-83 ਦੌਰਾਨ ਇਕ ਦਿਨ ਮੈਂ ਰਾਸ ਬਿਹਾਰੀ ਮੋੜ 'ਤੇ ਟੈਕਸੀ ਲਈ ਖੜ੍ਹਾ ਸਵਾਰੀ ਦੀ ਉਡੀਕ ਵਿਚ ਸਾਂ। ਮੇਰੇ ਆਸੇ-ਪਾਸੇ ਟਰੈਫਿਕ ਦੀ ਭੀੜ ਸੀ। ਡਬਲ-ਡੈਕਰ ਬੱਸਾਂ, ਟਰਾਮਾਂ ਆ-ਜਾ ਰਹੀਆਂ ਸਨ। ਇੱਥੋਂ ਮੈਂ ਤੁਰਨ ਬਾਰੇ ਸੋਚ ਹੀ ਰਿਹਾ ਸਾਂ ਕਿ ਇਕ ਸ਼ਰੀਫ ਦਿਸਦਾ ਬੰਗਾਲੀ ਬਾਬੂ ਬਿਨਾ ਪੁੱਛਿਆਂ ਟੈਕਸੀ ਦਾ ਪਿਛਲਾ ਦਰਵਾਜ਼ਾ ਖੋਲ੍ਹ ਅੰਦਰ ਬੈਠਦਿਆਂ ਬੋਲਿਆ, "ਹਾਵੜਾ ਪਾਰ ਸਲਕੀਆ ਚੋਲੋ (ਚੱਲੋ) ਸ਼ੌਰਦਾਰ ਜੀ।"

ਕੁਝ ਦੇਰ ਪਹਿਲਾਂ ਮੈਂ ਉਸ ਪਾਸਿਓਂ ਹੀ ਆਇਆ ਸਾਂ। ਬੜਾ ਬਾਜ਼ਾਰ ਦੇ ਜਾਮ ਵਿਚੋਂ ਮਸਾਂ ਹੀ ਨਿਕਲਿਆ ਸਾਂ। ਉਸ ਵੇਲੇ ਦਾ ਮੁੜ੍ਹਕਾ ਅਜੇ ਵੀ ਨਹੀਂ ਸੀ ਸੁੱਕਿਆ। ਮੈਂ ਬਹੁਤ ਹੀ ਵਿਚਾਰਗੀ ਜਿਹੀ ਨਾਲ ਕਿਹਾ, "ਓਧਰ ਤਾਂ ਬਹੁਤ ਜਾਮ ਹੈ ਬਾਬੂ। ਬੜੀ ਮੁਸ਼ਕਿਲ ਨਾਲ ਆਇਆ ਹਾਂ।"

"ਕੁਛ ਨਹੀਂ ਹੋਗਾ ਚਲੋ।" ਉਸ ਨੇ ਬੰਗਾਲੀ ਵਿਚ ਕਿਹਾ।

"ਆਪ ਭੀ ਫਸੋਗੇ, ਮੈਂ ਭੀ।" ਮੈਂ ਕਿਹਾ।

"ਬਹੁਤ ਅਰਜੰਟ ਕਾਮ ਹੈ ਸ਼ੌਰਦਾਰ ਜੀ, ਪਲੀਜ਼।" ਉਸ ਨੇ ਨਰਮਾਈ ਨਾਲ ਕਿਹਾ।

"ਅਗਰ ਜਾਮ ਹੂਆ?"

"ਜਹਾਂ ਜਾਮ ਹੂਆ, ਮੈਂ ਨੀਚੇ ਉਤਰ ਜਾਊਂਗਾ।" ਉਸ ਨੇ ਇੰਨੀ ਹਲੀਮੀ ਨਾਲ ਕਿਹਾ ਕਿ ਮੈਂ ਇਨਕਾਰ ਨਾ ਕਰ ਸਕਿਆ।

ਵਿਕਟੋਰੀਆ ਮੈਮੋਰੀਅਲ ਲੰਘ ਕੇ ਮੈਂ ਟੈਕਸੀ ਰੈਡ ਰੋਡ 'ਤੇ ਪਾ ਲਈ। ਪਿੱਛੋਂ ਬੰਗਾਲੀ ਬਾਬੂ ਬੋਲਿਆ, "ਸ਼ੌਰਦਾਰ ਜੀ ਅਪਨਾ ਟੈਕਸੀ?"

"ਨਾ ਬਾਬੂ, ਆਪਨਾ ਨਹੀਂ।"

"ਬਹੁਤ ਸਖਤ ਕਾਮ ਹੈ ਨਾ?"

"ਦੇਖ ਹੀ ਰਹੇ ਹੋ ਬਾਬੂ। ਇਸ ਕਿੱਤੇ ਵਿਚ ਆਪਣੀ ਮਰਜ਼ੀ ਨਹੀਂ ਚੱਲਦੀ।" ਮੈਂ ਕਿਹਾ।

"ਕੈਨੋ (ਕਿਉਂ)?" ਉਹ ਹੈਰਾਨ ਹੋਇਆ।

"ਦੇਖ ਹੀ ਰਹੇ ਹੋ। ਮੈਂ ਕਿਹਾ ਸੀ ਹਾਵੜਾ ਬ੍ਰਿਜ ਵੱਲ ਜਾਮ ਹੈ। ਫਿਰ ਵੀ ਜਾਣਾ ਤਾਂ ਪਿਆ ਹੀ।"

ਬੰਗਾਲੀ ਸਮਝ ਗਿਆ। ਗੱਲ ਨੂੰ ਮੋੜਾ ਦੇਣ ਲਈ ਉਸ ਨੇ ਪੁੱਛਿਆ, "ਪੂਰਾ ਦਿਨ ਟੈਕਸੀ ਚਲਾ ਕੇ ਕਿਤਨੀ ਬੱਚਤ ਹੋ ਜਾਤੀ ਹੈ?"

"ਕਦੇ ਹੋ ਜਾਂਦੀ ਹੈ, ਕਦੇ ਨਹੀਂ ਹੁੰਦੀ।" ਮੈਂ ਜਾਣ-ਬੁੱਝ ਕੇ ਕਿਹਾ।

"ਨਹੀਂ ਹੋਤੀ ਮਤਲਬ?"

"ਕਦੇ ਸਵਾਰੀ ਨਹੀਂ ਮਿਲਦੀ। ਕਦੇ ਮਾਲਕ ਦੇ ਹੀ ਮੁਸ਼ਕਿਲ ਨਾਲ ਪੂਰੇ ਹੁੰਦੇ ਨੇ। ਕਦੇ ਤੇਲ ਵੀ ਆਪਣੀ ਜੇਬ 'ਚੋਂ ਪੁਆਉਣਾ ਪੈਂਦਾ ਹੈ। ਕਦੇ ਗੁੰਡਿਆਂ ਦੇ ਅੜਿੱਕੇ ਆ ਜਾਈਏ ਤਾਂ ਸਾਰੇ ਦਿਨ ਦੀ ਕਮਾਈ ਖੋਹ ਕੇ ਲੈ ਜਾਂਦੇ ਨੇ। ਕਦੇ ਸੱਟ-ਫੇਟ ਵੀ ਮਾਰ ਜਾਂਦੇ ਨੇ।"

ਮੇਰੀ ਗੱਲ ਸੁਣ ਕੇ ਉਹ ਬੋਲਿਆ, "ਫਿਰ ਤੋ ਬੜਾ ਮੁਸ਼ਕਿਲ ਧੰਦਾ ਹੈ ਸ਼ੌਰਦਾਰ ਜੀ।" ਉਸ ਦੇ ਬੋਲਾਂ ਵਿਚ ਮੈਨੂੰ ਹਮਦਰਦੀ ਜਾਪੀ।

"ਆਪ ਕੇ ਪੰਜਾਬ ਮੇਂ ਤੋ ਬਹੁਤ ਗੜਬੜ ਹੈ ਆਜ ਕੱਲ੍ਹ?" ਉਸ ਨੇ ਪੁੱਛਿਆ।

"ਹਾਂ ਗੜਬੜ ਤਾਂ ਹੈ ਬਾਬੂ।"

"ਵੋਹ ਆਪ ਕਾ ਕਿਆ ਹੈ..., ਹਾਂ, ਸੰਤ ਲੌਂਗੋਵਾਲ ਕਿਆ ਬੋਲਤਾ ਹੈ?"

"ਕੀ ਪਤਾ ਬਾਬੂ ਉਹ ਸਭ ਨੇਤਾ ਲੋਕ ਨੇ, ਜੋ ਚਾਹੇ ਬੋਲ ਸਕਦੇ ਨੇ।"

"ਅਰੇ ਨਹੀਂ ਸ਼ੌਰਦਾਰ ਜੀ, ਵੋਹ ਬੋਲਤਾ ਹੈ ਕੋਈ ਮੋਰਚਾ ਲਗਾ ਕੇ ਲੜੇਗਾ। ਯਹ ਮੋਰਚਾ ਕਿਆ ਹੋਤਾ ਹੈ?" ਸ਼ਾਇਦ ਬੰਗਾਲੀ ਬਾਬੂ ਅਕਾਲੀਆਂ ਦੇ ਮੋਰਚੇ ਬਾਰੇ ਪੁੱਛ ਰਿਹਾ ਸੀ।

"ਕੀ ਪਤਾ ਲੱਗੇ ਬਾਬੂ। ਅਸੀਂ ਸਵੇਰੇ ਟੈਕਸੀ ਕੱਢਦੇ ਹਾਂ, ਅੱਧੀ ਰਾਤ ਵੇਲੇ ਘਰ ਮੁੜਦੇ ਹਾਂ। ਸਾਨੂੰ ਤਾਂ ਪਹਿਲਾਂ ਆਪਣੇ ਪੇਟ ਵਾਲੇ ਲੌਂਗੋਵਾਲ ਨਾਲ ਲੜਨਾ ਪੈਂਦਾ ਹੈ।" ਮੈਂ ਕਿਹਾ, ਪਰ ਮੇਰਾ ਧਿਆਨ ਟਰੈਫਿਕ ਵੱਲ ਵਧੇਰੇ ਸੀ।

ਮੇਰੀ ਗੱਲ ਨੂੰ ਸ਼ਾਇਦ ਬੰਗਾਲੀ ਸਮਝ ਗਿਆ। ਉਹ ਕੁਝ ਨਾ ਬੋਲਿਆ। ਟੈਕਸੀ ਹੁਣ ਡਲਹੌਜ਼ੀ ਸਕੁਏਅਰ ਵਿਚ ਦਾਖਲ ਹੋ ਗਈ ਸੀ। ਇੱਥੋਂ ਥੋੜ੍ਹਾ-ਥੋੜ੍ਹਾ ਜਾਮ ਸ਼ੁਰੂ ਹੋ ਗਿਆ।

ਬੰਗਾਲੀ ਬਾਬੂ ਬੋਲਿਆ, "ਸ਼ੌਰਦਾਰ ਜੀ, ਮੈਂ ਅਸਾਮ ਮੇਂ ਰਹਾ ਹੂੰ, ਉਧਰ ਵੀ ਬਹੁਤ ਗੜਬੜ ਹੁਈ। ਪੂਰੇ ਗਾਂਵ ਸਾੜ ਦੀਏ ਗਏ। ਪੁਲ ਉੜਾ ਦੀਏ ਗਏ। ਥਾਨੋਂ ਪਰ ਹਮਲੇ ਹੁਏ...।" ਉਹ ਬੋਲੀ ਜਾ ਰਿਹਾ ਸੀ। ਮੈਂ ਸੋਚਿਆ, ਇਹ ਮੈਨੂੰ ਗੱਲੀਂ ਲਾਈ ਰੱਖਣਾ ਚਾਹੁੰਦਾ ਹੈ ਤਾਂ ਕਿ ਮੇਰਾ ਧਿਆਨ ਜਾਮ ਵੱਲ ਨਾ ਜਾਵੇ। ਉਹ ਦੱਸੀ ਜਾ ਰਿਹਾ ਸੀ, "ਇਤਨਾ ਕੁਛ ਹੋਨੇ ਕੇ ਬਾਵਜੂਦ ਦਿੱਲੀ ਸਰਕਾਰ ਕੇ ਸਿਰ ਪਰ ਜੂੰ ਵੀ ਨਹੀਂ ਰੇਂਗੀ। ਪੰਜਾਬ ਮੇਂ ਤੋ ਅਭੀ ਹੂਆ ਭੀ ਕੁਛ ਨਹੀਂ।"

ਉਸ ਦੀਆਂ ਗੱਲਾਂ ਵਿਚ ਦਿਲਚਸਪੀ ਲੈਣ ਨਾਲੋਂ ਮੈਂ ਪਲ ਪਲ ਵੱਧ ਰਹੇ ਜਾਮ ਬਾਰੇ ਫਿਕਰਮੰਦ ਸਾਂ। ਨਹੀਂ ਤਾਂ ਉਸ ਨੂੰ ਦੱਸਦਾ, ਜੇ ਉਹ ਕੁਝ ਸਮਾਂ ਅਸਾਮ ਰਹਿ ਕੇ ਆਇਆ ਹੈ ਤਾਂ ਪੰਜਾਬ ਵੀ ਕੁਝ ਦਿਨ ਰਹਿ ਆਵੇ, ਉਸ ਨੂੰ ਪਤਾ ਲੱਗ ਜਾਵੇਗਾ, ਪੰਜਾਬ 'ਚ ਕੀ ਕੁਝ ਹੋ ਰਿਹਾ ਹੈ।

ਹਾਵੜਾ ਪੁਲ ਲਾਗੇ ਫਲਾਈ ਓਵਰ ਦੇ ਕੋਲੋਂ ਲੰਘਦਿਆਂ ਮੈਂ ਵੇਖਿਆ, ਬੇਘਰੇ ਲੋਕ ਇੱਟਾਂ-ਪੱਥਰਾਂ ਦੇ ਚੁੱਲ੍ਹਿਆਂ ਉਪਰ ਆਪਣਾ ਭੋਜਨ ਬਣਾ ਰਹੇ ਸਨ। ਨੰਗ-ਧੜੰਗੇ ਬੱਚੇ ਆਪਸ ਵਿਚ ਘਰੂਟੋ-ਘਰੂਟੀ ਹੋ ਰਹੇ ਸਨ। ਕੁਝ ਬੱਚੇ ਜਾਮ ਵਿਚ ਫਸੀਆਂ ਖੜ੍ਹੀਆਂ ਟੈਕਸੀਆਂ ਦੇ ਸਾਹਮਣੇ ਵਿੰਡ-ਸਕਰੀਨ ਉਪਰ ਮੈਲਾ ਜਿਹਾ ਕੱਪੜਾ ਫੇਰ ਕੇ ਭਿਖਾਰੀਆਂ ਵਾਂਗ ਮਿਹਨਤਾਨਾ ਮੰਗ ਰਹੇ ਸਨ। ਫਲਾਈ ਓਵਰ ਹੇਠ ਫਿਰਦੀਆਂ ਮੁਟਿਆਰ ਹੋ ਰਹੀਆਂ ਲੜਕੀਆਂ ਨੂੰ ਆਪਣਾ ਤਨ ਢਕਣ ਲਈ ਵਾਰ-ਵਾਰ ਫਟੀ-ਪੁਰਾਣੀ ਸਾੜ੍ਹੀ ਨੂੰ ਜਾਂ ਕੁੜਤੀ ਨੂੰ ਖਿੱਚ-ਖਿੱਚ ਕੇ ਠੀਕ ਕਰਨਾ ਪੈ ਰਿਹਾ ਸੀ।

ਟੈਕਸੀ ਅੰਦਰ ਲੱਗੇ ਸ਼ੀਸ਼ੇ ਵਿਚੋਂ ਦੀ ਮੈਂ ਵੇਖਿਆ, ਬੰਗਾਲੀ ਬਾਬੂ ਵੀ ਪੁਲ ਹੇਠਾਂ ਵਸਦੀ, ਲਗਾਤਾਰ ਵਿਕਾਸ ਕਰ ਰਹੇ ਭਾਰਤ ਦੀ ਜਨਤਾ ਨੂੰ ਘ੍ਰਿਣਾ ਅਤੇ ਤਰਸ ਦੇ ਰਲੇ-ਮਿਲੇ ਪ੍ਰਭਾਵ ਨਾਲ ਦੇਖ ਰਿਹਾ ਸੀ। ਜਦੋਂ ਉਸ ਕੋਲੋਂ ਸਬਰ ਨਾ ਹੋਇਆ ਤਾਂ ਬੋਲਿਆ, "ਇਨ ਸਭ ਲੋਗੋਂ ਕੋ ਕਲਕੱਤਾ ਸੇ ਬਾਹਰ ਫੈਂਕਨਾ ਹੋਗਾ।"

ਮੈਂ ਸੋਚਣ ਲੱਗਾ, ਇਨ੍ਹਾਂ ਸਭ ਲੋਕਾਂ ਵਿਚ ਤਾਂ ਮੇਰੇ ਵਰਗੇ ਲੋਕ ਵੀ ਆਉਂਦੇ ਹਨ, ਜੋ ਕੁਝ ਸੁਪਨੇ ਲੈ ਕੇ ਇੱਥੇ ਆਏ ਹੋਣਗੇ। ਹਰ ਕੋਈ ਸੁਪਨੇ ਲੈ ਕੇ ਆਉਂਦਾ ਹੈ। ਕੋਈ ਬੰਗਾਲ ਵੱਲ ਆ ਰਿਹਾ ਹੈ। ਕੋਈ ਪੰਜਾਬ ਵੱਲ ਜਾ ਰਿਹਾ ਹੈ। ਕੋਈ ਵਿਦੇਸ਼ਾਂ ਵੱਲ ਉਡ ਰਿਹਾ ਹੈ। ਅਸੀਂ ਸਾਰੇ ਆਪਣੇ ਪੇਟ ਦੇ ਲੌਂਗੋਵਾਲ ਨਾਲ ਲੜ ਰਹੇ ਹਾਂ।

ਮੈਨੂੰ ਸੋਚਾਂ ਵਿਚ ਪਏ ਨੂੰ ਪਤਾ ਹੀ ਨਾ ਲੱਗਾ, ਕਦੋਂ ਜਾਮ ਖੁੱਲ੍ਹਿਆ, ਕਦੋਂ ਮੈਂ ਹਾਵੜਾ ਪੁਲ ਲੰਘ ਕੇ ਸਲਕੀਆ ਪੁੱਜ ਗਿਆ।

ਕਹਾਣੀ

# ਲੋਹ-ਪੁਰਸ਼

**ਸੁਰਜੀਤ, ਕੈਨੇਡਾ**
**ਫੋਨ: 416-605-3784**

ਉਸ ਦਿਨ ਪਾਪਾ ਦੇ ਘਰ ਪਹੁੰਚੀ ਤਾਂ ਸ਼ਾਮ ਢਲਣ ਹੀ ਵਾਲੀ ਸੀ! ਬਰੂਹਾਂ 'ਤੇ ਤੇਲ ਚੋਅ ਰਹੀ ਛੋਟੀ ਭੈਣ ਦੀਆਂ ਮੋਟੀਆਂ ਮੋਟੀਆਂ ਅੱਖਾਂ ਦੀਆਂ ਕਟੋਰੀਆਂ ਭਰ ਭਰ ਡੁੱਲ੍ਹਦੀਆਂ ਰਹੀਆਂ! ਪੂਰੇ ਚੌਦਾਂ ਸਾਲਾਂ ਬਾਅਦ ਜੁ ਮਿਲੀਆਂ ਸਾਂ...!

"ਸਦੀਆਂ ਹੀ ਬੀਤ ਗਈਆਂ...!" ਉਸ ਨੇ ਪੱਲੇ ਨਾਲ ਅੱਖਾਂ ਪੂੰਝਦਿਆਂ ਆਖਿਆ।

ਭਾਬੀ ਨੇ ਆ ਕੇ ਕਲਾਵੇ 'ਚ ਲੈ ਲਿਆ। ਭਤੀਜੇ ਪੈਰੀਂ ਮੱਥਾ ਟੇਕਦੇ ਨਾ ਥੱਕਣ। ਖੂਬ ਚਹਿਲ-ਪਹਿਲ ਸੀ ਘਰ ਵਿਚ ਉਸ ਦਿਨ; ਮੇਰੀਆਂ ਨਜ਼ਰਾਂ ਪਾਪਾ ਨੂੰ ਟੋਹਲ ਰਹੀਆਂ ਸਨ। ਸਾਰੇ ਜਣੇ ਜਰਾ ਕੁ ਅੱਗੇ-ਪਿੱਛੇ ਨੂੰ ਹੋਏ ਤਾਂ ਸਾਹਮਣੇ ਵ੍ਹੀਲ ਚੇਅਰ 'ਤੇ ਬੈਠੈ ਹੱਡੀਆਂ ਦੀ ਮੁੱਠ ਬਣੇ ਪਾਪਾ ਦਿਸ ਪਏ। ਹਾਏ! ਪਾਪਾ ਨੂੰ ਕੀ ਹੋ ਗਿਆ? ਮੈਂ ਹੈਰਾਨ ਹੋ ਗਈ ਅਤੇ ਦੌੜ ਕੇ ਪਾਪਾ ਦੀ ਕੁਰਸੀ ਦੀਆਂ ਬਾਹਾਂ ਫੜ੍ਹ ਕੇ ਹੇਠਾਂ ਹੀ ਬੈਠ ਗਈ, "ਇਹ ਕੀ ਹੋ ਗਿਐ ਤੁਹਾਨੂੰ ਪਾਪਾ!"

ਵਾਰ ਵਾਰ ਕੁੜਤੇ ਦੀਆਂ ਬਾਂਹਾਂ ਨਾਲ ਅੱਖਾਂ ਪੂੰਝੀ ਜਾਂਵਾਂ। ਪਾਪਾ ਸਿਰ 'ਤੇ ਹੱਥ ਫੇਰਦੇ ਰਹੇ ਅਤੇ ਵਾਰ ਵਾਰ ਆਖਦੇ ਰਹੇ, "ਬੇਟਾ ਚੁੱਪ! ਰੋਣਾ ਕਿਉਂ? ਮੈਂ ਤਾਂ ਚੰਗਾ ਭਲਾਂ...!" ਬੜੇ ਹੌਸਲੇ ਵਾਲੇ ਨੇ ਪਾਪਾ। ਉਹ ਕਦੇ ਡੋਲਦੇ ਈ ਨਹੀਂ ਅਤੇ ਨਾ ਹੀ ਕਿਸੇ ਨੂੰ ਡੋਲਣ ਦਿੰਦੇ ਨੇ।



ਪਾਪਾ ਵੱਲ ਵੇਖਿਆ, ਉਨ੍ਹਾਂ ਦਾ ਚਿਹਰਾ ਅਜੇ ਵੀ ਦਗ ਦਗ ਕਰ ਰਿਹੈ। ਉਨ੍ਹਾਂ ਦੀ ਵ੍ਹੀਲ ਚੇਅਰ ਨੂੰ ਗਹਿਰੀ ਨਜ਼ਰ ਨਾਲ ਤੱਕਿਆ। ਉਨ੍ਹਾਂ ਦੇ ਹੱਥ ਫੜ ਲਏ; ਮਾਸ ਤਾਂ ਹੈ ਈ ਨਹੀਂ ਬਿਲਕੁਲ! ਪਾਪਾ ਤਾਂ ਨਿਰਾ ਨਾੜਾਂ ਦਾ ਰੁੱਗ ਅਤੇ ਹੱਡੀਆਂ ਦੀ ਮੁੱਠ ਈ ਬਣ ਗਏ ਸਨ!

ਮੇਰੇ ਅਵਚੇਤਨ 'ਚ ਕਿੰਨਾ ਕੁਝ ਦੌੜਣ ਲੱਗਦੈ-ਜਵਾਨੀ ਵੇਲੇ ਕਿੰਨੇ ਸੋਹਣੇ ਹੁੰਦੇ ਸਨ ਪਾਪਾ; ਸਿਰ 'ਤੇ ਪ੍ਰਿੰਟਿਡ ਪੱਗੜੀ, ਅੱਖਾਂ 'ਤੇ ਕਾਲੇ ਚਸ਼ਮੇ। 'ਰਾਇਲ ਐਨ ਫੀਲਡ' ਮੋਟਰ ਸਾਈਕਲ 'ਤੇ ਜਦੋਂ ਦਿੱਲੀ ਦੇ ਕਨਾਟ ਪਲੇਸ 'ਚ ਸਥਿਤ ਆਪਣੇ ਆਫਿਸ ਜਾਂਦੇ ਤਾਂ ਉਨ੍ਹਾਂ ਦਾ ਰੋਹਬ ਦੇਖਣ ਵਾਲਾ ਹੁੰਦਾ। ਇਕ ਉਹ ਗਜ਼ਟਿਡ ਅਫਸਰ ਅਤੇ ਇਕ ਆਹ ਬੇਬੱਸ ਬਜੁਰਗ!

ਵਕਤ ਕਿੰਨਾ ਬਲਵਾਨ ਹੁੰਦੈ। ਕੀ ਇਹ ਮੇਰੇ ਉਹੀ ਪਾਪਾ ਨੇ, ਜੋ ਨੈਸ਼ਨਲ ਲੈਵਲ 'ਤੇ ਹਾਕੀ ਦੇ ਖਿਡਾਰੀ ਹੁੰਦੇ ਸਨ? ਸੌ ਮੀਟਰ ਰੇਸ ਵਿਚ ਹਮੇਸ਼ਾ ਅੱਵਲ ਆਉਂਦੇ। ਉਂਜ ਵੀ ਪਾਪਾ ਇੰਨਾ ਤੇਜ਼ ਤੁਰਦੇ ਕਿ ਅਸੀਂ ਦੌੜ ਦੌੜ ਕੇ ਉਨ੍ਹਾਂ ਨਾਲ ਰਲਦੇ। ਚੌਦਾਂ ਵਰ੍ਹੇ ਪਹਿਲਾਂ ਜਦੋਂ ਅਮਰੀਕਾ ਗਈ ਸਾਂ ਤਾਂ ਉਦੋਂ ਉਨ੍ਹਾਂ ਦੀ ਉਮਰ ਛਿਆਸੀ ਵਰ੍ਹਿਆਂ ਦੀ ਸੀ। ਬੜੀ ਵਧੀਆ ਸਿਹਤ ਸੀ। ਉਦੋਂ ਵੀ ਵੈਸਪਾ ਸਕੂਟਰ ਭਜਾਈ ਫਿਰਦੇ ਸਨ ਪਰ ਹੁਣ ਤਾਂ ਤੁਰਨੋਂ ਈ ਰਹਿ ਗਏ, ਤੇ ਇਹ ਵੀਲ੍ਹ ਚੇਅਰ...?

"ਉਠ ਬੇਟਾ! ਉਠ ਕੇ ਕੁਰਸੀ ਤੇ ਬੈਠ, ਤ੍ਰਿਕਾਲਾਂ ਵੇਲੇ ਭੁੰਜੇ ਕਿਉਂ ਬੈਠਣਾ? ਹੋਰ ਸੁਣਾ ਸਫਰ ਕਿਵੇਂ ਰਿਹਾ!" ਪਾਪਾ ਦੀ ਆਵਾਜ਼ ਨਾਲ ਸੋਚਾਂ ਦੀ ਦੁਨੀਆਂ 'ਚੋਂ ਵਾਪਿਸ ਆਈ ਤੇ ਵਿਹੜੇ 'ਚ ਪਈ ਕੁਰਸੀ 'ਤੇ ਬੈਠ ਗਈ। ਘਰ ਚਹਿਲ-ਪਹਿਲ ਨਾਲ ਭਰਿਆ ਪਿਆ ਸੀ; ਮੈਂ ਕਿੰਨੇ ਵਰ੍ਹਿਆਂ ਪਿਛੋਂ ਅਮਰੀਕਾ ਤੋਂ ਵਾਪਿਸ ਆਈ ਸਾਂ। ਸਭ ਦੇ ਮੂੰਹਾਂ ਵੱਲ ਵੇਖ ਕੇ ਚੰਗਾ ਚੰਗਾ ਲੱਗ ਰਿਹਾ ਸੀ; ਭਤੀਜੇ-ਭਤੀਜੀਆਂ ਜੁਆਨ ਹੋ ਗਏ ਨੇ! ਜਦੋਂ ਗਈ ਸਾਂ ਤਾਂ ਮਸਾਂ ਪੰਜਾਂ-ਛਿਆਂ ਕੁ ਸਾਲਾਂ ਦੇ ਹੀ ਸਨ। ਹੁਣ ਤਾਂ ਮੈਥੋਂ ਵੀ ਉਚੇ ਹੋ ਗਏ, ਪਛਾਣੇ ਈ ਨਾ ਜਾਣ। ਕਿੰਨਾ ਕੁਝ ਬਦਲ ਗਿਐ! ਭਾਬੀ ਦੇ ਵਾਲ ਵੀ ਲੂਣ-ਮਿਰਚਾਂ ਜਿਹੇ ਹੋ ਗਏ। ਐਧਰ-ਉਧਰ ਦੀਆਂ ਗੱਲਾਂ ਕਰਦਿਆਂ ਰਾਤ ਪੈ ਗਈ। ਇਸ ਸਾਰੇ ਸਿਲਸਿਲੇ ਦੌਰਾਨ ਪਾਪਾ ਬਾਰੇ ਹੀ ਸੋਚੀ ਗਈ। ਪਾਪਾ ਤਾਂ ਨਿੱਕੇ ਹੁੰਦਿਆਂ ਤੋਂ ਹੀ ਮੇਰੀ ਜਾਨ ਹਨ!

ਨਿੱਕੀ ਹੁੰਦੀ ਸਾਂ, ਮਸਾਂ ਚਹੁੰ-ਪੰਜਾਂ ਵਰ੍ਹਿਆਂ ਦੀ। ਪਾਪਾ ਪਿੰਡੋਂ ਛੁੱਟੀ ਕੱਟ ਕੇ ਦਿੱਲੀ ਨੂੰ ਜਾਣ ਲੱਗੇ ਤਾਂ ਮੈਂ ਜ਼ਿਦ ਕਰ ਬੈਠੀ ਕਿ ਮੈਂ ਤਾਂ ਪਾਪਾ ਦੇ ਨਾਲ ਹੀ ਜਾਣੈ। ਉਨ੍ਹਾਂ ਨਾਲ ਇਕੱਲੀ ਹੀ ਦਿੱਲੀ ਰਹੀ। ਮੋਟਰ ਸਾਈਕਲ 'ਤੇ ਪਾਪਾ ਦੇ ਅੱਗੇ ਬੈਠ ਕੇ ਉਨ੍ਹਾਂ ਨਾਲ ਆਫਿਸ ਚਲੀ ਜਾਂਦੀ। ਦਫਤਰ ਦਾ ਸਾਰਾ ਸਟਾਫ ਮੈਨੂੰ ਚੁੱਕੀ ਫਿਰਦਾ। ਪਾਪਾ ਚੁੱਕ ਕੇ ਬਾਥਰੂਮ ਲਿਜਾਂਦੇ, ਨੁਹਾਉਂਦੇ-ਧੁਆਉਂਦੇ, ਮੇਰਾ ਸਿਰ ਵਾਹ ਕੇ ਦੋ ਗੁੱਤਾਂ ਕਰਕੇ ਤਿਆਰ ਕਰਦੇ। ਅਜੇ ਵੀ ਯਾਦ ਹੈ, ਉਹ ਨੀਲੇ ਫੁੱਲਾਂ ਵਾਲਾ ਗਰਾਰਾ ਤੇ ਫਰਾਕ, ਜੋ ਪਾਪਾ ਨੇ ਮੈਨੂੰ ਸਵਾ ਕੇ ਦਿੱਤੇ, ਜਿਸ ਨੂੰ ਪਾ ਕੇ ਮੈਂ ਫੁੱਲੀ ਨਾ ਸਮਾਉਂਦੀ।

ਇਕ ਦਿਨ ਪਾਪਾ ਨੇ ਗੁਆਂਢ ਦੀਆਂ ਕੁੜੀਆਂ ਨਾਲ ਮੈਨੂੰ ਸਕੂਲ ਭੇਜ ਦਿੱਤਾ। ਦੁਪਹਿਰ ਨੂੰ ਮੈਂ ਅੱਖ ਬਚਾ ਕੇ ਸਕੂਲੋਂ ਭੱਜ ਆਈ। ਆਪਣੇ ਚਿੱਤੋਂ ਘਰ ਵਾਪਿਸ ਜਾ ਰਹੀ ਸਾਂ ਪਰ ਰਾਸਤਾ ਭੁੱਲ ਗਈ ਤੇ ਕਰੋਲ ਬਾਗ ਦੇ ਬਾਜ਼ਾਰ ਵਿਚ ਖੜੀ ਹੋ ਕੇ ਰੋਣ ਲੱਗ ਪਈ। ਇਕ ਆਦਮੀ ਨੇ ਪੁੱਛਿਆ, "ਬੇਟਾ ਆਪ ਕਿਉਂ ਰੋ ਰਹੇ ਹੋ?"

ਮੈਂ ਕਿਹਾ, "ਮੈਂ ਘਰ ਕਾ ਰਾਸਤਾ ਭੂਲ ਗਈ ਹੂੰ।"

"ਤੁਮਹੇ ਅਪਨੇ ਘਰ ਕਾ ਪਤਾ ਮਾਲੂਮ ਹੈ?"

ਪਾਪਾ ਨੇ ਮੈਨੂੰ ਘਰ ਦਾ ਪਤਾ ਤੇ ਫੋਨ ਨੰਬਰ ਰਟਾਏ ਹੋਏ ਸਨ। ਮੈਂ ਘਰ ਦਾ ਪਤਾ ਦੱਸ ਦਿੱਤਾ ਤੇ ਉਹ ਮੈਨੂੰ ਆਪਣੀ ਘਨ੍ਹੇੜੀ ਬਿਠਾ ਕੇ ਸਾਡੇ ਘਰ ਛੱਡ ਗਿਆ। ਉਸ ਦਿਨ ਤੋਂ ਬਾਅਦ ਪਾਪਾ ਮੇਰਾ ਜਰਾ ਵਿਸਾਹ ਨਾ ਖਾਂਦੇ। ਉਨ੍ਹਾਂ ਨੇ ਟੀਚਰਾਂ ਨੂੰ ਤਾਗੀਦ ਕੀਤੀ ਕਿ ਮੇਰਾ ਖਾਸ ਖਿਆਲ ਰੱਖਿਆ ਜਾਵੇ ਤੇ ਮੇਰੇ ਬਾਕੀ ਪਰਿਵਾਰ ਨੂੰ ਵੀ ਆਪਣੇ ਕੋਲ ਦਿੱਲੀ ਹੀ ਬੁਲਾ ਲਿਆ। "ਮੇਰੇ ਉਹ ਪਾਪਾ ਅੱਜ ਵ੍ਹੀਲ ਚੇਅਰ 'ਚ ਕਿਵੇਂ?"

ਥਕਾਵਟ ਨਾਲ ਮੰਦਾ ਹਾਲ ਸੀ। ਸਫਰ ਵੀ ਤਾਂ ਇੰਨਾ ਲੰਮਾ ਹੁੰਦੈ, ਕੈਲੀਫੋਰਨੀਆ ਤੋਂ ਦਿੱਲੀ ਅਤੇ ਦਿੱਲੀ ਤੋਂ ਜਲੰਧਰ। ਬੰਦੇ ਦੀ ਬੱਸ ਹੋ ਜਾਂਦੀ ਐ। ਖਾਣ-ਪੀਣ ਪਿਛੋਂ ਮੈਂ ਉਸ ਕਮਰੇ ਵਿਚ ਸੌਂ ਗਈ, ਜੋ ਮੈਨੂੰ ਦਿੱਤਾ ਗਿਆ ਸੀ। ਅੱਧੀ ਰਾਤ ਨੂੰ ਓਪਰੀ ਜਗ੍ਹਾ ਕਰਕੇ ਜਾਂ ਬੇਆਰਾਮੀ ਨਾਲ ਮੇਰੀ ਨੀਂਦ ਖੁੱਲ੍ਹ ਗਈ। ਇਕ ਮਿੰਟ ਲਈ ਤਾਂ ਪਤਾ ਹੀ ਨਾ ਲੱਗੇ ਕਿ ਮੈਂ ਕਿੱਥੇ ਸਾਂ। ਕਮਰੇ 'ਚ ਨਜ਼ਰ ਮਾਰੀ, ਸਭ ਕੁਝ ਓਪਰਾ ਓਪਰਾ! ਹੌਲੀ ਹੌਲੀ ਸਮਝ ਆਈ ਕਿ ਮੈਂ ਇਸ ਟਾਈਮ ਇੰਡੀਆ ਵਿਚ ਹਾਂ। ਕਮਰੇ ਵਿਚੋਂ ਇਕ ਅਜੀਬ ਕਿਸਮ ਦੀ ਗੰਧ ਆ ਰਹੀ ਸੀ। ਕੋਲ ਪਿਆ ਟੇਬਲ ਲੈਂਪ ਬਾਲਦੀ ਹਾਂ। ਕਮਰਾ ਰੌਸ਼ਨੀ ਨਾਲ ਭਰ ਜਾਂਦੈ। ਘੜੀ ਵੱਲ ਵੇਖਿਆ, ਰਾਤ ਦਾ ਇਕ ਵੱਜਾ ਸੀ। ਕੁਝ ਚਿਰ ਲੰਮੀ ਪਈ ਰਹੀ ਪਰ ਨੀਂਦ ਨਾ ਆਵੇ।

'ਇੱਥੋਂ ਦੇ ਘਰ ਕਿੰਨੇ ਬਦਲ ਗਏ ਨੇ ਹੁਣ', ਸੋਚਣ ਲੱਗੀ। ਮੈਨੂੰ ਇਹ ਘਰ ਆਪਣੇ ਪਿੰਡ ਵਾਲੇ ਘਰ ਵਰਗਾ ਨਹੀਂ ਲੱਗਦਾ, ਜਿੱਥੇ ਮੇਰਾ ਦਸਵੀਂ ਤੋਂ ਬਾਅਦ ਦਾ ਸਮਾਂ ਬੀਤਿਆ। ਬਹੁਤ ਅਜਨਬੀਅਤ ਹੈ ਇਸ ਦੇ ਅੰਦਰ, ਭਾਵੇਂ ਪਾਪਾ ਨੇ ਘਰ ਤਾਂ ਬੜਾ ਸੁਹਣਾ ਬਣਾ ਲਿਆ ਹੋਇਐ। ਹੁਣ ਤਾਂ ਕਰੀਬ ਸਾਰਾ ਕੁਝ ਹੀ 'ਬਾਹਰ' ਵਾਂਗ ਲੱਗਦਾ ਹੈ, ਇੱਥੇ ਵੀ ਉਂਜ ਦੀਆਂ ਹੀ ਅਲਮਾਰੀਆਂ, ਪਰਦੇ ਤੇ ਫਰਸ਼। ਬਹੁਤ ਬਦਲ ਗਿਆ ਹੈ, ਇੰਡੀਆ ਹੁਣ!

ਪਿੰਡ ਸਾਡੀ ਰਸੋਈ ਘਰ ਦੇ ਅੰਦਰ ਹੁੰਦੀ ਸੀ, ਜਿਸ 'ਚ ਕੇਵਲ ਸਟੋਵ ਚਲਾਉਂਦੇ ਸਾਂ। ਇਕ ਚੌਂਕਾ ਹੁੰਦਾ ਸੀ ਵਿਹੜੇ ਵਿਚ, ਉਥੇ ਚੁੱਲ੍ਹਾ ਬਾਲਦੇ। ਅੱਧੀ ਅੱਧੀ ਰਾਤ ਚੁੱਲ੍ਹੇ ਮੂਹਰੇ ਬੈਠ ਕੇ ਗੱਲਾਂ ਕਰਦੇ। ਕੋਠਿਆਂ 'ਤੇ ਸੌਂਦੇ, ਤਾਰੇ ਗਿਣਦੇ ਤੇ ਬਾਤਾਂ ਪਾਉਂਦੇ। ਕਦੇ ਕਦੇ ਭੂਤਾਂ ਦੀਆਂ ਕਹਾਣੀਆਂ ਸੁਣਾਉਂਦੇ; ਛਲੇਡਿਆਂ ਤੋਂ ਡਰਦੇ ਅੱਖਾਂ ਬੰਦ ਕਰਕੇ ਸੌਂ ਜਾਂਦੇ। ਅਚਾਨਕ ਕੋਈ ਅੱਭੜਵਾਹੇ ਉਠ ਕੇ ਆਖਦਾ, "ਤੁਸੀਂ ਢੋਲਕੀ-ਛੈਣਿਆਂ ਦੀ ਆਵਾਜ਼ ਸੁਣੀ...ਮੈਂ ਹੁਣੇ ਸੁਣਿਐ, ਐਧਰ ਨੂੰ ਢੋਲਕੀ ਛੈਣੇ ਵੱਜਦੇ ਜਾਂਦੇ...।" ਤੇ ਸਾਰੇ ਹੋਰ ਵੀ ਸੁੰਗੜ ਕੇ ਚੁੱਪ ਕਰ ਜਾਂਦੇ।

ਅੱਜ ਮੈਂ ਜਲੰਧਰ ਸ਼ਹਿਰ ਆਪਣੇ ਪਾਪਾ ਦੇ ਘਰ ਦੇ ਇਕ ਮਾਡਰਨ ਕਮਰੇ ਵਿਚ ਇਕੱਲੀ ਸੁੱਤੀ ਪਈ ਹਾਂ, ਕਦੇ ਸਾਰੇ ਇੱਕੋ ਕਮਰੇ ਵਿਚ ਸੌਂਦੇ ਹੁੰਦੇ ਸਾਂ ਤੇ ਢੇਰ ਰਾਤ ਤੱਕ ਸਾਡੀਆਂ ਗੱਲਾਂ ਨਾ ਮੁੱਕਦੀਆਂ!

ਪਾਪਾ ਨੇ ਇਹ ਘਰ ਪੁੱਤਰ ਨੂੰ ਗੁਆਉਣ ਪਿਛੋਂ ਬਣਾਇਆ ਸੀ। ਉਦੋਂ ਮੈਂ ਇੱਥੋਂ ਅਮਰੀਕਾ ਜਾ ਚੁਕੀ ਸਾਂ, ਜਦੋਂ ਮੈਥੋਂ ਛੋਟਾ ਮੇਰਾ ਵੀਰ ਪੰਜਾਬ ਦੇ ਕਾਲੇ ਦਿਨਾਂ ਦੀ ਅੱਥਰੀ ਵਾਅ ਦਾ ਸ਼ਿਕਾਰ ਹੋ ਗਿਆ ਸੀ। ਇੰਨੇ ਨੂੰ ਭਾਬੀ ਵੀ ਉਠ ਕੇ ਕਮਰੇ ਵਿਚ ਆ ਗਈ ਅਤੇ ਮੇਰੇ ਕੋਲ ਬੈਠ ਗਈ। ਮੇਰੇ ਤੋਂ ਤਾਂ ਕਿੰਨੀ ਛੋਟੀ ਹੈ ਪਰ ਜਿਸ ਉਮਰੇ ਇਸ ਵਿਚਾਰੀ ਨੇ ਆਪਣਾ ਪਤੀ ਗੁਆਇਆ, ਕਿੰਨਾ ਔਖਾ ਹੁੰਦੈ ਇਕੱਲੇ ਸਭ ਕੁਝ ਕਰਨਾ! ਮੈਂ ਉਸ ਦੇ ਬੁੱਢੇ ਹੁੰਦੇ ਜਾ ਰਹੇ ਮੂੰਹ ਵੱਲ ਤੱਕਦੀ ਹਾਂ, "ਕਿਵੇਂ ਹੋ ਗਿਆ ਸੀ ਇਹ ਸਭ ਕੁਝ? ਕੁਝ ਪਤਾ ਲੱਗਾ ਬਾਅਦ ਵਿਚ? ਕੌਣ ਸਨ ਉਹ ਜੋ...?"

"ਪਤਾ ਨਹੀਂ ਭੈਣ ਜੀ...ਬੱਸ ਕਿਸਮਤਾਂ ਦੇ ਗੇੜ ਨੇ! ਕਾਲੇ ਦਿਨਾਂ ਦੀ ਭੇਟ ਚੜ੍ਹ ਗਏ ਉਹ। ਉਦੋਂ ਇਵੇਂ ਹੀ ਹੁੰਦਾ ਸੀ। ਪਤਾ ਨਹੀਂ ਕੌਣ ਕਿਸ ਨਾਲ ਕਿਉਂ ਤੇ ਕਿਹੜੀ ਦੁਸ਼ਮਣੀ ਕੱਢਦਾ, ਉਹ ਹੀ ਜਾਣਦਾ! ਸਾਨੂੰ ਤਾਂ ਅੱਜ ਤੱਕ ਕਿਸੇ ਗੱਲ ਦਾ ਪਤਾ ਹੀ ਨਹੀਂ ਲੱਗਾ ਕਿ ਕੌਣ ਗੋਲੀ ਮਾਰ ਗਿਆ ਉਨ੍ਹਾਂ ਨੂੰ ਅਤੇ ਕਿਉਂ ਮਾਰ ਗਿਆ? ਸਾਰੀ ਜ਼ਿੰਮੇਵਾਰੀ ਪਾਪਾ ਜੀ ਸਿਰ ਆ ਗਈ। ਪਾਪਾ ਨੇ ਬੱਚਿਆਂ ਨੂੰ ਪਿੰਡੋਂ ਜਲੰਧਰ ਲਿਆ ਕੇ ਆਹ ਘਰ ਬਣਵਾ ਦਿੱਤਾ ਤਾਂ ਕਿ ਬੱਚੇ ਤਾਂ ਸੁਰੱਖਿਅਤ ਰਹਿ ਸਕਣ। ਨਾਲੇ ਪਾਪਾ ਜੀ ਕਹਿੰਦੇ, ਤੈਨੂੰ ਲੋਕਾਂ ਨੇ ਪਿੰਡ 'ਚ ਜਿਉਣ ਨਹੀਂ ਦੇਣਾ। ਕਹਿੰਦੇ, ਉਹ ਤਾਂ ਚਲੇ ਗਿਆ ਪਰ ਤੂੰ ਤਾਂ ਆਪ ਵੀ ਜਿਉਣਾ ਹੈ ਅਤੇ ਬੱਚਿਆਂ ਦੀ ਮਾਂ ਤੇ ਪਿਉ-ਦੋਵੇਂ ਬਣਨੈਂ। ਭਾਪਾ ਜੀ ਨੇ ਸਾਨੂੰ ਜ਼ਰਾ ਵੀ ਦੁੱਖ ਨਹੀਂ ਦੇਖਣ ਦਿੱਤਾ। ਮੈਨੂੰ ਆਪਣੀ ਧੀ ਸਮਝ ਕੇ ਸਹਾਰਾ ਦਿੱਤਾ ਅਤੇ ਸਾਰੀ ਉਮਰ ਸਾਡੀ ਢਾਲ ਬਣੇ ਰਹੇ। ਆਹ ਹੁਣ ਦੋ ਕੁ ਸਾਲਾਂ ਤੋਂ ਹੀ ਬੱਸ ਕਮਜ਼ੋਰ ਹੋ ਗਏ ਨੇ, ਪਰ ਮਨ ਅਜੇ ਵੀ ਬਹੁਤ ਤਕੜੈ!"

"ਨਾਲੇ ਤੂੰ ਭਰ ਜੁਆਨ ਸੀ ਉਦੋਂ। ਸੱਚੀਂ ਤੈਨੂੰ ਕਿਹੜਾ ਚੱਜ ਨਾਲ ਜੀਣ ਦੇਣਾ ਸੀ ਲੋਕਾਂ ਨੇ, ਇਕੱਲੀ ਵੇਖ ਲੱਖ ਲੱਖ ਊਜਾਂ ਲਾਉਣੀਆਂ ਸਨ। ਹੋਈ ਸੀ ਮੇਰੀ ਗੱਲ ਪਾਪਾ ਨਾਲ ਉਦੋਂ! ਚਲੋ ਚੰਗਾ ਕੀਤਾ ਤੁਸੀਂ ਇੱਥੇ ਆ ਗਏ ਤੇ ਬੱਚੇ ਪੜ੍ਹ ਲਿਖ ਗਏ।"



"ਹੋਰ, ਪਾਪਾ ਜੀ ਨੇ ਆਪਣੀ ਵਾਹ ਲਾ ਦਿੱਤੀ ਬੱਚਿਆਂ ਨੂੰ ਪੜ੍ਹਾਉਣ ਲਈ। ਪਤਾ ਨਹੀਂ ਉਨ੍ਹਾਂ ਦੀ ਖਾਤਿਰ ਹੀ ਰੱਬ ਨੇ ਉਨ੍ਹਾਂ ਨੂੰ ਲੰਬੀ ਉਮਰ ਬਖਸ਼ੀ ਤਾਂ ਕਿ ਉਹ ਇਹ ਜਿੰਮੇਵਾਰੀ ਨਿਭਾ ਸਕਣ। ਚੰਗੀ ਪੈਨਸ਼ਨ ਮਿਲੀ ਜਾਂਦੀ ਐ, ਬੱਚਿਆਂ ਨੂੰ ਕਦੇ ਕਿਸੇ ਗੱਲ ਦੀ ਕਮੀ ਨਹੀਂ ਮਹਿਸੂਸ ਹੋਣ ਦਿੱਤੀ। ਹੁਣ ਉਨ੍ਹਾਂ ਦੀ ਇਨ੍ਹਾਂ ਬੱਚਿਆਂ ਵਿਚ ਜਾਨ ਵਸਦੀ ਹੈ। ਇਨ੍ਹਾਂ ਨੂੰ ਸੈਟਲ ਕਰਨ ਦਾ ਫਿਕਰ ਲਾਈ ਰੱਖਦੇ ਨੇ...।"

ਮੈਂ ਮਨ ਹੀ ਮਨ ਸੋਚਦੀ ਹਾਂ, "ਮੇਰੇ ਪਾਪਾ ਸੱਚਮੁਚ ਹੀ ਬਹੁਤ ਗਰੇਟ ਹਨ। ਆਪ ਇੰਨੇ ਬਜੁਰਗ ਹੋ ਗਏ ਨੇ ਅਤੇ ਅਜੇ ਵੀ...!" ਭਾਬੀ ਹੌਲੀ ਜਿਹੀ ਉਠ ਕੇ ਚਲੀ ਗਈ ਅਤੇ ਮੈਂ ਡੂੰਘੀਆਂ ਸੋਚਾਂ ਵਿਚ ਗੁਆਚ ਗਈ!

ਘਰ ਵਿਚ ਅਜੀਬ ਚੁੱਪ ਸੀ; ਸਿਰਫ ਕਦੇ ਕਦੇ ਆਉਂਦੀ ਪਾਪਾ ਦੀ ਖੰਘ ਇਸ ਚੁੱਪ ਨੂੰ ਤੋੜਦੀ। ਪਾਪਾ ਜੀ ਦਾ ਚਿਹਰਾ ਸਾਹਮਣੇ ਆਉਂਦਿਆਂ ਹੀ ਮੇਰਾ ਮਨ ਇਕ ਵਾਰ ਫੇਰ ਤੜਫ ਉਠਿਆ, "ਹਾਏ ਮੇਰੇ ਪਾਪਾ ਕਿੰਨੇ ਲਾਚਾਰ ਹੋ ਗਏ ਅੱਜ! ਕੋਈ ਜ਼ਮਾਨਾ ਸੀ, ਪਾਪਾ ਕੰਮ ਤੋਂ ਘਰ ਆਉਂਦੇ ਤਾਂ ਅਸੀਂ ਉਨ੍ਹਾਂ ਨਾਲ ਖੂਬ ਖੇਡਦੇ। ਉਨ੍ਹਾਂ ਨੂੰ ਦੌੜ ਦੌੜ ਫੜਦੇ ਪਰ ਉਹ ਕਦੇ ਪਕੜ 'ਚ ਨਾ ਆਉਂਦੇ। ਫੇਰ ਉਹ ਸਾਨੂੰ ਹੋਮ ਵਰਕ ਕਰਾਉਂਦੇ ਤਾਂ ਬੜੇ ਗੰਭੀਰ ਹੋ ਜਾਂਦੇ। ਉਨ੍ਹਾਂ ਨੇ ਮੇਰੇ ਤੋਂ ਹਿੰਦੀ ਦਾ ਕੈਦਾ ਸੁਣਨਾ; ਮੈਂ ਬੜਾ ਡਰ ਡਰ ਕੇ ਸੁਣਾਉਣਾ! ਹੁਣ ਉਹ ਜਦੋਂ ਦੱਸਦੇ ਨੇ ਕਿ ਉਨ੍ਹਾਂ ਨੂੰ ਤਾਂ ਹਿੰਦੀ ਆਉਂਦੀ ਹੀ ਨਹੀਂ ਸੀ; ਉਹ ਤਾਂ ਉਨ੍ਹਾਂ ਨੇ ਮੇਰੇ ਤੋਂ ਸੁਣ ਸੁਣ ਸਿੱਖੀ ਸੀ ਤਾਂ ਸੱਚਮੁਚ ਬੜਾ ਹਾਸਾ ਆਉਂਦੈ ਕਿ ਲੈ ਪਾਪਾ ਮੈਨੂੰ ਬੁੱਧੂ ਹੀ ਬਣਾਉਂਦੇ ਰਹੇ ਐਵੇਂ! ਉਨ੍ਹਾਂ ਜਦੋਂ ਮੈਨੂੰ ਪਹਾੜੇ ਯਾਦ ਕਰਵਾਉਣੇ ਤਾਂ ਮੈਨੂੰ ਭੁੱਲ ਜਾਣੇ। ਪਹਾੜੇ ਮੈਨੂੰ ਬਹੁਤ ਹੀ ਬੋਰਿੰਗ ਲੱਗਦੇ! ਪਾਪਾ ਨੇ ਜਰਾ ਕਰੜੀ ਆਵਾਜ਼ 'ਚ ਪੁੱਛਣਾ, 'ਚੌਦਾਂ ਬਾਰ੍ਹਿਆ?' ਉਹ ਮਾਈ ਗੌਡ! ਮੈਨੂੰ ਕਦੀ ਯਾਦ ਨਾ ਆਉਣਾ! ਇੰਜੀਨੀਅਰ ਸਨ, ਮੈਥ ਆਉਂਦਾ ਸੀ ਉਨ੍ਹਾਂ ਨੂੰ। ਦਸਵੀਂ ਤੱਕ ਮੈਨੂੰ ਪੜ੍ਹਾਉਂਦੇ ਰਹੇ। ਫਿਰ ਆ ਗਈ ਵਾਰੀ ਪੰਜਾਬੀ ਦੀ!

ਪਾਪਾ ਦੀ ਰਿਟਾਇਰਮੈਂਟ ਅਤੇ ਮੇਰੇ ਦਸਵੀਂ ਕਰਨ ਪਿਛੋਂ ਅਸੀਂ ਦਿੱਲੀ ਤੋਂ ਪਿੰਡ (ਪੰਜਾਬ) ਆ ਗਏ। ਮੈਨੂੰ ਤਾਂ ਪੰਜਾਬੀ ਆਵੇ ਨਾ! ਪਾਪਾ ਨੇ ਕਿਹਾ, 'ਐਧਰ ਲਿਆ ਆਪਣਾ ਪੈਂਤੀ ਦਾ ਕੈਦਾ!' ਉਨ੍ਹਾਂ ਗੁਰਮੁਖੀ ਅੱਖਰਾਂ ਹੇਠਾ ਦੇਵਨਾਗਰੀ ਦੇ ਅੱਖਰ ਲਿਖ ਦਿੱਤੇ ਤੇ ਮੇਰਾ ਕੰਮ ਸੌਖਾ ਕਰ ਦਿੱਤਾ।"

ਅਚਾਨਕ ਬਾਹਰ ਖੜਾਕ ਹੋਇਆ, ਦਰਵਾਜਾ ਖੁਲ੍ਹਣ ਦੀ ਆਵਾਜ਼ ਆਈ, 'ਠੱਕ ਠੱਕ ਠੱਕ।' ਮੈਨੂੰ ਕੋਠੇ 'ਤੇ ਸੁਣਾਈਆਂ ਛਲੇਡਿਆਂ ਦੀਆਂ ਕਹਾਣੀਆਂ ਯਾਦ ਆ ਗਈਆਂ। ਮੈਂ ਡਰਦਿਆਂ ਡਰਦਿਆਂ ਉਠ ਕੇ ਬਾਹਰ ਵੇਖਿਆ। ਵਿਸਾਖੀਆਂ ਸਹਾਰੇ ਪਾਪਾ ਜੀ ਹੌਲੀ ਹੌਲੀ ਤੁਰੇ ਆ ਰਹੇ ਸਨ। ਮੈਨੂੰ ਦੇਖ ਕੇ ਕਹਿੰਦੇ, "ਅਜੇ ਸੁੱਤੀ ਨਹੀਂ ਬੇਟਾ?"

"ਨਹੀਂ ਜੀ। ਪਾਪਾ, ਇਸ ਵੇਲੇ ਉਧਰ ਦਿਨ ਜੁ ਹੈ, ਨੀਂਦ ਨਹੀਂ ਆ ਰਹੀ।...ਤੁਸੀਂ?"

"ਇਸ਼ਨਾਨ ਕਰਨ ਚੱਲਾਂ...।"

"ਓਅ!" ਮੈਂ ਇੰਨਾ ਹੀ ਆਖ ਸਕੀ। ਕਹਿਣਾ ਤਾਂ ਚਾਹੁੰਦੀ ਸਾਂ 'ਇੰਨੀ ਜਲਦੀ ਕਿਉਂ? ਜਰਾ ਲੇਟ ਨਹਾ ਲੈਂਦੇ, ਹੁਣ ਕੋਈ ਤੁਹਾਡੀ ਉਮਰ ਹੈ ਐਨੀ ਸਵੇਰੇ ਉਠਣ ਦੀ!' ਪਰ ਕਹਿ ਨਾ ਸਕੀ। ਮੈਂ ਵਾਪਿਸ ਕਮਰੇ ਵਿਚ ਆ ਗਈ। ਘੜੀ 'ਤੇ ਦੇਖਿਆ, ਦੋ ਵੱਜੇ ਸਨ। ਵਾਸ਼ਰੂਮ ਵਿਚੋਂ ਪਾਪਾ ਦੇ ਇਸ਼ਨਾਨ ਕਰਨ, ਖੰਘਣ ਤੇ 'ਵਾਹਿਗੁਰੂ ਵਾਹਿਗੁਰੂ' ਦੀ ਮਿਲੀ-ਜੁਲੀ ਆਵਾਜ਼ ਲਗਾਤਾਰ ਆਉਂਦੀ ਰਹੀ।

ਬਚਪਨ ਤੋਂ ਦੇਖਦੀ ਆਈ ਹਾਂ, ਪਾਪਾ ਜੀ ਹਮੇਸ਼ਾ ਚਾਰ ਵਜੇ ਉਠਦੇ, ਇਸ਼ਨਾਨ ਕਰਦੇ, ਪੰਜ ਬਾਣੀਆਂ ਦਾ ਪਾਠ ਕਰਦੇ ਤੇ ਗੁਰਦੁਆਰੇ ਮੱਥਾ ਟੇਕ ਕੇ ਦਫਤਰ ਜਾਂਦੇ। ਸ਼ਾਮ ਨੂੰ ਛੇ ਵਜੇ ਘਰ ਆਉਂਦੇ। ਮੂੰਹ ਹੱਥ ਧੋ ਰਹਿਰਾਸ ਸਾਹਿਬ ਦਾ ਪਾਠ ਕਰਕੇ ਰੋਟੀ ਖਾਂਦੇ। ਉਹ ਸਿਰਫ ਦੋ ਵਕਤ ਹੀ ਭੋਜਨ ਕਰਦੇ, ਸਵੇਰੇ ਦਫਤਰ ਜਾਣ ਵੇਲੇ ਤੇ ਸ਼ਾਮ ਨੂੰ ਸੂਰਜ ਖੜ੍ਹੇ। ਉਹ ਹਮੇਸ਼ਾ ਹੀ ਰੁਟੀਨ ਵਿਚ ਬੱਝੇ ਰਹੇ। ਸ਼ਾਇਦ ਇਸੇ ਕਰਕੇ ਉਨ੍ਹਾਂ ਦੇ ਚਿਹਰੇ ਤੇ ਅਜੇ ਤੱਕ ਅਜਿਹਾ ਨੂਰ ਹੈ। ਦੰਦ ਅਜੇ ਤੱਕ ਚਮਕਦੇ ਨੇ, ਬਿਨਾ ਐਨਕ ਪੜ੍ਹਦੇ ਨੇ। ਪਰ ਅੱਜ ਤਾਂ ਦੋ ਵਜੇ ਹੀ ਉਠ ਖੜੋਏ?

ਪਾਪਾ ਜੀ ਜਦੋਂ ਨਹਾ ਕੇ ਬਾਹਰ ਆਏ ਤਾਂ ਮੈਂ ਚਾਹ ਦੇ ਦੋ ਕੱਪ ਬਣਾ ਕੇ ਉਨ੍ਹਾਂ ਦੇ ਕਮਰੇ ਵਿਚ ਲੈ ਗਈ। ਪਾਪਾ ਜੀ ਦਾ ਕਮਰਾ ਗੇਟ ਦੇ ਬਿਲਕੁਲ ਸਾਹਮਣੇ ਘਰ ਦੇ ਬਾਕੀ ਕਮਰਿਆਂ ਤੋਂ ਅਲੱਗ ਹੈ। ਅੰਦਰੇ ਅੰਦਰ ਇਕ ਦੁੱਖ ਜਿਹਾ ਮਹਿਸੂਸ ਹੋਇਆ ਕਿ ਪਾਪਾ ਜੀ ਨੂੰ ਕੋਈ ਅੰਦਰ ਵਾਲਾ ਕਮਰਾ ਕਿਉਂ ਨਹੀਂ ਦਿੱਤਾ ਗਿਆ, ਬਾਹਰ ਵਾਲਾ ਹੀ ਕਿਉਂ? ਇਹ ਕਮਰਾ ਵਾਸ਼ਰੂਮ ਤੋਂ ਇੰਨਾ ਦੂਰ ਹੈ, ਪਾਪਾ ਨੂੰ ਵਾਰ ਵਾਰ ਵਾਸ਼ਰੂਮ ਜਾਣ 'ਚ ਕਿੰਨੀ ਤਕਲੀਫ ਹੁੰਦੀ ਹੋਵੇਗੀ। ਉਹ ਜਾਣੇ... ਇਨ੍ਹਾਂ ਦੇ ਘਰ ਦੀ ਗੱਲ ਹੈ! ਮੈਂ ਨੀਂ ਦਖਲ ਦੇਣਾ!

ਪਾਪਾ ਨੇ ਕੋਲ ਪਏ ਮੇਜ ਤੋਂ ਡੱਬਾ ਚੁੱਕ ਕੇ ਦੋ ਪਿੰਨੀਆਂ ਕੱਢੀਆਂ। ਇਕ ਮੈਨੂੰ ਦਿੱਤੀ ਤੇ ਇਕ ਆਪ ਖਾਣ ਲੱਗੇ। ਗੱਲਾਂ ਤੇ ਰੋਜ਼ ਟੈਲੀਫੋਨ 'ਤੇ ਬਥੇਰੀਆਂ ਕਰ ਲਈਦੀਆਂ ਸਨ, ਆਵਾਜ਼ ਤੋਂ ਕਦੇ ਲੱਗਾ ਹੀ ਨਹੀਂ ਸੀ, ਉਹ ਸੱਚਮੁੱਚ ਇੰਨੇ ਬਿਰਧ ਹੋ ਗਏ ਸਨ! ਪਰ ਵੇਖ ਰਹੀ ਸਾਂ ਕਿ ਉਨ੍ਹਾਂ ਦਾ ਹੌਸਲਾ ਅਜੇ ਤੱਕ ਉਵੇਂ ਹੀ ਬੁਲੰਦ ਸੀ। ਪਿੰਨੀ ਖਾਣ ਪਿਛੋਂ ਚਾਹ ਖਤਮ ਕਰਕੇ ਉਨ੍ਹਾਂ ਆਪਣਾ ਨਿਤਨੇਮ ਸ਼ੁਰੂ ਕੀਤਾ। ਮੈਂ ਹੈਰਾਨ ਸਾਂ ਕਿ ਉਹ ਬਿਨਾ ਐਨਕਾਂ ਦੇ ਪਾਠ ਕਰ ਰਹੇ ਸਨ, ਸੌ ਸਾਲ ਦੀ ਉਮਰ ਵਿਚ! ਮੈਂ ਆਪਣੇ ਕਮਰੇ ਵਿਚ ਵਾਪਿਸ ਆ ਗਈ ਅਤੇ ਪਿਛਲੀਆਂ ਯਾਦਾਂ ਵਿਚ ਘਿਰ ਗਈ।

ਉਹ ਦਿਨ ਤਾਂ ਕਦੇ ਭੁੱਲਣੇ ਈ ਨਹੀਂ, ਜਦੋਂ ਮੈਂ ਕਾਲਜ ਦੇ ਹੋਸਟਲ ਤੋਂ ਘਰ ਆਈ ਹੋਈ ਸਾਂ। ਇਕ ਦਿਨ ਸਭ ਤੋਂ ਨਿੱਕਾ ਵੀਰ ਰਾਜੂ ਆਖਦੈ, "ਦੀਦੀ ਮੈਨੂੰ ਜਲੰਧਰ ਲੈ ਚੱਲ, ਤੇਰੇ ਕਾਲਜ ਦੇ ਨਾਲ ਜਿਹੜਾ ਮਿਹਰਚੰਦ ਟੈਕਨੀਕਲ ਕਾਲਜ ਹੈ, ਮੈਂ ਉਥੇ ਆਈ. ਟੀ. ਆਈ. 'ਚ ਦਾਖਲਾ ਲੈਣੈ।"

"ਅੱਜ ਤਾਂ ਆਪਾਂ ਲੇਟ ਹੋ ਗਏ, ਕੱਲ ਸਵੇਰੇ ਸਵੇਰੇ ਚਲਾਂਗੇ ਨਿੱਕੇ!" ਕਹਿ ਮੈਂ ਤੇ ਬੀਜੀ ਲਾਗਲੇ ਪਿੰਡ ਕਿਸੇ ਰਿਸ਼ਤੇਦਾਰ ਦੀ ਖਬਰ ਲੈਣ ਚਲੀਆਂ ਗਈਆਂ। ਅਜੇ ਉਥੇ ਪਹੁੰਚੀਆਂ ਹੀ ਸਾਂ ਕਿ ਇਕ ਮੁੰਡਾ ਕਾਹਲੀ ਕਾਹਲੀ ਸਾਈਕਲ 'ਤੇ ਆਇਆ ਤੇ ਕਹਿੰਦਾ, "ਤਾਈ ਜੀ! ਤੁਹਾਨੂੰ ਤਾਇਆ ਜੀ ਬੁਲਾਉਂਦੇ ਨੇ, ਛੇਤੀ ਚਲੋ।" ਤੇ ਉਹ ਬੀਜੀ ਨੂੰ ਨਾਲ ਲੈ ਕੇ ਉਡ ਗਿਆ। ਜਦੋਂ ਮੈਂ ਪਿੱਛੇ ਪਿੱਛੇ ਘਰ ਦੇ ਮੋੜ ਕੋਲ ਪਹੁੰਚੀ ਤਾਂ ਸਾਡੀ ਗਲੀ ਲੋਕਾਂ ਨਾਲ ਭਰੀ ਪਈ ਸੀ। ਮੈਨੂੰ ਵੇਖ ਉਹ ਧਾਹਾਂ ਮਾਰਨ ਲੱਗੇ, "ਨੀ ਧੀਏ ਤੁਸੀਂ ਲੁੱਟੇ ਗਏ, ਤੁਹਾਡਾ ਰਾਜੂ ਡੁੱਬ ਗਿਆ...!"

ਸੋਲ੍ਹਾਂ ਸਾਲਾਂ ਦੇ ਸਭ ਤੋਂ ਨਿੱਕੇ ਵੀਰ ਨੂੰ ਘਰ ਦੇ ਵਰਾਂਡੇ ਵਿਚ ਨਿਰਜਿੰਦ ਪਿਆ ਵੇਖ ਸਾਡੀ ਤਾਂ ਜਿਵੇਂ ਦੁਨੀਆਂ ਹੀ ਉਜੜ ਗਈ। ਪਾਪਾ ਨੇ ਇਕ ਵੀ ਹੰਝੂ ਨਾ ਕੇਰਿਆ, ਬੱਸ ਇਹੀ ਆਖਣ, "ਜਿਸ ਕੀ ਵਸਤ ਤਿਸੁ ਆਗੈ ਰਾਖੇ॥"

ਜੁਆਨ ਪੁੱਤਰ ਦਾ ਸਸਕਾਰ ਕਰਨ ਪਿਛੋਂ ਉਨ੍ਹਾਂ ਘਰ ਆ ਕੇ ਮੂੰਹ ਹੱਥ ਧੋਤਾ ਤੇ ਰਹਿਰਾਸ ਦਾ ਪਾਠ ਕੀਤਾ। 'ਕਿਵੇਂ ਕੀਤਾ ਹੋਵੇਗਾ ਇਹ ਸਭ ਪਾਪਾ ਤੁਸੀ?'

ਪਾਪਾ ਨੇ ਕਿਸੇ ਨੂੰ ਰੋਣ ਨਾ ਦਿੱਤਾ ਸਗੋਂ ਸਮਝਾਉਂਦੇ ਕਿ ਮੌਤ ਤਾਂ ਅਟੱਲ ਸੱਚਾਈ ਹੈ, ਜੋ ਸਭ ਨੂੰ ਆਉਣੀ ਹੈ। ਗੁਰੂ ਗੋਬਿੰਦ ਸਿੰਘ ਦੀ ਮਿਸਾਲ ਦਿੰਦੇ ਕਿ ਕਿਵੇਂ ਉਨ੍ਹਾਂ ਨੇ ਚਾਰੇ ਸਾਹਿਬਜ਼ਾਦੇ ਕੁਰਬਾਨ ਕੀਤੇ, ਪਰ ਸੀਅ ਨਾ ਕੀਤੀ। ਉਹ ਇਤਿਹਾਸ-ਮਿਥਿਹਾਸ ਵਿਚੋਂ ਕਹਾਣੀਆਂ ਸੁਣਾਉਂਦੇ ਤੇ ਸਾਨੂੰ ਡੋਲਣ ਨਾ ਦਿੰਦੇ। 'ਸੱਚਮੁੱਚ ਮੇਰੇ ਪਾਪਾ ਆਇਰਨ ਮੈਨ ਨੇ...ਆਈ ਐਮ ਸੋ ਪਰਾਊਡ ਆਫ ਯੂ ਪਾਪਾ!'

ਮੇਰੇ ਪਾਪਾ ਜਵਾਨੀ ਵਿਚ ਹਾਕੀ ਖੇਡਦੇ ਹੁੰਦੇ ਸਨ। ਉਨ੍ਹਾਂ ਨਾਲ ਕਈ ਵਾਰ ਅਸੀਂ ਵੀ ਸਟੇਡੀਅਮ ਚਲੇ ਜਾਂਦੇ ਅਤੇ ਉਨ੍ਹਾਂ ਦੀ ਖੇਡ ਦੇਖਦੇ। ਪਾਪਾ ਨੇ ਚਿੱਟੀ ਡਰੈਸ ਨਾਲ ਜੂੜੇ 'ਤੇ ਚਿੱਟਾ ਰੁਮਾਲ ਬੰਨਿਆ ਹੋਣਾ ਤੇ ਹੱਥ ਵਿਚ ਹਾਕੀ ਫੜੀ ਹੋਣੀ। ਕਿੰਨੇ ਸੋਹਣੇ ਲੱਗਦੇ ਹੁੰਦੇ ਸਨ! ਕਿੰਨੀਆਂ ਤਸਵੀਰਾਂ ਤੇ ਮੈਡਲ ਸਾਡੇ ਘਰ ਪਏ ਹੁੰਦੇ। ਇਕ ਤਸਵੀਰ ਪਾਪਾ ਦੀ ਸਮੁੰਦਰ ਵਿਚ ਤੈਰਦਿਆਂ ਦੀ ਸੀ। ਉਹ ਬਹੁਤ ਤੇਜ਼ ਦੌੜਾਂ ਦੌੜਦੇ। ਜਦੋਂ ਪੰਜਾਹ ਸਾਲ ਦੇ ਹੋਏ ਤਾਂ ਉਹ ਇਕ ਦੌੜ ਵਿਚ ਅਵੱਲ ਰਹੇ ਤੇ ਉਨ੍ਹਾਂ ਨੂੰ ਰਾਸ਼ਟਰਪਤੀ ਤੋਂ ਇਨਾਮ ਵੀ ਮਿਲਿਆ। ਅੱਜ ਆਪਣੇ ਪਾਪਾ ਨੂੰ ਵਿਸਾਖੀਆਂ ਸਹਾਰੇ ਚੱਲਦੇ ਵੇਖ ਮਨ ਤਾਂ ਖਰਾਬ ਹੋਣਾ ਹੀ ਸੀ!

ਮੇਰੀ ਛੋਟੀ ਭੈਣ ਨੈਨਾ ਵੀ ਉਠ ਗਈ। "ਕੀ ਗੱਲ ਦੀਦੀ, ਨੀਂਦ ਨਹੀਂ ਆਈ?" ਉਹ ਪੁੱਛਦੀ ਹੈ।

"ਹਾਂ, ਅਜੇ ਨਹੀਂ ਆਈ, ਹੁਣ ਦਿਨੇ ਆਵੇਗੀ। ਜਾਹ ਕਿਚਨ 'ਚੋਂ ਚਾਹ ਲੈ ਆ, ਮੈਥੋਂ ਵਾਧੂ ਬਣ ਗਈ ਸੀ।"

ਉਹ ਚਾਹ ਲਿਆ ਕੇ ਮੇਰੇ ਬੈਡ 'ਤੇ ਬੈਠ ਗਈ। ਮੈਂ ਬਿਨਾ ਕੋਈ ਭੂਮਿਕਾ ਬੰਨਿਆਂ ਉਸ ਨੂੰ ਪੁੱਛਦੀ ਹਾਂ, "ਪਾਪਾ ਜੀ ਦੀਆਂ ਲੱਤਾਂ ਨੂੰ ਕੀ ਹੋਇਆ?"

ਉਹ ਦੱਸਦੀ ਹੈ, "ਪਤਾ ਨਹੀਂ ਕੁਦਰਤ ਨੂੰ ਕੀ ਮਨਜ਼ੂਰ ਸੀ, ਪਾਪਾ ਇਕ ਦਿਨ ਸਕੂਟਰ 'ਤੇ ਪਿੰਡ ਨੂੰ ਜਮੀਨ ਦਾ ਠੇਕਾ ਲੈਣ ਜਾ ਰਹੇ ਸਨ, ਬੜਾ ਸੁਹਣਾ ਸਕੂਟਰ ਆਪਣੀ ਸਾਈਡ 'ਤੇ ਚਲਾ ਰਹੇ ਸਨ ਕਿ ਪਿੱਛੋਂ ਇਕ ਟਰਾਲੀ ਆ ਕੇ ਫੇਟ ਮਾਰ ਗਈ। ਪਾਪਾ ਸੜਕ 'ਤੇ ਡਿਗ ਪਏ! ਪਾਪਾ ਦਾ ਚੂਲਾ ਉਤਰ ਗਿਆ। ਲੋਕਾਂ ਨੇ ਚੁੱਕ ਕੇ ਘਰ ਪਹੁੰਚਾਇਆ। ਬੱਸ ਉਦੋਂ ਤੋਂ ਹੀ...।"

"ਕਦੋਂ ਤੋਂ?"

"ਤੁਹਾਡੇ ਜਾਣ ਤੋਂ ਦੋ ਕੁ ਮਹੀਨਿਆਂ ਪਿੱਛੋਂ ਹੀ!"

"ਫਿਰ ਇਲਾਜ ਕਿਉਂ ਨਾ ਕਰਵਾਇਆ?"

"ਲੈ ਕਰਵਾਇਆ ਕਿਉਂ ਨਹੀਂ! ਹੱਡੀਆਂ ਚੜ੍ਹਾਉਣ ਵਾਲੇ ਕਿਸੇ ਸਿਆਣੇ ਕੋਲ ਲੈ ਕੇ ਗਏ, ਤੁਹਾਨੂੰ ਪਤਾ ਈ ਐ ਨੀਮ-ਹਕੀਮਾਂ ਦਾ! ਉਸ ਨੇ ਜ਼ੋਰ ਦੀ ਝਟਕਾ ਮਾਰਿਆ, ਚੂਲਾ ਚੜ੍ਹਨ ਦੀ ਥਾਂ ਸਗੋਂ ਟੁੱਟ ਗਿਆ! ਮੁੜ ਕੇ ਡਾਕਟਰਾਂ ਕੋਲ ਗਏ ਤੇ ਉਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਇਸ ਉਮਰੇ ਇਹ ਠੀਕ ਨਹੀਂ ਹੋਣਾ।"

"ਫਿਰ ਮੈਨੂੰ ਕਿਉਂ ਨਾ ਦੱਸਿਆ?" ਮੈਨੂੰ ਬਹੁਤ ਗੁੱਸਾ ਆ।

"ਪਾਪਾ ਨੇ ਹੀ ਸਖਤ ਤਾਗੀਦ ਕੀਤੀ ਸੀ ਕਿ ਕਿਸੇ ਨੇ ਨਹੀਂ ਦੱਸਣਾ, ਉਹ ਐਡੀ ਦੂਰ ਇਕੱਲੀ ਬੈਠੀ ਐਵੇਂ ਈ ਉਦਾਸ ਹੋਊ। ਕਿੱਦਾਂ ਦੱਸਦੇ ਅਸੀਂ?"

ਮੈਂ ਚੁੱਪ ਕਰ ਗਈ। ਇੰਨੇ ਵਰ੍ਹੇ ਪਾਪਾ ਇੰਨੀ ਤਕਲੀਫ ਜਰਦੇ ਰਹੇ ਤੇ ਮੈਨੂੰ ਨਹੀਂ ਦੱਸਿਆ ਕਿ ਮੈਂ ਦੁਖੀ ਹੋਵਾਂਗੀ। 'ਜਰਨਾ ਤਾਂ ਕੋਈ ਤੁਹਾਥੋਂ ਸਿੱਖੇ ਪਾਪਾ!' ਮੈਂ ਖਾਮੋਸ਼ੀ ਵਿਚ ਡੁੱਬ ਗਈ, ਨੈਨਾ ਮੈਨੂੰ

***(ਅਗਲੇ ਸਫੇ 'ਤੇ ਜਾਰੀ)***

# ਰਾਹ ਦਰਸਾਊ, ਰਿਸ਼ੀ


## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਦੀ ਪੁਰਾਣੀ ਸਭਿਅਤਾ ਦੇ ਵਿਸ਼ੇ ਨਾਲ ਸਬੰਧਤ ਕਿਸੇ ਵੀ ਲੇਖ ਦਾ ਅਰੰਭ ਆਮ ਤੌਰ 'ਤੇ ਇਨ੍ਹਾਂ ਘਸੇ-ਪਿਟੇ ਸ਼ਬਦਾਂ ਨਾਲ ਹੁੰਦਾ ਹੈ, 'ਭਾਰਤ ਇਕ ਰਿਸ਼ੀਆਂ-ਮੁਨੀਆਂ ਦਾ ਦੇਸ਼ ਹੈ।' ਪਤਾ ਨਹੀਂ ਹਮੇਸ਼ਾ ਰਿਸ਼ੀਆਂ-ਮੁਨੀਆਂ ਨੂੰ ਹੀ ਵਡਿਆਈ ਜਾਣ ਵਿਚ ਭਾਰਤੀ ਸਭਿਅਤਾ ਦਾ ਕਿੰਨਾ ਕੁ ਸਿਰ ਉਚਾ ਉਠਦਾ ਹੈ! ਵੇਦ ਮੰਤਰਾਂ ਦਾ ਪ੍ਰਕਾਸ਼ ਕਰਨ ਵਾਲੇ ਪ੍ਰਾਚੀਨ ਵਿਦਵਾਨਾਂ ਨੂੰ ਰਿਸ਼ੀ ਕਿਹਾ ਜਾਂਦਾ ਸੀ, 'ਚਹੁੰ ਬੇਦਾਂ ਕੇ ਧਰਮ ਮਥ ਖਟ ਸ਼ਾਸਤ੍ਰ ਮਥ ਰਿਖੀ ਸੁਨਾਵੈ।' (ਭਾਈ ਗੁਰਦਾਸ)

ਕਿਹਾ ਜਾ ਸਕਦਾ ਹੈ ਕਿ ਰਿਸ਼ੀ ਉਹ ਹੋਇਆ ਕਰਦੇ ਸਨ, ਜੋ ਦੁਨੀਆਂ ਤਿਆਗ ਕੇ



ਜੰਗਲਾਂ, ਪਹਾੜਾਂ ਆਦਿ ਵਿਚ ਟਿਕਾਣਾ ਕਰ ਕੇ ਗਿਆਨ ਦੀ ਭਾਲ ਵਿਚ ਗੰਭੀਰ ਚਿੰਤਨ ਕਰਦੇ ਸਨ। 'ਮਹਾਨ ਕੋਸ਼' ਅਨੁਸਾਰ ਰਿਸ਼ੀ ਪਰਮਪਦ ਨੂੰ ਪਹੁੰਚੇ ਹੋਏ ਹੁੰਦੇ ਸਨ। ਕੁਝ ਰਚਣ, ਵਿਆਖਿਆ ਕਰਨ, ਉਪਦੇਸ਼ ਦੇਣ, ਪ੍ਰਚਾਰ ਕਰਨ ਜਿਹੇ ਕਰਮਾਂ ਦੀ ਬਿਨਾ 'ਤੇ ਰਿਸ਼ੀਆਂ ਦੇ ਸੱਤ ਭੇਦ ਮੰਨੇ ਗਏ ਹਨ। ਰਿਸ਼ੀ ਸੁਰਾਂ, ਅਸੁਰਾਂ ਅਤੇ ਮਨੁੱਖਾਂ ਤੋਂ ਅਲੱਗ ਹਸਤੀਆਂ ਹਨ। ਇਨ੍ਹਾਂ ਨੂੰ ਦੈਵ-ਪੁਰਸ਼ ਕਿਹਾ ਜਾ ਸਕਦਾ ਹੈ। ਇਹ ਸਮਝੋ ਪੁਰਾਣੇ ਜ਼ਮਾਨੇ ਦੇ ਅਧਿਆਤਮਕ ਬੁਧੀਜੀਵੀ ਸਨ। ਅੱਜ ਦੇ ਜ਼ਮਾਨੇ ਵਿਚ ਸਾਧੂ, ਸੰਤਾਂ, ਗੁਰੂਆਂ ਆਦਿ ਨੇ ਇਨ੍ਹਾਂ ਦੀ ਥਾਂ ਲੈ ਲਈ ਹੈ।

ਭਾਰਤੀ ਸਭਿਅਤਾ ਵਿਚ ਤਾਰਿਆਂ, ਗ੍ਰਹਿਆਂ, ਨਛੱਤਰਾਂ ਆਦਿ ਦਾ ਵੀ ਦੈਵੀਕਰਨ ਹੋਇਆ ਹੈ, ਇਸ ਲਈ ਕਈ ਅਸਮਾਨੀ ਪਿੰਡਾਂ ਦੇ ਨਾਂ ਦੇਵਤਿਆਂ, ਰਿਸ਼ੀਆਂ ਆਦਿ ਪਿਛੇ ਰੱਖੇ ਗਏ ਹਨ। ਸੱਤ ਤਾਰਿਆਂ ਵਾਲੀ ਖਿੱਤੀ ਨੂੰ ਸਪਤਰਿਸ਼ੀ ਕਹਿੰਦੇ ਹਨ। ਇਸ ਵਿਚਲੇ ਹਰ ਤਾਰੇ ਦਾ ਨਾਂ ਵੀ ਕਿਸੇ ਰਿਸ਼ੀ ਦੇ ਨਾਂ 'ਤੇ ਰੱਖਿਆ ਗਿਆ ਹੈ। ਵੱਡੀ ਕਰਨੀ ਵਾਲੇ ਰਿਸ਼ੀਆਂ ਨੂੰ ਮਹਾਰਿਸ਼ੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਸਪਤਰਿਸ਼ੀਆਂ ਨੂੰ ਮਹਾਰਿਸ਼ੀ ਵੀ ਕਿਹਾ ਜਾਂਦਾ ਹੈ। ਹੋਰ ਅਗਲੇ ਦਰਜੇ ਦੇ ਬ੍ਰਹਮਰਿਸ਼ੀ ਵੀ ਹਨ। ਕੋਈ ਸ਼ਬਦ ਜਦ ਬਹੁਤ ਆਮ ਵਰਤਿਆ ਜਾਣ ਲਗਦਾ ਹੈ ਤਾਂ ਇਹ ਅਰਥ ਪੱਖੋਂ ਆਪਣੀ ਤੀਖਣਤਾ ਗੁਆ ਬੈਠਦਾ ਹੈ। ਇਸ ਲਈ ਇਸ ਨਾਲ ਹੋਰ ਅਗੇਤਰ, ਪਿਛੇਤਰ ਜਾਂ ਵਿਸ਼ੇਸ਼ਣ ਲਾ ਕੇ ਇਸ ਦੀ ਮਹੱਤਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਿਸਾਲ ਵਜੋਂ ਗੁਰੂ ਨੂੰ ਸਤਿਗੁਰੂ, ਵਾਹਿਗੁਰੂ ਦੀ ਪਦਵੀ ਦੇ ਦਿੱਤੀ ਗਈ।

ਇਥੇ ਇਹ ਦੱਸਣਾ ਬੜਾ ਜ਼ਰੂਰੀ ਹੈ ਕਿ ਸੰਸਕ੍ਰਿਤ (ਅਤੇ ਹਿੰਦੀ) ਵਿਚ ਰਿਸ਼ੀ ਸ਼ਬਦ ਨੂੰ 'ਰਿਸ਼ਿ' ਦੇ ਤੌਰ 'ਤੇ (ਦੇਵਨਾਗਰੀ ਦੇ ਰਿ ਅੱਖਰ ਨਾਲ) ਲਿਖਿਆ ਅਤੇ ਉਚਾਰਿਆ ਜਾਂਦਾ ਹੈ, ਪਰ ਪੰਜਾਬੀ ਕਿਸੇ ਸ਼ਬਦ ਦੇ ਅਖੀਰ ਵਿਚ 'ਇ' ਧੁਨੀ ਉਚਾਰਨ ਵਿਚ ਦਿੱਕਤ ਮਹਿਸੂਸ ਕਰਦੇ ਹਨ, ਇਸ ਲਈ ਇਸ ਨੂੰ ਉਹ ਜਾਂ ਤਾਂ ਉਚਾਰਦੇ ਹੀ ਨਹੀਂ ਜਾਂ ਲਮਕਾ ਕੇ 'ਈ' ਧੁਨੀ ਬਣਾ ਦਿੰਦੇ ਹਨ। ਸੋ ਰਿਸ਼ਿ ਨੂੰ ਪੰਜਾਬੀ ਵਿਚ ਰਿਸ਼ੀ ਬਣਾ ਦਿੱਤਾ ਗਿਆ ਹੈ। ਵਿਡੰਬਨਾ ਹੈ ਕਿ ਸੰਸਕ੍ਰਿਤ ਵਿਚ 'ਰਿਸ਼ੀ' ਵਜੋਂ ਉਚਾਰਿਆ ਤੇ ਲਿਖਿਆ ਸ਼ਬਦ ਰਿਸ਼ੀ ਦੀ ਪਤਨੀ (ਰਿਸ਼ਨੀ?) ਲਈ ਵਰਤਿਆ ਜਾਂਦਾ ਹੈ।

ਦੱਸਣਯੋਗ ਹੈ ਕਿ ਅੱਜ ਭਾਵੇਂ ਬਹੁਤਾ ਕਰਕੇ ਅਸੀਂ ਰਿਸ਼ੀ ਸ਼ਬਦ ਹੀ ਵਰਤਦੇ ਹਾਂ, ਸਾਡੇ ਮੱਧਕਾਲੀ ਸਾਹਿਤ ਵਿਚ ਰਿਸ਼ਿ ਤੋਂ ਰਿਖੀ ਬਣਿਆ ਸ਼ਬਦ ਹੀ ਪ੍ਰਚਲਿਤ ਸੀ। ਅੱਜ ਵੀ ਅਸੀਂ ਇਸ ਸ਼ਬਦ ਦੀ ਵਰਤੋਂ ਕਰਦੇ ਹਾਂ। ਇਸ ਤਰ੍ਹਾਂ ਸਪਤਰਿਸ਼ੀ ਵੀ ਸਪਤਰਿਖੀ ਹੈ। ਦੇਵਨਾਗਰੀ ਦੇ 'ਸ਼' ਜਿਹੀ ਧੁਨੀ ਵਾਲੇ ਢਿੱਡ-ਪਾੜਵੇਂ ਅੱਖਰ ਨਾਲ ਲਿਖੇ ਜਾਂਦੇ ਸ਼ਬਦਾਂ ਵਿਚ ਇਹ ਧੁਨੀ ਪੰਜਾਬੀ ਵਿਚ 'ਖ' ਜਾਂ 'ਛ' ਵਿਚ ਬਦਲ ਜਾਂਦੀ ਹੈ, ਜਿਵੇਂ ਸ਼ੜਯੰਤਰ ਤੋਂ ਖੜਯੰਤਰ ਜਾਂ ਛੜਯੰਤਰ। "ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।" (ਗੁਰੂ ਨਾਨਕ ਦੇਵ); "ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।" (ਗੁਰੂ ਰਾਮ ਦਾਸ); ਸੁਖਦੇਉ ਪਰੀਖਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ॥; ਤਾਰੇ ਦੇ ਅਰਥਾਂ ਵਿਚ, "ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੂਲ ਦੀਅਉ।" (ਭਟ ਨਲ)। ਰਿਖੀਆਂ ਵਿਚੋਂ ਪ੍ਰਧਾਨ ਰਿਖਿਰਾਜ ਹੈ। ਸਤਿਕਾਰ ਵਜੋਂ ਬਾਬਾ ਸ੍ਰੀ ਚੰਦ ਅਤੇ ਬਾਬਾ ਬੁੱਢਾ ਨੂੰ ਵੀ ਰਿਖਿਰਾਜ ਕਿਹਾ ਗਿਆ ਹੈ।

ਮੁਢਲੇ ਤੌਰ 'ਤੇ ਰਿਸ਼ੀ ਨੂੰ ਮਾਰਗ-ਦਰਸ਼ਕ ਦੇ ਤੌਰ 'ਤੇ ਸਮਝਿਆ ਗਿਆ ਹੈ। ਰਿਸ਼ੀ ਸ਼ਬਦ 'ਰਿਸ਼' ਤੋਂ ਬਣਿਆ ਜਿਸ ਦਾ ਮੂਲ ਅਰਥ ਹੈ-(ਠੀਕ) ਰਾਹ 'ਤੇ ਲੈ ਜਾਣ ਵਾਲਾ ਤੇ ਅੱਗੇ ਚਿੰਤਕ, ਗਿਆਨੀ ਆਦਿ ਦੇ ਅਰਥ ਵਿਕਸਿਤ ਹੁੰਦੇ ਹਨ ਭਾਵੇਂ ਅਸੀਂ ਇਸ ਸ਼ਬਦ ਦੇ ਹੋਰ ਕਿੰਨੇ ਵੀ ਗੂੜ੍ਹ ਅਧਿਆਤਮਕ ਅਰਥ ਕਰੀਏ ਜਾਂ ਕੱਢੀਏ। 'ਰਿਸ਼' ਸ਼ਬਦ ਅੱਗੋਂ ਰਿਸ਼ਿ ਤੋਂ ਬਣਿਆ ਹੈ, ਜਿਸ ਵਿਚ ਆਉਣ-ਜਾਣ, ਪਹੁੰਚਾਉਣ, ਅਪੜਾਉਣ ਦੇ ਭਾਵ ਹਨ।

ਪਿਛਲੇ ਤਿੰਨ ਲੇਖਾਂ ਵਿਚ ਅਸੀਂ ਕਈ ਸ਼ਬਦਾਂ ਵਿਚ ਇਸ ਧਾਤੂ ਨੂੰ ਕਾਰਜਸ਼ੀਲ ਦਰਸਾਇਆ ਸੀ। ਇਹ ਵੀ ਜ਼ਿਕਰ ਕੀਤਾ ਗਿਆ ਸੀ ਕਿ ਇਸ ਧਾਤੂ ਪਿਛੇ ਵੀ ਇੱਕ ਹੋਰ ਧਾਤੂ 'ਰਿ' ਹੈ ਜੋ ਦੇਵਨਾਗਰੀ ਦਾ ਇੱਕ ਅੱਖਰ ਵੀ ਹੈ। ਇਸ ਵਿਚ ਵੀ ਆਉਣ-ਜਾਣ, ਪਹੁੰਚਾਉਣ ਦੇ ਭਾਵ ਹੀ ਹਨ। ਦਰਅਸਲ ਰਿਗਵੇਦ ਸ਼ਬਦ ਦਾ ਨਾਤਾ ਵੀ ਇਸੇ 'ਰਿ' ਧਾਤੂ ਨਾਲ ਜੁੜਿਆ ਹੋਇਆ ਹੈ। ਰਿਗਵੇਦ ਦਾ ਮੂਲਕ ਅਰਥ ਬਣਦਾ ਹੈ, ਗਿਆਨ ਦਾ ਜ਼ਰੀਆ। ਮੁੱਕਦੀ ਗੱਲ ਇਹ ਹੈ ਕਿ ਮੁਢਲੇ ਤੌਰ 'ਤੇ ਰਿਸ਼ੀ ਸ਼ਬਦ ਵਿਚ ਮਨੁੱਖ ਜਾਤੀ ਨੂੰ ਕਿਸੇ ਸਾਰਥਕ ਟਿਕਾਣੇ ਪਹੁੰਚਾਉਣ, ਰਾਹ-ਦਰਸਾਊ, ਰਹਿਬਰ ਦੇ ਭਾਵ ਹਨ।

ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਅਰਬੀ ਤੋਂ ਆਏ ਸ਼ਬਦ ਰਸ਼ੀਦ ਨੂੰ ਵੀ ਇਸੇ ਰਿਸ਼ੀ ਨਾਲ ਸਬੰਧਤ ਕੀਤਾ ਹੈ। ਅਰਬੀ ਰਸ਼ਦ ਵਿਚ ਠੀਕ ਰਾਹ 'ਤੇ ਚੱਲਣ, ਸਹੀ ਮਾਰਗ ਆਦਿ ਜਿਹੇ ਭਾਵ ਹਨ। ਇਸ ਤੋਂ ਬਣੇ ਰਸ਼ੀਦ ਦੇ ਅਰਥ ਹਨ, ਠੀਕ ਰਾਹ 'ਤੇ ਚੱਲਣ ਵਾਲਾ, ਸਤਿ-ਮਾਰਗੀ; ਰਾਹ ਦਰਸਾਊ, ਰਹਿਬਰ। ਵਡਨੇਰਕਰ ਅਨੁਸਾਰ ਰਸ਼ਦ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਦਾ ਹੈ, ਜੋ ਸੰਸਕ੍ਰਿਤ ਰਿਸ਼ੀ ਦਾ ਸਜਾਤੀ ਹੈ। ਰਸ਼ਦ ਸ਼ਬਦ ਅਰਬੀ ਵਿਚ ਗਿਆ ਤਾਂ ਇਸ ਦੇ ਰਸ਼ੀਦ, ਰਸ਼ਦੀ ਜਿਹੇ ਰੂਪ ਸਾਹਮਣੇ ਆਏ। ਬਹੁਤ ਸਾਰੇ ਵਿਅਕਤੀ ਨਾਂਵਾਂ ਵਿਚ ਇਹ ਸ਼ਬਦ ਆਉਂਦੇ ਹਨ ਜਿਵੇਂ ਅੱਠਵੀਂ ਸਦੀ ਦਾ ਇਕ ਖਲੀਫਾ ਹਾਰੂੰ-ਅਲ-ਰਸ਼ੀਦ, ਸਲਮਾਨ ਰਸ਼ਦੀ (ਇੱਕ ਲੇਖਕ), ਅਲੀ ਅਕਬਰ ਰਸ਼ਦ (ਇਰਾਨ ਦਾ ਇੱਕ ਫਿਲਾਸਫਰ)।

ਕਿਹਾ ਜਾ ਸਕਦਾ ਹੈ ਕਿ ਇਸ ਸ਼ਬਦ ਦਾ ਸਾਮੀਕਰਨ ਹੋ ਗਿਆ ਤੇ ਇਸ ਦੇ ਪਿਛੇ ਸਾਮੀ ਅਗੇਤਰ 'ਮੁ' ਲੱਗ ਕੇ ਮੁਰਸ਼ਿਦ ਸ਼ਬਦ ਸਾਹਮਣੇ ਆਇਆ, ਜਿਸ ਦਾ ਅਰਥ ਗੁਰੂ, ਉਸਤਾਦ ਹੈ। ਇਰਸ਼ਾਦ ਸ਼ਬਦ ਵੀ ਇਸੇ ਸ਼ਬਦ ਨਾਲ ਜਾ ਜੁੜਦਾ ਹੈ, ਜਿਸ ਵਿਚ ਨਿਰਦੇਸ਼ਨ, ਹਦਾਇਤ ਦੇਣ, ਰਾਹ ਦਰਸਾਉਣ, ਹੁਕਮ ਦੇਣ ਦੇ ਭਾਵ ਹਨ।

'ਰਿ' ਧਾਤੂ ਦੇ ਸਕੇ ਸੋਦਰੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਹਨ। ਇਸ ਦੇ ਟਾਕਰੇ 'ਤੇ ਭਾਰੋਪੀ ਮੂਲ 'Reg' ਕਲਪਿਆ ਗਿਆ ਹੈ, ਜਿਸ ਵਿਚ ਸਿੱਧੇ ਸਿੱਧੇ ਚੱਲਣ, ਸਿੱਧੇ ਰਾਹੇ ਪਾਉਣ, ਇਸ ਲਈ ਅਗਵਾਈ ਕਰਨ ਅਤੇ ਰਾਜ ਕਰਨ ਤੱਕ ਦੇ ਭਾਵ ਵਿਕਸਿਤ ਹੋ ਜਾਂਦੇ ਹਨ। ਕੁਝ ਅੰਗਰੇਜ਼ੀ ਸ਼ਬਦਾਂ ਦੀਆਂ ਮਿਸਾਲਾਂ ਦੇ ਕੇ ਇਸ ਧਾਤੂ ਦਾ ਲੰਮਾ ਚੌੜਾ ਕੋੜਮਾ ਦਰਸਾਉਣ ਦੀ ਕੋਸ਼ਿਸ਼ ਕਰਦੇ ਹਾਂ। ਸਭ ਤੋਂ ਪਹਿਲਾਂ ਸਾਡੇ ਸਾਹਮਣੇ ਬਹੁਤ ਜਾਣਿਆ ਜਾਂਦਾ ਸ਼ਬਦ ਆਉਂਦਾ ਹੈ, ਰਾਈਟ (Right) ਜਿਸ ਦਾ ਅਰਥ ਠੀਕ, ਸਹੀ, ਦਰੁਸਤ, ਉਚਿਤ ਹੁੰਦਾ ਹੈ।

ਇਸ ਦੀਆਂ ਜੜ੍ਹਾਂ ਪ੍ਰਾਕ-ਜਰਮੈਨਿਕ Rehtan ਵਿਚ ਹਨ। ਇਸੇ ਤੋਂ ਅੰਗਰੇਜ਼ੀ ਤੋਂ ਇਲਾਵਾ ਹੋਰ ਜਰਮੈਨਿਕ ਭਾਸ਼ਾਵਾਂ ਜਿਵੇਂ ਪੁਰਾਣੀ

ऋ

ਫ੍ਰੀਜ਼ੀਅਨ, ਡੱਚ, ਜਰਮਨ, ਪੁਰਾਣੀ ਨੋਰਸ ਅਤੇ ਗੌਥਿਕ ਆਦਿ ਵਿਚ ਮਿਲਦੇ-ਜੁਲਦੇ ਸ਼ਬਦ ਵਿਕਸਿਤ ਹੁੰਦੇ ਹਨ, ਜਿਨ੍ਹਾਂ ਵਿਚ ਠੀਕ, ਸਹੀ ਦੇ ਭਾਵ ਹਨ। ਇਸ ਸ਼ਬਦ ਦਾ ਅਰਥ ਸੱਜਾ (ਖੱਬਾ ਦੇ ਉਲਟ) ਵੀ ਹੈ। ਇਸ ਵਿਚ ਸੱਜਾ ਹੱਥ ਦੇ ਠੀਕ, ਸਹੀ ਹੋਣ ਤੋਂ ਮੁਰਾਦ ਹੈ। ਸ਼ਾਇਦ ਕਮਜ਼ੋਰ ਹੋਣ ਕਾਰਨ ਖੱਬੇ ਨੂੰ ਮਾੜਾ, ਗਲਤ ਸਮਝਿਆ ਜਾਂਦਾ ਸੀ। ਪੰਜਾਬੀ ਵਿਚ 'ਸੱਜੀ-ਬਾਂਹ' ਸ਼ਬਦ ਜੁੱਟ ਵਿਚ ਤਕੜਾ ਸਾਥੀ ਹੋਣ ਦਾ ਭਾਵ ਹੈ।

ਪੁਰਾਤਨ ਜਰਮੈਨਿਕ ਰਾਹੀਂ ਆਏ ਹੋਰ ਸ਼ਬਦ ਹਨ, Henry (ਇਸ ਦਾ ਪਹਿਲਾ ਅੰਸ਼ Home ਦਾ ਪੁਰਾਤਨ ਰੂਪ ਹੈ, ਘਰ ਦਾ ਰਾਜਾ), Frederick ਇਸ ਦਾ ਸ਼ਾਬਦਿਕ ਅਰਥ ਹੈ, ਸ਼ਾਂਤੀ ਦਾ ਰਾਜ। ਸ਼ਬਦ ਦੇ ਪਹਿਲੇ ਅੰਸ਼ ਦਾ ਅਰਥ ਸ਼ਾਂਤੀ ਹੈ। Rank (ਘੁਮੰਡੀ, ਫੂੰ ਫਾਂ ਵਾਲਾ; ਸਿੱਧੇ ਖੜੇ ਹੋਣ ਤੋਂ ਭਾਵ ਜਾਪਦਾ ਹੈ), ਘਾਹ-ਫੂਸ ਇਕੱਠੇ ਕਰਨ ਵਾਲਾ Rake (ਇੱਕ ਸੇਧ ਵਿਚ ਲਿਜਾਣ ਤੋਂ ਭਾਵ), Rack ਦਾ ਸ਼ਾਬਦਿਕ ਅਰਥ ਹੈ, ਫੈਲਾਈ ਗਈ ਚੀਜ਼, ਆਦਿ।

ਪਰ ਇਸ ਮੂਲ ਤੋਂ ਬਣਦੇ ਬਹੁਤ ਸਾਰੇ ਅੰਗਰੇਜ਼ੀ ਸ਼ਬਦ ਲਾਤੀਨੀ ਰਾਹੀਂ ਆਏ ਹਨ। ਕੁਝ ਗਿਣਾਉਂਦੇ ਹਾਂ: ਅੰਗਰੇਜ਼ੀ ਸ਼ਬਦ Rectify (ਦਰੁਸਤ ਕਰਨਾ, ਸੋਧਣਾ) ਲਾਤੀਨੀ ਰਾਹੀਂ ਆਇਆ ਹੈ। ਇਸ ਵਿਚ ਮੁਢਲਾ ਭਾਵ ਸਿੱਧਾ ਕਰਨ, ਰਾਹ ਸਿਰ ਕਰਨ ਤੋਂ ਹੈ। ਅੰਗਰੇਜ਼ੀ Rectum (ਗੁਦਾ) ਵੀ ਲਾਤੀਨੀ ਰਾਹੀਂ ਆਇਆ ਹੈ, ਇਸ ਵਿਚ ਸਿੱਧੀ ਅੰਤੜੀ ਹੋਣ ਤੋਂ ਮੁਰਾਦ ਹੈ ਕਿ ਮਿਹਦੇ ਦੀਆਂ ਬਾਕੀ ਅੰਤੜੀਆਂ ਵਲ-ਵਲੇਵੇਂਦਾਰ ਹੁੰਦੀਆਂ ਹਨ। ਲਾਤੀਨੀ ਵਲੋਂ ਹੀ Rectitude ਸ਼ਬਦ ਆਇਆ ਹੈ, ਜਿਸ ਵਿਚ ਦਰੁਸਤੀ, ਠੀਕ ਹੋਣ ਦੇ ਭਾਵ ਹਨ। Rule (ਨਿਯਮ, ਅਸੂਲ, ਕਾਇਦਾ, ਕਾਨੂੰਨ)। ਇਸ ਦਾ ਪਹਿਲਾ ਰੂਪ ਲਾਤੀਨੀ Regula ਸੀ। ਇਹ ਸ਼ਬਦ ਸਿੱਧੇ ਡੰਡੇ, ਪੈਮਾਨੇ ਲਈ ਵਰਤਿਆ ਜਾਂਦਾ ਸੀ। ਇਸ ਦੇ ਪੈਮਾਨੇ ਦੇ ਭਾਵ ਤੋਂ ਹੀ ਨਿਯਮ, ਅਸੂਲ ਦੇ ਭਾਵ ਵਿਕਸਿਤ ਹੁੰਦੇ ਹਨ, ਕਿਉਂਕਿ ਪੈਮਾਨਾ ਇਕ ਤਰ੍ਹਾਂ ਆਦਰਸ਼ ਜਾਂ ਮਾਡਲ ਹੁੰਦਾ ਹੈ। ਇਸੇ ਨਾਲ ਜਾ ਜੁੜਦੇ ਹਨ Regular, Regulate. ਇਥੇ ਸ਼ਾਹੀ, ਰਾਜਾਈ ਅਰਥਾਂ ਵਾਲਾ ਸ਼ਬਦ Regal ਵੀ ਢੁਕਦਾ ਹੈ।

ਦਰਅਸਲ Reg ਮੂਲ ਦੇ ਸੇਧ ਦੇਣ ਦੇ ਅਰਥਾਂ ਤੋਂ ਸ਼ਾਸਨ ਕਰਨ, ਰਾਜ ਕਰਨ ਦੇ ਅਰਥ ਵਿਕਸਿਤ ਹੁੰਦੇ ਹਨ, ਜੋ ਇਕ ਲਾਤੀਨੀ ਸ਼ਬਦ Rex ਤੋਂ ਪ੍ਰਗਟ ਹੁੰਦੇ ਹਨ, ਜਿਸ ਦਾ ਅਰਥ ਰਾਜਾ ਹੁੰਦਾ ਹੈ। ਇਸੇ ਤੋਂ Regal ਬਣਿਆ। ਇਸੇ ਦਾ ਹੋਰ ਰੁਪਾਂਤਰ ਹੈ, Royal. Rich ਸ਼ਬਦ ਵਿਚ ਵੀ ਮੁਢਲੇ ਤੌਰ 'ਤੇ ਰਾਜਿਆਂ ਵਰਗਾ, ਸ਼ਾਹੀ ਹੋਣ ਦਾ ਅਰਥ ਹੀ ਹੈ। ਲਾਤੀਨੀ ਵਲੋਂ ਆਏ ਹੋਰ ਸ਼ਬਦ ਹਨ-Rector, Erect, Reckon, Regent, Regime, Regiment, Direct, Alert, Dress, Address, ਆਦਿ।

ਸੰਸਕ੍ਰਿਤ ਵਲੋਂ ਆਏ ਰਾਜ, ਰਾਜਾ, ਰਾਏ, ਰਾ, ਰਾਸ਼ਟਰ, ਵਿਰਾਜਣਾ, ਰਾਣ, ਰਾਠ, ਰਾਠੌਰ, ਮਰਾਠਾ ਆਦਿ ਤੇ ਫਾਰਸੀ ਵਲੋਂ ਰਸਤਾ, ਰਾਸਤ, ਅਰਾਸਤਾ ਆਦਿ ਵੀ ਇਸੇ ਕੜੀ ਦੇ ਸ਼ਬਦ ਹਨ, ਪਰ ਪਹਿਲੇ ਕੁਝ ਲੇਖਾਂ ਵਿਚ ਇਨ੍ਹਾਂ ਬਾਰੇ ਲਿਖਿਆ ਜਾ ਚੁਕਾ ਹੈ। ਪਾਠਕ ਦੇਖਣਗੇ ਕਿ ਸੰਸਕ੍ਰਿਤ ਵਲੋਂ 'ਰਿ' ਧਾਤੂ ਅਤੇ ਇਸ ਦੇ ਸਜਾਤੀ ਭਾਰੋਪੀ ਮੂਲ 'Reg' ਦਾ ਸ਼ਾਬਦਿਕ ਦੁਨੀਆਂ ਵਿਚ ਰਾਜਿਆਂ ਜਿਹਾ ਹੀ ਲੰਮਾ-ਚੌੜਾ ਦਖਲ ਹੈ, ਹਾਲਾਂ ਕਿ ਅਸੀਂ ਬਹੁਤ ਸਾਰੇ ਸ਼ਬਦ ਛੱਡ ਦਿੱਤੇ ਹਨ।

## ਲੋਹ-ਪੁਰਸ਼

*(ਪਿਛਲੇ ਸਫੇ ਦੀ ਬਾਕੀ)*

ਪੁੱਛਦੀ ਹੈ, "ਦੀਦੀ ਤੁਸੀਂ ਚੌਦਾਂ ਸਾਲ ਆਏ ਹੀ ਨਹੀਂ, ਅਸੀਂ ਤਾਂ ਉਡੀਕ ਉਡੀਕ ਕੇ ਥੱਕ ਗਏ। ਤੁਹਾਡਾ ਦਿਲ ਨਹੀਂ ਸੀ ਕਰਦਾ ਆਉਣ ਨੂੰ?"

ਨੈਨਾ ਸ਼ੁਰੂ ਤੋਂ ਹੀ ਬਹੁਤ ਭੋਲੀ ਹੈ! ਇੰਡੀਆ ਦੇ ਲੋਕਾਂ ਨੂੰ ਤਾਂ ਬੱਸ ਇੰਨਾ ਪਤਾ ਹੁੰਦੈ ਕਿ ਕੋਈ ਅਮਰੀਕਾ-ਕੈਨੇਡਾ ਗਿਐ। ਉਥੇ ਉਸ 'ਤੇ ਕੀ ਬੀਤਦੀ ਹੈ, ਇਸ ਬਾਰੇ ਨਾ ਕੋਈ ਉਨ੍ਹਾਂ ਨੂੰ ਪੁੱਛਦਾ-ਦੱਸਦੈ, ਨਾ ਹੀ ਉਨ੍ਹਾਂ ਨੂੰ ਇਸ ਦਾ ਗਿਆਨ ਹੁੰਦੈ। ਮੈਂ ਲੰਮਾ ਸਾਹ ਭਰ ਕੇ ਸਿਰ ਹੈਡਬੋਰਡ ਨਾਲ ਲਾ ਲਿਆ। ਇਸ ਨੂੰ ਕੀ ਦੱਸਾਂ? ਕਿੱਥੋਂ ਸ਼ੁਰੂ ਕਰਾਂ?

"ਪਰਦੇਸਾਂ ਦੀਆਂ ਕਈ ਮਜਬੂਰੀਆਂ ਹੁੰਦੀਆਂ ਨੇ ਭੈਣੇ! ਕਦੇ ਫੇਰ ਦੱਸਾਂਗੀ, ਪਹਿਲਾਂ ਤੂੰ ਦੱਸ ਕਿ ਬੱਚੇ ਕਿਵੇਂ ਨੇ?"

ਫੋਨ 'ਤੇ ਗੱਲਾਂ ਕਰਦੇ ਰਹਿਣ ਕਰਕੇ ਬਹੁਤੀਆਂ ਗੱਲਾਂ ਰਹੀਆਂ ਹੀ ਨਹੀਂ ਕਰਨ ਵਾਲੀਆਂ। ਬੱਸ 'ਹੋਰ ਹੋਰ' 'ਤੇ ਗੱਲ ਆ ਗਈ। ਬਾਹਰ ਫੇਰ ਖੜਾਕ ਹੋਇਆ ਤਾਂ ਮੈਂ ਨੈਨਾ ਵੱਲ ਸਵਾਲੀਆ ਨਜ਼ਰ ਨਾਲ ਵੇਖਿਆ। ਉਹ ਮੈਨੂੰ ਦੱਸਦੀ ਹੈ ਕਿ ਪਾਪਾ ਜੀ ਗੁਰਦੁਆਰੇ ਮੱਥਾ ਟੇਕਣ ਚੱਲੇ ਹਨ। ਮੈਂ ਹੈਰਾਨ ਹੁੰਦੀ ਹਾਂ ਕਿ ਸ਼ਰੀਰ ਸਿਰਫ ਹੱਡੀਆਂ ਦੀ ਮੁੱਠ ਰਹਿ ਗਿਐ, ਵਿਸਾਖੀਆਂ ਦੇ ਸਹਾਰੇ ਇਕ ਕਿਲੋਮੀਟਰ ਤੁਰ ਕੇ ਸਵੇਰ ਦੇ ਪੰਜ ਵਜੇ ਇਕੱਲੇ ਗੁਰਦੁਆਰੇ ਜਾਣਗੇ ਹੁਣ ਇਹ! ਪਰ ਸੋਚਦੀ ਹਾਂ ਕਿ ਇਹ ਕਿਹੜੀ ਅਚੰਭੇ ਵਾਲੀ ਗੱਲ ਹੈ, ਪਾਪਾ ਕਦੇ ਹਾਰਨ ਵਾਲੇ ਹੈ ਈ ਨਹੀਂ।

ਨੈਨਾ ਉਠ ਕੇ ਗੇਟ ਬੰਦ ਕਰਨ ਚਲੀ ਗਈ। ਮੈਨੂੰ ਨੀਂਦ ਨੇ ਦਬੋਚ ਲਿਆ। ਜਦੋਂ ਨੀਂਦ ਖੁੱਲੀ ਤਾਂ ਪਾਪਾ ਵਾਪਸ ਆ ਗਏ ਸਨ। ਉਨ੍ਹਾਂ ਦੇ ਹੱਥ ਵਿਚ ਪ੍ਰਸ਼ਾਦ ਸੀ, ਥੋੜਾ ਥੋੜਾ ਸਭ ਨੂੰ ਵੰਡਿਆ। ਹਸੂੰ ਹਸੂੰ ਕਰਦਾ ਚਿਹਰਾ! "ਲਿਆਉ ਬਈ ਬਰੇਕਫਾਸਟ!"

"ਆ ਜਾ ਜੀਤ ਤੂੰ ਵੀ ਮੇਰੇ ਕੋਲ, ਰੋਟੀ ਖਾਈਏ!"

"ਬੱਸ ਮੂੰਹ ਹੱਥ ਧੋ ਕੇ ਆਈ ਜੀ।"

ਮੈਂ ਤੇ ਪਾਪਾ ਨੇ ਦਹੀਂ ਤੇ ਮੱਖਣ ਨਾਲ ਆਲੂ ਵਾਲੀਆਂ ਪਰੌਂਠੀਆਂ ਖਾਧੀਆਂ। ਬਾਅਦ ਵਿਚ ਪਾਪਾ ਟੀ. ਵੀ. ਆਨ ਕਰਕੇ ਉਸ ਵਿਚ ਖੁੱਭ ਗਏ।

ਬੱਚੇ ਉਠ ਖੜੇ ਹੋਏ। ਮੈਂ ਬਾਹਰ ਆ ਕੇ ਭਾਬੀ ਨੂੰ ਕਿਹਾ, ਬੱਚਿਆਂ ਨੂੰ ਕਹੋ ਕਿ ਪਾਪਾ ਜੀ ਨੂੰ ਕਾਰ 'ਤੇ ਗੁਰਦੁਆਰੇ ਲੈ ਜਾਇਆ ਕਰਨ। ਨੈਨਾ ਵਿਚੋਂ ਹੀ ਬੋਲ ਪਈ, "ਲੈ ਉਹ ਜਾਂਦੇ ਆ ਕਾਰ 'ਤੇ! ਕਹਿੰਦੇ ਨੇ ਘਰੇ ਬੈਠਾ ਬੈਠਾ ਤਾਂ ਮੈਂ ਰਹਿ ਜਾਵਾਂਗਾ। ਤੁਰਾਂਗਾ ਤਾਂ ਤੁਰਦਾ ਰਹਾਂਗਾ!"

'ਸੱਚ ਮੁਚ ਲੋਹ-ਪੁਰਸ਼ ਨੇ ਮੇਰੇ ਪਾਪਾ!' ਉਨ੍ਹਾਂ ਨੂੰ ਜਿਉਣਾ ਆਉਂਦੈ! ਮੈਨੂੰ ਆਪਣੇ ਪਾਪਾ 'ਤੇ ਰਸ਼ਕ ਆਉਂਦੈ! ਪਾਪਾ ਆਪਣੇ ਘਰ ਦੀ ਵਧਦੀ ਵੇਲ ਨੂੰ ਵੇਖ ਕੇ ਖੁਸ਼ ਹਨ!

ਅਸੀਂ ਵਿਹੜੇ ਵਿਚ ਬੈਠੇ ਗੱਲਾਂ ਕਰ ਰਹੇ ਸਾਂ ਕਿ ਪਾਪਾ ਦੇ ਕਮਰੇ 'ਚੋਂ ਤਾੜੀਆਂ ਵੱਜਣ ਦੀ ਆਵਾਜ਼ ਆਈ। ਮੈਂ ਤ੍ਰਭਕ ਕੇ ਉਧਰ ਨੂੰ ਵੇਖਿਆ, ਮੇਰੇ ਭਤੀਜੇ ਕਰਨ ਨੇ ਮੈਨੂੰ ਦੱਸਿਆ, "ਭੂਆ ਜੀ ਦਾਦਾ ਜੀ ਕ੍ਰਿਕਟ ਦਾ ਮੈਚ ਵੇਖ ਰਹੇ ਨੇ। ਜਦੋਂ ਵੀ ਉਨ੍ਹਾਂ ਦੇ ਪਾਸੇ ਵਾਲੀ ਟੀਮ ਛੱਕਾ ਮਾਰਦੀ ਐ, ਉਦੋਂ ਦਾਦਾ ਜੀ ਉਨ੍ਹਾਂ ਨੂੰ ਇਵੇਂ ਹੀ 'ਬਕ ਅੱਪ' ਕਰਦੇ ਹੁੰਦੇ ਆ।"

ਅਸੀਂ ਸਾਰੇ ਹੱਸਣ ਲੱਗੇ। ਮੈਚ ਖਤਮ ਹੋਇਆ ਤੇ ਉਹ ਟੀ. ਵੀ. ਬੰਦ ਕਰਕੇ ਘੂਕ ਸੌਂ ਗਏ। ਮੈਂ ਵੇਖਿਆ ਕਿ ਰੌਸ਼ਨਦਾਨ ਵਿਚੋਂ ਛਣ ਕੇ ਆਉਂਦੀ ਧੁੱਪ ਪਾਪਾ ਦੇ ਬੈਡ 'ਤੇ ਪੈ ਰਹੀ ਸੀ ਅਤੇ ਪਾਪਾ ਦਾ ਚਿਹਰਾ ਤਪੇ ਹੋਏ ਲੋਹੇ ਜਿਹੀ ਭਾਅ ਮਾਰ ਰਿਹਾ ਸੀ!

## ਧਰਮਾਂ ਦੇ ਸੰਬੋਧਨੀ ਸ਼ਬਦ

ਸ. ਹਾਕਮ ਸਿੰਘ ਵੱਲੋਂ 2 ਫਰਵਰੀ 2019 ਦੀ ਸੰਪਾਦਕੀ ਡਾਕ ਵਿਚ ਦਿੱਤੇ ਵਿਚਾਰਾਂ ਲਈ ਬਹੁਤ ਬਹੁਤ ਧੰਨਵਾਦ। ਇਹ ਜਾਣ ਕੇ ਬੜੀ ਖੁਸ਼ੀ ਹੋਈ ਕਿ ਸ. ਹਾਕਮ ਸਿੰਘ ਪਾਵਨ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੇ ਗਿਆਤਾ ਹਨ। "ਵਾਹਿਗੁਰੂ ਇੱਕ ਹੈ, ਪਰਮਾਤਮਾ ਇਕ ਹੈ" ਦੇ ਪਰਿਪੇਖ ਮੁਤਾਬਕ ਠੀਕ ਹੈ। ਇਸ ਤਰ੍ਹਾਂ ਕਹਿ ਲਵੋ, ਖਾਲਸਾ ਪਰਮਾਤਮਾ ਦਾ ਹੈ, ਜਿੱਤ-ਹਾਰ ਹੋਵੇ, ਦੁੱਖ-ਸੁਖ ਹੋਣ-ਉਹ ਵੀ ਪਰਮਾਤਮਾ ਦੇ ਹਨ।

ਸ. ਹਾਕਮ ਸਿੰਘ ਦੇ ਕਹਿਣ ਮੁਤਾਬਕ ਵਾਹਿਗੁਰੂ ਸ਼ਬਦ ਭੱਟਾਂ ਅਤੇ ਇਤਿਹਾਸਕਾਰਾਂ ਦੀ ਹੀ ਦੇਣ ਹੈ ਤਾਂ ਕਿਰਪਾ ਕਰਕੇ ਦੱਸਣ,

(ੳ) 'ਵਾਹਿਗੁਰੂ ਗੁਰ ਮੰਤਰ ਹੈ।' ਕਦੋਂ ਤੋਂ ਬਾਬਾ ਨਾਨਕ ਨਾਮ ਲੇਵਾ ਸੰਗਤ ਨੇ ਵਾਹਿਗੁਰੂ ਸ਼ਬਦ ਦਾ ਜਾਪ ਸ਼ੁਰੂ ਕੀਤਾ?

(ਅ) 'ਸਿੱਖ ਰਹਿਤ ਮਰਯਾਦਾ' ਦੇ ਕਿਹੜੇ ਪੰਨੇ 'ਤੇ ਵਾਹਿਗੁਰੂ ਸ਼ਬਦ ਬਾਰੇ ਲਿਖਿਆ ਹੈ?

ਠੀਕ ਹੈ, 1931-1936 ਤੱਕ ਪੰਜ ਸਾਲਾਂ ਦੀ ਬੁੱਧੀਜੀਵੀਆਂ, ਮਹਾਂਪੁਰਸ਼ਾਂ ਅਤੇ

## ਸੰਪਾਦਕ ਦੀ ਡਾਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਖਤ ਮਿਹਨਤ ਸਦਕਾ 'ਸਿੱਖ ਰਹਿਤ ਮਰਯਾਦਾ' 1936 ਵਿਚ ਲਾਗੂ ਹੋਈ।

(ੲ) ਕੀ ਸ. ਹਾਕਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਜਾਂ ਦਸਮ ਗ੍ਰੰਥ ਪੜ੍ਹਿਆ ਹੈ?

ਪੜ੍ਹਨਾ ਚਾਹੁਣ ਤਾਂ ਗੁਰਦੁਆਰਾ ਸਾਹਿਬ ਸਿਨਸਿਨੈਟੀ, ਓਹਾਇਓ ਵਿਚ ਟੀਕਾ ਦਸਮ ਗ੍ਰੰਥ ਪੋਥੀਆਂ ਹਾਜ਼ਰ ਹਨ।

(ਸ) ਨਿੱਤ ਦੀ ਅਰਦਾਸ "ੴ ਵਾਹਿਗੁਰੂ ਤੋਂ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ" ਤੱਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਚਾਰਨ ਕੀਤੀ ਹੈ।

ਸ. ਹਾਕਮ ਸਿੰਘ ਕਿਵੇਂ ਕਹਿ ਰਹੇ ਹਨ ਕਿ ਵਾਹਿਗੁਰੂ ਸ਼ਬਦ ਕਿਸੇ ਗੁਰੂ ਸਾਹਿਬ ਨੇ ਨਹੀਂ ਉਚਾਰਿਆ?

*-ਭਜਨ ਸਿੰਘ ਸਿਨਸਿਨੈਟੀ*
*ਫੋਨ: 513-498-3907*

# 500 ਮਹਾਰ ਸੈਨਿਕਾਂ ਦਾ 30,000 ਪੇਸ਼ਵਾ ਬ੍ਰਾਹਮਣ ਨੂੰ ਮਿਟਾਉਣਾ

ਭਾਰਤ ਦਾ ਇਤਿਹਾਸ ਅਛੂਤਾਂ, ਸ਼ੂਦਰਾਂ ਤੇ ਮੂਲ ਨਿਵਾਸੀਆਂ (ਬੋਧੀਆਂ) ਅਤੇ ਯੂਰੇਸ਼ੀਅਨ ਬ੍ਰਾਹਮਣਾਂ ਵਿਚਾਲੇ ਇੱਕ ਲਗਾਤਾਰ ਯੁੱਧ ਹੈ। 3500 ਸਾਲ ਪਹਿਲਾਂ ਯੂਰੇਸ਼ੀਆ (ਰੂਸ ਅਤੇ ਕਾਲੇ ਸਮੁੰਦਰ ਵਿਚਕਾਰ) ਵਿਚੋਂ ਜੰਬੂਦੀਪ ਵਿਚ ਆਏ ਵਾਮ-ਮਾਰਗੀਆਂ ਨਾਲ ਇਹ ਯੁੱਧ ਸ਼ੁਰੂ ਹੋਇਆ। ਯੂਰੇਸ਼ੀਅਨਾਂ ਨੇ ਮੋਹਿੰਜਾਦੜੋ, ਹੜੱਪਾ ਅਤੇ ਸਿੰਧੂ ਘਾਟੀ ਸੱਭਿਅਤਾ ਦਾ ਇਤਿਹਾਸ ਇਨ੍ਹਾਂ ਸ਼ਹਿਰਾਂ ਨੂੰ ਢਾਹ ਕੇ ਮਿੱਟੀ ਵਿਚ ਮਿਲਾ ਦਿੱਤਾ। ਬ੍ਰਾਹਮਣਾਂ ਨੇ ਸਾਡੀ ਹਰ ਗੱਲ ਨੂੰ ਅਪਨਾਇਆ, ਕਿਉਂਕਿ ਇਹ ਵਾਮ-ਮਾਰਗੀਏ ਸਨ। ਇਨ੍ਹਾਂ ਦੇ ਸੈਨਾਪਤੀਆਂ (ਜਿਨ੍ਹਾਂ ਨੂੰ ਇਹ ਦੇਵਤੇ ਕਹਿੰਦੇ ਹਨ) ਦੀਆਂ ਬਲਾਤਕਾਰ ਦੀਆਂ ਕਹਾਣੀਆਂ ਪੜ੍ਹ ਕੇ ਆਪ ਦੰਗ ਰਹਿ ਜਾਵੋਗੇ।

ਚੰਦਰ ਗੁਪਤ ਮੋਰੀਆ 200 ਬੀ. ਸੀ. ਤੋਂ ਲੈ ਕੇ ਸਮਰਾਟ ਹਰਸ਼ ਵਰਧਨ 647 ਈਸਵੀ ਤੱਕ ਕਰੀਬ 1,000 ਸਾਲ ਤੱਕ ਮਹਾਰਾਸ਼ਟਰ

**ਹਰਬੰਸ ਵਿਰਦੀ, ਲੰਡਨ**
ਫੋਨ: 0044-7903839047

ਵਿਚ ਨਾਗਵੰਸ਼ੀ ਮਹਾਰਾਂ ਦਾ ਹੀ ਰਾਜ ਸੀ, ਅਗਰ ਨਾਲੰਦਾ ਤੱਕ 1235 ਦਾ ਸਮਾਂ ਵੀ ਵਿਚ ਪਾ ਲਈਏ ਤਾਂ ਕਰੀਬ ਪੰਦਰਾਂ-ਸੋਲਾਂ ਸੌ ਸਾਲ ਬਣ ਜਾਂਦਾ ਹੈ। ਇੱਕ ਹੋਰ ਧਿਆਨ ਯੋਗ ਗੱਲ ਹੈ ਕਿ ਮੋਰੀਆ ਵੰਸ਼ ਤੋਂ ਪਹਿਲਾਂ ਵੀ ਨੰਦ ਵੰਸ਼ ਦਾ ਹੀ ਰਾਜ ਸੀ, ਜੋ ਜੰਬੂਦੀਪ ਦੇ ਮੂਲਨਿਵਾਸੀ ਹੀ ਸਨ, ਨਾ ਕਿ ਯੂਰੇਸ਼ੀਅਨ ਬ੍ਰਾਹਮਣ! ਹਾਂ ਜਿਸ ਨੇ ਨੰਦ ਵੰਸ਼ ਅਤੇ ਗੁਪਤ ਵੰਸ਼ ਨੂੰ ਆਪਸ ਵਿਚ ਲੜਾਇਆ, ਉਹ ਚਾਣਕੀਆ ਬ੍ਰਾਹਮਣ ਸੀ।

ਮਹਾਰ ਲਫਜ਼ ਕਰਕੇ ਹੀ ਇਸ ਰਿਆਸਤ ਦਾ ਨਾਂ ਮਹਾਰਾਂ ਦਾ ਰਾਸ਼ਟਰ, ਭਾਵ ਮਹਾਰਾਸ਼ਟਰ ਪਿਆ। ਮਹਾਰ ਆਪਣੀ ਬਹਾਦਰੀ ਲਈ ਬਹੁਤ ਮਸ਼ਹੂਰ ਸਨ, ਪਰ ਜਦੋਂ ਸਾਰੇ ਇਨਸਾਨੀ ਹੱਕ ਅਤੇ ਸਾਧਨ ਹੀ ਖੋਹ ਲਏ ਜਾਣ ਤਾਂ ਕੋਈ ਵੀ ਲਾਚਾਰ ਹੋ ਸਕਦਾ ਹੈ। ਮਹਾਰ ਆਪਣੀ ਖੋਈ ਹੋਈ ਇੱਜਤ ਆਬਰੂ ਬਹਾਲ ਕਰਨ ਲਈ ਬੇਤਾਬ ਸਨ। ਉਧਰ ਅੰਗਰੇਜ਼ ਭਾਰਤ 'ਤੇ ਆਪਣਾ ਰਾਜ ਕਾਇਮ ਕਰਨ ਦੇ ਯਤਨ ਕਰ ਰਹੇ ਸਨ। ਇਨ੍ਹਾਂ ਹਾਲਾਤ ਵਿਚ ਅੰਗਰੇਜ਼ਾਂ ਦੀ ਨਜ਼ਰ ਮਹਾਰਾਂ ਉਪਰ ਗਈ, ਜੋ ਕੱਦ ਕਾਠ ਵਿਚ ਸੁਡੌਲ ਸਨ ਅਤੇ ਨਿਡਰ ਵੀ। ਅੰਗਰੇਜ਼ਾਂ ਨੇ ਮਹਾਰਾਂ ਲਈ ਫੌਜ ਦੇ ਦਰਵਾਜੇ ਖੋਲ੍ਹ ਦਿੱਤੇ ਅਤੇ ਉਨ੍ਹਾਂ ਨੂੰ ਫੌਜੀ ਲੜਾਈ ਦੀ ਟਰੇਨਿੰਗ ਵੀ ਦੇਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ਾਂ ਨੇ ਇਨ੍ਹਾਂ ਮਹਾਰ ਲੋਕਾਂ ਦੇ ਨੌਂਗਰ ਸਰੀਰ ਅਤੇ ਨਾਗਵੰਸ਼ੀ ਰਾਜਿਆਂ ਦੀ ਸੰਤਾਨ ਜਾਣ ਕੇ ਇਨ੍ਹਾਂ ਨੂੰ ਫੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ, ਤੇ ਮਹਾਰ ਰੈਜੀਮੈਂਟ ਹੋਂਦ ਵਿਚ ਆਈ।

ਕੋਰੇਗਾਂਓ ਦਾ ਇੱਕ ਇਤਿਹਾਸਕ ਸੱਚ: ਪਹਿਲੀ ਜਨਵਰੀ 1818 ਨੂੰ ਜਦੋਂ ਸਾਰਾ ਸੰਸਾਰ ਨਵਾਂ ਸਾਲ ਸ਼ੁਰੂ ਹੋਣ ਦੀਆਂ ਖੁਸ਼ੀਆਂ ਮਨਾ ਰਿਹਾ ਸੀ, ਉਸ ਸਮੇਂ ਦੀ ਮਹਾਰਾਸ਼ਟਰ ਵਿਚ ਪੇਸ਼ਵਾ ਬ੍ਰਾਹਮਣਾਂ ਦੀ ਸਰਕਾਰ ਦੇ ਖਿਲਾਫ ਇੱਕ ਛੋਟੀ ਜਿਹੀ ਮਹਾਰ ਸੈਨਾ (ਬੰਬਈ ਦੇ ਨੇਵਲ ਇਨਫੈਂਟਰੀ ਦੇ 500 ਨੌਜਵਾਨ, ਜਿਨ੍ਹਾਂ ਵਿਚ 250 ਘੋੜ ਸਵਾਰ ਅਤੇ ਕੇਵਲ ਦੋ ਤੋਪਾਂ ਸਨ) ਯੁੱਧ ਦੀਆਂ ਤਿਆਰੀਆਂ ਕਰ ਰਹੀ ਸੀ। ਇਤਿਹਾਸ ਵਿਚ ਇਹ ਯੁੱਧ ਇੱਕ ਬਹੁਤ ਖਾਸ ਮਹੱਤਤਾ ਰੱਖਦਾ ਹੈ ਅਤੇ ਇਸ ਨੂੰ ਮਹਾਰਾਸ਼ਟਰ ਵਿਚ ਯੂਰੇਸ਼ੀਅਨ ਪੇਸ਼ਵਾ ਬ੍ਰਾਹਮਣਾਂ ਦੇ ਰਾਜ ਦਾ ਅੰਤ ਅਤੇ ਮੂਲਨਿਵਾਸੀਆਂ ਦੀ ਆਜ਼ਾਦੀ ਦਾ ਦਿਨ ਮੰਨਿਆ ਜਾਂਦਾ ਹੈ।

ਮਹਾਰ ਸੈਨਿਕਾਂ ਨਾਲ ਅੰਗਰੇਜ਼ ਕੈਪਟਨ ਸਟਾਟਨ ਵੀ ਸਨ, ਸਾਹਮਣੇ ਮੁਕਾਬਲਾ ਪੇਸ਼ਵਾ ਦੇ 28,000 ਪੈਦਲ ਫੌਜੀ ਅਤੇ 2,000 ਘੋੜ ਸਵਾਰ ਨਾਲ ਹੋਣ ਤੋਂ ਪਹਿਲਾਂ ਮਹਾਰ ਸੈਨਿਕ ਸ਼ਿਰਪੁਰ ਤੋਂ ਕਰੀਬ 27 ਮੀਲ ਪੈਦਲ ਚੱਲ ਕੇ ਪਹਿਲੀ ਜਨਵਰੀ 1818 ਦੀ ਸਵੇਰ ਨੂੰ ਕੋਰੇਗਾਂਓ ਪਹੁੰਚੇ। ਨੌਜਵਾਨ ਥੱਕ ਚੁੱਕੇ ਸਨ। ਪੇਸ਼ਵਾ ਨੇ ਸੋਚਿਆ ਕਿ ਜਦੋਂ ਮਹਾਰ ਰੈਜੀਮੈਂਟ ਭੀਮਾ ਨਦੀ ਪਾਰ ਕਰਨ ਲੱਗੇਗੀ ਤਾਂ ਨਦੀ ਵਿਚ ਹੀ ਉਨ੍ਹਾਂ ਨੂੰ ਖਤਮ ਕਰ ਦਿਆਂਗੇ, ਪਰ ਹੋਇਆ ਇਸ ਦੇ ਉਲਟ। ਇਹ ਲੜਾਈ ਇੱਕ ਦਿਨ ਤੇ ਇੱਕ ਰਾਤ ਚੱਲੀ। ਮਹਾਰ ਸੈਨਾ ਦੇ ਕੈਪਟਨ ਰਤਨਾਕ, ਚਟਨਾਕ ਅਤੇ ਭੀਕਨਾਕ ਸਨ। ਦੇਖਦੇ ਹੀ ਦੇਖਦੇ 500 ਮਹਾਰ ਸੈਨਿਕਾਂ ਨੇ ਪੇਸ਼ਵਾ ਦੇ 28,000 ਫੌਜੀ ਮੌਤ ਦੇ ਘਾਟ ਉਤਾਰ ਦਿੱਤੇ। ਜਿਨ੍ਹਾਂ ਵਿਚੋਂ 2,000 ਪੇਸ਼ਵਾ ਮੈਦਾਨ ਛੱਡ ਕੇ ਨੱਠ ਗਏ। ਮਹਾਰ ਸੈਨਾ ਦੇ ਕੇਵਲ 22 ਸੈਨਿਕ ਹੀ ਸ਼ਹੀਦ ਹੋਏ। 500 ਮਹਾਰ ਸੈਨਿਕਾਂ ਦੇ ਸਾਹਮਣੇ 30,000 ਪੇਸ਼ਵਾ ਫੌਜ ਬੌਣੀ ਸਾਬਤ ਹੋਈ। ਮਹਾਰਾਂ ਦੀ ਬਹਾਦਰੀ ਦੇ ਜੌਹਰ ਸਾਰੇ ਸੰਸਾਰ ਨੇ ਦੇਖੇ।


ਅੱਜ ਵੀ ਮਹਾਰਾਸ਼ਟਰ ਦੇ ਮਹਾਰਾਂ ਵਿਚ ਇਹ ਕਹਾਵਤ ਮਸ਼ਹੂਰ ਹੈ ਕਿ "ਜਾਹ ਜਾਹ ਮੈਨੇ ਤੇਰੇ ਜੈਸੇ ਛੱਪਨ ਦੇਖੇ ਹੈਂ।" 30,000 ਵਿਚੋਂ ਅਗਰ 2,000 ਨੱਠ ਜਾਣ ਵਾਲਿਆਂ ਨੂੰ ਘਟਾ ਦਿੱਤਾ ਜਾਵੇ ਤਾਂ 28,000 ਬਚਦੇ ਹਨ, ਕਿਉਂਕਿ ਮਹਾਰ ਫੌਜ 500 ਸੀ ਆਪਾਂ 28,000 ਨੂੰ 500 ਨਾਲ ਵੰਡੀਏ ਤਾਂ 56 ਬਣਦੇ ਹਨ, ਇਸ ਕਰਕੇ ਹੀ ਇਹ ਕਹਾਵਤ ਮਸ਼ਹੂਰ ਹੈ। ਇਸ ਸੱਚਾਈ ਨੂੰ ਇੰਡੀਆ ਦੇ ਇਤਿਹਾਸ ਵਿਚ ਬੜੀ ਚਲਾਕੀ ਨਾਲ ਛੁਪਾਇਆ ਗਿਆ ਹੈ।

ਇਹ ਯੁੱਧ ਭਾਰਤ ਦੇ ਮੂਲਨਿਵਾਸੀ, ਜਿਨ੍ਹਾਂ ਨੂੰ ਯੂਰੇਸ਼ੀਅਨ ਬ੍ਰਾਹਮਣਾਂ ਨੇ 6743 ਜਾਤਾਂ ਵਿਚ ਵੰਡ ਕੇ ਸ਼ੂਦਰ, ਅਛੂਤ ਅਤੇ ਆਦਿਵਾਸੀ ਬਣਾਇਆ ਸੀ, ਉਨ੍ਹਾਂ ਦਾ ਇਹ ਬ੍ਰਾਹਮਣ ਪੇਸ਼ਵਾ ਨਾਲ ਸੀ। ਮਹਾਰਾਸ਼ਟਰ ਵਿਚ ਸ਼ੂਦਰਾਂ, ਅਛੂਤਾਂ ਅਤੇ ਆਦਿਵਾਸੀਆਂ ਦੀ ਸਭ ਤੋਂ ਵੱਡੀ ਮਹਾਰ ਜਾਤ ਹੈ, ਜਿਨ੍ਹਾਂ ਨੂੰ ਬ੍ਰਾਹਮਣ ਨੇ ਬਾਕੀ ਮੂਲਨਿਵਾਸੀਆਂ ਵਾਂਗ ਹਰ ਇਨਸਾਨੀ ਹੱਕ ਤੋਂ ਵਾਂਝੇ ਰੱਖਿਆ ਹੋਇਆ ਸੀ। ਅੰਗਰੇਜ਼ ਸਾਰੇ ਭਾਰਤ ਵਿਚ ਛਾ ਰਹੇ ਸਨ, ਆਪਣੀ ਮਾਤਰ ਭੂਮੀ ਪ੍ਰਤੀ ਪਿਆਰ ਹੋਣ ਕਰਕੇ ਮਹਾਰ ਲੋਕਾਂ ਦਾ ਸਰਦਾਰ ਸਿੱਧਨਾਇਕ ਉਸ ਸਮੇਂ ਦੇ ਬ੍ਰਾਹਮਣ ਰਾਜਾ ਬਾਜੀ ਰਾਓ ਪੇਸ਼ਵਾ (ਜਿਸ ਬਾਰੇ ਫਿਲਮ 'ਬਾਜੀ ਰਾਓ ਮਸਤਾਨੀ' ਵੀ ਬਣੀ ਹੈ) ਕੋਲ ਗਏ ਅਤੇ ਕਿਹਾ ਕਿ ਸਾਡੀ ਅੰਗਰੇਜ਼ਾਂ ਨਾਲ ਰਲ ਕੇ ਤੁਹਾਡੇ ਨਾਲ ਲੜਨ ਦੀ ਕੋਈ ਇੱਛਾ ਨਹੀਂ, ਅਗਰ ਤੁਹਾਡੇ ਵਲੋਂ ਅਸੀਂ ਲੜ ਕੇ ਅੰਗਰੇਜ਼ਾਂ ਨੂੰ ਇੱਥੋਂ ਨੱਠਾ ਦੇਈਏ ਤਾਂ ਤੁਹਾਡੇ ਰਾਜ ਵਿਚ, ਤੁਹਾਡੀ ਫੌਜ ਵਿਚ ਸਾਡਾ ਕੀ ਅਸਥਾਨ ਹੋਵੇਗਾ? ਕੀ ਤੁਸੀਂ ਸਾਨੂੰ ਉਸ ਮਾਰਸ਼ਲ ਲਾਅ ਤੋਂ ਆਜ਼ਾਦ ਕਰੋਗੇ, ਜਿਸ ਅਧੀਨ ਸਾਡੇ ਲੋਕਾਂ ਦੇ ਗਲ ਵਿਚ ਕੁੱਜਾ ਬੰਨਣ ਦਾ ਹੁਕਮ ਹੈ ਤਾਂ ਕਿ ਉਹ ਇਸ ਕੁੱਜੇ ਵਿਚ ਹੀ ਥੁੱਕਣ, ਜੇ ਅਛੂਤ ਜਮੀਨ 'ਤੇ ਥੁੱਕ ਦੇਵੇਗਾ ਅਤੇ ਉਸ ਉਤੇ ਉਚੀ ਜਾਤੀ ਦੇ ਲੋਕਾਂ ਨੇ ਪੈਰ ਰੱਖ ਦਿੱਤੇ ਤਾਂ ਉਹ ਅਪਵਿੱਤਰ ਹੋ ਜਾਣਗੇ! ਅਛੂਤ ਆਪਣੀ ਪਿੱਠ ਪਿੱਛੇ ਝਾੜੂ ਬੰਨ ਕੇ ਚੱਲਣ ਤਾਂ ਕਿ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਟ ਜਾਣ ਅਤੇ ਬ੍ਰਾਹਮਣ ਲੋਕ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਉਤੇ ਪੈਰ ਰੱਖ ਕੇ ਭਿੱਟ ਨਾ ਹੋ ਜਾਣ। ਕੀ ਤੁਸੀਂ ਸਾਨੂੰ ਹਰ ਇਨਸਾਨੀ ਹੱਕ ਅਤੇ ਆਜ਼ਾਦੀ ਦਿਓਗੇ? ਪਰ ਇਸ ਹੰਕਾਰੀ ਬ੍ਰਾਹਮਣ ਬਾਜੀ ਰਾਓ ਨੇ ਉਤਰ ਵਿਚ ਕਿਹਾ, "ਤੁਸੀਂ ਲੋਕ ਸਾਡੇ ਪੈਰਾਂ ਦੀ ਮਿੱਟੀ ਹੋ ਅਤੇ ਉਹ ਹੀ ਬਣੇ ਰਹੋਗੇ, ਚਤੁਰ ਵਰਣ ਵਿਚ, ਜੋ ਮਹਾਰਾਂ ਲਈ ਕਾਨੂੰਨ ਬਣਾਏ ਗਏ ਹਨ, ਉਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਤੁਸੀਂ ਨੀਚ ਹੋ, ਨੀਚ ਹੀ ਰਹੋਗੇ।"

ਇਸ ਜਵਾਬ ਨਾਲ ਸਿੱਧਨਾਇਕ ਨੇ ਗੁੱਸੇ ਨਾਲ ਲਾਲ ਪੀਲਾ ਹੋ ਕੇ ਸ਼ੇਰ ਵਾਂਗ ਗਰਜਦਿਆਂ ਕਿਹਾ, ਅੱਜ ਤੱਕ ਅਸੀਂ ਤੁਹਾਡੇ ਸਾਰੇ ਜ਼ੁਲਮ ਬਰਦਾਸ਼ਤ ਕਰਦੇ ਰਹੇ ਪਰ ਅੱਜ ਤੁਸੀਂ ਆਪਣੀ ਮੌਤ ਦੀ ਲਕੀਰ ਖੁਦ ਖਿੱਚ ਲਈ ਹੈ, ਹੁਣ ਅਸੀਂ ਹਥਿਆਰ ਚੁੱਕ ਲਏ ਹਨ, ਅਸੀਂ ਹੁਣ ਤੁਹਾਡੀ ਉਚ ਜਾਤੀ ਦੇ ਘਮੰਡ ਨੂੰ ਮਿੱਟੀ ਵਿਚ ਮਿਲਾ ਦਿਆਂਗੇ। ਯੁੱਧ ਦੀ ਗੱਲ ਸਾਡੇ ਨਾਲ ਨਾ ਕਰੋ, ਅਸੀਂ ਇਸ ਮਿੱਟੀ ਵਿਚ ਪੈਦਾ ਹੋਏ, ਪਲੇ ਅਤੇ ਵੱਡੇ ਹੋਏ ਹਾਂ, ਇਸ ਮਿੱਟੀ ਦੀ ਇੱਜਤ ਹੁਣ ਨਹੀਂ ਲੁੱਟ ਹੋਣ ਦਿਆਂਗੇ। ਆਪਣੇ ਹੱਕਾਂ ਅਤੇ ਇਨਸਾਫ ਲਈ ਯੁੱਧ ਕਰਨਾ ਕੋਈ ਪਾਪ ਨਹੀਂ ਹੈ, ਇਹ ਹੀ ਸਾਡਾ ਯੁੱਧ ਦਾ ਆਖਰੀ ਐਲਾਨ ਹੈ।

ਇਹ ਐਲਾਨ ਕਰਕੇ, ਵੰਗਾਰ ਕੇ ਸਿੱਧਨਾਇਕ ਬਾਜੀ ਰਾਓ ਕੋਲੋਂ ਚਲੇ ਗਏ। ਦਰਅਸਲ ਪੇਸ਼ਵਾ ਦੇ ਜ਼ੁਲਮਾਂ ਨਾਲ ਮਹਾਰ ਪਿਸ ਰਹੇ ਸਨ, ਇੱਜਤ ਦੀ ਜ਼ਿੰਦਗੀ ਜਿਊਣ ਲਈ ਯੁੱਧ ਕਰਨ ਤੋਂ ਬਗੈਰ ਮਹਾਰਾਂ ਕੋਲ ਹੋਰ ਕੋਈ ਰਸਤਾ ਨਹੀਂ ਸੀ। ਅੰਗੇਰਜ਼ਾਂ ਵਲੋਂ ਫੌਜੀ ਟਰੇਨਿੰਗ ਅਤੇ ਪੇਸ਼ਵਾ ਵਲੋਂ ਬੇਇੱਜਤੀ ਨਾਲ ਅੱਗ ਹੋਰ ਵੀ ਭੜਕ ਗਈ। ਜਿਸ ਤਰ੍ਹਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਹੈ, "ਜਿੱਥੇ ਸਹਿਨਸ਼ੀਲਤਾ ਖਤਮ ਹੋ ਜਾਂਦੀ ਹੈ, ਉਥੇ ਕ੍ਰਾਂਤੀ ਜਨਮ ਲੈਂਦੀ ਹੈ," ਮਹਾਰਾਂ ਨੇ ਆਪਣੇ 'ਤੇ ਪੇਸ਼ਵਾ ਵਲੋਂ ਸਦੀਆਂ ਤੋਂ ਹੋ ਰਹੇ ਜ਼ੁਲਮਾਂ ਖਿਲਾਫ ਬਗਾਵਤ ਦਾ ਬਿਗਲ ਵਜਾ ਦਿੱਤਾ।

ਕੋਰੇਗਾਂਓ ਦਾ ਇਹ ਯੁੱਧ ਇੱਕ ਆਮ ਯੁੱਧ ਨਹੀਂ ਸੀ ਸਗੋਂ ਆਪਣੇ ਮਾਣ-ਸਨਮਾਨ ਅਤੇ ਇਨਸਾਨੀ ਹੱਕਾਂ ਲਈ ਉਸ ਬ੍ਰਾਹਮਣਵਾਦ ਦੇ ਕਾਲੇ ਕਾਨੂੰਨਾਂ ਦੇ ਖਿਲਾਫ ਸੀ, ਜੋ ਬ੍ਰਾਹਮਣਾਂ ਦੇ ਮਨੂੰ ਦਾਦਾ ਨੇ ਬ੍ਰਾਹਮਣਾਂ ਨੂੰ "ਭੌਂ ਦੇਵਤਾ" ਅਤੇ ਜੰਬੂਦੀਪ ਦੇ ਮੂਲਨਿਵਾਸੀਆਂ ਨੂੰ ਅਛੂਤ ਅਤੇ ਸ਼ੂਦਰ ਬਣਾਉਣ ਲਈ ਲਿਖੇ ਸਨ। ਮਹਾਰ ਸੈਨਿਕਾਂ ਦੀ ਇਹ ਜਿੱਤ, ਆਪਣੇ ਆਪ ਨੂੰ ਬਹਾਦਰ ਯੋਧੇ ਸਮਝਣ ਵਾਲੇ ਪੇਸ਼ਵਾ ਬ੍ਰਾਹਮਣਾਂ ਉਤੇ ਉਹ ਜਿੱਤ ਸੀ, ਜਿਸ ਦੀ ਮਿਸਾਲ ਸ਼ਾਇਦ ਭਾਰਤ ਦੇ ਇਤਿਹਾਸ ਵਿਚ ਕਿਸੇ ਵੀ ਪੰਨੇ ਉਤੇ ਨਹੀਂ ਮਿਲਦੀ।



ਕੋਰੇਗਾਂਓ ਵਿਚ ਮਹਾਰ ਫੌਜੀਆਂ ਦੀ ਯਾਦ ਵਿਚ ਬਣਾਇਆ ਗਿਆ ਬੁਰਜ

ਇਸ ਜਿੱਤ ਦੇ ਕਈ ਕਾਰਨ ਸਨ, ਪਹਿਲਾ, ਬ੍ਰਿਟਿਸ਼ ਫੌਜ ਵਿਚ ਮਹਾਰ ਰੈਜੀਮੈਂਟ ਦੀ ਗਿਣਤੀ ਬਹੁਤ ਘੱਟ ਹੋਣ ਕਰਕੇ ਅੰਗਰੇਜ਼ਾਂ ਨੇ ਜਿੱਤ ਦੀ ਆਸ ਛੱਡ ਦਿੱਤੀ ਸੀ। ਦੂਜਾ ਕੋਰੇਗਾਂਓ ਦਾ ਯੁੱਧ ਅੰਗਰੇਜ਼ਾਂ ਲਈ ਪੇਸ਼ਵਾ ਬ੍ਰਾਹਮਣਾਂ ਦੇ ਜ਼ਾਲਮਾਨਾ ਰਾਜ ਨੂੰ ਖਤਮ ਕਰਨ ਲਈ ਬੇਹਦ ਜਰੂਰੀ ਸੀ, ਤੀਜਾ ਸਭ ਤੋਂ ਵੱਧ ਅਹਿਮ ਸੀ, ਮਹਾਰਾਸ਼ਟਰ ਦੇ ਮੂਲਨਿਵਾਸੀਆਂ ਦਾ ਯੂਰੇਸ਼ੀਅਨ ਬ੍ਰਾਹਮਣਾਂ, ਜਿਨ੍ਹਾਂ ਨੇ ਮਹਾਰਾਸ਼ਟਰ ਵਿਚ ਪੇਸ਼ਵਾ ਰਾਜ ਸਥਾਪਤ ਕੀਤਾ ਸੀ, ਜਿਸ ਦੀ ਨੀਂਹ ਜਾਤ-ਪਾਤ, ਅਨਪੜ੍ਹਤਾ, ਗਰੀਬੀ, ਛੂਆਛਾਤ, ਔਰਤਾਂ ਉਤੇ ਜ਼ਬਰ-ਜ਼ੁਲਮ ਆਦਿ 'ਤੇ ਆਧਾਰਤ ਸੀ, ਉਸ ਦੀਆਂ ਧੱਜੀਆਂ ਉਡਾਉਣੀਆਂ। ਭੀਮਾ ਕੋਰੇਗਾਂਓ ਦਾ ਇਹ ਯੁੱਧ ਜ਼ਾਲਮ ਪੇਸ਼ਵਾ ਬ੍ਰਾਹਮਣਾਂ ਲਈ ਉਨ੍ਹਾਂ ਦੇ ਸਦੀਆਂ ਦੇ ਜ਼ੁਲਮਾਂ ਦਾ ਉਨ੍ਹਾਂ ਦੇ ਮੂੰਹ 'ਤੇ ਇੱਕ ਕਰਾਰਾ ਥੱਪੜ ਸੀ।




ਮਹਾਰ ਰੈਜੀਮੈਂਟ ਦਾ ਨਿਸ਼ਾਨ

**ਯਾਦਗਾਰ:** ਮਹਾਰ ਰੈਜੀਮੈਂਟ ਦੇ ਬਹਾਦਰ ਸੈਨਿਕਾਂ ਦੀਆਂ ਬਹਾਦਰੀਆਂ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਅੰਗਰੇਜ਼ਾਂ ਵਲੋਂ ਫੌਜੀ ਗਤੀਵਿਧੀਆਂ ਦੀ ਦਿੱਤੀ ਗਈ ਰਿਪੋਰਟ ਅਨੁਸਾਰ "ਇਤਿਹਾਸਕ ਬਹਾਦਰੀ, ਹਿੰਮਤ, ਸਿਸਟਮ ਅਤੇ ਸ਼ਲਾਘਾਯੋਗ ਇਕ ਅਹਿਮ ਯੁੱਧ ਸੀ।"

ਸਭ ਤੋਂ ਵੱਧ ਬਹਾਦਰੀ ਮਹਾਰ ਰੈਜੀਮੈਂਟ ਦੀ ਇਹ ਸੀ ਕਿ 27 ਮੀਲ ਦੇ ਪੈਦਲ ਸਫਰ ਵਿਚ ਖਾਣ ਪੀਣ ਨੂੰ ਬਹੁਤ ਹੀ ਘੱਟ ਮਿਲਣਾ, ਇਨਸਾਨ ਅਤੇ ਪਸ਼ੂ ਬੀਮਾਰੀ ਦਾ ਸ਼ਿਕਾਰ ਹੋ ਰਹੇ ਸਨ, ਚਾਹੇ ਉਹ ਲੜ ਰਹੇ ਸਨ, ਚਾਹੇ ਉਨ੍ਹਾਂ ਨੂੰ ਕੈਦੀ ਬਣਾ ਲਿਆ ਸੀ, ਜੇ ਹਾਲਾਤ ਅਨੁਸਾਰ ਯੁੱਧ ਦੇ ਦਾਅ-ਪੇਚ ਵਰਤ ਕੇ ਪਿੱਛੇ ਹਟਣਾ ਪਿਆ ਪਰ ਬਾਅਦ ਵਿਚ ਉਹ ਆਪਣੇ ਬੜੇ ਅਹੁਦੇਦਾਰਾਂ ਨਾਲ ਖੜ੍ਹੇ ਰਹੇ ਅਤੇ ਮਹਾਰ ਰੈਜੀਮੈਂਟ ਦੀ ਇੱਜਤ ਤੇ ਬਹਾਦਰੀ ਨੂੰ ਲਾਜ ਨਹੀਂ ਲੱਗਣ ਦਿੱਤੀ।

ਮਹਾਰ ਰੈਜੀਮੈਂਟ ਦੇ ਹਿੰਮਤੀ ਅਤੇ ਬਹਾਦਰ ਸੈਨਿਕਾਂ ਨੂੰ ਅੰਗਰੇਜ਼ਾਂ ਨੇ 1851 ਈਸਵੀ ਵਿਚ ਕੋਰੇਗਾਂਓ ਵਿਖੇ ਉਸ ਭੀਮਾ ਨਦੀ ਦੇ ਕੰਢੇ ਉਤੇ (ਜਿਸ ਨਦੀ ਵਿਚ ਖੜ੍ਹ ਕੇ ਨਿਡਰ ਅਤੇ ਬਹਾਦਰ ਮਹਾਰ ਸੈਨਿਕਾਂ ਨੇ 28,000 ਪੇਸ਼ਵਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ 2,000 ਨੂੰ ਨੱਠਣ ਤੇ ਮਜ਼ਬੂਰ ਕਰ ਦਿੱਤਾ) ਹੀ ਇੱਕ ਯਾਦਗਾਰੀ 75 ਫੁੱਟ ਉਚਾ ਬੁਰਜ ਬਣਾ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ 22 ਸ਼ਹੀਦ ਮਹਾਰ ਸੈਨਿਕਾਂ ਦੇ ਨਾਂ ਉਕਰੇ, ਜੋ ਇਸ ਇਤਿਹਾਸਕ ਯੁੱਧ ਵਿਚ ਲੜਦੇ ਸ਼ਹੀਦ ਹੋ ਗਏ। ਅੱਜ ਵੀ ਇਹ ਬੁਰਜ ਬਰਕਰਾਰ ਹੈ, ਜੋ ਸਾਨੂੰ ਆਪਣੇ ਬਜ਼ੁਰਗਾਂ ਦੀ ਬਹਾਦਰੀ, ਹਿੰਮਤ, ਤਿਆਗ, ਇੱਜਤ ਦੀ ਜ਼ਿੰਦਗੀ ਜਿਊਣ ਲਈ ਸੰਘਰਸ਼ ਆਦਿ ਦੀ ਯਾਦ ਦਿਵਾਉਂਦਾ ਹੈ ਤੇ ਯੂਰੇਸ਼ੀਅਨ ਬ੍ਰਾਹਮਣਾਂ ਵਲੋਂ ਦਿੱਤੇ ਗਏ ਜਾਤ-ਪਾਤ ਦੇ ਕੋਹੜ ਖਿਲਾਫ ਸੰਘਰਸ਼ ਲਈ ਪ੍ਰੇਰਦਾ ਹੈ।

ਇਸ ਯੁੱਧ ਵਿਚ ਸ਼ਹੀਦ ਹੋਏ ਸ਼ਹੀਦਾਂ ਦੇ ਨਾਂ ਹਨ: ਸੋਨਨਾਕ ਕਮਲਕਾਕ ਤੇ ਰਾਮਨਾਕ ਯੇਸਨਾਕ (ਇਹ ਦੋਨੋਂ ਸੂਬੇਦਾਰ ਸਨ); ਗੋਂਦਨਾਕ ਕੋਢੇਨਾਕ, ਰਾਮਨਾਕ ਯੇਸਨਾਕ, ਭਾਗਨਾਕ ਹਰਨਾਕ, ਅੰਬਰਨਾਥ ਕਾਨਨਾਕ, ਰੂਪਨਾਕ ਲੱਖਨਾਕ, ਗਣਨਾਕ ਬਲਨਾਕ, ਕਾਲਨਾਕ ਕੋਂਡਨਾਕ, ਵਪਨਾਕ ਰਾਮਨਾਕ, ਵਿਟਨਾਕ ਧਾਮਨਾਕ, ਰਾਜਨਾਕ ਗਣਨਾਕ, ਵਪਨਾਕ ਹਰਨਾਕ, ਰੈਨਾਕ ਵਾਨਨਾਕ, ਗਣਨਾਕ ਧਰਮਨਾਕ, ਦੇਵਨਾਕ ਆਨਨਾਕ, ਗੋਪਾਲਨਾਕ ਬਾਲਨਾਕ, ਹਰਨਾਕ ਹਿਰਨਾਕ, ਜੇਠਨਾਕ ਹਿਰਨਾਕ, ਤੇ ਗਣਨਾਮ ਲੱਖਨਾਕ (ਸਾਰੇ ਸਿਪਾਹੀ)।

ਜ਼ਖਮੀ ਯੋਧਿਆਂ ਦੇ ਨਾਂ ਹਨ: ਜਾਨਨਾਕ ਹਿਰਨਾਕ, ਭੀਕਨਾਕ ਰਤਨਾਕ ਤੇ ਰਤਨਾਕ ਧਾਕਨਾਕ।

ਯਾਦ ਰਹੇ, ਭਾਰਤ ਸਰਕਾਰ ਨੇ ਵੀ ਦੇਰ ਆਏ ਦਰੁਸਤ ਆਏ, 1981 ਵਿਚ ਭਾਰਤ ਦੇਸ਼ ਦੇ ਮੂਲਨਿਵਾਸੀਆਂ ਦੀ ਹਿੰਮਤ ਅਤੇ ਬਹਾਦਰੀ ਦਾ ਸਨਮਾਨ ਕਰਦਿਆਂ 35 ਪੈਸੇ ਵਾਲੀ ਡਾਕ ਟਿਕਟ ਕੱਢੀ ਸੀ।

ਭਾਰਤ ਦੇ ਮਹਾਨ ਸਪੂਤ ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਅਕਸਰ ਪਹਿਲੀ ਜਨਵਰੀ ਨੂੰ ਇਸ ਯਾਦਗਾਰੀ ਸ਼ਹੀਦੀ ਅਸਥਾਨ ਉਤੇ ਜਾ ਕੇ ਉਨ੍ਹਾਂ ਮਹਾਨ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਸਨ ਅਤੇ ਬਾਕੀ ਆਏ ਹੋਏ ਲੋਕਾਂ ਨੂੰ ਆਪਣੇ ਜੋਸ਼ੀਲੇ ਭਾਸ਼ਣ ਨਾਲ ਝੰਜੋੜਦਿਆਂ ਕਹਿੰਦੇ ਸਨ ਕਿ "ਸਾਨੂੰ ਵੀ ਇਨ੍ਹਾਂ ਸ਼ਹੀਦਾਂ ਦੀ ਤਰ੍ਹਾਂ ਇਸ ਦੇਸ਼ ਵਿਚੋਂ ਬ੍ਰਾਹਮਣਵਾਦ ਨੂੰ ਜੜ੍ਹਾਂ ਤੋਂ ਖਤਮ ਕਰਨ ਲਈ ਤਾਕਤ ਅਤੇ ਮਜਬੂਤ ਇਰਾਦੇ ਨਾਲ ਕੰਮ ਕਰਨਾ ਚਾਹੀਦਾ ਹੈ।"

ਪਹਿਲੀ ਜਨਵਰੀ 1927 ਨੂੰ ਬਾਬਾ ਸਾਹਿਬ ਨੇ ਇਸ ਕੋਰੇਗਾਂਓ ਦੇ ਬੁਰਜ ਵਾਲੀ ਯਾਦਗਾਰ 'ਤੇ ਇੱਕ ਵਿਸ਼ਾਲ ਕਾਨਫਰੰਸ ਕੀਤੀ ਸੀ, ਜਿਸ ਵਿਚ ਅਣਗਿਣਤ ਲੋਕਾਂ ਨੇ ਹਿੱਸਾ ਲਿਆ, ਜਿਸ ਵਿਚ ਉਨ੍ਹਾਂ ਬਹਾਦਰ ਮਹਾਰ ਸੈਨਿਕਾਂ ਦੀ ਬਹਾਦਰੀ ਬਾਰੇ ਬਹੁਤ ਹੀ ਜੋਸ਼ੀਲਾ ਭਾਸ਼ਣ ਦਿੱਤਾ ਸੀ।

ਆਮ ਤੌਰ 'ਤੇ ਲੋਕ ਮਰਨ ਪਿਛੋਂ ਮਹਾਨ ਬਣਦੇ ਹਨ ਪਰ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਨੇ ਜਿਉਂਦੇ ਜੀਅ ਹੀ ਮਹਾਨ ਬਣਾ ਦਿੱਤਾ। ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੇ ਜਿਉਂਦੇ-ਜੀਅ ਹੀ ਬਾਬਾ ਸਾਹਿਬ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਉਂਦੇ ਸਨ। ਬਾਬਾ ਸਾਹਿਬ ਆਪਣੇ 59 ਵੇਂ ਜਨਮ ਦਿਵਸ ਉਤੇ (14 ਅਪਰੈਲ 1950) ਉਨ੍ਹਾਂ ਦੇ ਪੈਰੋਕਾਰਾਂ ਦੇ ਬੁਲਾਉਣ ਤੇ ਕੋਰੇਗਾਂਓ ਆਏ ਸਨ। ਉਸ ਸਮੇਂ ਦੇ ਮਹਾਰ ਰੈਜੀਮੈਂਟ ਦੇ ਖਾਸ ਅਹੁਦੇਦਾਰਾਂ ਦੇ ਨਾਲ ਬਾਬਾ ਸਾਹਿਬ ਦੀ ਇੱਕ ਫੋਟੋ ਵੀ ਹੈ।

ਹਰ ਸਾਲ ਨਵੇਂ ਸਾਲ 'ਤੇ ਕਈ ਤਰ੍ਹਾਂ ਦੀਆਂ ਖੁਸ਼ੀਆਂ ਮਨਾਉਂਦੇ ਹਾਂ, ਸਾਨੂੰ ਇਸ ਦਿਨ ਉਨ੍ਹਾਂ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਜਰੂਰ ਭੇਟ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੀ ਹਿੰਮਤ ਅਤੇ ਬਹਾਦਰੀ ਨਾਲ ਪੇਸ਼ਵਾ ਬ੍ਰਾਹਮਣਾਂ ਦਾ ਨਾਸ਼ ਕੀਤਾ ਜੋ ਅਤਿਵਾਦੀ ਬ੍ਰਾਹਮਣਾਂ ਦਾ ਰਾਜ ਸੀ, ਜਿਨ੍ਹਾਂ ਨੇ ਕਾਲੇ ਕਾਨੂੰਨਾਂ ਦੀ ਕਿਤਾਬ, ਮਨੂੰਸਿਮ੍ਰਤੀ ਦੇ ਆਧਾਰ 'ਤੇ ਗੈਰ ਇਨਸਾਨੀਅਤ ਦੇ ਜ਼ੁਲਮ ਕੀਤੇ, ਅੱਜ ਵੀ ਕਰ ਰਹੇ ਹਨ। ਇਹ ਇੱਕ ਖਾਸ ਦਿਨ ਹੈ ਜੋ ਸਾਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਵਾਰੇ ਯਾਦ ਕਰਾਉਂਦਾ ਹੈ।

ਪਿਛਲੇ ਸਾਲ ਜਦੋਂ 1 ਜਨਵਰੀ 2018 ਨੂੰ ਸਾਰੇ ਭਾਰਤ ਤੋਂ ਆਏ ਹੋਏ ਮੂਲਨਿਵਾਸੀ ਇਸ ਸੌ ਸਾਲਾ ਦਿਵਸ ਨੂੰ ਧੂਮ-ਧਾਮ ਨਾਲ ਮਨਾਉਣ ਲਈ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋਏ ਤਾਂ ਮੰਨੂਵਾਦੀਆਂ ਨੂੰ ਇਹ ਹਜ਼ਮ ਨਹੀਂ ਹੋਇਆ। ਆਪਣੇ ਬੱਚਿਆਂ ਨਾਲ ਵੱਖ-ਵੱਖ ਸਟੇਟਾਂ ਤੋਂ ਆਏ ਮੂਲਨਿਵਾਸੀਆਂ ਉਤੇ ਬੰਦੂਕਾਂ, ਪਿਸਤੌਲਾਂ, ਲਾਠੀਆਂ, ਚਾਕੂਆਂ ਆਦਿ ਨਾਲ ਹਮਲਾ ਕਰ ਦਿੱਤਾ, ਜਿਸ ਵਿਚ 3-4 ਨੌਜਵਾਨ ਸ਼ਹੀਦ ਹੋ ਗਏ। ਮੰਨੂਵਾਦੀਆਂ ਦੀ ਕਮੀਨਗੀ ਦੇਖੋ ਕਿ ਇਸ ਦੰਗਾ-ਫਸਾਦ ਲਈ ਮਹਾਰਾਸ਼ਟਰ ਸਰਕਾਰ ਨੇ ਜਾਂਚ ਕਮਿਸ਼ਨ ਬੈਠਾ ਦਿੱਤਾ, ਇਸ ਕਮਿਸ਼ਨ ਨੇ ਦੰਗਾ-ਫਸਾਦ ਨੂੰ ਇੱਕ ਖੂੰਜੇ ਰੱਖ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਯੁਧ ਤਾਂ ਹੋਇਆ ਹੀ ਨਹੀਂ! ਜੇ ਹੋਇਆ ਹੈ ਤਾਂ ਜਿਸ ਬੜੇ ਪੈਮਾਨੇ ਤੇ ਮੂਲਨਿਵਾਸੀ ਵਿਦਵਾਨ ਕਹਿੰਦੇ ਹਨ, ਉਨਾ ਨਹੀਂ ਹੋਇਆ। ਅੰਗਰੇਜ਼ਾਂ ਦੀ ਫੌਜ ਦੇ ਇਤਿਹਾਸ ਵਿਚ ਇਸ ਯੁੱਧ ਬਾਰੇ ਸਾਫ ਸਾਫ ਲਿਖਿਆ ਮਿਲਦਾ ਹੈ। ਬ੍ਰਾਹਮਣ ਇੱਕ ਹੋਰ ਝੂਠ ਬੋਲਦੇ ਹਨ ਕਿ ਇਹ ਯੁੱਧ ਬ੍ਰਾਹਮਣ ਪੇਸ਼ਵਾ ਅਤੇ ਮਹਾਰਾਂ ਵਿਚ ਨਹੀਂ, ਮਰਾਠਿਆਂ ਤੇ ਮਹਾਰਾਂ ਵਿਚ ਹੋਇਆ ਸੀ। ਇੱਕ ਵਾਰ ਫਿਰ ਇਹ ਯੂਰੇਸ਼ੀਅਨ ਸਾਡਾ ਇਤਿਹਾਸ ਬਦਲ ਅਤੇ ਬਰਬਾਦ ਕਰ ਰਹੇ ਹਨ, ਉਸੇ ਤਰ੍ਹਾਂ ਜਿਵੇਂ ਪਹਿਲੀ ਵਾਰ ਸਾਡੀਆਂ ਸੱਭਿਆਚਾਰਕ ਇਤਿਹਾਸਕ ਮੋਹਿੰਜਾਦੜੋ, ਸਿੰਧੂ ਘਾਟੀ ਤੇ ਹੜੱਪਾ ਨੂੰ ਕੀਤਾ। ਦੂਸਰੀ ਵਾਰ ਨਾਲੰਦਾ ਵਿਚ ਸਾਡੀਆਂ ਕਈ ਕਈ ਮੰਜ਼ਿਲਾਂ ਲਾਇਬਰੇਰੀਆਂ ਵਿਚ ਪਏ ਬੇਸ਼ੁਮਾਰ ਸਾਹਿਤ ਨੂੰ ਸਾੜਿਆ।

# ਪੰਜਾਬੀ ਫਿਲਮਾਂ ਦੀ ਸੁਪਰਹਿੱਟ ਤੇ ਖ਼ੂਬਸੂਰਤ ਅਦਾਕਾਰਾ ਦਲਜੀਤ ਕੌਰ

ਕੋਈ ਸਮਾਂ ਸੀ ਜਦੋਂ ਪੰਜਾਬੀ ਫਿਲਮਾਂ ਵਿਚ ਦਲਜੀਤ ਕੌਰ ਦੀ ਅਦਾਕਾਰੀ ਦੇ ਲੋਕ ਦੀਵਾਨੇ ਸਨ। ਉਚੀ-ਲੰਮੀ ਤੇ ਰੱਜ ਕੇ ਸੋਹਣੀ ਦਲਜੀਤ ਕੌਰ ਉਸ ਦੌਰ ਦੀਆਂ ਪੰਜਾਬੀ ਫਿਲਮਾਂ 'ਚ ਪੂਰੀ ਤਰ੍ਹਾਂ ਛਾਈ ਹੋਈ ਸੀ। ਉਸ ਦੀ ਫਿਲਮ ਦੇਖਣ ਲੋਕ ਸਿਨੇਮਾ ਘਰਾਂ ਵੱਲ ਵਹੀਰਾਂ ਘੱਤੀ ਆਉਂਦੇ ਸਨ।

ਦਲਜੀਤ ਕੌਰ ਦਾ ਜਨਮ ਪੱਛਮੀ ਬੰਗਾਲ ਦੇ ਸਿਲੀਗੁੜੀ ਇਲਾਕੇ ਵਿਚ ਉਸ ਪਰਿਵਾਰ 'ਚ ਹੋਇਆ, ਜੋ ਟਰਾਂਸਪੋਰਟ ਦਾ ਕਾਰੋਬਾਰ ਕਰਦਾ ਸੀ। ਦਲਜੀਤ ਕੌਰ ਨੇ ਦਾਰਜੀਲਿੰਗ ਦੇ ਕਾਨਵੈਂਟ ਸਕੂਲ ਸੇਂਟ ਹੇਲੇਨਸ ਤੋਂ ਪੜ੍ਹਾਈ ਕੀਤੀ। ਸਕੂਲ ਸਮੇਂ ਤੋਂ ਹੀ ਐਕਟਿੰਗ ਦਾ ਸ਼ੌਕ ਹੋਣ ਕਰਕੇ ਉਹ ਪੜ੍ਹਾਈ ਤੇ ਖੇਡਾਂ ਦੇ



ਸ਼ਮਸ਼ੇਰ ਸਿੰਘ ਸੋਹੀ

ਨਾਲ ਨਾਲ ਸਕੂਲ 'ਚ ਹੁੰਦੇ ਡਾਂਸ ਤੇ ਡਰਾਮਿਆਂ ਦੇ ਫੰਕਸ਼ਨਾਂ 'ਚ ਹਿੱਸਾ ਲੈਂਦੀ ਰਹੀ। ਉਹ ਪੜ੍ਹਾਈ ਪੂਰੀ ਕਰਕੇ ਸਿਵਿਲ ਸਰਵਿਸ 'ਚ ਜਾਣਾ ਚਾਹੁੰਦੀ ਸੀ, ਪਰ ਦਿੱਲੀ ਦੇ ਪ੍ਰਸਿੱਧ ਸ੍ਰੀ ਰਾਮ ਕਾਲਜ ਵਿਚ ਦਾਖਲਾ ਲੈਣ ਪਿਛੋਂ ਉਸ ਦਾ ਮੇਲ ਉਨ੍ਹਾਂ ਵਿਦਿਆਰਥਣਾਂ ਨਾਲ ਹੋਇਆ, ਜੋ ਕਲਾ ਦੇ ਖੇਤਰ ਵਿਚ ਅੱਗੇ ਆਈਆਂ ਸਨ।

ਇਸ ਕਾਲਜ ਵਿਚ ਬੀ. ਏ. ਆਨਰਜ਼ ਦੀ ਪੜ੍ਹਾਈ ਕਰਨ ਸਮੇਂ ਦਲਜੀਤ ਕੌਰ ਨੂੰ ਅਦਾਕਾਰੀ 'ਚ ਜਾਣ ਲਈ ਕਾਫੀ ਪ੍ਰੇਰਨਾ ਮਿਲੀ ਤੇ ਉਸ ਨੇ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਪੂਨੇ ਫਿਲਮ ਇੰਸਟੀਚਿਊਟ ਵਿਚ ਦਾਖਲੇ ਲਈ ਫਾਰਮ ਭਰ ਦਿੱਤਾ। ਦਲਜੀਤ ਕੌਰ ਦੇ ਪਿਤਾ ਉਸ ਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ ਤੇ ਉਸ ਦੇ ਫਿਲਮਾਂ ਵਿਚ ਜਾਣ ਦੇ ਸਖਤ ਵਿਰੋਧੀ ਸਨ, ਪਰ ਜਦੋਂ ਉਸ ਨੂੰ ਪੂਨੇ ਦਾਖਲਾ ਮਿਲ ਗਿਆ ਤਾਂ ਉਸ ਦੇ ਘਰ ਵਾਲਿਆਂ ਨੂੰ ਵੀ ਉਸ ਦੀ ਗੱਲ ਮੰਨਣੀ ਪਈ।

ਦਲਜੀਤ ਕੌਰ ਬਿਹਤਰੀਨ ਅਦਾਕਾਰਾ ਹੋਣ ਦੇ ਨਾਲ ਨਾਲ ਇਕ ਚੰਗੀ ਗਾਇਕਾ ਵੀ ਸੀ। ਪਹਿਲੇ ਸਾਲ ਹੀ ਉਸ ਨੇ ਫਿਲਮ ਇੰਸਟੀਚਿਊਟ ਵਿਚ ਬਣ ਰਹੀ ਕੁੰਦਨ ਸ਼ਾਹ ਅਤੇ ਵਿਨੋਦ ਚੋਪੜਾ ਦੀ ਲਘੂ ਫਿਲਮ 'ਭੋਗ' ਵਿਚ ਕੰਮ ਕੀਤਾ। ਦਲਜੀਤ ਕੌਰ ਦੇ ਸਾਥੀ ਵਿਦਿਆਰਥੀ ਉਸ ਦੀ ਅਦਾਕਾਰੀ ਤੇ ਖ਼ੂਬਸੂਰਤੀ ਦੇ ਕਾਇਲ ਸਨ। ਇਕ ਵਾਰ ਸਤੀਸ਼ ਸ਼ਾਹ ਤੇ ਸ਼ਕਤੀ ਕਪੂਰ ਦਲਜੀਤ ਕੌਰ ਪਿੱਛੇ ਬੁਰੀ ਤਰ੍ਹਾਂ ਲੜ ਪਏ। ਉਨ੍ਹੀਂ ਦਿਨੀਂ ਹਿੰਦੀ ਫਿਲਮਾਂ ਦੇ ਨਿਰਮਾਤਾ ਨਿਰਦੇਸ਼ਕ ਪੂਨੇ ਇੰਸਟੀਚਿਊਟ ਵਿਚ ਨਵੇਂ ਕਲਾਕਾਰਾਂ ਨੂੰ ਚੁਣਨ ਆਉਂਦੇ ਸਨ। ਸ਼ੁਰੂਆਤੀ ਦਿਨਾਂ 'ਚ ਉਸ ਨੂੰ ਕਈ ਹਿੰਦੀ ਫਿਲਮਾਂ ਲਈ ਚੁਣਿਆ ਗਿਆ, ਪਰ ਫਿਲਮ ਪੂਰੀ ਹੋਣ 'ਚ ਦੇਰੀ ਹੋਣ ਕਰਕੇ ਉਹ ਪੰਜਾਬੀ ਫਿਲਮਾਂ ਵੱਲ ਆ ਗਈ। ਇਹ ਦਲਜੀਤ ਕੌਰ ਦੀ ਮਾੜੀ ਕਿਸਮਤ ਕਹਿ ਲਵੋ ਜਾਂ ਪੰਜਾਬੀ ਸਿਨੇਮਾ ਦੇ ਚੰਗੇ ਭਾਗ ਕਿ ਉਸ ਨੂੰ ਜੋ ਵੀ ਹਿੰਦੀ ਫਿਲਮਾਂ ਮਿਲੀਆਂ, ਉਨ੍ਹਾਂ 'ਚੋਂ ਬਹੁਤੀਆਂ ਮੁਕੰਮਲ ਨਾ ਹੋ ਸਕੀਆਂ।

ਦਲਜੀਤ ਕੌਰ ਦੇ ਪਰਿਵਾਰ ਦੀ ਜ਼ਿਲਾ ਲੁਧਿਆਣਾ ਦੇ ਪਿੰਡ ਐਤੀਆਣਾ 'ਚ ਪੁਰਾਣੀ ਹਵੇਲੀ ਅਤੇ ਜ਼ਮੀਨ ਹੋਣ ਕਰਕੇ ਦਲਜੀਤ ਕੌਰ ਅਕਸਰ ਪੰਜਾਬ ਆਉਂਦੀ ਰਹਿੰਦੀ। ਖੰਘੂੜਾ ਗੋਤ ਦੀ ਦਲਜੀਤ ਕੌਰ ਦੇ ਨਾਨਕੇ ਜ਼ਿਲਾ ਬਠਿੰਡਾ ਦੇ ਪਿੰਡ ਗੁੰਮਟੀ ਖ਼ੁਰਦ ਹਨ। ਉਹ ਪੰਜਾਬੀ ਫਿਲਮਾਂ ਕਰਨਾ ਨਹੀਂ ਸੀ ਚਾਹੁੰਦੀ, ਪਰ ਜਦੋਂ ਉਸ ਨੂੰ ਹਿੰਦੀ ਫਿਲਮਾਂ 'ਚ ਮਨਪਸੰਦ ਰੋਲ ਨਾ ਮਿਲੇ ਤਾਂ ਉਸ ਨੇ ਆਪਣਾ ਧਿਆਨ ਪੰਜਾਬੀ ਫਿਲਮਾਂ ਵੱਲ ਕੇਂਦ੍ਰਿਤ ਕਰ ਲਿਆ, ਜਿਸ ਕਰਕੇ ਮੁੰਬਈ ਦੇ ਕਈ ਨਿਰਮਾਤਾਵਾਂ ਨੇ ਬੁਰਾ ਵੀ ਮਨਾਇਆ।

ਉਸ ਦੀ ਪਹਿਲੀ ਪੰਜਾਬੀ ਫਿਲਮ 'ਦਾਜ' ਹੀਰੋ ਧੀਰਜ ਕੁਮਾਰ ਨਾਲ ਆਈ, ਜੋ ਸੁਪਰ ਹਿੱਟ ਸਾਬਿਤ ਹੋਈ। ਫਿਲਮ 'ਸੈਦਾਂ ਜੋਗਣ' ਵਿਚ ਉਸ ਨੇ ਇਕ ਵਣਜਾਰਨ ਤੇ ਸ਼ਹਿਰੀ ਕੁੜੀ ਦੇ ਕਿਰਦਾਰ ਨਿਭਾਏ, ਜੋ ਡਬਲ ਰੋਲ ਵਾਲੀਆਂ ਪੰਜਾਬੀ ਫਿਲਮਾਂ 'ਚੋਂ ਸਭ ਤੋਂ ਵੱਧ ਹਿੱਟ ਸਾਬਿਤ ਹੋਈ। ਪੰਜਾਬੀ ਫਿਲਮਾਂ ਤੋਂ ਮਿਲੇ ਸਨਮਾਨ ਕਰਕੇ ਦਲਜੀਤ ਕੌਰ ਨੌਜਵਾਨ ਮੁੰਡਿਆਂ 'ਚ ਹੀ ਨਹੀਂ, ਸਗੋਂ ਪੂਰੇ ਪਰਿਵਾਰ ਦੇ ਲੋਕਾਂ ਤੇ ਫੈਸ਼ਨ ਆਈਕੋਨ ਵਜੋਂ ਲੜਕੀਆਂ ਦੀ ਵੀ ਪਹਿਲੀ ਪਸੰਦ ਬਣ ਗਈ।

ਦਲਜੀਤ ਕੌਰ ਵਹੀਦਾ ਰਹਿਮਾਨ, ਰਾਖੀ ਤੇ ਹੇਮਾ ਮਾਲਿਨੀ ਦੀ ਅਦਾਕਾਰੀ ਤੋਂ ਬਹੁਤ ਪ੍ਰਭਾਵਿਤ ਸੀ। ਪੰਜਾਬੀ ਤੋਂ ਇਲਾਵਾ ਉਸ ਨੇ ਹਿੰਦੀ ਤੇ ਦੂਜੀਆਂ ਭਾਰਤੀ ਭਾਸ਼ਾਵਾਂ 'ਚ ਵੀ ਫਿਲਮਾਂ ਕੀਤੀਆਂ ਜਿਵੇਂ ਯਾਰੀ ਦੁਸ਼ਮਨੀ, ਅੰਮ੍ਰਿਤ, ਕਬਰਿਸਤਾਨ, ਖਰੀਦਦਾਰ, ਡਕੈਤ, ਧਨ ਦੌਲਤ, ਏਕ ਔਰ ਏਕ ਗਿਆਰਾਂ, ਈਂਟ ਕਾ ਜਵਾਬ ਪੱਥਰ, ਵਿਦੇਸ਼, ਪਾਂਚ ਕੈਦੀ, ਜੀਨੇ ਨਹੀਂ ਦੂੰਗਾ, ਧਰਤੀ ਕੀ ਕਸਮ, ਫਾਸਲੇ ਆਦਿ। ਇਸ ਤੋਂ ਇਲਾਵਾ ਉਸ ਨੇ ਕੁਝ ਤੈਲਗੂ ਅਤੇ ਹਰਿਆਣਵੀ ਫਿਲਮਾਂ ਵੀ ਕੀਤੀਆਂ, ਜਿਨ੍ਹਾਂ 'ਚ ਅਗਨੀ ਫੂਲੋਂ (ਤੈਲਗੂ) ਤੇ ਮਾਹਰਾ ਪੀਹਰ ਸਾਸਰਾ (ਹਰਿਆਣਵੀ) ਕਾਫੀ ਕਾਮਯਾਬ ਹੋਈਆਂ।





ਦਲਜੀਤ ਕੌਰ ਦੇ ਦੋ ਵੱਖ ਵੱਖ ਅੰਦਾਜ਼

ਚੂਹੜ ਚੱਕ ਵਾਲੇ ਜਗਜੀਤ ਸਿੰਘ ਦੀ ਸੁਪਰ ਡੁਪਰ ਹਿੱਟ ਪੰਜਾਬੀ ਫਿਲਮ 'ਪੁੱਤ ਜੱਟਾਂ ਦੇ' ਵਿਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਕੇ ਦਲਜੀਤ ਕੌਰ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਗਈ ਸੀ। ਬੰਗਾਲ ਦੀ ਜੰਮੀ ਪਲੀ ਹੋਣ ਕਰਕੇ ਉਸ ਲਈ ਪੰਜਾਬ ਦਾ ਪੇਂਡੂ ਕਲਚਰ ਨਵਾਂ ਸੀ। ਉਹ ਬੜਬੋਲੀ ਬਹੁਤ ਸੀ। 'ਪੁੱਤ ਜੱਟਾਂ ਦੇ' ਸੈਟ 'ਤੇ ਕਹਿੰਦੀ ਸੀ ਕਿ ਮੈਂ ਲੰਮੀ ਹਾਂ ਤੇ ਹੀਰੋ ਵੀ ਨਾਲ ਲੰਮਾ ਚਾਹੀਦਾ ਹੈ। ਉਨ੍ਹੀਂ ਦਿਨੀਂ ਲੋਕ ਆਪਣੀ ਨਵੀਂ ਆਈ ਬਹੂ ਤੇ ਕੁੜੀ ਦੀ ਖ਼ੂਬਸੂਰਤੀ ਦਰਸਾਉਣ ਲਈ ਉਸ ਨੂੰ ਦਲਜੀਤ ਕੌਰ ਵਰਗੀ ਦੱਸਦੇ।

ਜਦੋਂ ਫਿਲਮ 'ਬਟਵਾਰਾ' ਸਿਨੇਮਾ ਘਰਾਂ 'ਚ ਲੱਗੀ ਤਾਂ ਵਰਿੰਦਰ ਦੇ ਮੋਟਰ ਸਾਈਕਲ ਨਾਲ ਦਲਜੀਤ ਕੌਰ ਦਾ ਸਾਈਕਲ ਟਕਰਾਉਣ ਵਾਲਾ ਸੀਨ ਆਉਣ 'ਤੇ ਮੁੰਡੇ ਸੀਟੀਆਂ ਬਹੁਤ ਮਾਰਦੇ। ਦਲਜੀਤ ਕੌਰ ਨੂੰ ਸਫਲ ਪੰਜਾਬੀ ਫਿਲਮਾਂ ਦਾ ਹਿੱਸਾ ਬਣਨ ਕਰਕੇ ਪੰਜਾਬੀ ਫਿਲਮਾਂ ਦੀ ਹੇਮਾ ਮਾਲਿਨੀ ਦਾ ਦਰਜਾ ਦਿੱਤਾ ਗਿਆ। ਦਲਜੀਤ ਕੌਰ ਦੀਆਂ ਸਫਲ ਪੰਜਾਬੀ ਫਿਲਮਾਂ 'ਚ ਦਾਜ, ਪੁੱਤ ਜੱਟਾਂ ਦੇ, ਗਿੱਧਾ, ਮਾਮਲਾ ਗੜਬੜ ਹੈ, ਸੈਦਾਂ ਜੋਗਣ, ਸਰਪੰਚ, ਸ਼ੇਰਾਂ ਦੇ ਪੁੱਤ ਸ਼ੇਰ, ਇਸ਼ਕ ਨਿਮਾਣਾ, ਸੁਹਾਗ ਚੂੜਾ, ਨਿੰਮੋ, ਜੱਟ ਦਾ ਗੰਡਾਸਾ, ਜੱਟ ਪੰਜਾਬ ਦਾ, ਜੱਗਾ ਡਾਕੂ, ਜੋਰਾ ਜੱਟ, ਸਾਲੀ ਅੱਧੀ ਘਰ ਵਾਲੀ, ਉਡੀਕਾਂ ਸਾਉਣ ਦੀਆਂ, ਦੂਜਾ ਵਿਆਹ, ਅਣਖ ਜੱਟਾਂ ਦੀ, ਟାਕਰੇ ਜੱਟਾਂ ਦੇ, ਰੂਪ ਸ਼ੌਕੀਨਣ ਦਾ, ਲਾਜੋ, ਬਟਵਾਰਾ, ਵੈਰੀ ਜੱਟ, ਪਟੋਲਾ, ਪੰਚਾਇਤ, ਸੋਹਣੀ ਮਹੀਂਵਾਲ, ਕੀ ਬਣੂੰ ਦੁਨੀਆਂ ਦਾ, ਮਾਹੌਲ ਠੀਕ ਹੈ, ਜੀ ਆਇਆਂ ਨੂੰ, ਸੱਜਣਾ ਵੇ ਸੱਜਣਾ, ਜ਼ਮੀਨ ਜੱਟ ਦੀ ਜਾਨ, ਪੰਜਾਬ ਬੋਲਦਾ, ਧੀਆਂ ਧੰਨ ਬੇਗਾਨਾ (ਕੈਨੇਡੀਅਨ ਫਿਲਮ) ਆਦਿ ਪ੍ਰਮੁੱਖ ਹਨ।

ਪੰਜਾਬ 'ਚ ਛਾਏ ਕਾਲੇ ਦਿਨਾਂ ਦੌਰਾਨ ਜਦੋਂ ਵਰਿੰਦਰ ਦੀ ਮੌਤ ਤੋਂ ਬਾਅਦ ਪੰਜਾਬੀ ਸਿਨੇਮਾ ਦਾ ਮਾੜਾ ਦੌਰ ਸ਼ੁਰੂ ਹੋਇਆ ਅਤੇ ਪੰਜਾਬੀ ਫਿਲਮਾਂ ਬਣਾਉਣ ਵਾਲੇ ਨਿਰਮਾਤਾ ਨਿਰਦੇਸ਼ਕਾਂ ਨੇ ਮੁੰਬਈ ਵੱਲ ਰੁਖ ਕਰ ਲਿਆ ਤੇ ਉਹ ਬੀ ਗ੍ਰੇਡ ਹਿੰਦੀ ਫਿਲਮਾਂ ਬਣਾਉਣ ਲੱਗ ਪਏ ਤਾਂ ਦਲਜੀਤ ਕੌਰ ਨੇ ਆਪਣੇ ਨਾਲ ਕੰਮ ਕਰਨ ਵਾਲੇ ਨਿਰਮਾਤਾਵਾਂ ਨੂੰ ਹੌਸਲਾ ਦੇ ਕੇ ਮੁੜ ਪੰਜਾਬੀ ਫਿਲਮਾਂ ਦਾ ਨਿਰਮਾਣ ਸ਼ੁਰੂ ਕਰਵਾਇਆ। ਗੁੱਗੂ ਗਿੱਲ ਤੇ ਯੋਗਰਾਜ, ਜੋ ਵਿਲੇਨ ਦਾ ਰੋਲ ਕਰਦੇ ਸਨ, ਉਨ੍ਹਾਂ ਨਾਲ ਦਲਜੀਤ ਕੌਰ ਇਕ ਨਾਇਕਾ ਵਜੋਂ ਆਈ। ਫਿਲਮ 'ਅਣਖ ਜੱਟਾਂ ਦੀ' ਅਤੇ 'ਜੱਗਾ ਡਾਕੂ' ਨਾਲ ਦਲਜੀਤ ਕੌਰ ਨੇ ਪੰਜਾਬੀ ਫਿਲਮ ਇੰਡਸਟਰੀ ਨੂੰ ਦੋ ਕਾਮਯਾਬ ਹੀਰੋ ਦਿੱਤੇ।

ਦਲਜੀਤ ਕੌਰ ਦਾ ਵਿਆਹ ਪੰਜਾਬ ਦੇ ਹੀ ਇਕ ਜ਼ਿਮੀਂਦਾਰ ਹਰਮਿੰਦਰ ਸਿੰਘ ਦਿਓਲ ਨਾਲ ਹੋਇਆ। ਫਿਲਮਾਂ 'ਚ ਆਪਣੀ ਉਮਰ ਮੁਤਾਬਕ ਰੋਲ ਨਾ ਮਿਲਣ ਕਰਕੇ ਉਸ ਨੇ ਕੰਮ ਘਟਾ ਦਿੱਤਾ, ਪਰ ਹਰ ਸਾਲ ਇੱਕ ਅੱਧੀ ਫਿਲਮ ਤਾਂ ਉਸ ਦੀ ਆਉਂਦੀ ਹੀ ਰਹਿੰਦੀ ਸੀ। ਸਿਨੇਮਾ ਮੁੜ ਪੱਛੜ ਰਿਹਾ ਸੀ ਤਾਂ ਪਤੀ ਨਾਲ ਮਿਲ ਕੇ ਗੰਭੀਰ ਵਿਸ਼ੇ ਵਾਲੀ ਫਿਲਮ 'ਬਾਗੀ' ਬਣਾਈ, ਜੋ ਕਾਫੀ ਦੇਰ ਲਟਕਦੀ ਰਹੀ ਤੇ ਸੈਂਸਰ ਦੇ ਵਿਵਾਦਾਂ 'ਚ ਘਿਰੀ ਰਹੀ। ਦੋ ਫਿਲਮਾਂ- 'ਮਾਹੌਲ ਠੀਕ ਹੈ' ਅਤੇ 'ਜੀ ਆਇਆਂ ਨੂੰ' ਨਾਲ ਪੰਜਾਬੀ ਸਿਨੇਮਾ ਮੁੜ ਲੀਹ 'ਤੇ ਪੈ ਗਿਆ ਤੇ ਦਲਜੀਤ ਇਨ੍ਹਾਂ ਦੋਹਾਂ ਫਿਲਮਾਂ ਦਾ ਹਿੱਸਾ ਸੀ। 'ਬਾਗੀ' ਨੂੰ ਕੌਮਾਂਤਰੀ ਐਵਾਰਡ ਮਿਲਿਆ, ਪਰ ਪਤੀ ਦੀ ਇਕ ਸੜਕ ਹਾਦਸੇ 'ਚ ਮੌਤ ਪਿਛੋਂ ਦਲਜੀਤ ਕੌਰ ਵਾਪਸ ਮੁੰਬਈ ਚਲੀ ਗਈ।

ਕੈਨੇਡੀਅਨ ਪ੍ਰਾਜੈਕਟ ਟੀ. ਵੀ. ਸੀਰੀਅਲ ਤਾਂ ਉਹ ਕਰ ਰਹੀ ਸੀ, ਪਰ ਉਹ ਜਦੋਂ ਵੀ ਕਿਸੇ ਪਬਲਿਕ ਫੰਕਸ਼ਨ 'ਚ ਹੁੰਦੀ ਤਾਂ ਲੋਕ ਅਕਸਰ ਉਸ ਨੂੰ ਫਿਲਮਾਂ ਬਾਰੇ ਪੁੱਛਦੇ। ਇਸ ਕਰਕੇ ਉਹ ਮੁੜ ਪੰਜਾਬੀ ਫਿਲਮਾਂ 'ਚ ਸਰਗਰਮ ਹੋ ਗਈ ਤੇ ਕੁਝ ਨਵੀਆਂ ਪੰਜਾਬੀ ਫਿਲਮਾਂ 'ਚ ਮਾਂ ਦੇ ਰੋਲ ਵੀ ਕੀਤੇ। ਮੋਗਾ ਟੂ ਮੈਲਬੋਰਨ ਵਾਇਆ ਚੰਡੀਗੜ੍ਹ, ਹੀਰ ਰਾਂਝਾ, ਜੱਟ ਬੁਆਏਜ਼, ਸਿੰਘ ਵਰਸਿਜ਼ ਕੌਰ, ਐਸ਼ ਕਰ ਲੈ ਅਤੇ ਦੇਸੀ ਮੁੰਡੇ-ਦਲਜੀਤ ਦੀਆਂ ਪਿਛਲੇ ਕੁਝ ਸਾਲਾਂ 'ਚ ਆਈਆਂ ਅਹਿਮ ਫਿਲਮਾਂ ਹਨ। 1976 ਤੋਂ ਲੈ ਕੇ 2016 ਤੱਕ ਪੂਰੇ 40 ਸਾਲ ਉਹ ਪੰਜਾਬੀ ਸਿਨੇਮਾ ਨਾਲ ਨਿਰੰਤਰ ਜੁੜੀ ਰਹੀ ਹੈ।

ਦਲਜੀਤ ਕੌਰ ਕੋਲ ਪਰਮਾਤਮਾ ਦਾ ਦਿੱਤਾ ਹੋਇਆ ਸਭ ਕੁਝ ਹੈ ਤੇ ਸਿਹਤ ਪੱਖੋਂ ਵੀ ਠੀਕ ਹੈ ਪਰ ਪਿਛਲੇ ਦੋ-ਤਿੰਨ ਸਾਲਾਂ ਤੋਂ ਉਹ ਹੌਲੀ ਹੌਲੀ ਯਾਦ ਸ਼ਕਤੀ ਨੂੰ ਕਮਜ਼ੋਰ ਕਰਨ ਵਾਲੀ ਬਿਮਾਰੀ ਡਾਇਮੇਂਸ਼ੀਆ ਨਾਲ ਜੂਝ ਰਹੀ ਹੈ। ਹੁਣ ਉਸ ਨੂੰ ਚਾਰ ਦਹਾਕੇ ਪੁਰਾਣੀਆਂ ਪੰਜਾਬੀ ਫਿਲਮਾਂ ਨਾਲ ਜੁੜੀਆਂ ਗੱਲਾਂ ਵੀ ਯਾਦ ਨਹੀਂ ਰਹੀਆਂ। ਫਿਲਮਾਂ ਤਾਂ ਉਹ ਹੁਣ ਵੀ ਕਰ ਲੈਂਦੀ, ਪਰ ਨਿਰਮਾਤਾਵਾਂ ਦੇ ਨੁਕਸਾਨ ਨੂੰ ਲੈ ਕੇ ਉਸ ਨੇ ਸਿਨੇਮਾ ਤੋਂ ਦੂਰੀ ਬਣਾ ਲਈ ਹੈ। ਪਤੀ ਦੀ ਮੌਤ ਤੇ ਗੋਦ ਸੁੰਨੀ ਹੀ ਰਹਿਣ ਦਾ ਉਸ ਨੂੰ ਬਹੁਤ ਦੁੱਖ ਹੈ। ਉਹ ਇਸ ਸਮੇਂ ਮੁੰਬਈ ਆਪਣੇ ਫਲੈਟ 'ਚ ਰਹਿ ਰਹੀ ਹੈ ਤੇ ਹਰਜਿੰਦਰ ਸਿੰਘ ਉਸ ਦੀ ਦੇਖਭਾਲ ਕਰ ਰਹੇ ਹਨ। ਉਸ ਦੀਆਂ ਭੈਣਾਂ ਇਸ ਸਮੇਂ ਦਿੱਲੀ, ਕੈਨੇਡਾ ਤੇ ਅਮਰੀਕਾ ਵਿਚ ਰਹਿੰਦੀਆਂ ਹਨ।

ਦਲਜੀਤ ਕੌਰ ਨੂੰ ਆਪਣੇ ਸਮੇਂ 'ਚ ਤਾਂ ਕਈ ਸਟੇਟ ਐਵਾਰਡ ਮਿਲੇ ਸਨ ਪਰ ਚੰਗਾ ਹੋਵੇ ਜੇ ਮਾਣਯੋਗ ਐਵਾਰਡ ਸੰਸਥਾਵਾਂ ਉਸ ਨੂੰ ਪੰਜਾਬੀ ਸਿਨੇਮਾ 'ਚ ਪਾਏ ਅਣਮੁੱਲੇ ਯੋਗਦਾਨ ਲਈ ਯਾਦ ਕਰ ਲੈਣ।



ਬਿਰਧ ਅਵਸਥਾ ਵਿਚ ਦਲਜੀਤ ਕੌਰ

# ਸਰਗਰਮ ਫਿਲਮਸਾਜ਼ ਰਾਕੇਸ਼ ਮਹਿਤਾ

ਕਿਸੇ ਵੇਲੇ ਆਪਣੀਆਂ ਲਘੂ ਫਿਲਮਾਂ 'ਖ਼ੁਦਕਸ਼ੀ' ਅਤੇ 'ਡਰਪੋਕ' ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਚਰਚਾ 'ਚ ਰਿਹਾ ਨਿਰਦੇਸ਼ਕ ਰਾਕੇਸ਼ ਮਹਿਤਾ ਹੁਣ ਪੰਜਾਬੀ ਫਿਲਮ ਇੰਡਸਟਰੀ 'ਚ ਸਰਗਰਮ ਹੈ। ਅਦਾਕਾਰ ਹਰੀਸ਼ ਵਰਮਾ ਤੇ ਗੁਲਸ਼ਨ ਗਰੋਵਰ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਵਾਪਸੀ' ਨਾਲ ਪੰਜਾਬੀ ਸਿਨੇਮੇ ਦਾ ਹਿੱਸਾ ਬਣੇ ਰਾਕੇਸ਼ ਮਹਿਤਾ ਦੀ ਹਾਲ ਹੀ 'ਚ ਪੰਜਾਬੀ ਫਿਲਮ 'ਰੰਗ ਪੰਜਾਬ' ਵੀ ਰਿਲੀਜ਼ ਹੋਈ ਹੈ। ਗੈਂਗਸਟਰ ਅਤੇ ਪੁਲਿਸ ਤੰਤਰ ਦੁਆਲੇ ਘੁੰਮਦੀ ਇਸ ਫਿਲਮ ਨੂੰ ਦਰਸ਼ਕਾਂ ਦਾ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ। ਇਹ ਦੋਵੇਂ ਫਿਲਮਾਂ ਵਿਸ਼ੇ ਤੇ ਤਕਨੀਕ ਪੱਖੋਂ ਇਕ ਦੂਜੇ ਤੋਂ ਉਲਟ ਸਨ। ਹੁਣ ਉਸ ਦੀ ਤੀਜੀ ਫਿਲਮ ਇਨ੍ਹਾਂ ਦੋਹਾਂ ਫਿਲਮਾਂ ਤੋਂ ਹਰ ਪੱਖ ਤੋਂ ਵੱਖਰੀ ਹੈ। ਉਹ ਅੱਜ ਕੱਲ੍ਹ ਫਿਲਮ 'ਯਾਰਾ ਵੇ' ਦੇ ਆਖਰੀ ਪੜ੍ਹਾਅ ਯਾਨਿ ਪੋਸਟ ਪ੍ਰੋਡਕਸ਼ਨ 'ਚ ਰੁੱਝਾ ਹੋਇਆ ਹੈ। ਉਹ ਪੂਰੇ ਆਤਮ ਵਿਸ਼ਵਾਸ ਨਾਲ ਕਹਿੰਦਾ ਹੈ ਕਿ ਉਸ ਦੀ ਇਹ ਫਿਲਮ ਹਰ ਪੰਜਾਬੀ ਦਰਸ਼ਕ ਦੇ ਦਿਲ 'ਚ ਲਹਿ ਜਾਣ ਦੀ ਹਿੰਮਤ ਰੱਖਦੀ ਹੈ।

ਲੰਮਾ ਸਮਾਂ ਜਰਮਨੀ 'ਚ ਰਿਹਾ ਰਾਕੇਸ਼ ਮਹਿਤਾ ਅੰਮ੍ਰਿਤਸਰ ਤੋਂ ਹੈ। ਉਸ ਦਾ ਪਰਿਵਾਰ ਚਾਰ ਕੁ ਦਹਾਕੇ ਪਹਿਲਾਂ ਦਿੱਲੀ ਜਾ ਵੱਸਿਆ ਸੀ। ਉਥੋਂ ਹੀ ਉਹ ਮੁੰਬਈ ਗਿਆ। ਉਸ ਮੁਤਾਬਕ ਪੰਜਾਬ ਤੇ ਪੰਜਾਬੀ ਭਾਸ਼ਾ ਨੇ ਹਮੇਸ਼ਾ ਹੀ ਉਸ ਨੂੰ ਪ੍ਰਭਾਵਿਤ ਕੀਤਾ ਹੈ। ਉਸ ਦਾ ਝੁਕਾਅ ਪੰਜਾਬੀ ਸਿਨੇਮੇ ਵੱਲ ਹੀ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਦੀ ਹਿੰਦੀ ਲਘੂ ਫਿਲਮ 'ਡਰਪੋਕ' ਦੀ ਕਹਾਣੀ ਤੇ ਪਿੱਠਭੂਮੀ ਪੰਜਾਬੀ ਸੀ। ਇਸ 'ਚ ਬਹੁਤੇ ਕਲਾਕਾਰ ਵੀ ਪੰਜਾਬੀ ਹੀ ਸਨ। ਉਦੋਂ ਪੰਜਾਬੀ ਸਿਨੇਮਾ ਉਸ ਮੁਕਾਮ 'ਤੇ ਨਹੀਂ ਸੀ, ਜਿਥੇ ਅੱਜ ਹੈ।

ਰਾਕੇਸ਼ ਮੁਤਾਬਕ ਪੰਜਾਬੀ ਸਿਨੇਮਾ ਦੇ ਬਦਲੇ ਚਿਹਰੇ-ਮੋਹਰੇ ਨੇ ਹੋਰ ਨਿਰਮਾਤਾ, ਨਿਰਦੇਸ਼ਕਾਂ ਵਾਂਗ ਉਸ ਨੂੰ ਵੀ ਪੰਜਾਬੀ ਫਿਲਮਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਕਾਮੇਡੀ ਤੇ ਰੁਮਾਂਟਿਕ ਫਿਲਮਾਂ ਦੇ ਦੌਰ 'ਚ ਉਸ ਦੀ ਪਹਿਲੀ ਫਿਲਮ 'ਵਾਪਸੀ' ਪੰਜਾਬ ਦੇ ਕਾਲੇ ਦੌਰ 'ਤੇ ਆਧਾਰਤ ਸੀ, ਜਿਸ ਨੂੰ ਹਰ ਪੱਖੋਂ ਤਸੱਲੀਬਖਸ਼ ਹੁੰਗਾਰਾ ਮਿਲਿਆ। ਉਸ ਦੀ ਦੂਜੀ ਫਿਲਮ 'ਰੰਗ ਪੰਜਾਬ' ਵੀ ਆਮ ਫਿਲਮਾਂ ਤੋਂ ਹਟਵੀਂ ਸੀ। ਇਹ ਫਿਲਮ ਪੰਜਾਬ 'ਚ ਸਿਆਸਤ ਤੇ ਪੁਲਿਸ ਤੰਤਰ ਦੀ ਮਿਲੀਭੁਗਤ 'ਤੇ ਵਿਅੰਗ ਕਰਦੀ ਗੈਂਗਸਟਰ ਤੇ ਪੁਲਿਸ ਤੰਤਰ 'ਤੇ ਕੇਂਦ੍ਰਿਤ ਸੀ। ਪੰਜਾਬੀ ਫਿਲਮਾਂ 'ਚ ਭਾਵੇਂ ਅਜੇ ਵੀ ਕਾਮੇਡੀ, ਵਿਆਹਾਂ ਅਤੇ ਇਸ ਕਿਸਮ ਦੀਆਂ ਹੋਰ ਫਿਲਮਾਂ ਦਾ ਬੋਲਬਾਲਾ ਹੈ, ਪਰ ਉਸ ਨੇ ਇਸ ਰੁਝਾਨ ਦਾ ਹਿੱਸਾ ਬਣਨ ਦੀ ਥਾਂ ਮੁੜ ਤੋਂ ਆਪਣੀ ਫਿਲਮ ਲਈ ਇਕ ਵੱਖਰਾ ਤੇ ਯਥਾਰਥ ਨਾਲ ਜੁੜਿਆ ਵਿਸ਼ਾ ਚੁਣਿਆ ਹੈ। ਫਿਲਮ 'ਯਾਰਾ ਵੇ' 1947 ਦੀ ਵੰਡ ਤੋਂ ਪਹਿਲਾਂ ਦੀ ਕਹਾਣੀ ਹੈ। ਦਰਅਸਲ ਇਹ ਫਿਲਮ ਰਿਸ਼ਤਿਆਂ, ਜਜ਼ਬਾਤ ਅਤੇ ਵੰਡ ਦੇ ਪ੍ਰਭਾਵ ਦੀ ਕਹਾਣੀ ਹੈ, ਜੋ ਤਿੰਨ ਦੋਸਤਾਂ-ਬੂਟਾ, ਕ੍ਰਿਸ਼ਨ ਤੇ ਨਿਜ਼ਾਮਤ ਦੇ ਕਿਰਦਾਰਾਂ ਜ਼ਰੀਏ ਬਿਆਨੀ ਗਈ ਹੈ।

ਰਾਕੇਸ਼ ਮਹਿਤਾ ਮੁਤਾਬਕ ਇਹ ਫਿਲਮ ਪੀਰੀਅਡ ਡਰਾਮਾ ਹੈ। ਫਿਲਮ 'ਚ ਰਿਸ਼ਤਿਆਂ ਦੇ ਮਾਇਨੇ ਬੇਹੱਦ ਬਾਰੀਕੀ ਨਾਲ ਬਿਆਨ ਕੀਤੇ ਗਏ ਹਨ। ਫਿਲਮ ਜਜ਼ਬਾਤ ਅਤੇ ਮੋਹ ਦੀਆਂ ਤੰਦਾਂ ਦੀ ਕਹਾਣੀ ਹੈ, ਜੋ ਦਰਸ਼ਕਾਂ ਨੂੰ ਝੰਜੋੜ ਦੇਵੇਗੀ।

ਰਾਕੇਸ਼ ਮਹਿਤਾ ਮੁਤਾਬਕ ਪੰਜਾਬੀ ਸਿਨੇਮਾ ਦਾ ਕੱਦ ਹੋਰ ਉਚਾ ਚੁੱਕਣ ਲਈ ਇਸ ਨੂੰ ਵਿਸ਼ੇ, ਤਕਨੀਕ ਤੇ ਕਲਾਕਾਰ ਪੱਖੋਂ ਨਵਾਂਪਨ ਦੇਣਾ ਪਵੇਗਾ। ਪੰਜਾਬੀ ਸੱਭਿਆਚਾਰ ਅਤੇ ਇਸ ਨਾਲ ਜੁੜੀਆਂ ਕਿੱਸੇ, ਕਹਾਣੀਆਂ ਦੀ ਅਮੀਰੀ ਪੰਜਾਬੀ ਸਿਨੇਮਾ ਦਾ ਮੁਹਾਂਦਰਾ ਸੰਵਾਰ ਸਕਦੀ ਹੈ। ਉਸ ਨੇ ਹਮੇਸ਼ਾ ਇਸ ਪਾਸੇ ਪਹਿਲਕਦਮੀ ਦਿਖਾਈ ਹੈ ਤੇ ਉਸ ਦੀਆਂ ਫਿਲਮਾਂ ਇਸ ਗੱਲ ਦੀ ਗਵਾਹ ਹਨ। ਕਾਮੇਡੀ ਦੇ ਨਾਲ ਨਾਲ ਸੰਜੀਦਾ ਅਤੇ ਸਮਾਜ ਨਾਲ ਜੁੜੀਆਂ ਕਹਾਣੀਆਂ ਸਿਨੇਮਾ ਦੀ ਅਹਿਮ ਲੋੜ ਹਨ। ਉਸ ਤਹੱਈਆ ਕੀਤਾ ਹੈ ਕਿ ਭਵਿੱਖ 'ਚ ਵੀ ਉਹ ਅਜਿਹੇ ਵਿਸ਼ਿਆਂ 'ਤੇ ਹੀ ਫਿਲਮਾਂ ਬਣਾਵੇਗਾ।

-ਸਪਨ ਮਨਚੰਦਾ



ਰਾਕੇਸ਼ ਮਹਿਤਾ




# ਐਟਲਾਂਟਿਸ ਬੈਂਕੁਇਟਸ

## ਵਿਆਹ-ਸ਼ਾਦੀ ਹੋਵੇ ਜਾਂ ਖੁਸ਼ੀ ਦਾ ਕੋਈ ਹੋਰ ਮੌਕਾ

1273 N Rand Rd, Arlington Heights, IL 60004

## ਸ਼ਾਨਦਾਰ ਹਾਲ ਸ਼ਾਨਦਾਰ ਮਾਹੌਲ

## 100 ਤੋਂ 600 ਬੰਦਿਆਂ ਲਈ ਪਾਰਟੀ ਹਾਲ



## ਪੰਜਾਬੀ ਅਤੇ ਹੋਰ ਭਾਰਤੀ ਸਵਾਦੀ ਖਾਣੇ





## ਕੇ ਕੇ ਪੰਮਾ

## ਫੋਨ: 847-219-7432
## 847-259-0013